ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

The Motto of Our University

(SEWA)

SKILL ENHANCEMENT

EMPLOYABILITY

WISDOM

ACCESSIBILITY

SELF-INSTRUCTIONAL STUDY MATERIAL FOR JGND PSOU

# JAGAT GURU NANAK DEV

# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# M.A (PUNJABI)

# SEMESTER-II

(PBIM21207T)

ਸੱਤਵਾਂ ਪਰਚਾ : ਪੰਜਾਬੀ ਕਿੱਸਾ ਅਤੇ ਬਿਰਤਾਂਤ ਕਾਵਿ

Head Quarter: C/28, The Lower Mall, Patiala-147001
WEBSITE: www.psou.ac.in

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

**PROGRAME COORDINATOR:**

**DR. AMARJIT SINGH**

**ASSISTANT PROFESSOR IN PUNJABI**

**COURSE WRITER AND EDITOR:**

**SARVARINDER SINGH**

**ASSISTANT PROFESSOR IN PUNJABI**

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**JAGAT GURU NANAK DEV PUNJAB STATE OPEN UNIVERSITY,PATIALA**

**(Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra

Dean Academic Affairs

**M.A(PUNJABI)**
(ਸਮੈਸਟਰ-ਦੂਸਰਾ)

## ਸੱਤਵਾਂ ਪਰਚਾ : ਪੰਜਾਬੀ ਕਿੱਸਾ ਅਤੇ ਬਿਰਤਾਂਤ ਕਾਵਿ

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 40%
ਕ੍ਰੈਡਿਟ:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ ਕਿੱਸਾ ਤੇ ਬਿਰਤਾਂਤ ਕਾਵਿ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਕਿੱਸਾ ਤੇ ਬਿਰਤਾਂਤ ਕਾਵਿ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਕਿੱਸਾ ਤੇ ਬਿਰਤਾਂਤ ਕਾਵਿ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONSFORTHEPAPERSETTER/EXAMINER:

1. Thesyllabusprescribedshouldbestrictlyadheredto.
2. The question paper will consist of three sections: A, B, and C. Sections A and B will havefour questions each from the respective sections of the syllabus andwill carry 10 markseach.Thecandidateswill attempttwo questionsfrom eachsection.
3. SectionCwillhavefifteenshortanswerquestionscoveringtheentiresyllabus.Eachquestionwillcarry3marks.Candidateswillattemptany10questionsfromthissection.
4. The examiner shall give a clear instruction to the candidates to attempt questions only at oneplace and only once. Second or subsequent attempts, unless the earlier ones have beencrossedout, shall not beevaluated.
5. Thedurationofeachpaperwillbethreehours.

INSTRUCTIONSFORTHECANDIDATES:

Candidatesarerequiredtoattemptanytwoquestionseachfromthesections A,andBofthequestion paper, and any ten short answer questions from Section C.They have to attemptquestions only at one place and only once. Second or subsequent attempts, unless the earlieroneshavebeen crossed out,shall not beevaluated.

**ਭਾਗ ੳ**- ਕਿੱਸਾ ਅਤੇ ਬੀਰ ਕਾਵਿ : ਕਾਵਿ ਸ਼ਾਸਤਰੀ ਪਰਿਪੇਖ

**ੳ.**1 ਪੰਜਾਬੀ ਕਿੱਸਾ ਅਤੇ ਬੀਰ ਕਾਵਿ: ਸਿਧਾਂਤ ਤੇ ਪਿਛੋਕੜ

**ੳ.2** ਪੰਜਾਬੀ ਕਿੱਸਾ ਅਤੇ ਬੀਰ ਕਾਵਿ ਦਾ ਇਤਿਹਾਸਕ ਵਿਕਾਸ

**ਭਾਗ ਅ–** ਵਾਰਿਸ ਸ਼ਾਹ : ਹੀਰ

ਵਾਰਿਸ ਸ਼ਾਹ:ਹੀਰ–ਵਿਚਾਰਧਾਰਾਈ ਅਧਿਐਨ
ਵਾਰਿਸ ਸ਼ਾਹ:ਹੀਰ–ਕਲਾਤਮਕ ਅਧਿਐਨ

**ਅ.1** ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ

ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ–ਵਿਚਾਰਧਾਰਾਈ ਅਧਿਐਨ
ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ–ਕਲਾਤਮਕ ਅਧਿਐਨ

**ਅ.2** ਸ਼ਾਹ ਮੁਹੰਮਦ : ਜੰਗ ਹਿੰਦ–ਪੰਜਾਬ
ਜੰਗ ਹਿੰਦ–ਪੰਜਾਬ:ਵਿਚਾਰਧਾਰਾਈ ਅਧਿਐਨ
ਜੰਗ ਹਿੰਦ–ਪੰਜਾਬ:ਕਲਾਤਮਕ ਅਧਿਐਨ

**ਭਾਗ–ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ। ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਕਿੱਸਾ ਤੇ ਬੀਰ ਕਾਵਿ : ਕਾਵਿ ਸ਼ਾਸਤਰੀ ਪਰਿਪੇਖ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਕਿੱਸਾ ਤੇ ਬੀਰ ਕਾਵਿ : ਕਾਵਿ ਸ਼ਾਸਤਰੀ ਪਰਿਪੇਖ ਦੀ ਵਿਆਖਿਆ।
3. ਭਾਗ ੳ.2 ਪੰਜਾਬੀ ਕਿੱਸਾ ਤੇ ਬੀਰ ਕਾਵਿ ਦਾ ਇਤਿਹਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਪੰਜਾਬੀ ਕਿੱਸਾ ਤੇ ਬੀਰ ਕਾਵਿ ਦੇ ਇਤਿਹਾਸ ਦੀਆਂ ਪ੍ਰਵਿਰਤੀਆਂ ਦੇ ਵਿਕਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਵਾਰਿਸ ਸ਼ਾਹ : ਹੀਰ, ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ ਅਤੇ ਸ਼ਾਹ ਮੁਹੰਮਦ : ਜੰਗ ਹਿੰਦ–ਪੰਜਾਬਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਵਾਰਿਸ ਸ਼ਾਹ : ਹੀਰ, ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ ਅਤੇ ਸ਼ਾਹ ਮੁਹੰਮਦ : ਜੰਗ ਹਿੰਦ–ਪੰਜਾਬ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ– ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਵਾਰਿਸ ਸ਼ਾਹ : ਹੀਰ, ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ ਅਤੇ ਸ਼ਾਹ ਮੁਹੰਮਦ : ਜੰਗ ਹਿੰਦ–ਪੰਜਾਬ ਅਧਿਐਨ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

**ਸਹਾਇਕ ਪਾਠ–ਸਮੱਗਰੀ**

**ਖੋਜ–ਪੁਸਤਕਾਂ**

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਕੁਲਬੀਰ ਸਿੰਘ | 2000 | ਕਿੱਸਾ ਕਾਵਿ ਦਾ ਇਤਿਹਾਸ | ਗੁ.ਨਾ.ਦੇ.ਯੂਨੀਵਰਸਿਟੀ |
| ਅਮਰਜੀਤ ਸਿੰਘ ਕਾਂਗ | 1998 | ਕਿੱਸਾ ਸੰਸਾਰ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਅਮਰਜੀਤ ਸਿੰਘ ਕਾਂਗ | 2014 | ਕਿੱਸਾ ਸਭਿਆਚਾਰ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਜਸਪਾਲ ਕੌਰ | 2000 | ਕਿੱਸਾ ਸੰਵਾਦ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਸਵਰਨ ਸਿੰਘ | 1966 | ਸਭਿਆਚਾਰ ਤੇ ਕਿੱਸਾ ਕਾਵਿ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

# M.A (PUNJABI)
# (PBIM21107T)
# ਸੱਤਵਾਂ ਪਰਚਾ
# SEMESTER-II

## SECTION A

## Table of Contents


| Sr. No. | UNIT NAME | Page No. |
|---|---|---|
| Unit 1 | ਕਿੱਸਾ ਅਤੇ ਬੀਰ ਕਾਵਿ : ਕਾਵਿ ਸ਼ਾਸਤਰੀ ਪਰਿਪੇਖ | 9-48 |
| Unit 2 | ਪੰਜਾਬੀ ਕਿੱਸਾ ਅਤੇ ਬੀਰ ਕਾਵਿ: ਸਿਧਾਂਤ ਤੇ ਪਿਛੋਕੜ | 49-62 |
| Unit 3 | ਪੰਜਾਬੀ ਕਿੱਸਾ ਅਤੇ ਬੀਰ ਕਾਵਿ ਦਾ ਇਤਿਹਾਸਕ ਵਿਕਾਸ | 63-99 |
| Unit 4 | ਵਾਰਿਸ ਸ਼ਾਹ : ਹੀਰ<br>ਵਾਰਿਸ ਸ਼ਾਹ:ਹੀਰ-ਵਿਚਾਰਧਾਰਾਈ ਅਧਿਐਨ | 100-107 |
| Unit 5 | ਵਾਰਿਸ ਸ਼ਾਹ:ਹੀਰ-ਕਲਾਤਮਕ ਅਧਿਐਨ | 108-112 |


## SECTION B


| | | |
|---|---|---|
| Unit 6 | ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ<br>ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ-ਵਿਚਾਰਧਾਰਾਈ ਅਧਿਐਨ | 113-116 |
| Unit 7 | ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ-ਕਲਾਤਮਕ ਅਧਿਐਨ | 117-124 |
| Unit 8 | ਸ਼ਾਹ ਮੁਹੰਮਦ : ਜੰਗ ਹਿੰਦ-ਪੰਜਾਬ | 125-126 |
| Unit 9 | ਜੰਗ ਹਿੰਦ-ਪੰਜਾਬ:ਵਿਚਾਰਧਾਰਾਈ ਅਧਿਐਨ | 127-130 |
| Unit 10 | ਜੰਗ ਹਿੰਦ-ਪੰਜਾਬ:ਕਲਾਤਮਕ ਅਧਿਐਨ | 131-141 |

# ਕਿੱਸਾ ਅਤੇ ਬੀਰ ਕਾਵਿ : ਕਾਵਿ ਸ਼ਾਸਤਰੀ ਪਰਿਪੇਖ

## ਕਿੱਸਾ-ਕਾਵਿ ਦਾ ਕਾਵਿ-ਸ਼ਾਸਤਰ

ਪੰਜਾਬੀ ਕਿੱਸਾ ਇਕ ਵਿਸ਼ੇਸ਼ ਪ੍ਰਕਾਰ ਦੇ ਯਥਾਰਥ ਨੂੰ ਆਪਣੇ ਨਵੇਕਲੇ ਢੰਗ ਨਾਲ ਪ੍ਰਗਟ ਕਰਨ ਵਾਲੀ ਸਾਹਿੱਤ-ਵਿਧਾ ਹੈ, ਜਾਂ ਕੀ ਇਹ ਕਿਸੇ ਵੀ ਪ੍ਰਕਾਰ ਦੀਆਂ ਕਥਾ ਕਹਾਣੀਆਂ ਨੂੰ ਪੇਸ਼ ਕਰਨ ਦਾ ਮਹਿਜ ਇਕ ਸ਼ਿਲਪ ਮਾਧਿਅਮ ਹੈ? ਪੰਜਾਬੀ ਕਿੱਸਾ-ਕਾਵਿ ਦੇ ਵੱਖਰੇ ਕਾਵਿ-ਸ਼ਾਸਤਰ ਦਾ ਨਿਰਣਾ ਇਸ ਪ੍ਰਸ਼ਨ ਦੇ ਨਿਬੇੜੇ ਉੱਤੇ ਨਿਰਭਰ ਕਰਦਾ ਹੈ। ਕੋਈ ਸਾਢੇ ਤਿੰਨ ਸੌ ਸਾਲ ਦੇ ਸਮੇਂ ਵਿਚ ਪ੍ਰਚੱਲਿਤ ਰਹੀ ਇਸ ਕਾਵਿ-ਪਰੰਪਰਾ ਦਾ ਪਾਸਾਰਾ ਬਹੁਤ ਵੱਡਾ ਹੈ। ਇਸ ਵਿਚ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ ਦੀਆਂ ਪੰਜਾਬੀ ਪੀਤ ਕਹਾਣੀਆਂ; ਪੂਰਨ ਭਗਤ, ਰਾਜਾ ਰਸਾਲੂ, ਜਿਊਣਾ ਮੌੜ ਤੇ ਦੁੱਲਾ ਭੱਟੀ ਵਰਗੇ ਨਾਇਕਾਂ ਦੀਆਂ ਗਥਾਵਾਂ; ਨਲ ਦਮੰਯਤੀ, ਗੋਪੀ, ਭਰਥਰੀ, ਕਾਮਕੰਦਲਾ ਤੇ ਢੋਲ ਸ਼ਮਸ ਦੀਆਂ ਭਾਰਤੀ ਕਥਾਵਾਂ ਅਤੇ ਯੂਸਫ਼ ਜ਼ੁਲੈਖ਼ਾ, ਸੈਫਲ ਮਲੂਕ, ਸ਼ਾਹ ਬਹਿਰਾਮ ਆਦਿ ਸਾਮੀ ਸੋਮੇ ਤੋਂ ਆਈਆਂ ਕਥਾ ਕਹਾਣੀਆਂ ਹਨ। ਇਹ ਕਥਾਵਾਂ ਪੰਜਾਬੀ, ਭਾਰਤੀ ਅਤੇ ਸਾਮੀ ਚਿੰਤਨ ਪਰੰਪਰਾਵਾਂ ਦਾ ਵੀ ਖ਼ਾਸਾ ਦਖ਼ਲ ਹੈ, ਜਿਹੜਾ ਕਿੱਸਾਕਾਰਾਂ ਦੀਆਂ ਜੀਵਨ ਦ੍ਰਿਸ਼ਟੀਆਂ ਅਤੇ ਰਚਨਾ ਵਿਧੀਆਂ ਉੱਤੇ ਪਏ ਪ੍ਰਭਾਵਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਉਪਰੋਕਤ ਤੋਂ ਬਿਨਾਂ ਕਿੱਸੇ ਦੇ ਵਿਸ਼ੇ-ਖੇਤਰ ਵਿਚ ਕੁਝ ਵਾਧਾ ਆਧੁਨਿਕ ਕਾਲ ਵਿਚ ਵੀ ਹੋਇਆ ਹੈ। ਜਾਨੀ ਚੋਰ, ਕਾਕਾ ਪ੍ਰਤਾਪੀ, ਬੇਗੋ ਨਾਰ, ਕੇਹਰ ਸਿੰਘ ਦੀ ਮੌਤ, ਸੁੱਚਾ ਸਿੰਘ ਸੂਰਮਾ, ਸ਼ਹੀਦ ਭਗਤ ਸਿੰਘ ਦੇ ਕਿੱਸਿਆਂ ਤੋਂ ਇਲਾਵਾ ਕੁਝ ਹੋਰ ਮਸਲੇ ਜਿਵੇਂ ਚਾਹ ਤੇ ਲੱਸੀ ਦਾ ਝੱਗੜਾ, ਘੁੱਗੀ-ਕਾਂ ਦਾ ਕਿੱਸਾ ਆਦਿ ਫੁੱਟਕਲ ਕਿੱਸੇ ਵੀ ਕਿੱਸਾ-ਕਾਵਿ ਦੇ ਘੇਰੇ ਵਿਚ ਆ ਗਏ। ਇਸ ਸਭ ਕਾਸੇ ਨੂੰ ਤਰਦੀ ਨਜ਼ਰੇ ਵੇਖਿਆ ਕਿੱਸੇ ਬਾਰੇ ਵਿਧਾ ਦੇ ਪੱਖ ਤੋਂ ਪ੍ਰਭਾਵ ਅਣ-ਇਕਾਗਰਤਾ ਦਾ ਹੀ ਪੈਂਦਾ ਹੈ। ਕਿੱਸਾ ਅਸਲੋਂ ਵਿਵਿਧ ਵਿਸ਼ਿਆਂ ਨੂੰ ਪ੍ਰਗਟਾਉਣ ਵਾਲਾ ਇਕ ਕਾਵਿ ਮਾਧਿਅਮ ਪ੍ਰਤੀਤ ਹੁੰਦਾ ਹੈ।

ਪਰ ਅਸਲ ਵਿਚ ਇਸ ਤਰ੍ਹਾਂ ਨਹੀਂ। ਰੂਪ ਦਾ ਵਖਰੇਵਾਂ ਵਸਤੂਗਤ ਕਾਰਨਾਂ ਕਰਕੇ ਪੈਦਾ ਹੁੰਦਾ ਹੈ। ਕਿੱਸੇ ਨੂੰ ਸਾਹਿੱਤ ਵਿਧਾ ਦੇ ਰੂਪ ਵਿਚ ਗ੍ਰਹਿਣ ਕਰਨ ਦਾ ਅਰਥ ਇਹ ਹੈ ਕਿ ਇਸ ਦੀ ਵਨੰਗੀ ਅਤੇ ਭਰਪੂਰਤਾ ਦੀ ਤਹਿ ਵਿਚ ਕੰਮ ਕਰਦੇ ਉਸ ਇਕਾਗਰਕਾਰੀ ਨੇਮ ਦੀ ਤਲਾਸ਼ ਕੀਤੀ ਜਾਵੇ, ਜਿਹੜਾ ਇਸ ਵਿਧਾ ਨੂੰ ਦੂਸਰੀਆਂ ਸਾਹਿੱਤ ਵਿਧਾਵਾਂ ਤੋ ਨਿਖੇੜਦਾ ਹੈ। ਪੰਜਾਬੀ ਕਿੱਸੇ ਤੋਂ ਪਹਿਲਾ ਰਾਮਾਇਣ, ਮਹਾਭਾਰਤ ਤੇ ਪੰਚਤੰਤਰ ਦੀਆਂ ਕਥਾਵਾਂ ਹਨ, ਫ਼ਾਰਸੀ ਮਸਨਵੀ ਤੇ ਭਾਰਤੀ ਮਹਾਕਾਵਿ ਦੀ ਪਰੰਪਰਾ ਹੈ ਅਤੇ ਬਾਅਦ ਵਿਚ ਆਧੁਨਿਕ ਗਲਪ ਦਾ ਯੁਗ ਸ਼ੁਰੂ ਹੁੰਦਾ ਹੈ। ਕਿੱਸੇ ਦਾ ਨਵੇਕਲਾ ਜਗਤ ਇਨ੍ਹਾਂ ਸਭਨਾਂ ਦੇ ਵਿਚਕਾਰ ਸਥਿਤ ਹੈ। ਮੱਧਕਾਲੀ ਅਤੇ ਆਧੁਨਿਕ ਸਾਹਿੱਤ ਦੇ ਸੰਬੰਧ ਵਿਚ ਇਸ ਜਗਤ ਦੀ ਪਛਾਣ ਅਤਿਅੰਤ ਮਹੱਤਵਪੂਰਣ ਹੈ, ਜਿਸ ਦੇ ਕੁਝ ਆਧਾਰ ਇਸ ਪ੍ਰਕਾਰ ਨਿਸ਼ਚਿਤ ਕੀਤੇ ਜਾ ਸਕਦੇ ਹਨ:

(1) ਪਰੰਪਰਾ ਅਤੇ ਵਿਅਕਤੀ ਦੇ ਸੰਬੰਧ

(2) ਕਿੱਸੇ ਦਾ ਵਿਸ਼ੇਸ਼ ਯਥਾਰਥ ਅਤੇ ਰਚਨਾ-ਦ੍ਰਿਸ਼ਟੀ ਦੇ ਭੇਦ

(3) ਅਰਥ ਅਤੇ ਅਰਥਾਪਣ

(4) ਬਣਤਰ ਅਤੇ ਬੁਣਤੀ ਦਾ ਰਿਸ਼ਤਾ

ਇਨ੍ਹਾਂ ਵਿਚੋਂ ਕੁਝ ਪਹਿਲੂਆਂ ਬਾਰੇ ਕਿੱਸਾਕਾਰਾਂ ਦੀਆਂ ਆਪਣੀਆਂ ਟਿੱਪਣੀਆਂ ਬੜੀਆਂ ਸਾਰਥਕ ਹਨ। ਕਿੱਸਾ-ਕਾਵਿ ਸਹੀ ਅਰਥਾਂ ਵਿਚ ਇਕ ਪਰੰਪਰਾ ਹੈ। ਕੁਝ ਗਿਣੀਆਂ ਚੁਣੀਆਂ ਕਹਾਣੀਆਂ ਨੂੰ ਕਿੱਸਾਕਾਰ ਦੁਬਾਰਾ ਰਚਦੇ ਸਨ। ਇਸ ਪ੍ਰਕਾਰ ਹਰ ਕਿੱਸਾ ਪੁਨਰ-ਸਿਰਜਣਾ ਦਾ ਅਮਲ ਹੁੰਦਾ ਸੀ। ਇੱਥੇ ਹੀ ਕਿੱਸਾਕਾਰ ਦੀ ਪ੍ਰਤਿਭਾ ਉਜਾਗਰ ਹੁੰਦੀ ਹੈ। ਕੁਝ ਕਿੱਸੇ ਤਾਂ ਅਜਿਹੇ ਹਨ, ਜਿਹੜੇ ਕਹਾਣੀ ਦਾ ਮਹਿਜ਼ ਪਰੰਪਰਿਕ ਜਿਹਾ ਨਿਭਾਉ ਹਨ, ਤੇ ਕੁਝ ਵਿਚ ਰਚਨਾਕਾਰ ਦੀ ਪ੍ਰਤਿਭਾ ਵਿਸ਼ੇਸ਼ ਪ੍ਰਾਪਤੀ ਕਰਨ ਵਿਚ ਸਮਰੱਥ ਹੋਈ ਹੈ। ਇਸ ਪ੍ਰਕਿਆ ਵਿਚੋਂ ਪਰੰਪਰਾ ਅਤੇ ਵਿਅਕਤੀ ਦਾ ਸੰਬਾਦ ਪੈਦਾ ਹੁੰਦਾ ਹੈ। ਇਸ ਵਿਧਾ ਦੀ ਸ਼ਾਹਕਾਰ ਰਚਨਾ ਅਜਿਹੇ ਸੰਬਾਦ ਦਾ ਪ੍ਰਤੀਫਲ ਹੀ ਹੋ ਸਕਦੀ ਹੈ। ਇਸ ਤਰ੍ਹਾਂ ਕਹਾਣੀ ਇਕ ਮੂਲ ਚੌਖਟਾ ਬਣ ਜਾਂਦੀ ਹੈ ਅਤੇ ਰਚਨਾਕਾਰ ਇਸ ਵਿਚ ਆਪਣੀ, ਸਮਾਜ ਦੁਆਰਾ ਵਰੋਸਾਈ ਹੋਈ, ਚੇਤਨਾ ਤੇ ਪ੍ਰਤਿਭਾ ਦੇ ਜ਼ੋਰ ਨਾਲ ਨਵੇਂ ਅਰਥ ਭਰਦਾ ਹੈ। ਸਮੁੱਚਾ ਕਿੱਸਾ-ਕਾਵਿ ਇੰਜ ਪਰਸਪਰ ਸੰਬੰਧਿਤ ਪਰ ਵੰਨਸੁਵੰਨੇ ਰਚਨਾਵਾਂ ਦੀ ਇਕ ਲੜੀ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਨਵੇਂ ਵਲੋਂ ਸਾਡੇ ਕਿੱਸਾਕਾਰ ਕਵੀ ਬੜੇ ਚੇਤੰਨ ਸਨ। ਹਾਮਦਸ਼ਾਹ ਅੱਬਾਸੀ ਨੇ ਪਰੰਪਰਾ ਅਤੇ ਵਿਅਕਤੀਗਤ ਪ੍ਰਤਿਭਾ ਦੀ ਇਕ ਪਛਾਣ ਇਸ ਤਰ੍ਹਾਂ ਦਿੱਤੀ ਹੈ:

ਕਿੱਸਾ ਹੀਰ ਤੇ ਰਾਂਝੇ ਦਾ ਸ਼ਾਇਰਾਂ ਨੇ, ਬਹੁਤ ਵਿਚ ਪੰਜਾਬ ਬਣਾਇਆ ਹੈ।
ਇਕ ਚਾਲ ਨਾਹੀ ਰੰਗਾ ਰੰਗ ਕਿੱਸਾ, ਮੂਲ ਕਥਾ ਦਾ ਅੰਤ ਨਾ ਆਇਆ ਹੈ।
ਅਹਿਮਦ ਹੋਰ ਕਿਹਾ ਮੁਕਬਲ ਹੋਰ ਆਖੇ, ਬਾਗਾ ਕਾਦਰੀ ਹੋਰ ਜੁੜਾਇਆ ਹੈ।
ਰਾਮਾ ਅਤੇ ਗੁਰਦਾਸ ਕੁਝ ਹੋਰ ਆਖਣ, ਸਭ ਸ਼ਾਇਰਾਂ ਜ਼ੋਰ ਲਗਾਇਆ ਹੈ।
(ਹੀਰ ਹਾਮਦ)

ਸਪੱਸ਼ਟ ਹੈ, ਇਕ ਕਹਾਣੀ ਨੂੰ ਵੱਖ-ਵੱਖ ਸ਼ਾਇਰਾਂ ਨੇ ਵੱਖ-ਵੱਖਰੇ ਰੂਪਾਂ ਵਿਚ ਪੇਸ਼ ਕੀਤਾ ਹੈ। ਹਰ ਕਵੀ ਨੇ ਨਵੀਨਤਾ ਲਿਆਉਣ ਲਈ ਪੂਰਾ ਜ਼ੋਰ ਲਾਇਆ ਹੈ। ਇਸ ਤਰ੍ਹਾਂ ਇਕ ਕਾਵਿ ਪਰੰਪਰਾ ਵਿਚ ਵਿਅਕਤੀਗਤ ਪ੍ਰਤਿਭਾ ਕਰਨਾ ਵਨੰਗੀ ਪੈਦਾ ਹੋਈ ਹੈ। ਕਿੱਸਾ ਰਚਨਾਵਾਂ ਕਹਾਣੀਆਂ ਦਾ ਕੇਵਲ ਦੁਹਰਾਉ ਹੀ ਨਹੀਂ ਹਨ, ਇਹ ਇਕ ਪਰੰਪਰਾ ਦੇ ਅੰਤਰਗਤ ਵਿਭਿੰਨ ਨਵ-ਸਿਰਜਨਾਵਾਂ ਹਨ। ਪਰ ਹਾਮਦ ਖੁਦ ਆਪਣੇ ਕਿੱਸੇ ਵਿਚ ਵੱਖਰੀ ਵਿਅਕਤੀਗਤ ਪ੍ਰਤਿਭਾ ਕਾਰਨ ਨਵੀਨਤਾ ਲਿਆਉਣ ਦਾ ਉਪਾਸ਼ਕ ਨਹੀਂ, ਸਗੋਂ ਉਸ ਦੇ ਕਿੱਸੇ ਦੀ ਨਵੀਨਤਾ ਉਪਰੋਕਤ ਵਨੰਗੀਆਂ ਨੂੰ ਇਕ ਸਮੇਲ ਜਾਂ ਸੁਮਾਪ ਵਿਚ ਪੇਸ਼ ਕਰਨ ਸੰਬੰਧ ਰੱਖਦੀ ਹੈ:

ਚਾਵਲ ਆਪਣੇ ਮੰਗ ਕੇ ਮੁਕਾਬਲੇ ਤੋਂ, ਲੂਣ ਅਹਿਮਦੇ ਦਾ ਵਿਚ ਪਾਵਸਾਂ ਮੈਂ।
ਘਿਉ ਹੱਟ ਗੁਰਦਾਸ ਦਾ ਵਿਚ ਪਾਸਾਂ, ਖਿਛੜੀ ਜੋੜ ਕੇ ਦੇਗ ਰਿਝਾਵਸਾਂ ਮੈਂ।

ਹਾਮਦ ਦੀ ਇਹ ਖਿਛੜੀ-ਨੁਮਾ ਕਿਰਤ ਰਚਨਾ ਬਾਰੇ ਸਰਬਗ੍ਰਾਹੀ (eclectic) ਪਹੁੰਚ ਦਾ ਨਮੂਨਾ ਹੈ। ਇਹੀ ਕਿਤਾਬਾਂ ਵਿਚੋਂ ਕਿਤਾਬਾਂ ਪੈਦਾ ਕਰਨ ਦਾ ਸਿਧਾਂਤ ਹੈ। ਸਵਾਲ ਇਹ ਹੈ ਕਿ ਅਜਿਹੀ ਕਿਰਤ ਵਿਚ ਲੇਖਕ ਦਾ ਆਪਣਾ ਕੀ ਕੁਝ ਹੈ? ਇਸ ਤਰ੍ਹਾਂ ਲੇਖਕ ਦੀ ਆਪਣੀ ਸ਼ਖ਼ਸੀਤ ਪ੍ਰਦਰਸ਼ਿਤ ਨਹੀਂ ਹੁੰਦੀ । ਪਰੰਪਰਾ ਨਾਲ ਅਜਿਹੇ ਸੰਬੰਧ ਦੇ ਕਾਰਨ ਹੀ ਹਾਮਦ ਜਿਹੇ ਕਈਆਂ ਹੋਰਨਾਂ ਕਿੱਸਾਕਾਰਾਂ ਦਾ ਬਿਆਨ ਰਵਾਇਤੀ ਜਿਹਾ ਬਣ ਕੇ ਰਹਿ ਗਿਆ।

ਪੰਜਾਬੀ ਕਿੱਸਾਕਾਰੀ ਵਿਚ ਸਰਬਗ੍ਰਾਹੀ ਅਤੇ ਸੰਬਾਦਕੀ, ਦੋਵੇਂ ਤਰ੍ਹਾਂ ਦੀਆਂ ਪਹੁੰਚ-ਵਿਧੀਆਂ ਚਲਦੀਆਂ ਰਹੀਆਂ ਹਨ। ਪਰ ਇਕ ਗੱਲ ਸਪੱਸ਼ਟ ਹੈ, ਕਿਸੇ ਕਿੱਸੇ ਵਿਚ ਵਖਰੇਵਾਂ ਤਾਂ ਜ਼ਰੂਰ ਹੋਵੇ, ਪਰ ਉਹ ਬੁਨਿਆਦੀ ਤੌਰ 'ਤੇ ਪਰੰਪਰਾ ਤੋਂ ਹਟਾਵਾਂ ਨਾ ਹੋਵੇ। ਇਸ ਤਰ੍ਹਾਂ ਦਾ ਕਿੱਸਾ ਵਿਕ੍ਰਿਤ ਰਚਨਾ ਕਹਿਲਾਉਂਦਾ ਰਿਹਾ ਹੈ। ਹਾਸ਼ਮ ਦੇ ਕਿੱਸੇ "ਸ਼ੀਰੀ ਫ਼ਰਹਾਦ" ਉੱਪਰ ਇਸੇ ਤਰ੍ਹਾਂ ਦਾ ਕਿੰਤੂ ਕਿੱਸਾਕਾਰਾਂ ਨੇ ਕੀਤਾ ਹੈ:

(1) ਸ਼ੀਰੀ ਖਿਸਰੋ ਦਾ ਜੋ ਕਿੱਸਾ ਅਸਾਂ ਵਿਚ ਕਿਤਾਬਾਂ ਪੜ੍ਹਿਆ।
ਹਾਸ਼ਮ ਹੋਰ ਤਰ੍ਹਾਂ ਕੁਝ ਲਿਖਿਆ ਸਾਡੀ ਨਜ਼ਰ ਨਾ ਚੜ੍ਹਿਆ।
(ਅਹਿਮਦਯਾਰ)
(2) ਇਸ਼ਕ ਸ਼ੀਰੀ ਫ਼ਰਹਾਦੇ ਵਾਲੀ ਗੱਲ ਵਟਾ ਲਈ ਉਸ।
ਆਮ ਖ਼ਲਕ ਥੀਂ ਸੁਣੰ ਸੁਣਾਈ ਚਾ ਤਸਨੀਫ਼ ਬਣਾਈ ਉਸ।
(ਮੁਹੰਮਦ ਬਖ਼ਸ਼)

ਹੀਰ ਵਾਰਿਸ, ਇਸ ਪੱਖ ਤੋਂ, ਨਾ ਤਾਂ ਇਕ ਸਰਬਗ੍ਰਾਹੀ ਰਚਨਾ ਹੈ ਅਤੇ ਨਾ ਹੀ ਪਰੰਪਰਾ ਦੀ ਵਿਰੋਧੀ ਹੈ। ਇਸ ਰਚਨਾ ਦਾ ਕਿੱਸਾ-ਕਾਵਿ ਪਰੰਪਰਾ ਨਾਲ ਸੰਬਾਦ ਪ੍ਰਤੱਖ ਹੈ। ਇਸ ਦਾ ਪ੍ਰਮਾਣ ਉਸ ਦੀਆਂ ਆਪਣੀਆਂ ਰਚਨਾਵਾਂ ਵਾਰੇ ਆਲੋਚਨਾਤਮਕ ਟਿੱਪਣੀਆਂ ਵੀ ਹਨ ਅਤੇ ਉਸ ਦੀ ਰਚਨਾ-ਵਿਧੀ ਵੀ। ਕਵੀ ਨੇ ਸਭ ਤੋਂ ਪਹਿਲਾਂ ਲਿਖੀ ਜਾਣ ਵਾਲੀ ਰਚਨਾ ਦੀ ਪੂਰਵ-ਸੰਕਲਪਣਾ ਪ੍ਰਸਤੁਤ ਕੀਤੀ ਹੈ। ਇਹ ਰਚਨਾ-ਸਕੰਲਪਾ ਹੀਰ ਦੇ ਪੂਰਵ-ਪ੍ਰਾਪਤ ਪਾਠਾਂ, ਰਚਨਾਕਾਰ ਦੀ ਭਾਵਨਾ ਅਤੇ ਨਵੇਂ ਯਥਾਰਥਕ ਸੰਦਰਭ ਦੇ ਅੰਤਰ- ਸੰਬੰਧਾਂ ਉਤੇ ਨਿਰਭਰ ਹੈ। ਰਚਨਾ ਪੂਰਵ-ਕਲਪਿਤ ਅਤੇ ਵਾਸਤਵਿਕ, ਦੋਹਾਂ ਰਚਨਾਤਮਕ ਪ੍ਰਕ੍ਰਿਆਵਾਂ ਵਿਚੋਂ ਲੰਘ ਕੇ ਆਪਣਾ ਅੰਤਿਮ ਰੂਪ ਧਾਰਦੀ ਹੈ। ਇਸ ਸੰਬੰਧ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ:

ਪੂਰਵ-ਪ੍ਰਾਪਤ ਪਾਠ- ਰਚਨਾ ਕਰਤਾ
ਨਵਾਂ ਰਚਨਾ-ਸੰਕਲਪ–ਵਾਸਤਵਿਕ ਰਚਨਾ ਪ੍ਰਕ੍ਰਿਆ

ਆਪਣੇ ਰਚਨਾ ਪ੍ਰਯੋਜਨ ਨੂੰ ਵਾਰਿਸ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ, ਇਸ਼ਕ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ, ਜੀਭਾ ਸੋਹਣੀ ਨਾਲ ਸੁਣਾਈਏ ਜੀ।
ਨਾਲ ਅਜਬ ਬਹਾਰ ਦੇ ਸ਼ਿਅਰ ਕਹਿ ਕੇ, ਰਾਂਝੇ ਹੀਰ ਦਾ ਮੇਲ ਮਿਲਾਈਏ ਜੀ।
ਯਾਰਾਂ ਨਾਲ ਮਜਲਸਾਂ ਵਿਚ ਬਹਿ ਕੇ, ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।

ਇਸ ਤੋਂ ਪ੍ਰਤੱਖ ਹੈ ਕਿ ਵਾਰਿਸ ਦਾ ਕਿੱਸਾ ਰਚਣ ਦਾ ਮੰਤਵ ਹੀਰ ਰਾਂਝੇ ਦੇ ਇਸ਼ਕ ਦਾ ਨਵੀਨੀਕਰਣ ਹੈ। ਰੂਪ ਤੇ ਰਸ ਦੇ ਸੰਯੋਗ ਦੀ ਧਾਰਨੀ ਅਜਿਹੀ ਰਚਨਾ ਉਸ ਦਾ ਆਦਰਸ਼ ਹੈ, ਜਿਹੜੀ ਸੰਪੂਰਨ ਹੋਵੇ, ਇਕ ਵੱਖਰੇ ਅੰਦਾਜ਼ ਵਾਲੀ ਹੋਵੇ ਅਤੇ ਜਿਸ ਨੂੰ ਯਾਰਾਂ ਦੋਸਤਾਂ ਨਾਲ ਮਜਲਿਸਾਂ ਵਿਚ ਪੜ੍ਹ ਕੇ ਇਸ ਕਥਾ ਦਾ ਆਨੰਦ ਮਾਣਿਆ ਜਾ ਸਕੇ। ਇਸ ਤੋਂ ਇਹ ਪ੍ਰਭਾਵ ਸਹਿਜੇ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ ਕਿ ਕਥਾ ਦਾ ਨਵੀਨੀਕਰਣ ਕੇਵਲ ਲੇਖਕ ਦੀ ਅਕਾਂਖਿਆ ਦਾ ਸਿੱਟਾ ਨਹੀਂ ਹੈ। ਇਸ ਰਚਨਾ ਦੀ ਮਹਾਨਤਾ ਦੇ ਕਾਰਨ ਭਾਵੇਂ ਵਾਰਿਸ ਸ਼ਾਹ ਦੀ ਪ੍ਰਤਿਭਾ ਵਿਚੋਂ ਲਭੇ ਜਾਣ, ਪਰ ਇਹ ਪ੍ਰਤਿਭਾ ਸਮੇਂ ਦੇ ਸੁਹਜ ਸੁਆਦ ਨਾਲੋਂ ਵਿਸੰਗਤ ਨਹੀਂ ਹੁੰਦੀ। ਉਸ ਸਮੇਂ ਦੇ ਜਾਗਰੂਕ ਪਾਠਕ ਜਗਤ ਦੇ ਸੁਹਜ ਮਿਆਰ ਹੀ ਉਸ ਵਕਤ ਉੱਪਰ ਉੱਠ ਚੁੱਕੇ ਸਨ। ਨਵਾਂ ਪਾਠਕ ਵਰਗ ਘਟਨਾ ਦੇ ਨੀਰਸ ਅਤੇ ਅਰਥਹੀਣ ਬਿਆਨ ਤੋਂ ਉਕਤਾ ਚੁੱਕਾ ਸੀ ਅਤੇ ਰਚਨਾ ਨੂੰ ਆਪਣੇ ਅਨੁਭਵ ਦਾ ਅੰਗ ਬਣਾ ਕੇ ਨਵੇਂ ਸਿਰਿਉਂ ਸਿਰਜਣ ਲਈ ਉਤਸੁਕ ਸੀ। ਇਸ ਤੋਂ ਪ੍ਰੱਤਖ ਹੈ ਕਿ ਹਰ ਸਮਾਂ ਪੁਰਾਣੀ ਕਥਾ ਨੂੰ ਕਾਵਿ ਮਾਧਿਅਮ ਰਾਹੀਂ ਕੇਵਲ ਦੁਹਰਾਉਣ ਮਾਤਰ ਤੱਕ ਸੰਤੁਸ਼ਟ ਨਹੀਂ ਰਹਿ ਸਕਦਾ, ਉਹ ਆਪਣੇ ਅਨੁਭਵ ਦੇ ਪ੍ਰਕਾਸ਼ ਵਿਚ ਉਸ ਦੀ ਨਵ-ਸਿਰਜਣਾ ਕਰਦਾ ਹੈ। ਰਚਨਾ ਦੀ ਅਸਲੀ ਸਾਰਥਕਤਾ ਨਵ-ਰਚਨਾ ਦੇ ਇਸ ਅਮਲ ਵਿਚ ਹੁੰਦੀ ਹੈ, ਜਿੱਥੇ ਕੋਈ ਸਮਾਜ ਸਮੂਹਿਕ ਰੂਪ ਵਿਚ ਆਪਣੀ ਪ੍ਰਤਿਨਿਧ ਕਿਰਤ ਨੂੰ ਪਛਾਣਦਾ ਅਤੇ ਰਚਦਾ ਹੈ। ਵਾਰਿਸ ਆਪਣੇ ਸਮੇਂ ਦੇ ਇਸ ਜਾਗੇ ਹੋਏ ਸੁਹਜ-ਸੁਆਦ ਦੀ ਪ੍ਰਤੀਨਿਧਤਾ ਕਰਦਾ ਹੈ। ਕਿਸੇ ਸਮੇਂ ਦਾ ਆਪਣੀ ਪੁਰਾਣੀ ਪਰੰਪਰਾ ਨਾਲ ਸੰਬੰਧ ਇਸੇ ਭਾਂਤ ਦਾ ਰਚਨਾਤਮਕ ਸੁਭਾ ਵਾਲਾ ਹੁੰਦਾ ਹੈ। ਇਸ ਵਿਚੋਂ ਹੀ ਕਿਸੇ ਵਿਧਾ ਦੀਆਂ ਅਪੂਰਵ ਸੰਭਾਵਨਾਵਾਂ ਉਘੜਦੀਆਂ ਹਨ ਅਤੇ ਰਚਨਾ ਉਸ ਵਿਧਾ ਵਿਸ਼ੇਸ਼ ਦੀ ਇਕ ਪ੍ਰਤੀਨਿਧ, ਸ਼ਾਹਕਾਰ ਰਚਨਾ ਬਣਦੀ ਹੈ। ਇਸ ਨੁਕਤੇ ਨੂੰ ਸਮਾਜਿਕ ਸੰਦਰਭ ਵਿਚ ਹੋਰ ਵਿਚਾਰਨਾ ਬਾਕੀ ਹੈ। 'ਹੀਰ-ਰਾਂਝੇ' ਦੀ ਕਹਾਣੀ ਜਿਸ ਤਰ੍ਹਾਂ ਪੰਜਾਬੀ ਸਾਹਿੱਤ ਵਿਚ ਦੱਸੀ ਗਈ ਹੈ, ਉਹ ਆਪਣੇ ਆਪ ਵਿਚ ਇਕ ਪੈਂਤੜਾ ਜ਼ਾਹਿਰ ਕਰਦੀ ਹੈ। ਇਹ ਕਹਾਣੀ ਉਲਟੇ ਰੁਖੋਂ ਵੀ ਦੱਸੀ ਜਾ ਸਕਦੀ ਸੀ।' 1 ਰਚਨਾਕਾਰ ਸਮੇਂ ਦੇ ਸੁਹਜ-ਸੁਆਦ ਨਾਲ ਸੰਬੰਧਿਤ ਲੋਕਾਂ ਦੇ ਪੈਂਤੜੇ ਦਾ ਵੀ ਪ੍ਰਤੀਨਿਧ ਹੁੰਦਾ ਹੈ। ਪ੍ਰੋ. ਕਿਸ਼ਨ ਸਿੰਘ ਦੇ ਸ਼ਬਦਾਂ ਵਿਚ:

ਲੋਕਾਂ ਨੇ ਕਹਾਣੀ ਦਾ ਪੈਂਤੜਾ, ਉਸ ਦੇ ਪਾਤਰ, ਉਨ੍ਹਾਂ ਦੀਆਂ ਕੀਮਤਾਂ ਦਾ ਜਾਇਜ਼ਾ ਆਪ ਹੀ ਮੁਕੱਰਰ ਕਰ ਛੱਡਿਆ ਸੀ। ਐਸੇ ਪ੍ਰਸੰਗ ਵਿਚ ਇਸ ਦੇ ਉਲਟ ਕਹਾਣੀ ਲਿਖਣਾ ਅਸੰਭਵ ਸੀ। ਕਹਾਣੀ ਦੀ ਇਸ ਵਿਉਂਤ ਤੋਂ ਦੋ ਗੱਲਾਂ ਸਹਿਜੇ ਹੀ ਜ਼ਾਹਿਰ ਹਨ। ਪਹਿਲੀ ਇਹ ਕਿ ਕਿਸ ਤਰ੍ਹਾਂ ਲੋਕ ਸਾਹਿਤ ਦਾ ਪੈਂਤੜਾ ਆਪ ਬੰਨ੍ਹਦੇ ਹਨ, ਕਹਾਣੀ ਨੂੰ ਰੂਪ

ਦਿੰਦੇ ਹਨ, ਉਸ ਵਿਚ ਆਪਣੀਆਂ ਕੀਮਤਾਂ, ਆਪਣਾ ਹਿਤ ਪਾਉਂਦੇ ਹਨ, ਪਾਤਰਾਂ ਦੀਆਂ ਖਾਸੀਅਤਾਂ ਤਕ ਉਂਗਲ ਰੱਖ ਦੇਂਦੇ ਹਨ ਅਤੇ ਸਾਹਿਤਕਾਰ ਨੂੰ ਜ਼ਬਾਨ ਦੇਣ ਵਾਸਤੇ ਕਹਿ ਦੇਂਦੇ ਹਨ।2

ਲੋਕ ਕਹਾਣੀ ਸੰਬੰਧੀ ਇਸ ਧਾਰਨਾ ਤੋਂ ਕਵੀ ਕਰਤਾ ਅਤੇ ਯਥਾਰਥ ਜਾਂ ਕਰਤਾ (Subject) ਅਤੇ ਸਿਸਟਮ ਦੇ ਆਪਸੀ ਸੰਬੰਧ ਦਾ ਮਸਲਾ ਖੜ੍ਹਾ ਹੋ ਜਾਂਦਾ ਹੈ। ਪੱਛਮੀ ਕਾਵਿ-ਸ਼ਾਸਤਰ ਦੀ ਇਕ ਪ੍ਰਵਿਰਤੀ ਕਰਤਾ ਦੇ ਰੋਲ ਨੂੰ ਨਿਸ਼ਕ੍ਰਿਯਤਾ ਤਕ ਘਟਾ ਦਿੰਦੀ ਹੈ। ਇੱਥੇ ਅਜਿਹੇ ਸਭਿਆਚਾਰ ਦੀ ਕਲਪਨਾ ਕੀਤੀ ਗਈ ਹੈ, ਜਿੱਥੇ ਕੋਈ ਪ੍ਰਵਚਨ ਕਿਸੇ ਕਰਤਾ ਬਿਨਾਂ ਵੀ ਸੰਚਾਰਕ ਰਹਿ ਸਕਦਾ ਹੈ।3 ਇਹ ਧਾਰਨਾ ਮਸ਼ੀਨੀ ਜੁਗ ਦੇ ਮਕਾਨਕੀ ਬਣ ਚੁੱਕੇ ਰਿਸ਼ਤਿਆਂ ਦੇ ਪ੍ਰਗਟਾਵੇ ਤੋਂ ਸਿਵਾ ਕੁਝ ਨਹੀਂ। ਲੇਖਕ ਦਾ ਰੋਲ ਹੀਰੋ ਜਾਂ ਨਾਇਕ ਵਰਗਾ ਹੁੰਦਾ ਹੈ। ਉਹ ਰਚਨਾ ਵਰਗ ਦੀ ਸੰਚਿਤ ਚੇਤਨਾ ਦੇ ਮੁਤਾਬਕ ਰੂਪ ਦਿੰਦਾ ਹੈ ਪਰ ਕਿਉਂਕਿ ਉਹ ਰਚਨਾ ਦਾ ਰੂਪ-ਪ੍ਰਦਾਨ ਹੈ ਅਤੇ ਸੁਹਜ-ਸੁਆਦ ਅਤੇ ਚੇਤਨਾ ਨੂੰ ਸੰਚਿਤ ਕਰਨ ਵਾਲਾ ਕਰਤਾ ਹੈ, ਇਸ ਲਈ ਉਸ ਦਾ ਆਪਣਾ ਰੋਲ ਕਿਸੇ ਕਦਰ ਘੱਟ ਨਹੀਂ ਹੁੰਦਾ ਹੈ। ਸਾਹਿੱਤਕਾਰ ਵਿਅਕਤੀ ਦੀ ਚੇਤਨਾ ਲੋਕ ਬਾਹਰੀ ਅਤੇ ਉਸ ਨਾਲੋਂ ਨਿਵੇਕਲੀ ਨਹੀਂ ਹੁੰਦੀ, ਇਹ ਕੇਵਲ ਉਸ ਦਾ ਪ੍ਰਤੀਨਿਧ ਸੰਚਿਤ ਰੂਪ ਹੁੰਦੀ ਹੈ। ਵਾਰਿਸ ਨੇ ਲੋਕ-ਕਹਾਣੀ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ ਕਿ ਇਹ ਇਸ ਵਿਚ ਵਿਧਾ ਲਈ ਇਕ ਮਾਡਲ ਜਾਂ ਆਦਰਸ਼ ਦਾ ਦਰਜਾ ਅਖਤਿਆਰ ਕਰ ਗਈ ਹੈ। ਵਾਰਿਸ ਨੇ ਖੁਦ ਅਤੇ ਉਸ ਦੇ ਪਰਵਰਤੀ ਕਿੱਸਾਕਾਰਾਂ ਨੇ ਇਸ ਰਚਨਾ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ:

ਅਗੇ ਹੀਰ ਨਾ ਕਿਸੇ ਨੇ ਕਹੀ ਸ਼ਿਅਰ ਬਹੁਤ ਮਰਗ਼ੂਬ ਬਣਾਇਆ ਈ।

ਹੋਰ ਸ਼ਾਇਰਾਂ ਚੱਕੀਆਂ ਝੋਤੀਆਂ ਨੇ ਗਿੱਲਾ ਪੀਠਿਆਂ ਵਿਚ ਖਰਾਸ ਦੇ ਮੈਂ।

(ਵਾਰਿਸ ਸ਼ਾਹ)

ਵਾਰਿਸ ਸ਼ਾਹ ਜੰਡਿਆਲੇ ਵਾਲੇ ਵਾਹ ਵਾਹ ਹੀਰ ਬਣਾਈ।

ਮੈਂ ਵੀ ਰੀਸ ਉਸੇ ਦੀ ਕਰ ਕੇ ਲਿਖੀ ਤੋੜ ਨਿਭਾਈ।

(ਅਹਿਮਦਯਾਰ)

ਇਹ ਰਚਨਾ ਆਪਣੇ ਤੋਂ ਪਹਿਲੀਆਂ ਰਚਨਾਵਾਂ ਨਾਲੋਂ ਵਿਲੱਖਣ ਹੈ ਅਤੇ ਮਗਰਲੀਆਂ ਲਈ ਇਕ ਅਨੁਕਰਨਯੋਗ ਆਦਰਸ਼ ਹੈ। ਕਿਸੇ ਵਿਧਾ ਵਿਚ ਕੁਝ ਉਤਕ੍ਰਿਸ਼ਟ ਰਚਨਾਵਾਂ ਸਹਿਜੇ ਹੀ ਅਜਿਹੇ ਮਾਡਲ ਬਣ ਜਾਂਦੀਆਂ ਹਨ, ਕਿਉਂਕਿ ਇਨ੍ਹਾਂ ਵਿਚ ਇਸ ਕਲਾ ਰੂਪ ਦੀ ਸਰਬੋਤਮ ਪ੍ਰਾਪਤੀ ਸਮਾਈ ਹੁੰਦੀ ਹੈ। ਇਨ੍ਹਾਂ ਨੂੰ ਅਸੀਂ ਇਕ ਵਿਧਾ ਦੇ ਅੰਤਰਪਾਠ ਕੇਂਦਰ (interextual centres) ਕਹਿ ਸਕਦੇ ਹਾਂ। ਇਸ ਪੱਖ ਤੋਂ ਵਾਰਿਸ ਦੀ ਹੀਰ; ਪੀਲੂ ਦਾ ਮਿਰਜ਼ਾ; ਹਾਸ਼ਮ

ਦੀ ਸੱਸੀ, ਕਾਦਰਯਾਰ ਦਾ ਪੂਰਨ ਭਗਤ, ਦੌਲਤ ਰਾਮ ਦਾ ਰੂਪ ਬਸੰਤ, ਫਜ਼ਲ ਸ਼ਾਹ ਦਾ ਸੋਹਣੀ ਮਹੀਂਵਾਲ, ਮੁਹੰਮਦ ਬਖ਼ਸ਼ ਦਾ ਸੈਫਲ ਮੂਲਕ, ਕਿਸ਼ੋਰ ਚੰਦ ਦਾ ਜਾਨੀ ਚੋਰ ਆਦਿ ਕਿੱਸੇ ਪ੍ਰਸਿੱਧ ਹੋਏ ਹਨ। ਸਾਹਿੱਤ ਰਚਨਾ ਇਕ ਪ੍ਰਕ੍ਰਿਆ ਹੈ, ਅਤੇ ਇਹ ਰਚਨਾਵਾਂ ਇਸ ਪ੍ਰਕ੍ਰਿਆ-ਪੰਧ ਤੇ ਉੱਕਰੇ ਡੂੰਘੇ ਨਿਸ਼ਾਨ ਹਨ।

ਰਚਨਾ-ਦ੍ਰਿਸ਼ਟੀਆਂ ਦੀ ਭਿੰਨਤਾ ਦੇ ਬਾਵਜੂਦ ਕਿੱਸੇ ਦਾ ਯਥਾਰਥ ਵਿਸ਼ੇਸ਼ ਹੈ ਅਤੇ ਬਣਤਰ ਦੇ ਪੱਖ ਤੋਂ ਏਕਤਾ ਦਾ ਧਾਰਨੀ ਹੈ। ਕਿੱਸਾ ਮਹਾਕਾਵਿ ਦਾ ਉਤਰਾਧਿਕਾਰੀ ਅਤੇ ਨਾਵਲ ਤੋਂ ਪੂਰਬਲਾ ਸਾਹਿੱਤ ਰੂਪ ਹੈ। ਇਸ ਹਿਸਾਬ ਨਾਲ ਇਹ ਸੰਕ੍ਰਾਂਤੀ ਕਾਲ, ਜਾਂ ਘੱਟੋਂ ਘੱਟ ਫਿਊਡਲ ਜੁਗ ਦੇ ਤੋੜ ਦੀ ਸਾਹਿੱਤ ਵਿਧਾ ਹੈ। ਮਹਾਕਾਵਿ ਦਾ ਵਿਸ਼ਾ ਫਿਊਡਲ ਦੀ ਚੜ੍ਹਤ ਨਾਲ ਸੰਬੰਧ ਰੱਖਦਾ ਹੈ। ਮਹਾਕਾਵਿ ਦਾ ਨਾਇਕ ਆਪਣੇ ਸਮਾਜ ਨਾਲ ਇਕਸੁਰ, ਸਗੋਂ ਇਸ ਦਾ ਮੋਹਰੀ ਹੁੰਦਾ ਹੈ। ਸਮੁੱਚੀ ਕਮਿਊਨਿਟੀ ਦਾ ਨਿਸ਼ਾਨ ਇਕ ਹੁੰਦਾ ਹੈ। ਮਹਾਕਵਿ ਦੇ ਰਚਨਾ-ਸਮੇਂ ਭੂਪਵਾਦੀ ਜੁਗ ਵਿਕਾਸ ਅਵਸਥਾ ਵਿਚ ਸੀ ਅਤੇ ਇਸ ਦਾ ਸਮੁੱਚਾ ਸੁਭ ਅਗਰਗਾਮੀ ਸੀ। ਸਮਾਜ ਦੇ ਅੰਦਰਲਾ ਸੰਕਟ ਸਮਾਜ ਵਿਚ ਪੈਦਾ ਨਹੀਂ ਸੀ ਹੋਇਆ। ਮਹਾਕਾਵਿ ਦਾ ਜਗਤ ਵਿਅਕਤੀ ਅਤੇ ਸਮਾਜ ਦੇ ਸੰਜੋਗ ਦਾ ਜਗਤ ਹੈ। ਇਸ ਦੇ ਟਾਕਰੇ ਤੇ ਕਿੱਸਾ ਵਿਅਕਤੀ ਅਤੇ ਸਮਾਜ ਦੀ ਟੱਕਰ ਨੂੰ ਬਿਆਨ ਕਰਦਾ ਹੈ। ਮਹਾਕਾਵਿਕ ਸਥਾਪਨਾਵਾਦੀ ਦ੍ਰਿਸ਼ਟੀ ਦੀ ਥਾਂ ਇਹ ਆਧੁਨਿਕ ਵਿਗਠਨ-ਵਾਦੀ ਦ੍ਰਿਸ਼ਟੀ ਅਪਣਾਉਂਦਾ ਹੈ। ਕਿੱਸੇ ਵਿਚਲਾ ਵਿਅਕਤੀ ਅਤੇ ਸਮਾਜ ਜਾਂ ਵਿਸਥਾਪਤੀ ਅਤੇ ਸਥਾਪਤੀ ਦਾ ਟਕਰਾਉ ਇਸ ਸਮਾਜ-ਪ੍ਰਬੰਧ ਦੇ ਸੰਕਟ ਨੂੰ ਸਾਹਮਣੇ ਲਿਆਉਂਦਾ ਹੈ। ਕਿੱਸਾ ਸਥਾਪਿਤ ਮਰਿਯਾਦਾ ਦੇ ਖਿਲਾਫ਼ ਵਿਅਕਤੀਗਤ ਸੰਘਰਸ਼ ਜਾਂ ਵਿਦਰੋਹ ਨੂੰ ਉਪਸਥਿਤ ਕਰਦਾ ਹੈ, ਜਿਸ ਦਾ ਨਿਪਟਾਰਾ ਅਖੀਰ ਤੇ ਦੁਖਾਂਤ ਵਿਚ ਹੁੰਦਾ ਹੈ। ਨਾਵਲ ਆਧੁਨਿਕ ਜੁਗ ਦੀ ਵਿਧਾ ਹੈ ਅਤੇ ਇਹ ਕਿੱਸੇ ਦਾ ਪੂਰੀ ਤਰ੍ਹਾਂ ਉਤਰਾਧਿਕਾਰੀ ਸਾਹਿੱਤ ਰੂਪ ਹੈ। ਆਲੋਚਨਾਤਮਕ ਯਥਾਰਥਵਾਦ ਜਿਹੜਾ ਪ੍ਰਯੋਜਨ ਨਾਵਲ ਲੈ ਕੇ ਚੱਲਦਾ ਹੈ, ਇਸ ਦਾ ਆਰੰਭ ਕਿੱਸੇ ਤੋਂ ਹੀ ਹੋ ਜਾਂਦਾ ਹੈ। ਕਿੱਸੇ ਦਾ ਨਾਇਕ ਸਮਾਜਿਕ ਸੰਸਥਾਵਾਂ ਦੇ ਪਾਜ ਨੂੰ ਉਘਾੜਦਾ, ਉਨ੍ਹਾਂ ਨਾਲ ਟਕਰਾਉਂਦਾ ਹੋਇਆ ਅੱਗੇ ਵਧਦਾ ਹੈ। ਮਗਰਲੇ, ਆਧੁਨਿਕ ਕਾਲ ਦੇ ਕਿੱਸਾ ਕਾਵਿ ਵਿਚ ਸਾਹਿਤਿਕ ਪੱਧਰ ਦੀ ਪ੍ਰਾਪਤੀ ਭਾਵੇਂ ਬਹੁਤੀ ਨਹੀਂ, ਪਰ ਇਸ ਵਿਚ ਆਲੋਚਨਾਤਮਕ ਬਿਰਤੀ ਦਾ ਉਭਾਰਇਕ ਖਾਸ, ਲੋਕ ਪੱਧਰ ਤਕ ਵੇਖਿਆ ਜਾ ਸਕਦਾ ਹੈ। ਕਿੱਸਾਕਾਰ ਗ਼ਲਤ ਰੀਤਾਂ ਰਸਮਾਂ ਤੇ ਆਚਾਰਾਂ ਨੂੰ ਭੰਡਣ ਦੀ ਰੁਚੀ ਦਿਖਾਉਂਦਾ ਹਨ, ਭਾਵੇਂ ਕਿ ਇਸ ਰੁਚੀ ਦਾ ਸੁਭਾ ਆਧੁਨਿਕ ਦੀ ਥਾਂ ਪਰੰਪਰਾਗਤ ਵਧੇਰੇ ਹੈ। ਕਿੱਸਾਕਾਰ ਆਧੁਨਿਕ ਜੁਗ ਦੀਆਂ ਅਲਾਮਤਾਂ ਨੂੰ ਜਾਗੀਰਦਾਰੀ ਢਾਂਚੇ ਵਿਚ ਖਲੋ ਕੇ ਵੇਖਦੇ ਹਨ। ਪੰਜਾਬੀ ਨਾਵਲ ਦੇ ਪਹਿਲੇ ਦੂਜੇ ਦੌਰ ਵਿਚ ਵੀ ਪ੍ਰਵਿਰਤੀ ਦ੍ਰਿਸ਼ਟੀਕੋਣ ਹੁੰਦੀ ਹੈ। ਪੰਜਾਬੀ ਨਾਵਲ ਮੁੱਖ ਰੂਪ ਵਿਚ ਚਾਰ ਤਰ੍ਹਾਂ ਦੇ ਯਤਾਰਥ ਨੂੰ ਪ੍ਰਗਟਾਉਂਦਾ ਹੈ। ਪਹਿਲੇ ਰੂਪ ਵਿਚ ਇਹ ਵਿਅਕਤੀ ਦੇ ਸਾਹਮਣੇ ਸਮਾਜਿਕ-ਧਾਰਮਿਕ ਆਦਰਸ਼ ਸਥਾਪਿਤ ਕਰਦਾ ਹੈ। ਮਹਾਕਾਵਿ ਅਜਿਹੇ ਆਦਰਸ਼ਾਂ ਦੀ ਤਲਾਸ਼ ਨਾਲ ਸੰਬੰਧਿਤ ਹੈ। ਦੂਜੇ ਦੌਰ ਵਿਚ ਵਿਅਕਤੀ ਸਮਾਜ ਨੂੰ ਸੁਧਾਰਨ ਦਾ ਬੀੜਾ ਚੁੱਕਦਾ ਹੈ। ਇੱਥੇ ਆਲੋਚਨਾਤਮਕ ਸੋਝੀ ਤਿੱਖੀ ਹੁੰਦੀ ਹੈ ਪਰ ਇਹ ਤਰ੍ਹਾਂ ਦੇ ਆਰਦਸ਼ਵਾਦ ਦੀ ਧੁੰਦ ਵਿਚ ਗੁਆਚ ਜਾਂਦੀ ਹੈ। ਤੀਜੀ ਥਾਂ ਨਾਵਲ ਦੁੱਖ ਸਹਿੰਦੇ, ਪੀੜਿਤ ਵਿਅਕਤੀ ਦੀ ਗਾਥਾ ਬਣਦਾ ਹੈ। ਇਸ ਦੇ ਦੁਖਾਂਤ ਦੇ ਸਮਾਜਿਕ ਕਾਰਨ ਉਘਾੜਦੇ ਹਨ

ਅਤੇ ਗਲਪਕਾਰ ਦੀ ਸਮਾਜਿਕ ਤਾਣੇ-ਬਾਣੇ ਬਾਰੇ ਸੋਝੀ ਵਧੇਰੇ ਬਰੀਕ ਹੁੰਦੀ ਹੈ। ਪਾਤਰ ਦੀਆਂ ਪੁਰਾਣੀਆਂ ਚਰਿਤ੍ਰ-ਕੁਠਾਲੀਆਂ ਇੱਥੇ ਪੂਰੀ ਤਰ੍ਹਾਂ ਟੁੱਟਦੀਆਂ ਹਨ, ਪਹਿਲੇ ਵਾਲੇ ਆਦਰਸ਼ਮਈ ਨਾਇਕ ਵਾਲਾ ਭਰਮ ਦੂਰ ਹੁੰਦਾ ਹੈ। ਚੌਥੇ ਪੜਾ ਉੱਪਰ ਨਾਵਲ ਜਨਤਕ ਨਾਇਕ ਨੂੰ ਪੇਸ਼ ਕਰਦਾ ਹੈ। ਇੱਥੇ ਨਾਇਕ ਆਪਣੀ ਸ਼੍ਰੇਣੀ ਜਾਂ ਵਰਗ ਦਾ ਪ੍ਰਤਿਨਿਧ ਬਣ ਕੇ ਪੇਸ਼ ਹੁੰਦਾ ਹੈ ਤੇ ਬੁਨਿਆਦੀ ਸਮਾਜਿਕ ਤਬਦੀਲੀ ਲਈ ਸੰਘਰਸ਼ ਕਰਦਾ ਹੈ। ਕਿੱਸੇ ਤੋਂ ਪ੍ਰਗਤੀਵਾਦੀ ਨਾਵਲ ਤਕ ਗਲਪ ਦ੍ਰਿਸ਼ਟੀ ਦਾ ਨਿਰੰਤਰ ਵਿਕਾਸ ਹੁੰਦਾ ਹੈ। ਮਹਾਕਾਵਿ ਨਾਲੋਂ ਕਿੱਸੇ ਦਾ ਫ਼ਰਕ ਇਹ ਹੈ ਕਿ ਇਸ ਦਾ ਨਾਇਕ ਪਰੰਪਰਾ ਦੀ ਪਾਲਣ ਜਾਂ ਮਰਿਆਦਾ ਪਰਸ਼ੋਤਮਤਾ ਦਾ ਰਸਤਾ ਨਹੀਂ ਅਪਣਾਉਂਦਾ ਸਗੋਂ ਇਸ ਨੂੰ ਤੋੜਦਾ ਹੈ ਅਤੇ ਨੈਤਿਕ ਖੁਲ੍ਹ ਦੀਆਂ, ਵਿਅਕਤੀਗਤ ਸੁਤੰਤਰਤਾ ਦੀਆਂ ਨਵੀਆਂ ਕੀਮਤਾਂ ਦਾ ਵਿਕਲਪ ਸਿਰਜਦਾ ਹੈ। ਇਨ੍ਹਾਂ ਕੀਮਤਾਂ ਦਾ ਸੰਬੰਧ ਇਕ ਪਾਸੇ ਤਾਂ ਨਿੱਜੀ ਅਕਾਂਖਿਆ ਨਾਲ ਹੈ ਜਿਸ ਨੂੰ ਵਿਅਕਤੀ ਕਬੀਲੇ ਦੀ ਮਰਿਆਦਾ ਤੋਂ ਕੁਰਬਾਨ ਕਰਨ ਲਈ ਤਿਆਰ ਨਹੀਂ ਹੁੰਦਾ :

ਹੀਰ ਵੱਤ ਕੇ ਬੱਲਿਓ ਘਰੀਂ ਆਈ, ਮਾਉਂ ਬਾਪ ਕਾਜੀ ਸੱਦ ਲਿਆਂਵਦੇ ਨੀ।
ਦੋਵੇਂ ਆਪ ਬੈਠੇ ਅਤੇ ਕਾਜੀ, ਅਤੇ ਸਾਹਮਣੇ ਹੀਰ ਬਹਾਂਵਦੇ ਨੀ।
ਸ਼ਰਮ ਮਾਪਿਆਂ ਦੀ ਵਲ ਧਿਆਨ ਧਰੀਏ , ਸ਼ਾਨਦਾਰ ਇਹ ਜੱਟ ਝਨਾਵ ਦੇ ਨੀ।

ਹੀਰ ਆਖਿਆ ਬਾਬਲਾ ਅਮਲੀਆ ਥੀਂ ਨਾਹੀਂ ਅਮਲ ਹਟਾਇਆ ਜਾ ਮੀਆਂ ।
ਜਿਹੜੀਆਂ ਵਾਦੀਆਂ ਆਦਤਾਂ ਜਾਣ ਨਾਹੀਂ, ਰਾਂਝੇ ਚਾਕ ਥੋਂ ਰਿਹਾ ਨਾ ਜਾ ਮੀਆਂ।
ਏਹ ਇਸ਼ਕ ਦੇ ਰੋਗ ਦੀ ਗੱਲ ਏਵੇਂ ਸਿਰ ਜਾਇ ਤੇ ਏਹ ਨਾ ਜਾ ਮੀਆਂ।

(ਹੀਰ ਵਾਰਿਸ)

ਦੂਜੇ ਪਾਸੇ, ਕਿੱਸਾ ਇਕ ਆਧੁਨਿਕ ਵਿਧਾ ਵੀ ਨਹੀਂ ਬਣਦਾ। ਨਾਵਲ ਨਾਲੋਂ ਇਸ ਦਾ ਫ਼ਰਕ ਇਹ ਹੈ ਕਿ ਇਸ ਵਿਚ ਸਮਾਜਿਕ ਸੰਬੰਧਾਂ ਦੀ ਜਟਿਲਤਾ ਦੀ ਪੇਸ਼ਕਾਰੀ ਨਹੀਂ ਹੁੰਦੀ। ਕਿੱਸੇ ਦਾ ਜਗਤ ਫਿਰ ਵੀ ਵਿਸ਼ੇਸ਼ ਪਾਤਰਾਂ ਦੀ ਕਾਰਕਰਦਗੀ ਤਕ ਸੀਮਿਤ ਰਹਿੰਦਾ ਹੈ। ਵਿਆਪਕ, ਸਮਾਨਯ ਯਥਾਰਥ ਨੂੰ ਇਸ ਦੇ ਸੁਭਾਵਿਕ ਰੂਪ ਵਿਚ ਪੇਸ਼ ਕਰਨ ਵਲ ਇਹ ਰੁਚਿਤ ਨਹੀਂ। ਪੁਰਾਣੀਆਂ ਨਾਇਕ ਖਲਨਾਇਕ, ਗੁਰੂ ਜਾਂ ਮੁਰਸ਼ਦ, ਸਹਾਇਕ ਆਦਿ ਦੀਆਂ ਚਰਿਤ੍ਰ-ਕੁਠਾਲੀਆਂ ਅਜੇ ਕਾਇਮ ਹਨ। ਚਰ੍ਰਿਤ ਦੀ ਪ੍ਰੇਰਨਾ ਇੰਨੀ ਪ੍ਰੀਤ ਅਤੇ ਵਿਅਕਤੀਗਤ-ਖੁਲ੍ਹ ਦੀ ਭਾਵਨਾ ਨਹੀਂ, ਜਿੰਨਾ ਇਹ ਧਾਰਮਿਕ ਆਦਰਸ਼ ਦੇ ਅਧੀਨ ਹੈ। ਕਿੱਸੇ ਦਾ ਪਾਤਰ ਦੋ ਤਰ੍ਹਾਂ ਦਾ ਤਰਕ ਦਿੰਦਾ ਹੈ :

(1) ਵਿਆਹ ਹੋਵੇ ਛਡ ਦਿਆਂ, ਮੰਗ ਨਾ ਛੱਡੀ ਜਾ। (ਪੀਲੂ-ਮਿਰਜ਼ਾ)

(2) ਵਾਰਿਸਸ਼ਾਹ ਦਰਗਾਹ ਥੀਂ ਮੰਗ ਲੀਤਾ ਚਾਕ ਬਖਸ਼ਿਆ ਆਪ ਖ਼ੁਦਾ ਮੀਆਂ। (ਹੀਰ ਵਾਰਿਸ)

ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਦਾ ਤਰਕ ਇਕ ਤਾਂ ਫਿਊਡਲ ਅਣਖ ਦੇ ਕਾਰਨ ਹੈ ਅਤੇ ਦੂਜਾ ਵਿਅਕਤੀ ਆਪਣੀ ਇੱਕਲਤਾ ਦੇ ਖੌਫ ਵਜੋਂ ਖ਼ੁਦਾ ਨੂੰ ਆਸਰੇ ਦੇ ਰੂਪ ਵਿਚ ਨਾਲ ਰੱਖ ਲੈਂਦਾ ਹੈ। ਕੁਲ ਮਿਲਾ ਕੇ, ਇਹ ਗੱਲ ਵਿਅਕਤੀ ਬਨਾਮ ਸਮਾਜ ਦੀ ਇਤਿਹਾਸਿਕ ਟੱਕਰ ਦਾ ਪਤਾ ਦਿੰਦੀ ਹੈ। ਆਧੁਨਿਕ ਕਾਲ ਵਿਚ ਇਸ ਸੰਘਰਸ਼ ਦਾ ਰੂਪ ਵਧੇਰੇ ਸਮੂਹਿਕ ਹੁੰਦਾਂ ਹੈ। ਇਸ ਲਹਿਜ਼ ਨਾਲ ਕਿਸੇ ਕਿੱਸੇ ਦੀ ਵਿਧਾ ਫਿਊਡਲ ਦੇ ਤੋੜ ਜਾਂ ਸੰਕਟ ਅਤੇ ਪੂੰਜੀਵਾਦੀ ਖ਼ੁਲ੍ਹ ਦੇ ਵਿਚਲਾਰਲੇ ਸੰਕ੍ਰਾਂਤੀ ਕਾਲ ਵਿਚ ਸਥਿਤ ਹੈ। ਮਹਾਕਾਵਿ ਦੀ ਹੋਂਦ ਅਜਿਹੇ ਸਮਾਜ ਵਿਚ ਸੰਭਵ ਨਹੀਂ ਹੁੰਦੀ ਹੈ। ਇਸ ਸਮੇਂ ਵਿਚ ਜਾਂ ਤਾਂ ਕਿੱਸਾ ਕਾਵਿ ਦੀ ਭਰਪੂਰਤਾ ਪਰੰਪਰਾ ਹੈ ਜਾਂ ਸੂਫ਼ੀ ਸਾਹਿੱਤ ਦੀ, ਇਨ੍ਹਾਂ ਤੋਂ ਵੱਖਰੀ ਵਿਧਾ ਬ੍ਰਜ ਭਾਸ਼ਾ ਵਿਚ ਸਿੱਖ ਇਤਿਹਾਸ ਦੀ ਹੈ। ਸਿੱਖ ਜਿਸ ਸੰਘਰਸ਼ਮਈ ਸਥਿਤੀ ਵਿਚੋਂ ਗੁਜ਼ਰ ਰਹੇ ਸਨ, ਉਹ ਸਥਿਤੀ ਨਾ ਤਾਂ ਕਿੱਸੇ ਦਾ ਪ੍ਰਗਟਾਵਾ ਧਾਰਨ ਕਰ ਸਕਦੀ ਸੀ, ਨਾ ਮਹਾਕਾਵਿ ਦਾ, ਕਿਉਂਕਿ ਉਥੇ ਵਿਸ਼ੇਸ਼ ਇਤਿਹਾਸਿਕ ਤੱਥ ਦਿ ਮਹੱਤਾ ਵਧੇਰੇ ਸੀ। ਸੋ ਇਸ ਕਾਲ ਦੀ ਤੀਸਰੀ ਮੁੱਖ ਵਿਧਾ ਕਾਵਿ ਵਿਚ ਰਚੇ ਇਤਿਹਾਸ ਦੀ ਹੈ। ਭਾਈ ਵੀਰ ਸਿੰਘ ਦੇ ਸਮੇਂ ਜੋ ਪੰਜਾਬੀ ਕਵੀ ਮਹਾਕਾਵਿ ਵਲ ਪਰਤਿਆ ਵੀ, ਤਾਂ ਇਸ ਵਿਚ ਪ੍ਰਾਪਤੀ ਦੀ ਗਾਥਾ ਨਾਲੋਂ ਗੁਆਚੇ ਸਵਰਾਜ ਪ੍ਰਤਿ ਰੁਦਨ ਦੀ ਵਿਥਿਆ ਵਧੇਰੇ ਹੈ।

ਕਿੱਸੇ ਦੀ ਜਗਤ ਮਰਿਆਦਾ ਪਾਲਕ ਸਮਾਜ ਦੇ ਸੰਕਟ ਦਾ ਲਖਾਇਕ ਹੈ। ਅਜਿਹੀ ਮਰਿਆਦਾ ਪਾਲਣਾ ਵਿਚ ਪਰੰਪਰਾ-ਪੂਜਾ ਦੇ ਰੂਪ ਵਿਚ ਵਿਅਕਤੀ ਦੀ ਇੰਦ੍ਰਿਆਵੀ ਭਾਵਾਂ ਨੂੰ ਮਾਨਣ ਦੀ ਅਕਾਂਖਿਆ ਅਧੂਰੀ ਰਹਿ ਜਾਂਦੀ ਹੈ। ਬੰਦ ਪ੍ਰਣਾਲੀ ਵਾਲਾ ਸਮਾਜ (Closed society) ਵਿਅਕਤੀ ਦੀ ਅਕਾਂਖਿਆ ਨੂੰ ਸਮਾਜਿਕ ਨਿਆਂ ਦੇ ਅਧੀਨ ਤੋਰਨ ਦਾ ਮੁਤਲਾਸ਼ੀ ਹੁੰਦਾ ਹੈ। ਇਸ ਵਿਚ ਹੀ ਉਸ ਦੀਆਂ ਸਿਰਜੀਆਂ ਸੰਸਥਾਵਾਂ ਅਤੇ ਜਾਇਦਾਦ ਆਧਾਰਿਤ ਪ੍ਰਬੰਧ ਦੀ ਕਾਇਮੀ ਸੰਭਵ ਰਹਿੰਦੀ ਹੈ। ਜਾਇਦਾਦ ਦੀ ਸੰਸਥਾ ਹੀ ਸਾਕ-ਪ੍ਰਣਾਲੀ, ਜਾਤ-ਪਾਤ, ਨੈਤਿਕਤਾ ਕਰਮਕਾਂਡੀ ਧਰਮ ਦੀ ਪਾਲਕ ਅਤੇ ਰੱਖਿਅਕ ਬਣੀ ਰਹਿੰਦੀ ਹੈ। ਇਸੇ ਲਈ ਕਿੱਸਾ ਨਾਇਕ ਨੂੰ ਇਨ੍ਹਾਂ ਸਭਨਾਂ ਨਾਲ ਵਾਰੀ ਵਾਰੀ ਟੱਕਰ ਲੈਣੀ ਪੈਂਦੀ ਹੈ। ਉਸ ਦਾ ਰਸਤਾ ਨਾਬਰੀ ਦਾ ਹੈ, ਖਾਮੋਸ਼ ਸਮਝੌਤੇ ਦਾ ਨਹੀਂ ਅਤੇ ਇਸ ਨਾਬਰੀ ਵਿਚੋਂ ਹੀ ਉਸ ਦਾ ਨਾਇਕਤਾ ਉਸਰਦਾ ਹੈ। ਕਿੱਸੇ ਦਾ ਪੈਟਰਨ ਇਸੇ ਲਈ ਸਾਕਪ੍ਰਣਾਲੀ ਦੇ ਵਿਰੋਧ ਤੋਂ ਸ਼ੁਰੂ ਹੁੰਦਾ ਸਮਾਜ ਦੀਆਂ ਸਭ ਸੰਸਥਾਵਾਂ ਨਾਲ ਨਾਇਕ ਦੇ ਵਿਰੋਧ ਨੂੰ ਨਿਰੰਤਰ ਉਘਾੜਦਾ ਤੁਰਿਆ ਜਾਂਦਾ ਹੈ। ਇਸ ਯਾਤਰਾ ਵਿਚ ਨਾਇਕ ਦਾ ਖ਼ੁਦੀ ਗੁਮਾਨ ਵੀ ਦੂਰ ਹੁੰਦਾ ਹੈ। ਨਾਇਕ ਦੀ ਇਹ ਟੱਕਰ ਅਸਲ ਵਿਚ ਮਾਇਆਧਾਰੀ ਨਿਜ਼ਾਮ ਜਾਂ "ਵਸਤਪਾਲ ਰਹਿਤਲ" ਨਾਲ ਹੈ। ਇਸ ਪ੍ਰਕ੍ਰਿਆ ਵਿਚ ਵਿਅਕਤੀ ਨੂੰ ਆਪਣੇ ਆਪ ਗੁਮਾਨ ਨੂੰ ਇਸ਼ਕ ਦੇ ਵੱਸ ਪਾਉਣਾ ਪੈਂਦਾ ਹੈ। ਕਿੱਸੇ ਦੇ ਨਾਇਕ ਨੂੰ ਆਪਣੇ ਮਾਨਵੀ ਆਪੇ ਨੂੰ ਪਛਾਣਨ ਵਾਸਤੇ ਸਭ ਤੋਂ ਪਹਿਲਾਂ ਅੰਗ ਸਾਕ ਛੱਡਣ ਪੈਂਦੇ ਹਨ, ਫਿਰ ਇਸ ਵਸਤਪਾਲ ਰਹਿਤਲ ਦੇ ਹਰੇਕ ਅੰਗ-ਨੈਤਿਕਤਾ, ਆਰਥਿਕਤਾ, ਜਾਤ-ਪਾਤ, ਧਰਮ ਆਦਿ ਨੂੰ ਨਕਾਰ ਕੇ ਉਹ ਮਾਨਵੀ ਸੁਤੰਤਰਤਾ ਦਾ ਸੁਰ ਬਲਵਾਨ ਕਰਦਾ ਹੈ। ਕੋਈ ਹੈਰਾਨੀ ਨਹੀਂ ਕਿ ਪੰਜਾਬੀ ਕਿੱਸਾਕਾਰਾਂ ਨੇ ਆਪਣੇ ਨਾਇਕਾਂ ਨੂੰ ਸਭ ਤੋਂ ਪਹਿਲਾਂ ਆਪਣੇ ਘਰ ਵਾਲਿਆਂ ਨਾਲ ਟਕਰਾਇਆ ਹੈ :

(1) ਚੜ੍ਹਦੇ ਮਿਰਜ਼ੇ ਖਾਨ ਨੂੰ ਜੱਟ ਵੰਝਲ ਦੇਂਦਾ ਮੱਤ।

(2) ਚੜ੍ਹਦੇ ਮਿਰਜ਼ੇ ਖਾਨ ਨੂੰ ਮਾਂ ਮੱਤੀ ਦੇਇ ਖਲੀ।

(3) ਚੜ੍ਹਦੇ ਮਿਰਜ਼ੇ ਖਾਨ ਨੂੰ ਵਡੀ ਭਾਬੀ ਲੈਂਦੀ ਥੰਮ੍ਹ।

ਪਰ ਚੜ੍ਹਦੇ ਮਿਰਜ਼ੇ ਖਾਨ ਤੇ ਇਸ ਦਾ ਕੋਈ ਅਸਰ ਨਹੀਂ। ਇਸੇ ਤਰ੍ਹਾਂ ਰਾਂਝੇ, ਸੱਸੀ, ਸੋਹਣੀ ਤੇ ਸੀਰੀਂ ਉਤੇ ਭਰਾ-ਭਰਜਾਈਆਂ, ਮਾਪਿਆਂ ਦੀ ਨਸੀਹਤ ਜਾਂ ਤੋੜ ਨਿਰ-ਅਸਰ ਰਹਿੰਦੀ ਹੈ। ਮਾਪਿਆਂ ਦੀ ਜੂਹ ਲੰਘਿਆਂ ਦੀ ਹੀ ਨਾਇਕ ਦੀ ਹੋਂਦ ਰੜਕਦੀ ਸ਼ੁਰੂ ਹੁੰਦੀ ਹੈ। ਇਹ ਇਕ ਤਰ੍ਹਾਂ ਨਾਲ ਆਪਣੇ ਅਸਤਿਤਵ ਦੀ ਭਾਲ ਹੈ। ਨਜ਼ਮ ਹੁਸੈਨ ਸੱਯਦ ਦੇ ਸ਼ਬਦਾਂ ਵਿਚ :

> ਸੋਹਣੀ ਨੂੰ ਵੀ ਆਪਣਾ ਉਬੱਲਣਾ ਪੌਸੀ, ਆਪਣੇ ਪੇਕੇ-ਸਹੁਰੇ ਦੀ ਜਕੜ ਦੀਆਂ ਜੜ੍ਹਾਂ ਆਪਣੇ ਅੰਦਰੋਂ ਪੁੱਟਣੀਆਂ ਪੌਸਣ; ਅਸਾਂਝੀ ਮੱਲ ਦੀ ਚੌਧਰ ਦੇ ਬੰਦੀਖਾਨੇ ਵਿਚੋਂ ਨਿਕਲਣਾ ਪੌਸੀ।4

ਇਸੇ ਤਰ੍ਹਾਂ ਪੂਰਨ ਤੇ ਰਸਾਲੂ ਦਾ ਚਰ੍ਰਿਤ ਵੀ ਨਾਬਰੀ ਅਤੇ ਵਿਦਰੋਹ ਦਾ ਰਸਤਾ ਅਖਤਿਆਰ ਕਰਦਾ ਹੈ। ਡਾ. ਅਤਰ ਸਿੰਘ ਇਨ੍ਹਾਂ ਦੋਹਾਂ ਚਰਿਤ੍ਰਾਂ ਦੇ ਅੰਤਰ-ਸੰਬੰਧਾਂ ਨੂੰ ਇਸ ਪ੍ਰਕਾਰ ਸੂਤਰ-ਬੱਧ ਕਰਦਾ ਹੈ:

> ਜੇ ਪੂਰਨ ਨਿਗ੍ਰਹਿ ਦੇ ਨਿਯਮ ਦਾ ਸਰੂਪ ਹੈ ਤਾਂ ਉਸ ਦੇ ਉਲਟ ਰਸਾਲੂ ਆਗ੍ਰਹਿ ਦੇ ਨਿਯਮ ਦਾ ਨਿਰੂਪਣ ਹੈ। ਉਸ (ਪੂਰਨ) ਦੇ ਜੀਵਨ ਵਿਚ ਜਿਹੜੀਆਂ ਪਰਿਸਥਿਤੀਆਂ ਉਤਪੰਨ ਹੁੰਦੀਆਂ ਹਨ, ਨਾ ਉਹ ਉਨ੍ਹਾਂ ਤੋਂ ਬਚਦਾ ਹੈ ਅਤੇ ਨਾ ਹੀ ਉਨ੍ਹਾਂ ਅੱਗੇ ਸਿਰ ਝੁਕਾਂਦਾ ਹੈ। ਇਸ ਦੇ ਵਿਪਰੀਤ ਰਸਾਲੂ ਉਨ੍ਹਾਂ ਨਾਲ ਸਗੋਂ ਸਿੱਧੀ ਟੱਕਰ ਇਉਂ ਲੈਂਦਾ ਹੈ ਅਤੇ ਇਉਂ ਮਨੁੱਖੀ ਚਰਿਤ੍ਰ ਦਾ ਇਕ ਹੋਰ ਨਵਾਂ ਪਾਸਾਰ ਉਦੈ ਹੁੰਦਾ ਹੈ।5

ਨਾਇਕ ਦੀ ਪਰੰਪਰਾ ਤੋਂ ਨਾਬਰੀ ਅਤੇ ਵਿਦਰੋਹ ਕਿੱਸੇ ਦਾ ਵਿਆਪਕ ਪੈਟਰਨ ਹੈ। ਕੋਈ ਹੈਰਾਨੀ ਨਹੀਂ ਕਿ ਸਭਨਾਂ ਤਰ੍ਹਾਂ ਦੇ ਕਿੱਸਿਆਂ ਵਿਚ ਨਾਇਕ ਇਸ ਤਰ੍ਹਾਂ ਦਾ ਪੈਂਤੜਾ ਅਖਤਿਆਰ ਕਰਦਾ ਹੈ। ਪੂਰਨ ਜੇ ਆਪਣੀ ਪਹਿਲੀ ਸਥਿਤੀ ਨੂੰ ਵੰਗਾਰਦਾ ਨਹੀਂ, ਤਾਂ ਉਸ ਨੂੰ ਸਵੀਕਾਰ ਵੀ ਨਹੀਂ ਕਰਦਾ ਤੇ ਇਸ 'ਤਪ' ਜਾਂ ਦ੍ਰਿੜ੍ਹਤਾ ਵਿਚੋਂ ਕਮਾਈ ਸ਼ਕਤੀ ਨਾਲ ਆਪਣੇ ਅੰਦਰੋਂ ਇਕ ਨਵੇਂ ਚਰਿਤ੍ਰ-ਰਸਾਲੂ ਨੂੰ ਸਾਜਦਾ ਹੈ, ਜੋ ਪੂਰਨ ਦੀ ਘਾਟ ਦੀ ਪੂਰਤੀ ਹੈ। ਦੁੱਲ੍ਹਾ ਭੱਟੀ ਤੇ ਜਿਉਣਾ ਮੌੜ ਵੀ ਇਸੇ ਤਰ੍ਹਾਂ ਦਾ ਵਿਅਕਤੀਗਤ ਵਿਦਰੋਹ ਦਾ ਰਸਤਾ ਅਪਣਾਉਂਦਾ ਹਨ। ਗੋਪੀ ਚੰਦ, ਰਾਜਾ ਭਰਥਰੀ ਆਦਿ ਦਾ ਮਾਰਗ ਭਾਵੇਂ ਨਾਕਾਰਾਤਮਕ ਵਿਦਰੋਹ ਦਾ ਸੂਚਕ ਹੈ, ਪਰ ਇਹ ਕਿਵੇਂ ਵੀ ਸਥਾਪਤੀ ਜੀਵਨ-ਜਾਚ ਨਾਲ ਸੰਤਸ਼ੁਟ ਨਹੀਂ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਜੇ ਆਧੁਨਿਕ ਸਮੇਂ ਵਿਚ ਵਾਪਰੀਆਂ ਕਹਾਣੀਆਂ- ਕਾਕੀ ਪਰਤਾਪੀ ਆਦਿਕ ਵਿਚ ਨਾਇਕ ਦੇ ਵਿਹਾਰ ਦਾ ਇਹੋ ਸਿਲਸਿਲਾ ਚਲਦਾ ਹੈ। ਇਸਦਾ ਕਾਰਨ ਇਹ ਹੈ ਕਿ ਸਾਡਾ ਸਮਾਜ ਹੁਣ ਤਕ ਭੂਪਵਾਦੀ ਕਦਰਾਂ ਕੀਮਤਾਂ ਦਾ ਧਾਰਨੀ ਰਿਹਾ ਹੈ। ਕਿੱਸਿਆਂ ਤੋਂ ਇਲਾਵਾਂ ਆਧੁਨਿਕ ਗਲਪ ਵਿਚ ਵੀ ਅਜਿਹੀਆਂ

ਸਥਿਤੀਆਂ ਦੀ ਪੇਸ਼ਕਾਰੀ ਦਾ ਅਭਾਵ ਨਹੀਂ। ਪੰਜਾਬੀ ਕਿੱਸਾਕਾਰ ਇਸ ਸੰਬੰਧ ਵਿਚ ਰੁਮਾਂਟਿਕ, ਯੂਟੋਪੀਅਨ ਪਹੁੰਚ ਨਹੀਂ ਅਪਣਾਉਂਦੇ, ਸਗੋਂ ਉਨ੍ਹਾਂ ਦਾ ਬਿਆਨ ਯਥਾਰਥ ਰਹਿੰਦਾ ਹੈ। ਅਜਿਹੇ ਵਿਦਰੋਹੀ ਨਾਇਕਾਂ ਦੀ ਮੁਕਤੀ ਦੀ ਭਾਲ ਦਾ ਅੰਤ ਦੁਖਾਂਤ ਵਿਚ ਹੁੰਦਾ ਹੈ। ਕੁਝ ਕਿੱਸਾਕਾਰਾਂ ਨੇ ਕਾਵਿਕ-ਨਿਆਂ ਦੇ ਸੂਤਰ ਅਨੁਸਾਰ "ਮੱਕੇ ਦੇ ਰਾਹ" ਜਾਣ ਦੇ ਸੰਕੇਤ ਦੁਆਰਾ ਅਜਿਹਾ ਯੂਟੋਪੀਆ ਕਲਪਿਆ ਵੀ ਹੈ, ਪਰ ਵਧੇਰੇ ਪ੍ਰਧਾਨਤਾ ਅਜਿਹੀਆਂ ਰਚਨਾਵਾਂ ਦੀ ਹੈ, ਜਿੱਥੇ ਅੰਤ ਤੇ ਸਮਾਜ ਪ੍ਰਬੰਧ ਨਾਲ ਟੱਕਰ ਵਿਚ , ਆਪਣੀਆਂ ਕੀਮਤਾਂ ਦੀ ਮਾਣਤਾ ਦੇ ਯਤਨ ਵਿਚ ਇਨ੍ਹਾਂ ਚਰਿਤ੍ਰਾਂ ਦਾ ਤ੍ਰਾਸਦਿਕ ਅੰਤ ਹੁੰਦਾ ਹੈ। ਸੁਚੇਤ ਕਿੱਸਾਕਾਰ ਤਾਂ ਅਜਿਹੇ ਵਿਕਲਪ ਨੂੰ ਦਰਸਾ ਕੇ ਫਿਰ ਉਸ ਦੇ ਵਾਸਤਮਿਕ ਅਸੰਭਵਤਾ ਹੀ ਦ੍ਰਿੜ੍ਹ ਕਰਾਉਂਦਾ ਹੈ। ਹੀਰ ਵਾਰਿਸ ਵਿਚ ਰਾਂਝੇ ਨੂੰ ਕਹਿੰਦੀ ਹੈ:

ਦੋਵੇਂ ਉੱਠ ਕੇ ਲੰਮੜੇ ਰਾਹ ਪਈਏ ਕੋਈ ਅਸਾਂ ਨੇ ਦੇਸ ਨਾ ਮੱਲਣਾ ਈ।

ਕਿੱਸਾਕਾਰ ਨੇ ਅੰਤਿਮ ਤੌਰ ' ਤੇ ਅਜਿਹੇ ਯੂਟੋਪੀਏ 'ਦੇਸ' ਵਿਚ ਆਪਣੇ ਪਾਤਰਾਂ ਨੂੰ ਨਹੀਂ ਵਸਾਇਆ ਅਸੰਭਵ ਆਦਰਸ਼ ਦੀ ਥਾਂ ਉਨ੍ਹਾਂ ਅਸੰਭਵ ਯਥਾਰਥ ਨੂੰ ਪੇਸ਼ ਕੀਤਾ ਹੈ। ਇਹੋ ਸਬੱਬ ਹੈ ਕਿ ਸਾਰੇ ਪ੍ਰੀਤ ਨਾਇਕਾਂ ਨੂੰ ਦੇ ਦੁਖਾਂਤ ਦੀ ਹੋਣੀ ਭੋਗਣੀ ਪੈਂਦੀ ਹੈ। ਮਿਰਜ਼ੇ ਤੇ ਸਾਹਿਬਾਂ ਦਾ ਬਾਰ ਵਿਚ ਮਰਨਾ, ਹੀਰ ਰਾਂਝੇ ਦੀ ਮੌਤ, ਸੱਸੀ ਦਾ ਥਲਾਂ ਵਿਚ ਮਰਨਾ, ਸੋਹਣੀ-ਮਹੀਂਵਾਲ ਦਾ ਝਨਾਂ ਵਿਚ ਡੁਬੱਣਾ, ਪਰਤਾਪੀ ਦੀ ਰਾਹ ਵਿਚ ਮੌਤ, ਇੰਦਰ ਅਤੇ ਬੇਗੋ ਦਾ ਰਾਵੀ ਵਿਚ ਛਾਲ ਮਾਰਨਾ ਆਦਿ ਅਜਿਹੇ ਤੱਥ ਹਨ, ਜਿਹੜੇ ਇਹ ਸਿੱਧ ਕਰਦੇ ਹਨਕਿ ਜਿਸ ਜਗਤ ਦੇ ਇਹ ਚਰਿਤ੍ਰ ਵਾਸੀ ਹਨ, ਉਹ ਹਾਲੇ ਉਨ੍ਹਾਂ ਦੇ ਵੱਸਣਯੋਗ ਨਹੀਂ ਬਣਿਆ। ਲੋਕ ਕਹਾਣੀਆਂ ਵਿਚ ਇਕ ਹੀ ਪ੍ਰਬੰਧ ਨੂੰ ਵੱਖਰੇ-ਵੱਖਰੇ ਢੰਗਾਂ ਨਾਲ ਪਰ ਬੁਨਿਆਦੀ ਪੈਟਰਨ ਦੀ ਸਾਂਝ ਨੂੰ ਕਾਇਮ ਰਖਦਿਆਂ ਪ੍ਰਤੀਕਾਰਮਕ ਕਥਾ ਪ੍ਰਬੰਧਾਂ ਵਿਚ ਢਲਿਆ ਗਿਆ ਹੈ। ਕਹਾਣੀਆਂ ਵਿਚਲਾ ਭੂਗੋਲਿਕ ਖੇਤਰ ਸਾਰੇ ਦਾ ਸਾਰਾ ਪ੍ਰਤੀਕਾਤਮਕ ਢੰਗ ਦਾ ਹੈ। ਦਰਿਆ, ਥਲ, ਬਾਰ ਤੇ ਪਹਾੜ ਪ੍ਰੀਤ ਨਾਇਕਾਂ ਦੀ ਪਰੰਪਰਾ ਤੋਂ ਟੁੱਟਣ ਦੇ ਚਿੰਨ੍ਹ ਵੀ ਹਨ, ਅਤੇ ਇਕ ਅਜਿਹੇ ਪ੍ਰਕ੍ਰਿਤਿਕ ਜਗਤ ਦੇ ਵੀ , ਜੋ ਸੰਸਕ੍ਰਿਤਿਕ ਜਗਤ ਦਾ ਨਿਖੇਧ ਹੈ। ਸੰਸਕ੍ਰਿਤੀ ਵਿਚ ਅਣਹੋਲਿਆਂ ਸਮਾਨ ਦਿਨ ਕਟੀ ਕਰਨ ਨਾਲੋਂ ਕਿੱਸਾ ਨਾਇਕਾ ਇਸ ਵਿਰਾਨ ਜਗਤ ਦੇ ਵਾਸੀ ਬਣ ਕੇ ਜ਼ਿੰਦਗਨੀ ਵਾਲੀ ਮੌਤ ਸਹੇੜਦੇ ਹਨ। ਇਹ ਅਜਿਹਾ ਵੀਰਾਨ ਖੇਤਰ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਵੀ ਹੈ ਅਤੇ ਮੌਤ ਵੀ। ਕਿਸੇ ਆਦਰਸ਼, ਮਿਥਿਆ ਯੂਟੋਪੀਏ ਦੀ ਥਾਂ ਲੋਕ ਕਹਾਣੀ ਨੇ ਇਸ ਪ੍ਰਾਕ੍ਰਿਤਿਕ ਜਗਤ ਵਿਚ ਆਪਣੇ ਚਾਰਿਤ੍ਰਾਂ ਨੂੰ ਵਸਾ ਕੇ ਆਪਣੇ ਪ੍ਰਬੰਧ ਨੂੰ ਵਾਸਤਵਿਕਤਾ ਦੇ ਪ੍ਰਤੀਨਿਧ ਪ੍ਰਗਟਾਵੇ ਦਾ ਰੂਪ ਦਿੱਤਾ ਹੈ। ਨਜਮ ਹੁਸੈਨ ਸੱਯਦ ਨੇ ਲੋਕ ਕਹਾਣੀਆਂ ਦੇ ਇਸ ਪ੍ਰਤੀਕ ਪ੍ਰਬੰਧ ਨੂੰ ਪਛਾਣਿਆ ਹੈ। ਪੰਜਾਬੀ ਪ੍ਰੀਤ ਕਹਾਣੀਆਂ ਬਾਰੇ ਉਸ ਦੀਆਂ ਇਹ ਟਿੱਪਣੀਆਂ ਪ੍ਰਸਤੁਤ ਚਰਚਾ ਦੇ ਪ੍ਰਸੰਗ ਵਿਚ ਬੜੀਆਂ ਮਹੱਤਵਪੂਰਨ ਹਨ।6

(1) ਸਾਹਿਬਾਂ ਨਾ ਝੰਗ ਜਿਉਂ ਸਕਦੀ ਹੈ ਨਾ ਦਾਨਾਬਾਦ, ਉਹ ਬੱਕੀ ਦੀ ਕੰਡ ਉੱਤੇ ਈ ਜਿਉਂ ਸਕਦੀ ਹੈ।

(2) ਸੱਸੀ ਨਿੱਤ ਦਾ ਅਚੰਭਾ ਹੈ। ਉਹ ਨਿੱਤ ਨਵੀਂ ਅਣਡਿੱਠੀ ਹੈ। ਉਹ ਪਲੋ-ਪਲ ਮਘਦੀ ਉਲੇਲ ਹੈ।

(3) ਥਲ, ਝਨਾਂ ਤੇ ਬਾਰਾਂ, ਅਸਾਡੀ ਸੂਝ ਦੀਆਂ ਹੱਦਾਂ ਉੱਤੇ ਖਿਲਰੇ, ਅਸਾਨੂੰ ਵੰਗਾਰਦੇ ਹਨ। ਜੇ ਖੁਲ੍ਹ ਮਾਣਨੀ ਜੇ, ਸਿਰ ਤਲੀ ਤੇ ਧਰ ਕੇ ਆਓ। .....ਰਾਹ ਬਸ ਅਗਾਂਹ ਵਲ ਈ ਹੈ। .........ਪਿਛਾਂਹ ਢੈਣ ਵਾਲਾ ਹਰ ਪੈਰ ਸਾਨੂੰ ਪੁਰਾਣੀਆਂ ਠਾਹਰਾਂ ਨਾਲ ਸਮਝੌਤਿਆਂ ਦੇ ਜਿਲ੍ਹਣ ਵਿਚ ਸੁੱਟਦਾ ਹੈ।

ਲੋਕ ਕਹਾਣੀ ਦਾ ਇਹ ਬੁਨਿਆਦੀ ਪੈਟਰਨ ਸਾਰੀਆਂ ਕਹਾਣੀਆਂ ਵਿਚ ਸਮਾਨ ਰਹਿੰਦਾ ਹੈ। ਇਸ ਵਿਚ ਵਿਅਕਤੀ ਆਪਣੀ ਆਤਮ ਪੂਰਤੀ ਲਈ ਪਰੰਪਰਾ ਅਤੇ ਸਥਾਪਤੀ ਤੋਂ ਨਾਬਰ ਹੋ ਕੇ ਸੰਘਰਸ਼ ਕਰਦਾ ਹੋਇਆ ਅੰਤ ਤੇ ਖ਼ਤਮ ਹੋ ਜਾਂਦਾ ਹੈ। ਇਸ ਨਾਲ ਸਥਾਪਤੀ ਦਾ ਢਾਂਚਾ ਭਾਵੇਂ ਨਹੀਂ ਬਦਲਦਾ, ਪਰ ਇਸ ਦੁਖਾਂਤ ਨਾਲ ਹਲੂਣਿਆਂ ਜ਼ਰੂਰ ਜਾਂਦਾ ਹੈ। ਸੁਚੇਤ ਕਿੱਸਾਕਾਰਾਂ ਨੇ ਇਸ ਕਥਾ-ਪ੍ਰਬੰਧ ਨੂੰ ਸਮਾਜਿਕ ਅਰਥ ਦਿੱਤੇ ਹਨ, ਸਮਾਜ ਦੀ ਡਾਇਲੈਕਟਿਕ ਦੇ ਰੂਪ ਵਿਚ ਸਾਰੀ ਕਹਾਣੀ ਨੂੰ ਇਉਂ ਉਸਾਰਿਆ ਹੈ ਕਿ ਇਸ ਦਾ ਲੋਕ ਕਹਾਣੀ ਵਾਲਾ ਅਸਲਾ ਨਿੱਖਰ ਆਇਆ ਹੈ। ਵਾਰਿਸ ਦੀ ਹੀਰ, ਪੀਲੂ ਦਾ ਮਿਰਜ਼ਾ, ਹਾਸ਼ਮ ਦੀ ਸੱਸੀ ਅਜਿਹੀਆਂ ਮੁੱਖ ਉਦਾਹਰਨਾਂ ਹਨ। ਇਸ ਪੱਖ ਤੋਂ ਪੰਜਾਬੀ ਆਲੋਚਨਾ ਵਿਚ ਕਿੱਸਿਆਂ ਨੂੰ ਮੁੱਖ ਤੌਰ ’ ਤੇ ਤਿੰਨ ਵਰਗਾਂ ਵਿਚ ਵੰਡਿਆਂ ਹੈ:7

(1) ਇਕ ਤਾਂ ਉਹ ਕਿੱਸੇ ਜਿਹੜੇ ਅੰਤਿਮ ਨਿਆਂ ਵਿਚ ਨਿਆਂ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਮਨੁੱਖੀ-ਘੋਲ ਦਾ ਅੰਤ ਸੁਖਾਂਤਕ ਕਰਦੇ ਹਨ ਜਿਵੇਂ ਕਾਦਰਯਾਰ ਦਾ ਪੂਰਨ ਭਗਤ, ਨਲ ਦਮਿੰਯਤੀ ਆਦਿ।

(2) ਉਹ ਕਿੱਸੇ ਜਿੱਥੇ ਹੋਣੀ ਦਾ ਪ੍ਰਭਾਵ ਪ੍ਰਬਲ ਹੈ, ਕਿੱਸੇ ਦੀ ਕਥਾ ਕਿਸੇ ਬੇਪ੍ਰਵਾਹ ਫ਼ੈਸਲੇ ਨੂੰ ਲਾਗੂ ਕਰਨ-ਲਈ ਹੋਂਦ ਵਿਚ ਆਉਂਦੀ ਹੈ, ਜਿਵੇਂ ਸੱਸੀ ਹਾਸ਼ਮ।

(3) ਕਿੱਸੇ ਦੀਆਂ ਘਟਨਾਵਾਂ ਦੇ ਯਥਾਰਥ ਕਾਰਨ ਲੱਭ ਕੇ ਰਚਨਾ ਨੂੰ ਸਮਾਜਿਕ ਦੁਖਾਂਤ ਵਿਚ ਪੇਸ਼ ਕਰਨ ਵਾਲੇ ਕਿੱਸੇ, ਜਿਵੇਂ ਹੀਰ ਵਾਰਿਸ।

ਪੰਜਾਬੀ ਕਿੱਸਿਆਂ ਦਾ ਆਧਾਰ ਭਾਵੇਂ ਲਿਕ ਕਹਾਣੀਆਂ ਹਨ, ਪਰ ਹਰੇਕ ਕਿੱਸਾਕਾਰ ਦੀ ਪ੍ਰਤਿਭਾ ਦੇ ਮੁਤਾਬਕ ਉਸ ਦੀ ਰਚਨਾ ਦ੍ਰਿਸ਼ਟੀ ਵੱਖਰੀ ਹੈ। ਕਿੱਸੇ ਦੀ ਵਿਧਾ ਦੇ ਪ੍ਰਸੰਗ ਵਿਚ ਹੀਰ ਵਾਰਿਸ ਇਸ ਬਿੱਤ੍ਰਾਂਤ ਦ੍ਰਿਸ਼ਟੀ ਦੇ ਵਿਕਾਸ ਦਾ ਸਿਖਰ ਹੈ। ਕਈ ਕਿੱਸਾਕਾਰ ਤਾਂ ਸਥਿਤੀ ਦੇ ਵਿਭਿੰਨ ਪਾਸਾਰਾਂ ਨੂੰ ਮਹਿਸੂਸ ਕਰਕੇ ਇਸ ਨੂੰ ਨਿਗਰ, ਸਮੂਰਤ ਰੂਪ ਵਿਚ ਪੇਸ਼ ਕਰਨ ਦੀ ਮੁੱਢਲੀ ਯੋਗਤਾ ਤੋਂ ਵੀ ਵਿਰਵੇ ਹਨ।

ਨਜ਼ਮ ਹੁਸੈਨ ਸਯੱਦ ਅਤੇ ਡਾ. ਅਤਰ ਸਿੰਘ ਦਾ ਪੰਜਾਬੀ ਕਿੱਸਿਆਂ ਦਾ ਵਿਸ਼ਲੇਸ਼ਣ ਕਿੱਸਾ ਕਾਵਿ ਦੇ ਅਰਥਾਪਣ ਸੰਬੰਧੀ ਕੁਝ ਬੁਨਿਆਦੀ ਮਸਲੇ ਖੜ੍ਹੇ ਕਰਦਾ ਹੈ। ਪੰਜਾਬੀ ਦੇ ਦੋਹਾਂ ਨਾਮਵਰ ਆਲੋਚਕਾਂ ਨੇ ਇਨ੍ਹਾਂ ਕਥਾ ਪ੍ਰਬੰਧਾਂ ਨੂੰ ਇਤਿਹਾਸਿਕ ਯਥਾਰਥ ਦੇ ਸੰਦਰਭ ਵਿਚ ਚਿਤ੍ਰਣਦੀ ਥਾਂ ਸਰਬਕਾਲੀ ਸਮਾਜਿਕ ਹਕੀਕਤ ਦੇ ਰੂਪ ਵਿਚ ਗ੍ਰਹਿਣ ਕਰਕੇ

ਆਪਣੇ ਵਿਸ਼ਲੇਸ਼ਣ ਨੂੰ ਇਤਿਹਾਸ ਨਿਰਪੇਖ ਰੂਪ ਪ੍ਰਦਾਨ ਕਰ ਦਿੱਤਾ ਹੈ। ਪੂਰਨ ਅਤੇ ਰਸਾਲੂ ਦੀ ਲੋਕ-ਕਹਾਣੀ ਨੂੰ ਡਾ. ਅਤਰ ਸਿੰਘ ਮਿੱਥ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ।

ਉਸ ਅਨੁਸਾਰ

ਸਮੁਚੇ ਤੌਰ 'ਤੇ ਜੇ ਵੇਖਿਆ ਜਾਵੇ ਤਾਂ ਪੂਰਨ ਅਤੇ ਰਸਾਲੂ ਦੇ ਮਿੱਥ-ਜੁੱਟ ਦਾ ਮੂਲ ਮਾਨਵੀ ਸੰਕਟ ਅਸਤਿਤਵਕ ਹੈ। ਜਦੋਂ ਸੰਸਥਾਪਨਾ ਅਤੇ ਸਥਾਪਤੀ ਮੂਲ ਮਨੁੱਖੀ ਅਰਥ ਦੋਵੇਂ ਬੰਦ ਕਰ ਦੇਣ ਉਦੋਂ ਜੋ ਸਮਾਜੋ-ਮਾਨਸਿਕ ਅਵਸਥਾ ਉਤਪੰਨ ਹੁੰਦੀ ਹੈ ਉਸ ਨੂੰ ਅਰਥ ਗਵਾਚਣ ਦਾ ਨਾਮ ਦਿੱਤਾ ਜਾ ਸਕਦਾ ਹੈ।8

ਲੋਕ-ਕਹਾਣੀ ਦਾ ਚਰਿਤ੍ਰ ਇਤਿਹਾਸ-ਸਾਪੇਖ ਹੁੰਦਾ ਹੈ। ਮਿੱਥ ਨੂੰ ਤਾਂ ਸਮਾਨਯ ਅਰਥਾਂ ਵਿਚ ਗ੍ਰਹਿਣ ਕੀਤਾ ਜਾ ਸਕਦਾ ਹੈ, ਪਰ ਇੱਥੇ ਇਹ ਸਮਝਣ ਵਾਲੀ ਗੱਲ ਹੈ ਕਿ ਸਥਾਪਤੀ ਦੇ ਖਿਲਾਫ਼ ਵਿਅਕਤੀਗਤ ਵਿਦਰੋਹ ਦਾ ਰੂਪ ਵਿਸ਼ੇਸ਼ ਇਤਿਹਾਸਿਕ ਸਥਿਤੀ ਦੀ ਉਪਜ ਹੈ, ਇਹ ਇਕ ਸਰਬਕਾਲਿਕ ਹਕੀਕਤ ਨਹੀਂ। ਪੂੰਜੀਵਾਦੀ ਵਿਚ ਇਹ ਵਿਦਰੋਹ ਸਮੂਹਿਕ ਸੰਘਰਸ਼ ਦਾ ਰੂਪ ਧਾਰ ਲੈਂਦਾ ਹੈ। ਵਿਅਕਤੀ ਵਿਅਕਤੀਗਤ ਰੂਪ ਵਿਚ ਆਪਣੀ ਹੋਣੀ ਨੂੰ ਬਦਲ ਸਕਦਾ। ਉਸ ਨੂੰ ਆਪਣੀ ਜਾਤ ਦਾ ਵਿਸਥਾਰ ਆਪਣੀ ਜਮਾਤ ਜਾਂ ਵਿਸ਼ਾਲ ਰੂਪ ਵਿਚ ਸਮੁੱਚੀ ਮਨੁੱਖਤਾ ਤਕ ਕਰਨਾ ਪਵੇਗਾ। ਸਮਾਜ ਵਿਚ ਵਿਅਕਤੀ ਕੇਵਲ ਨਿਰੰਕੁਸ਼ ਰੂਪਾਂ ਵਿਚ ਦੁਖ ਉਨ੍ਹਾਂ ਦੇ ਸਮੁੱਚੇ ਵਰਗ ਦਾ ਹੁੰਦਾ ਹੈ। ਕਿੱਸਾ ਨਾਇਕ ਵੀ ਅਜਿਹੇ ਵਿਅਕਤੀ ਦੀ ਇਕ ਘੱਟ ਗਿਣਤੀ ਸ਼੍ਰੇਣੀ ਨਿਆਸੰਗਤ ਪ੍ਰਤੀਤ ਨਹੀਂ ਹੁੰਦਾ।

ਕੁਝ ਇਸੇ ਤਰ੍ਹਾਂ ਦੀ ਸਥਿਤੀ ਕਿੱਸਾਕਾਰ ਦੁਆਰਾ ਆਪਣੀਆਂ ਰਚਨਾਵਾਂ ਦੇ ਕਿੱਤੇ ਅਰਥਾਪਣ ਤੋਂ ਉਤਪੰਨ ਹੁੰਦੀ ਹੈ। ਕਿੱਸਾਕਾਰ ਨੇ ਆਪਣੀਆਂ ਰਚਨਾਵਾਂ ਨੂੰ ਪੜ੍ਹਣ ਦਾ ਸੂਫ਼ੀ ਨੁਸਖ਼ਾ ਦਿੱਤਾ ਹੈ, ਜੋ ਉਨ੍ਹਾਂ ਮੁਤਾਬਕ ਰਚਨਾ ਦਾ ਅਸਲੀ ਅਰਥ ਹੈ। ਇਹ ਪ੍ਰਵਿਰਤੀ ਵਾਰਿਸ ਸ਼ਾਹ, ਮੀਆਂ ਮੁਹੰਮਦ ਬਖ਼ਸ਼ ਅਤੇ ਭਗਵਾਨ ਸਿੰਘ ਵਿਚ ਵਿਸ਼ੇਸ਼ ਰੂਪ ਵਿਚ ਦਿਖਾਈ ਦਿੰਦੀ ਹੈ। ਵਾਰਿਸ ਨੇ ਜੋ ਦੁਅਰਥੀ ਇਸ ਸੰਬੰਧ ਵਿਚ ਪੇਸ਼ ਕੀਤੀ ਹੈ, ਉਹ ਆਦਮ ਅਤੇ ਹਵਾ ਦੀ ਮਿਥ ਅਤੇ ਮਨੁੱਖ ਦੀ ਸੰਸਾਰਿਕ ਗਤੀਵਿਧੀ ਨੂੰ ਕਥਾ-ਪ੍ਰਬੰਧ ਦੇ ਪ੍ਰਤੀਕ ਅਰਥਾਂ ਵਜੋਂ ਪ੍ਰਸਤੁਤ ਕਰਦੀ ਹੈ। ਵਾਰਿਸ ਦੀ ਦੁਅਰਥੀ ਵਿਚ ਹੀਰ ਰੂਹ ਹੈ, ਰਾਂਝਾ ਸਰੀਰ ਅਤੇ ਪੰਜ ਪੀਰ ਪੰਜ ਗਿਆਨ ਇੰਦਰੇ ਹਨ। ਕਾਜੀ ਅਤੇ ਡਬੇਲ ਬੰਦੇ ਦੇ ਨੇਕ ਅਮਲ ਹਨ, ਤ੍ਰਿੰਝਣ ਬਦ-ਅਮਲੀਆਂ ਦਾ ਅਖਾੜਾ ਹੈ। ਮਸੀਤ ਮਾਂ ਦਾ ਸ਼ਿਕਮ ਹੈ। ਕੈਦੋ ਸ਼ੈਤਾਨ ਦਾ ਰੂਪ ਹੈ। ਇਸ ਦੁਅਰਥੀ ਦੁਆਰਾ ਸਮਾਜਿਕ ਕਥਾ ਨੂੰ ਸੰਸਾਰਿਕ-ਪ੍ਰਮਾਰਥਿਕ ਮਨੁੱਖੀ ਗਤਿਵਿਧੀ ਦਾ ਰੂਪਕ ਪ੍ਰਦਾਨ ਕੀਤਾ ਗਿਆ ਹੈ। ਸਪੱਸ਼ਟ ਹੈ ਕਿ ਇਸ ਵਿਚ ਕਥਾ ਦੀ ਇਤਿਹਾਸਿਕਤਾ ਨੂੰ ਸਰਬਕਾਲਿਕ ਆਕਾਰ ਦੇਣ ਦੀ ਕੋਸ਼ਿਸ਼ ਹੈ। ਇਸ ਦੁਆਰਾ ਵੀ ਪਾਠਕ ਦੀ ਕਥਾ ਦੁਆਰਾ ਜਾਗੀ ਹੋਈ ਚੇਤਨਾ ਮਿਥ ਅਤੇ ਪਰਮਾਰਥ ਦੇ ਜਾਲ-ਜੰਜਾਲ ਵਿਚ ਫਸ ਕੇ ਖੁੰਢੀ ਹੋ ਜਾਂਦੀ ਹੈ। ਕਿੱਸੇ ਦੀ ਵਿਧਾ ਦਾ ਉਤਪੱਤੀ ਮੂਲਕ ਆਧਾਰ ਗਵਾਚ ਜਾਂਦਾ ਹੈ। ਇਨ੍ਹਾਂ ਅਰਥਾਂ ਵਿਚ ਅਜਿਹੀਆਂ ਦੁਅਰਥੀਆਂ ਅਸਲੋਂ ਵਾਧੂ ਪ੍ਰਤੀਤ

ਹੁੰਦੀਆਂ ਹਨ। ਇੰਨ੍ਹਾ ਦਾ ਸੰਬੰਧ ਕਿੱਸਿਆਂ ਵਿਚ ਵਿਅਕਤ ਕਿੱਸਾਕਾਰੀਆਂ ਦੀਆਂ ਅਜਿਹੀਆਂ ਧਾਰਨਾਵਾਂ ਨਾਲ ਜਾ ਜੁੜਦਾ ਹੈ, ਜਿੱਥੇ ਬੰਦੇ ਨੂੰ ਕਾਲ ਬੱਕਰਾ ਕਰਕੇ ਜਾਂ ਜੀਵਨ ਨੂੰ 'ਸਰਾਇ ਮੇਲਾ' ਕਰਕੇ ਗਰਦਾਨਿਆਂ ਗਿਆ ਹੈ।

ਕਿੱਸੇ ਦੀ ਬੁਣਤੀ ਵਿਚ ਵਿਅਕਤ ਅਜਿਹੀ ਨਿਰਾਸ਼ਾਵਾਦੀ ਵਿਚਾਰ ਪ੍ਰਣਾਲੀ ਨੂੰ ਜੇ ਕਿੱਸੇ ਦੀ ਬਣਤਰ ਦੇ ਸੰਦਰਭ ਵਿਚ ਰੱਖਕੇ ਵੇਖੀਏ ਤਾਂ ਮਸਲਾ ਹੱਲ ਹੋ ਜਾਂਦਾ ਹੈ। ਨਿਰਾਸ਼ਾ ਅਤੇ ਨਾਸ਼ਮਾਨਤਾ ਦੇ ਭਾਵ ਵਿਅਕਤੀਗਤ ਸੰਘਰਸ਼ ਵਿਚ ਪਏ ਹੋਏ ਨਾਇਕ ਵਿਚ ਹਰੇਕ ਮੁਸ਼ਕਲ ਸਮੇਂ ਵਾਰ-ਵਾਰ ਜਾਗਦੇ ਹਨ, ਜਿਨ੍ਹਾਂ ਨੂੰ ਕਿੱਸਾਕਾਰਾਂ ਨੇ ਆਪਣੀ ਜੀਵਨ-ਫਿਲਾਸਫੀ ਦੇ ਰੂਪ ਵਿਚ ਪ੍ਰਦਰਸ਼ਿਤ ਕਰਨ ਦਾ ਪ੍ਰਭਾਵ ਦਿੱਤਾ ਹੈ। ਬਣਤਰ ਅਤੇ ਬੁਣਤੀ ਦਾ ਸੰਬੰਧ ਆਪ-ਹੁਦਰਾ ਨਹੀਂ ਹੁੰਦਾ। ਬੁਣਤੀ ਬਣਤਰ ਦੇ ਮੁਤਾਬਕ ਹੋਂਦ ਵਿਚ ਆਉਂਦੀ ਹੈ। ਦੋਹਾਂ ਦਾ ਰਿਸ਼ਤਾ ਦਵੰਦਾਤਮਕ ਹੁੰਦਾ ਹੈ। ਜਿੱਥੇ ਕਿੱਸੇ ਦੀ ਬਣਤਰ ਦਾ ਸੰਬੰਧ ਸਮਾਜਿਕ ਪ੍ਰਬੰਧ ਨੂੰ ਇਕ ਸਮਨਵੈਕਾਰੀ ਪ੍ਰਤਿਨਿਧ ਕਿਰਤ ਦੇ ਰੂਪ ਵਿਚ ਰੂਪਾਂਤਰਿਤ ਕਰਨ ਨਾਲ ਹੁੰਦਾ ਹੈ, ਉਥੇ ਬੁਣਤੀ ਇਸ ਰੂਪਾਂਤਰਣ ਨੂੰ ਵਾਸਤਵਿਕ ਆਕਾਰ ਦਿੰਦੀ ਹੈ। ਕਿੱਸਿਆਂ ਵਿਚ ਵਸਤੂ ਵੇਰਵੇ ਜਾਂ ਯਥਾਰਥ ਦੀ ਬਾਰੀਕੀ ਨਾਲ ਚਿਤ੍ਰਣ ਆਧੁਨਿਕ ਗਲਪ ਵਾਂਗ ਨਹੀਂ ਹੁੰਦਾ। ਕਿੱਸਾ ਬ੍ਰਿੱਤਾਂਤਿਕ ਕਾਵਿ ਦਾ ਇਕ ਰੂਪ ਹੈ ਅਤੇ ਇਸ ਵਿਚ ਯਥਾਰਥ ਦਾ ਅਭਾਸ ਕਰਾਉਣ ਲਈ ਵਾਰਤਕ-ਗਲਪ ਜਿੰਨੀ ਸੁਤੰਤਰਤਾ ਅਤੇ ਸੁਭਾਵਿਕ ਨਹੀਂ ਹੁੰਦੀ। ਕਿੱਸੇ ਵਿਚ ਤੇ ਅਹਜਹੀਆਂ ਹੋਰ ਰਚਨਾਵਾਂ ਵਿਚ ਅਜਿਹਾ ਕਾਰਜ ਸਥਿਤੀ ਦੇ ਸਮੂਰਤ, ਨਿਗਰ ਬਿਆਨ, ਸਮਰੂਪ ਵਰਣਨ ਅਤੇ ਪ੍ਰਸੰਗਿਕ ਵੇਰਵੇ ਦੁਆਰਾ ਨੇਪਰੇ ਚੜ੍ਹਦਾ ਹੈ। ਇਸ ਸੰਬੰਧ ਵਿਚ ਨਾਇਕ-ਨਾਇਕਾ ਦੇ ਹੁਸਨ ਦਾ ਬਿਆਨ, ਪ੍ਰਕ੍ਰਿਤੀ ਵਰਣਨ, ਅਲੰਕਾਰਾਂ ਵਿਚ ਇਤਿਹਾਸਿਕ-ਮਿਥਿਹਾਸਿਕ ਵੇਰਵੇ ਆਦਿ ਦੀ ਗਣਨਾ ਬੁਣਤੀ ਦੇ ਅੰਤਰਗਤ ਆਉਂਦੀ ਹੈ। ਕਿੱਸਾ ਬ੍ਰਿਤਾਂਤਿਕ ਸਥਿਤੀਆਂ ਦਾ ਸੰਗਠਨ ਹੁੰਦਾ ਹੈ ਅਤੇ ਇਸ ਦੀ ਬ੍ਰਿੱਤਾਂਤਿਕ ਸਥਿਤੀ ਇਨ੍ਹਾਂ ਵਿਧੀਆਂ ਦੁਆਰਾ ਉਘੜਦੀ ਹੈ।

(1) ਸਥਿਤੀ ਨੂੰ ਸਾਕਾਰ ਕਰਨ ਲਈ ਕਾਰਜ ਅਤੇ ਵਾਰਤਾਲਾਪ ਨਾਲ ਸੰਬੰਧਿਤ ਨਿਗਰ (Concrete) ਭਾਸ਼ਾ ਦੀ ਵਰਤੋਂ।

(2) ਕਾਰਜ ਜਾਂ ਵਿਸ਼ੇ ਦਾ ਸਹਿਚਾਰ ਦਰਸਾਉਣ ਲਈ ਸਮਰੂਪ ਵਰਣਨ, ਜਿਸ ਵਿਚ ਇਕ ਪਾਠ ਦੇ ਪਿਛਕੋੜ ਵਿਚ ਸਭਿਆਚਾਰ ਦੇ ਅਨੇਕਾਂ ਇਤਿਹਾਸਿਕ, ਮਿਥਿਹਾਸਿਕ ਪਾਠ ਅੰਤਰ-ਸੰਬੰਧਿਤ ਰੂਪ ਵਿਚ ਆਂਸ਼ਿਕ ਸਮਾਨਤਾ ਵਿਚ ਪੇਸ਼ ਹੁੰਦੇ ਹਨ।

ਜ਼ਾਹਿਰ ਹੈ ਕਿ ਪਹਿਲੀ ਵਿਧੀ ਬ੍ਰਿੱਤਾਂਤ ਦੀ ਹੈ ਅਤੇ ਦੂਸਰੀ ਕਾਵਿ ਦੀ। ਕਿੱਸੇ ਦੀ ਬ੍ਰਿੱਤਾਂਤਿਕ ਸਥਿਤੀ ਦਾ ਸੰਬੰਧ ਕਥਾ ਦੇ ਮਹੱਤਵਪੂਰਣ ਬਿੰਦੂਆਂ ਨਾਲ ਹੁੰਦਾ ਹੈ, ਜਿੰਨ੍ਹਾਂ ਨੂੰ ਕਲਾਕਾਰ ਇੰਦ੍ਰਿਆਵੀ ਪ੍ਰਤੱਖਣ ਦਾ ਵਿਸ਼ਾ ਬਣਾ ਕੇ ਨਿਗਰ ਰੂਪ ਵਿਚ ਪ੍ਰਸਤੁਤ ਕਰਦਾ ਹੈ। ਕਥਾ ਦਾ ਬਾਕੀ ਵੇਰਵਾ ਸੰਖੇਪ ਰਿਪੋਰਟ ਦੇ ਰੂਪ ਵਿਚ ਦੱਸ ਦਿੱਤਾ ਜਾਂਦਾ ਹੈ। ਬ੍ਰਿਤਾਂਤਿਕ

ਸਥਿਤੀ ਦੀ ਨਿਗਰਤਾ ਅਤੇ ਪ੍ਰਮਾਣਿਕਤਾ ਕਿੱਸਾਕਾਰ ਦੀ ਸਾਹਿਤਿਕ ਪ੍ਰਤਿਭਾ ਉੱਪਰ ਨਿਰਭਰ ਕਰਦੀ ਹੈ। ਇਸ ਪੱਖ ਤੋਂ ਕੁਝ ਕਿੱਸਾ ਰਚਨਾਵਾਂ ਗਲਪ ਅਤੇ ਕਾਵਿ ਭਾਸ਼ਾ ਦੀ ਰਚਨਾਤਮਕਤਾ ਦਾ ਪ੍ਰਭਾਵ ਦਿੰਦੀਆਂ ਹਨ। ਬਾਕੀਆਂ ਥਾਵਾਂ ਤੇ ਸਥਿਤੀਆਂ ਬੜੇ ਅਮੂਰਤ ਅਤੇ ਅਪ੍ਰਮਾਣਿਕ ਰੂਪ ਵਿਚ ਪੇਸ਼ ਹੋਈਆਂ ਹਨ। ਹਰੇਕ ਸਥਿਤੀਆਂ ਨੂੰ ਕਾਰਨ-ਕਾਰਜ ਸੰਬੰਧ ਦੀ ਲੜੀ ਵਿਚ ਪੇਸ਼ ਕਰਿਆਂ ਇਸ ਵਿਚ ਆਵੱਸ਼ਕਤਾ ਅਤੇ ਸੰਭਾਵਿਕਤਾ ਦੀ ਵਿਸ਼ੇਸ਼ਤਾ ਪੈਦਾ ਹੋ ਜਾਂਦੀ ਹੈ। ਵਾਰਿਸ ਦੀ ਹੀਰ ਅਤੇ ਪੀਲੂ ਦਾ ਮਿਰਜ਼ਾ ਇਸ ਦੀਆਂ ਪ੍ਰਤੀਨਿਧ ਉਦਾਰਹਨਾਂ ਹਨ। ਇਕ ਹੀ ਸਥਿਤੀ ਨੂੰ ਬ੍ਰਿਤਾਂਤਕ ਵਿਧੀਆਂ ਦੀ ਵਰਤੋਂ ਦੁਆਰਾ ਹਰੇਕ ਕਿੱਸਾਕਾਰ ਆਪਣੀ ਪ੍ਰਤਿਭਾ ਦੇ ਮੁਤਾਬਕ ਕਿਵੇਂ ਵੱਰੇ ਰੂਪ ਤੇ ਅੰਦਾਜ਼ ਵਿਚ ਪ੍ਰਗਟਾਉਂਦਾ ਹੈ, ਇਸ ਦਾ ਪਤਾ ਹੇਠ ਲਿਖੇ ਛੰਦਾਂ ਤੋਂ ਲਗਦਾ ਹੈ:

(1) ਰਾਂਝਾ ਜਾਇ ਵੜਿਆ ਜੂਹ ਖੇੜਿਆਂ ਦੀ, ਰੱਬ ਆਣ ਅਯਾਲ ਵਿਖਾਲਿਆ ਵੋ।
ਉਹ ਅੱਡੀਓ ਚੋਟਿਓ ਦੇਖ ਰਹਿਆ ਨਜ਼ਰ ਭਰ ਕੇ ਰੂਪ ਨਿਹਾਲਿਆ ਵੋ।

(ਹੀਰ ਅਹਿਮਦ)

ਜਦੋਂ ਰੰਗਪੁਰ ਦੀ ਜੂਹ ਜਾ ਵੜਿਆ, ਭੇਡਾਂ ਚਾਰੇ ਅਯਾਲ ਵਿਚ ਬਾਰ ਦੇ ਜੀ।
ਨੇੜੇ ਹੋਇਕ ਜੋਗੀ ਨੂੰ ਵੇਖਦਾ ਏ, ਜਿਵੇਂ ਨੈਣ ਵੇਖਣ ਨੈਣ ਯਾਰ ਦੇ ਜੀ।

(ਹੀਰ ਵਾਰਿਸ)

(2) ਤੈਨੂੰ ਕਹੇ ਨਿਨਾਣ ਤੂੰ ਸੁਣ ਹੀਰੇ , ਨਵਾਂ ਸ਼ਹਿਰ ਜੋਗੀ ਸਾਡੇ ਆਇਆ ਹੈ।
ਲੱਕ ਸੇਹਲੀਆਂ ਤੇ ਮਹਿਰਾਬ ਮੱਥੇ, ਗਲੇ ਮੇਖਲਾ ਅਜਬ ਬਣਾਇਆ ਹੈ।

(ਹੀਰ ਅਹਿਮਦ)

ਘਰ ਆਣ, ਨਿਨਾਣ ਨੇ ਗਲ ਕੀਤੀ ਭਾਬੀ ਇਕ ਜੋਗੀ ਨਵਾਂ ਆਇਆ ਨੀ।
ਕੰਨੀ ਉਸਦੇ ਦਰਸ਼ਨੀ ਮੁੰਦਰਾਂ ਨੇ ਗਲ ਮੇਖਲਾ ਅਜਬ ਸੁਹਾਇਆ ਨੀ।

(ਹੀਰ ਵਾਰਿਸ)

ਇਨ੍ਹਾਂ ਕਾਵਿ ਸੱਤਰਾਂ ਦੀ ਤੁਲਨਾ ਤੋਂ ਪਹਿਲੀ ਨਜ਼ਰੇ ਹੀ ਦੋਹਾਂ ਕਵੀਆਂ ਦੇ ਸਥਿਤੀ ਬਿਆਨ ਦੇ ਫ਼ਰਕ ਦਾ ਪਤਾ ਚਲ ਜਾਂਦਾ ਹੈ। ਜਿੱਥੇ ਅਹਿਮਦ ਦੀ ਭਾਸ਼ਾ ਵਿਚ ਪਰੋਖ ਢੰਗ ਦੀ ਗੱਲਬਾਤ ਹੈ, ਵਾਰਿਸ ਦੀ ਭਾਸ਼ਾ ਵਧੇਰੇ ਪ੍ਰਤੱਖ, ਗੱਲਬਾਤੀ, ਸੁਭਾਵਿਕ ਅਤੇ ਨਿੱਗਰ ਹੈ। ਉਸ ਨੇ ਸਥਿਤੀ ਦੇ ਮੁਤਾਬਕ ਗੱਲਬਾਤ ਦੀ ਟੋਨ ਉਸਾਰੀ ਹੈ। ਅਹਿਮਦ ਦੇ ਪਰੋਖ ਬਿਆਨ ਦੀ ਥਾਂ ਤੇ ਵਾਰਿਸ ਦਾ ਪਾਤਰ ਇੱਥੇ ਸੰਬੋਧਨੀ ਜੁਗਤ ਰਾਹੀਂ ਵਧੇਰੇ ਸੁਭਾਵਿਕ ਤੇ ਸਜਿੰਦ ਢੰਗ ਦੀ ਵਾਰਤਾਲਾਪ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇੱਥੇ ਸਥਿਤੀ ਦੀ ਉਸਾਰੀ ਗਲਪ ਵਿਧੀ ਰਾਹੀਂ ਕੀਤੀ ਗਈ ਹੈ।

ਕਿੱਸਾ-ਕਾਵਿ ਵਿਚ ਇਕ ਸਥਿਤੀ, ਘਟਨਾ ਜਾਂ ਵਿਸ਼ੇ ਦਾ ਪ੍ਰਤੱਖਣ ਸਮਰੂਪ ਵਰਣਨ ਰਾਹੀਂ ਵੀ ਹੋਇਆ ਹੈ। ਇਹ ਇਸ ਵਿਧਾ ਦੀ ਕਾਵਿਕ ਜੁਗਤ ਹੈ ਜਿੱਥੇ ਇਕ ਵਸਤੂ ਜਾਂ ਘਟਨਾ ਦਾ ਹੋਰ ਸਮਾਨ ਘਟਨਾਵਾਂ ਜਾਂ ਵਸਤੂ ਨਾਲ ਸਹਿਚਾਰ ਸਥਾਪਿਤ ਕੀਤਾ ਗਿਆ ਹੈ। ਹੀਰ ਵਾਰਿਸ ਵਿਚੋਂ ਇਸ ਦੀ ਇਕ ਉਦਾਹਰਨ ਪੇਸ਼ ਹੈ:

ਜਿਵੇਂ ਇੰਦਰ ਤੇ ਕਹਿਰ ਦੀ ਨਜ਼ਰ ਕਰਕੇ ਮਹਿਖਾਸਰੋਂ ਪੁਰੀ ਲੁਟਵਾਇਆ ਈ।
ਕਹਿਰ ਕਰੀਂ ਜਿਉਂ ਭੱਦਰਕਾ ਕੋਹ ਮਾਰੀ ਰੁੰਡ ਮੁੰਡ ਮੁੱਖਾ ਉੱਤੇ ਧਾਇਆ ਈ।
ਓਹਾ ਕਰੋਪ ਕਰ ਜਿਹੜਾ ਪਾਂਡਵਾਂ ਤੇ ਚਿੱਖਾਬੂਹ ਦੇ ਵਿਚ ਕਰਵਾਇਆ ਈ।

ਇਹ ਉਹ ਵਿਧੀ ਹੈ ਜਿਸ ਰਾਹੀਂ ਇਕ ਪਾਠ-ਪ੍ਰਬੰਧ ਵਿਚ ਆਂਸ਼ਿਕ ਸਮਾਨਤਾ ਵਾਲੇ ਅਨੇਕ ਪਾਠ-ਅੰਗਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਕਿੱਸਾ-ਕਾਵਿ ਵਿਚ ਯਥਾਰਥ ਚਿਤ੍ਰਣ ਦੀ ਇਹ ਦੂਜੀ ਵਿਧੀ ਸਮਰੂਪ ਵਰਣਨ ਜਾਂ ਅਲੰਕਾਰਿਕ ਬਿਆਨ ਵਾਲੀ ਹੈ। ਇਨ੍ਹਾਂ ਦੇ ਨਾਲ ਕਿਤੇ ਕਿਤੇ ਪ੍ਰਸੰਗਿਕ ਵੇਰਵਾ ਵੀ ਪ੍ਰਗਟ ਹੋਇਆ ਹੈ ("ਚਿੜੀ ਚੂਹਕਦੀ ਨਾਲ ਜਾਂ ਟੁਰੇ ਪਾਂਧੀ") । ਇਸ ਤਰ੍ਹਾਂ ਹੀ ਕਿੱਸਾਕਾਰ ਆਪਣੀ ਰਚਨਾ ਵਿਚ ਸਮਾਜਿਕ ਯਥਾਰਥ ਨੂੰ ਪੇਸ਼ ਕਰਦਾ ਹੈ। ਸਪੱਸ਼ਟ ਹੈ ਕਿ ਇਸ ਵਿਚ ਉਸ ਦੀ ਸੀਮਾ ਵੀ ਹੈ ਅਤੇ ਸੰਭਾਵਨਾ ਵੀ ਇਕ ਰਚਨਾ-ਪਾਠ ਦਾ ਦੂਜੇ ਰਚਨਾ-ਪਾਠਾਂ, ਘਟਨਾਵਾਂ ਨਾਲ ਸੰਬੰਧ ਬੁਣਤੀ ਦੀ ਪੱਧਰ ਤੇ ਇਸ ਪ੍ਰਕਾਰ ਪ੍ਰਗਟ ਹੁੰਦਾ ਹੈ। ਇਹ ਕਿਸੇ ਇਕ ਸਭਿਆਚਾਰ ਵਿਚ ਪਰਸਪਰ ਸੰਬੰਧਿਤ, ਪਾਠ-ਗਤ ਏਕਤਾ ਵਜੋਂ ਇਕ ਦੂਜੇ ਤੋਂ ਸੁਤੰਤਰ ਰਚਨਾਵਾਂ ਦਾ ਆਂਸ਼ਿਕ ਸਮਾਨਤਾ ਵਾਲਾ ਰਿਸ਼ਤਾ ਹੁੰਦਾ ਹੈ। ਸਮੁੱਚੇ ਬ੍ਰਿਤਾਂਤਿਕ ਕਾਵਿ ਦੀ ਵਿਸ਼ੇਸ਼ਤਾ ਇਹੀ ਹੈ।

ਪੈਰ-ਟਿੱਪਣੀਆਂ ਅਤੇ ਹਵਾਲੇ

1. ਕਿਸ਼ਨ ਸਿੰਘ (ਪ੍ਰੋ.) : "ਵਾਰਿਸ ਸ਼ਾਹ", 'ਵਾਰਿਸ ਸ਼ਾਹ-ਜੀਵਨ ਤੇ ਰਚਨਾ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970 ਪੰਨਾ 166
2. ਉਹੀ
3. Michel Foucault: 'Language', Counte memory, Practice, Basil Blackwell, Oxford, 1977, p.138
4. ਨਜਮ ਹੁਸੈਨ ਸਯੱਦ : "ਨਦੀਓ ਪਾਰ ਰਾਂਝਣ ਦਾ ਠਾਣਾ", 'ਸੋਧ', ਸਤੰਬਰ 1975, ਪੰਨਾ 12
5. ਅਤਰ ਸਿੰਘ (ਡਾ.) 'ਸਾਹਿਤ ਸੰਵੇਦਨਾ', ਰਘਬੀਰ ਰਚਨਾ ਪ੍ਰਕਾਸ਼ਨ, 1984, ਪੰਨਾ 23
6. ਸਯੱਦ : ਉਹੀ ਰਚਨਾ, ਪੰਨੇ 14-16
7. ਅਤਰ ਸਿੰਘ : 'ਦ੍ਰਿਸ਼ਟੀਕੋਣ' ਲਾਹੌਰ ਬੁੱਕ ਸ਼ਾਪ ਲੁਧਿਆਣਾ, 1963, ਪੰਨੇ 128-129
8. ਅਤਰ ਸਿੰਘ : 'ਸਾਹਿਤ ਸੰਵੇਦਨਾ' ਪੰਨਾ 29

## *ਪੰਜਾਬੀ ਬੀਰ ਕਾਵਿ ਦਾ ਕਾਵਿ-ਸ਼ਾਸਤਰ*

ਵਾਰ ਕਾਵਿ ਮੱਧਕਾਲੀ ਪੰਜਾਬੀ ਸਾਹਿੱਤ ਦੀ ਇਕ ਮਹੱਤਵਪੂਰਣ ਕਾਵਿ-ਧਾਰਾ ਹੈ। ਇਹ ਮੁੱਖ ਤੌਰ ਤੇ ਲੋਕ-ਕਾਵਿ ਦੇ ਰੂਪ ਵਿਚ ਵਿਕਸਿਤ ਹੋਇਆ ਰੂਪਾਕਾਰ (genre) ਹੈ। ਸਾਹਿਤ-ਸਿਰਜਣਾ ਦੇ ਵਿਲੱਖਣ ਰੂਪਾਕਾਰ ਵਜੋਂ ਵਾਰ ਦਾ ਸੰਬੰਧ ਵੀਰ-ਕਾਵਿ (heroic poetry) ਦੀ ਉਸ ਵਿਆਪਕ ਪਰੰਪਰਾ ਨਾਲ ਹੈ ਜਿਸ ਦੇ ਨਮੂਨੇ ਵਿਸ਼ਵ ਦੀਆਂ ਸਮੂਹ ਸਾਹਿਤਕ ਪਰੰਪਰਾਵਾਂ ਵਿਚ ਮਿਲਦੇ ਹਨ। ਵੀਰ ਕਾਵਿ ਦਾ ਇਹ ਯੁੱਗ ਭਿੰਨ-ਭਿੰਨ ਸਾਹਿਤਕ ਪਰੰਪਰਾਵਾਂ - ਜਿਵੇਂ ਯੂਨਾਨੀ, ਰੋਮਨ, ਜਰਮਨ ਆਦਿ - ਵਿਚ ਵੱਖੋ-ਵੱਖਰਾ ਹੈ। ਇਸ ਪ੍ਰਸੰਗ ਵਿਚ ਨਿਮਨ-ਅੰਕਿਤ ਪੰਗਤੀਆਂ ਦ੍ਰਿਸ਼ਟੀਗੋਚਰ ਹਨ:-

- "Most heroic poetry looks back to a dimly defined "heroic age" when a generation of superior beings performed extraordinary feats of skill and courage. The heroic age varies in different native literatures. The epics of Homer created in the 8th century BC centre on a war with Troy that may have occurred c. 1200 BC. The heroic poetry of the German, Scandinavian, and English peoples deals chiefly with a period from the 4th to 6th century AD, the time of the great migrations (Völker wanderung) of the Germanic people. Though some of the heroes portrayed are historical personages, their actions are often combined and related for artistic purposes, with no regard for actual historical chronology. Nevertheless, a heroic tale is assumed by the poet and his listeners to be somehow true. Its style is impersonal and objective, and the graphic realism of its detail gives it an air of probability that outweighs the occasional intrusion of marvellous elements." (See, Heroic Poetry, internet resource)

- ਵੀਰ ਕਾਵਿ ਦੀਆਂ ਇਨ੍ਹਾਂ ਰਚਨਾਵਾਂ ਵਿਚ ਕਿਸੇ ਸਮਾਜ-ਸਭਿਆਚਾਰ ਦੇ ਇਤਿਹਾਸਕ ਜਾਂ ਪੌਰਾਣਿਕ ਨਾਇਕਾਂ ਦੀ ਵੀਰਤਾ ਦਾ ਜੱਸ ਗਾਇਨ ਕੀਤਾ ਜਾਂਦਾ ਹੈ ਜੋ ਪਾਠਕਾਂ ਤੇ ਸਰੋਤਿਆਂ ਦੇ ਮਨਾਂ ਵਿਚ ਉਤਸਾਹ ਜਗਾਉਂਦਾ ਹੈ ਅਤੇ ਨੈਤਿਕ ਪ੍ਰੇਰਣਾ ਦਾ ਆਧਾਰ ਬਣਦਾ ਹੈ। ਪੰਜਾਬੀ ਸਾਹਿਤ ਵਿਚ ਵੀਰ-ਕਾਵਿ ਦਾ ਪ੍ਰਗਟਾਵਾ ਮੁੱਖ ਤੌਰ ਤੇ ਵਾਰ ਦੇ ਮਾਧਿਅਮ ਰਾਹੀਂ ਸਾਮ੍ਹਣੇ ਆਇਆ ਹੈ। ਇਸ ਕਾਵਿ ਧਾਰਾ ਦਾ ਲੋਕਧਾਰਾਈ ਅਧਿਐਨ ਕਰਨ ਤੋਂ ਪਹਿਲਾਂ ਵਾਰ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਅਤੇ ਇਸ ਦੇ ਸਿਰਜਣਾਤਮਕ ਸੰਦਰਭ ਨੂੰ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਜਾਪਦਾ ਹੈ।

- ਵਾਰ ਪਦ ਦੀ ਵਿਉਤਪਤੀ ਸੰਸਕ੍ਰਿਤ ਦੇ ਵ੍ਰਿ ਧਾਤੂ ਤੋਂ ਮੰਨੀ ਹੈ ਜਿਸਦਾ ਅਰਥ ਹੈ - ਵਾਰ ਕਰਨਾ ਜਾਂ ਰੋਕਣਾ, ਅਰਥਾਤ ਹੱਲੇ ਨੂੰ ਰੋਕਣ ਲਈ ਜਮ੍ਹਾ ਹੋਏ ਲੋਕਾਂ ਦਾ ਇੱਕਠ। ਇਸੇ ਤਰ੍ਹਾਂ ਸੰਸਕ੍ਰਿਤ ਦੇ 'ਵਾਰਣ' ਸ਼ਬਦ ਵਿਚ ਵੀ ਇਸਦੀ ਵਿਉਤਪੱਤੀ ਤਲਾਸ਼ ਕੀਤੀ ਜਾਂਦੀ ਹੈ ਜਿਸਦਾ ਅਰਥ ਹੈ – ਵਿਸ਼ੈ ਦਾ ਉਚਿਤ ਪ੍ਰਭਾਵ ਸਿਰਜਣ ਲਈ ਘਟਨਾਵਾਂ ਦਾ ਉਲੇਖ ਕਰਨਾ। ਪੰਜਾਬੀ ਦੇ ਉੱਘੇ ਵਿਦਵਾਨਾਂ ਨੇ ਵਾਰ ਦੇ ਰੂਪਾਕਾਰ ਨੂੰ ਆਪੋ ਆਪਣੇ ਢੰਗ ਨਾਲ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਣ ਪਰਿਭਾਸ਼ਾਵਾਂ ਨਿਮਨ-ਅੰਕਿਤ ਹਨ :

- 1. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਵਾਰ "ਯੁੱਧ ਸੰਬੰਧੀ ਕਾਵਯ, ਉਹ ਰਚਨਾ ਜਿਸ ਵਿਚ ਸੂਰਵੀਰਤਾ ਦਾ ਵਰਣਨ ਹੋਵੇ . . . ਵਾਰ ਸ਼ਬਦ ਦਾ ਅਰਥ ਪਉੜੀ ਛੰਦ ਵੀ ਹੋਇਆ ਹੈ, ਕਿਉਂਕਿ ਯੋਧਿਆਂ ਦੀ ਸੂਰਵੀਰਤਾ ਦਾ ਜੱਸ ਪੰਜਾਬੀ ਕਵੀਆਂ ਨੇ ਬਹੁਤ ਕਰ ਕੇ ਇਸੇ ਛੰਦ ਵਿਚ ਲਿਖਿਆ ਹੈ . . . ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਉੜੀ ਛੰਦਾਂ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ ਵਾਰ ਨਾਮ ਤੋਂ ਪ੍ਰਸਿੱਧ ਹੈ।"

- 2. ਡਾ. ਰਤਨ ਸਿੰਘ ਜੱਗੀ ਅਨੁਸਾਰ, "ਵਾਰ ਪੰਜਾਬੀ ਦਾ ਉਹ ਕਾਵਿ ਰੂਪ ਹੈ ਜਿਸ ਵਿਚ ਕਿਸੇ ਯੋਧੇ ਦੇ ਪਰਾਕ੍ਰਮ ਦਾ ਚਿਤ੍ਰਣ ਕਰਕੇ ਪਾਠਕਾਂ/ਸਰੋਤਿਆਂ ਦਾ ਉਤਸਾਹ ਵਧਾਉਣ ਦਾ ਯਤਨ ਕੀਤਾ ਗਿਆ ਹੋਵੇ।"

- 3. ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਦੀ ਪੁਸਤਕ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਵਿਚ ਵਾਰ ਦੇ ਸਰੂਪ ਤੇ ਸੁਭਾ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਇਸ ਦੇ ਅਨੁਸਾਰ, "ਵਾਰਾਂ ਕਹਿਣ ਦਾ ਰਿਵਾਜ ਢੇਰ ਪੁਰਾਣਾ ਹੈ ਅਤੇ ਗੁਰੂ ਸਾਹਿਬਾਂ ਦੇ ਸਮੇਂ ਤਕ ਪੇਸ਼ਾਵਰ ਕਵੀਆਂ ਦੀਆਂ ਅਜਿਹੀਆਂ ਕਈ ਟੋਲੀਆਂ ਹੁੰਦੀਆਂ ਸਨ ਜੋ ਥਾਂ ਥਾਂ ਤੇ ਜਾ ਕੇ ਵਾਰਾਂ ਗਾਉਂਦੀਆਂ। ਇਨ੍ਹਾਂ ਨੂੰ ਢਾਡੀ ਜਾਂ ਭੱਟ ਕਿਹਾ ਜਾਂਦਾ ਸੀ। . . . ਢਾਡੀ ਜਾਂ ਭੱਟ ਤੋਂ ਆਮ ਕਰ ਕੇ ਜੱਸ ਜਾਂ ਪ੍ਰਸੰਸਾ ਵਾਲੀ ਕਵਿਤਾ ਗਾਉਣ ਤੋਂ ਲਿਆ ਜਾਂਦਾ ਹੈ। . . . ਇਸ ਵਿਚ ਕਿਸੇ ਯੋਧੇ ਦੀ ਬੀਰਤਾ ਦਾ ਬਿਆਨ ਤੇ ਜੱਸ ਹੁੰਦਾ ਹੈ। ਜੁੱਧ ਦਾ ਬਿਰਤਾਂਤ, ਬੀਰਤਾ ਭਰਿਆ ਵਾਯੂਮੰਡਲ ਤੇ ਨਾਇਕ ਦੀ ਬਹਾਦਰੀ ਦੀ ਪ੍ਰਸੰਸਾ ਕਰਕੇ ਉਸਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ, ਇਸਦੇ ਵਿਸ਼ੇਸ਼ ਲੱਛਣ ਹਨ। ਪਰੰਤੂ ਬਹਾਦਰੀ ਜੱਸ ਦੀ ਪਾਤਰ ਜ਼ਰੂਰ ਹੋਵੇ। ਵਾਰ ਵਿਚ ਜ਼ਾਲਮ, ਜਾਬਰ ਤੇ ਅਪਰਾਧੀ ਦੀ ਪ੍ਰਸੰਸਾ ਨਹੀਂ ਕੀਤੀ ਜਾ ਸਕਦੀ। ਕਿਉਂ ਜੋ ਵਾਰ ਰਚ ਕੇ ਢਾਡੀ ਲੋਕ ਆਮ ਇਕੱਠਾਂ ਵਿਚ ਗਾਉਂਦੇ ਸਨ, ਇਸ ਲਈ ਵਾਰ ਦੀ ਬੋਲੀ ਠੇਠ, ਜ਼ੋਰਦਾਰ ਤੇ ਸਰਲ ਹੁੰਦੀ ਹੈ। ਇਸ ਤੋਂ ਇਲਾਵਾ ਕਿਸੇ ਨਾਇਕ ਦੀ ਵੀਰਤਾ ਦਾ ਵਖਾਣ ਕਰਨ ਨੂੰ ਵੀ ਵਾਰ ਆਖਿਆ ਜਾਂਦਾ ਸੀ।"

- ਇਸ ਤਰ੍ਹਾਂ ਵਾਰ ਸਾਹਿਤਕ ਪ੍ਰਗਟਾਵੇ ਦਾ ਅਜਿਹਾ ਰੂਪਾਕਾਰ ਹੈ ਜਿਸਦਾ ਮੁੱਖ ਲੱਛਣ ਕਾਵਿਕ ਬਿਰਤਾਂਤ ਦੇ ਮਾਧਿਅਮ ਰਾਹੀਂ ਸਥਾਪਿਤ ਹੁੰਦਾ ਹੈ। ਇਸ ਤੋਂ ਇਲਾਵਾ ਇਸ ਵਿਚ ਵਾਰਤਾਲਾਪ ਅਤੇ ਸੰਘਰਸ਼ ਵਰਗੇ ਨਾਟਕੀ ਗੁਣਾਂ ਦਾ ਸਮਾਵੇਸ਼ ਵੀ ਹੁੰਦਾ ਹੈ ਜੋ ਇਸ ਨੂੰ ਇਕ ਜਟਿਲ ਕਿਸਮ ਦਾ ਰੂਪਾਕਾਰ ਬਣਾ ਦਿੰਦਾ ਹੈ। ਵਾਰ ਵਿਚਲਾ ਸੰਘਰਸ਼ ਜਾਂ ਟੱਕਰ ਦੋ ਯੋਧਿਆਂ ਵਿਚਕਾਰ ਹੋ ਸਕਦੀ ਹੈ, ਨੇਕੀ ਅਤੇ ਬਦੀ ਵਿਚਕਾਰ ਹੋ ਸਕਦੀ ਹੈ ਅਤੇ ਦੋ ਵਿਚਾਰਾਂ ਜਾਂ ਵਿਚਾਰਧਾਰਾਵਾਂ ਵਿਚਕਾਰ ਵੀ ਹੋ ਸਕਦੀ ਹੈ। ਪਰ ਇਤਨਾ ਅਵੱਸ਼ ਹੈ ਕਿ ਵਾਰ ਵਿਚ ਨਾਇਕ ਦੀ ਵੀਰਤਾ ਜਾਂ ਨੇਕੀ ਦਾ ਯਸ਼ ਗਾਇਨ ਜ਼ਰੂਰ ਹੁੰਦਾ ਹੈ। ਵਾਰ ਆਮ ਤੌਰ ਤੇ ਪਉੜੀ ਛੰਦ ਵਿਚ ਰਚੀ ਗਈ ਹੁੰਦੀ ਹੈ। ਇਸ ਛੰਦ ਦੇ ਦੋ ਮੁੱਖ ਭੇਦ ਮੰਨੇ ਗਏ ਹਨ – ਸਿਰਖੰਡੀ ਤੇ ਨਿਸ਼ਾਨੀ। ਸਿਰਖੰਡੀ ਛੰਦ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਮੱਧ ਤੁਕਾਂਤ ਹੁੰਦਾ ਹੈ ਜਦੋਂ ਕਿ ਨਿਸ਼ਾਨੀ ਛੰਦ ਵਿਚ ਅੰਤ-ਤੁਕਾਂਤ ਦੀ ਵਰਤੋਂ ਕੀਤੀ ਜਾਂਦੀ ਹੈ। ਰਸ ਦੀ ਦ੍ਰਿਸ਼ਟੀ ਤੋਂ ਵਾਰ ਦਾ ਰੂਪਾਕਾਰ ਵੀਰ ਰਸ ਨਾਲ ਸੰਬੰਧਿਤ ਹੈ ਜਿਸਦਾ ਸਥਾਈ ਭਾਵ ਉਤਸਾਹ ਹੈ। ਪਰ

ਇਸਦੇ ਨਾਲ ਹੀ ਇਸ ਰਚਨਾ ਵਿਚ ਹਾਸ ਰਸ ਅਤੇ ਰੌਦਰ ਰਸਾਂ ਦੀ ਵਰਤੋਂ ਵੀ ਉਚਿਤ ਢੰਗ ਨਾਲ ਕੀਤੀ ਜਾ ਸਕਦੀ ਹੈ। ਭਾਵੇਂ ਪੰਜਾਬੀ ਸਾਹਿਤ ਦੇ ਕੁਝ ਇਤਿਹਾਸਕਾਰਾਂ ਨੇ 'ਖ਼ੁਲਾਸਤੁਲ ਤਵਾਰੀਖ਼' ਦੇ ਹਵਾਲੇ ਨਾਲ ਤੇਰ੍ਹਵੀਂ ਸਦੀ ਵਿਚ ਅਮੀਰ ਖ਼ੁਸਰੋ (1251-1305 ਈ.) ਦੀ ਰਚੀ ਹੋਈ 'ਤੁਗ਼ਲਕ ਦੀ ਵਾਰ' ਦਾ ਜ਼ਿਕਰ ਕੀਤਾ ਹੈ ਪਰ ਇਸ ਵਾਰ ਦਾ ਕੋਈ ਪ੍ਰਮਾਣਿਕ ਪਾਠ ਪ੍ਰਾਪਤ ਨਹੀਂ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੇ ਇਸ ਸੰਦਰਭ ਵਿਚ ਇੰਟਰਨੈੱਟ ਉੱਤੇ ਉਪਲੱਬਧ ਸਮੱਗਰੀ ਦੀ ਖੋਜ-ਪੜਤਾਲ ਵੀ ਕੀਤੀ ਹੈ ਪਰ ਅਜਿਹੀ ਕਿਸੇ ਵਾਰ ਦਾ ਹਵਾਲਾ ਨਹੀਂ ਮਿਲਿਆ। 'ਖ਼ੁਲਾਸਤੁਲ ਤਵਾਰੀਖ਼' ਦੇ ਕਰਤਾ ਨੇ ਅਮੀਰ ਖ਼ੁਸਰੋ ਦੀਆਂ ਰਚਨਾਵਾਂ ਵਿਚ ਉਸਦੀ ਇਕ ਰਚਨਾ 'ਤੁਗ਼ਲਕਨਾਮਾ' ਦਾ ਜ਼ਿਕਰ ਜ਼ਰੂਰ ਕੀਤਾ ਹੈ ਪਰ ਇਸ ਨੂੰ ਕਿਸੇ ਤਰ੍ਹਾਂ ਵੀ ਪੰਜਾਬੀ ਵਾਰ ਦੇ ਅੰਤਰਗਤ ਨਹੀਂ ਰੱਖਿਆ ਜਾ ਸਕਦਾ ਕਿਉਂ ਜੋ ਇਹ ਫ਼ਾਰਸੀ ਗੱਦ ਵਿਚ ਰਚੀ ਗਈ ਰਚਨਾ ਹੈ। ਸਾਹਿਤਕ ਰੂਪਾਕਾਰ ਦੇ ਤੌਰ ਤੇ ਵਾਰ ਕਾਵਿ ਦਾ ਮੁੱਢ ਮੱਧਕਾਲ ਦੀਆਂ ਉਨ੍ਹਾਂ ਵੀਰ ਰਸੀ ਲੋਕ-ਵਾਰਾਂ ਨਾਲ ਬੱਝਦਾ ਹੈ ਜਿਨ੍ਹਾਂ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ ਅਤੇ ਜਿਨ੍ਹਾਂ ਦੇ ਕੁਝ ਆਂਸ਼ਿਕ ਨਮੂਨੇ ਵੀ ਪ੍ਰਾਪਤ ਹਨ। ਪਰ ਇਸ ਰੂਪਾਕਾਰ ਨਾਲ ਸੰਬੰਧਿਤ ਪਹਿਲੇ ਮੁਕੰਮਲ ਪਾਠ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ 22 ਵਾਰਾਂ ਦੇ ਰੂਪ ਵਿਚ ਹੀ ਮਿਲਦੇ ਹਨ।

- ਇਸ ਤਰ੍ਹਾਂ ਮੱਧਕਾਲ ਦੇ ਪੰਜਾਬੀ ਸਾਹਿਤ ਵਿਚ ਦੋ ਤਰ੍ਹਾਂ ਦੀਆਂ ਵਾਰਾਂ ਦੀ ਰਚਨਾ ਹੋਈ ਹੈ – ਵੀਰ ਰਸੀ ਵਾਰਾਂ ਤੇ ਅਧਿਆਤਮਕ ਵਾਰਾਂ। ਵੀਰ ਰਸੀ ਵਾਰਾਂ ਵਿਚ ਆਮ ਤੌਰ ਤੇ ਯੁੱਧ ਦਾ ਵੀਰ ਰਸ ਭਰਪੂਰ ਬਿਰਤਾਂਤ ਸਿਰਜਿਆ ਜਾਂਦਾ ਹੈ ਜਦੋਂ ਕਿ ਅਧਿਆਤਮਕ ਵਾਰਾਂ ਵਿਚ ਰੂਹਾਨੀ ਚੇਤਨਾ ਦਾ ਸੰਚਾਰ ਕਰਨ ਵਾਲੇ ਸ਼ਾਂਤ ਰਸ ਦੀ ਸਿਰਜਣਾ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਮੁੱਖ ਤੌਰ ਤੇ ਨੈਤਿਕ ਅਤੇ ਅਧਿਆਤਮਕ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਭਾਵੇਂ ਇਨ੍ਹਾਂ ਦੋਹਾਂ ਵਿਚ ਛੰਦ-ਪ੍ਰਬੰਧ ਅਤੇ ਧੁਨੀ ਦੀ ਸਾਂਝ ਹੈ ਪਰ ਤਾਂ ਵੀ ਦੋਹਾਂ ਦਾ ਸੰਗਠਨ ਇਕ ਦੂਸਰੇ ਨਾਲੋਂ ਭਿੰਨ ਤੇ ਵਿਲੱਖਣ ਹੈ। ਕਾਰਣ ਇਹ ਹੈ ਕਿ ਲੋਕ ਵਾਰ ਵਿਚ ਸਮੂਰਤ ਨਾਇਕਾਂ/ਖਲਨਾਇਕਾਂ ਦੀ ਪੇਸ਼ਕਾਰੀ ਹੁੰਦੀ ਹੈ ਜਦੋਂ ਕਿ ਅਧਿਆਤਮਕ ਵਾਰ ਵਿਚ ਲੌਕਿਕ ਪਾਤਰਾਂ ਅਤੇ ਸਥਿਤੀਆਂ ਨੂੰ ਪੇਸ਼ ਨਹੀਂ ਕੀਤਾ ਜਾਂਦਾ ਸਗੋਂ ਅਮੂਰਤ ਵਿਚਾਰਾਂ ਨੂੰ ਹੀ ਲੈਅ-ਬੱਧ ਢੰਗ ਨਾਲ ਪ੍ਰਸਤੁੱਤ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ 22 ਵਾਰਾਂ ਨੂੰ ਅਧਿਆਤਮਕ ਵਾਰ ਦੇ ਅੰਤਰਗਤ ਰੱਖਿਆ ਹੈ ਜੋ ਉਪਰੋਕਤ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਵੀ ਇਸੇ ਕਾਵਿ-ਪ੍ਰਵਿਰਤੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਿਰਜਿਤ ਪ੍ਰਵਚਨ ਵਿਚ ਪੇਸ਼ ਹੋਏ ਨੈਤਿਕ ਅਧਿਆਤਮਕ ਸੰਦੇਸ਼ ਅਤੇ ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਦੇ ਕ੍ਰਾਂਤੀਕਾਰੀ ਜੀਵਨ-ਪ੍ਰਸੰਗਾਂ ਅਤੇ ਸ਼ਰਧਾਵਾਨ ਸਿੱਖਾਂ ਦੇ ਜੀਵਨ-ਬਿਰਤਾਂਤ ਨੂੰ ਵਾਰ ਦੇ ਮਾਧਿਅਮ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਮੱਧਕਾਲੀ ਵਾਰ ਕਾਵਿ ਦਾ ਲੋਕ-ਧਾਰਾਈ ਅਧਿਐਨ ਕਰਨ ਲਈ ਇਨ੍ਹਾਂ ਦੋਹਾਂ ਕਾਵਿ-ਪ੍ਰਵਿਰਤੀਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ।

- ਸ਼ਾਂਤ-ਰਸੀ ਅਧਿਆਤਮਕ ਵਾਰਾਂ ਦੇ ਲੋਕ-ਧਾਰਾਈ ਪਰਿਪੇਖ ਬਾਰੇ ਚਰਚਾ ਕਰਨ ਤੋਂ ਪਹਿਲਾਂ ਉਨ੍ਹਾਂ ਵੀਰ ਰਸੀ ਲੋਕ-ਵਾਰਾਂ ਦੀ ਗੱਲ ਕਰਨੀ ਜ਼ਰੂਰੀ ਜਾਪਦੀ ਹੈ ਜੋ ਸਿੱਧੇ ਤੌਰ ਤੇ ਲੋਕ ਵਿਰਸੇ ਦਾ ਅੰਗ ਹਨ ਅਤੇ ਲੋਕ-ਧਾਰਾਈ ਅਧਿਐਨ ਦੇ

ਨੁਕਤੇ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਲੋਕ-ਵਾਰਾਂ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿਚੋਂ ਨਿਮਨ-ਅੰਕਿਤ 9 ਵਾਰਾਂ ਦੇ ਸਿਰਲੇਖਾਂ ਵਿਚ ਮਿਲਦੇ ਹਨ ਜਿਨ੍ਹਾਂ ਨੂੰ ਇਸ ਕਾਲ ਦੀਆਂ ਲੋਕ-ਵਾਰਾਂ ਦੀਆਂ ਧੁਨੀਆਂ ਉੱਤੇ ਗਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ :

- 1. ਆਸਾ ਦੀ ਵਾਰ ਮਹਲਾ 1 - ਟੁੰਡੇ ਅਸਰਾਜੇ ਕੀ ਧੁਨੀ
- 2. ਮਾਝ ਕੀ ਵਾਰ ਮਹਲਾ 1 - ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ
- 3. ਮਲਾਰ ਕੀ ਵਾਰ ਮਹਲਾ 1 - ਰਾਣੇ ਕੈਲਾਸ ਤਥਾ ਮਾਲਦੇਵ ਕੀ ਧੁਨੀ
- 4. ਕਾਨੜੇ ਕੀ ਵਾਰ ਮਹਲਾ 3 - ਮੂਸੇ ਕੀ ਵਾਰ ਕੀ ਧੁਨੀ
- 5. ਰਾਮਕਲੀ ਕੀ ਵਾਰ ਮਹਲਾ 3 - ਜੋਧੇ ਵੀਰੈ ਪੂਰਬਾਣੀ ਕੀ ਧੁਨੀ
- 6. ਗੂਜਰੀ ਕੀ ਵਾਰ ਮਹਲਾ 3 - ਸਿਕੰਦਰ ਇਬਰਾਹੀਮ ਕੀ ਧੁਨੀ
- 7. ਸਾਰੰਗ ਕੀ ਵਾਰ ਮਹਲਾ 4 - ਰਾਏ ਹਸਨੇ ਮਹਿਮੇ ਕੀ ਧੁਨੀ
- 8. ਵਡਹੰਸ ਕੀ ਵਾਰ ਮਹਲਾ 4 - ਲੱਲਾ ਬਹਿਲੀਮਾ ਕੀ ਧੁਨੀ
- 9. ਗਾਉੜੀ ਕੀ ਵਾਰ ਮਹਲਾ 5 - ਰਾਇ ਕਮਾਲ ਮਉਜ ਕੀ ਧੁਨੀ

- ਪੰਡਿਤ ਤਾਰਾ ਸਿੰਘ ਨਰੋਤਮ ਨੇ ਆਪਣੀ ਪੁਸਤਕ 'ਗੁਰਮਤਿ ਨਿਰਣੈ ਸਾਗਰ' ਵਿਚ ਇਨ੍ਹਾਂ ਲੋਕ-ਵਾਰਾਂ ਦੇ ਕੁਝ ਅੰਸ਼ ਪੇਸ਼ ਕੀਤੇ ਹਨ ਪਰ ਇਨ੍ਹਾਂ ਅੱਧੇ ਅਧੂਰੇ ਪਾਠਾਂ ਦੇ ਆਧਾਰ ਤੇ ਇਸ ਲੋਕ-ਵਾਰ ਦੇ ਪ੍ਰਤਿਮਾਨਕ ਸਰੂਪ ਦਾ ਨਿਖੇੜਾ ਨਹੀਂ ਕੀਤਾ ਜਾ ਸਕਦਾ। ਤਾਂ ਵੀ ਇਨ੍ਹਾਂ ਰਚਨਾਵਾਂ ਦੇ ਪਾਠਗਤ ਅੰਸ਼ਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਵਾਰ ਦੀਆਂ ਨੁਮਾਇੰਦਾ ਰੂਪਾਕਾਰਕ ਵਿਸ਼ੇਸ਼ਤਾਵਾਂ ਅਤੇ ਇਨ੍ਹਾਂ ਦੇ ਸਿਰਕਣਾਤਮਕ ਸੰਦਰਭਾਂ ਦੀ ਨਿਸ਼ਾਨਦੇਹੀ ਜ਼ਰੂਰ ਕੀਤੀ ਜਾ ਸਕਦੀ ਹੈ।
- ਲੋਕ-ਵਾਰਾਂ ਦੇ ਇਨ੍ਹਾਂ ਪ੍ਰਾਪਤ ਪਾਠ-ਅੰਸ਼ਾਂ ਅਤੇ ਇਨ੍ਹਾਂ ਨਾਲ ਜੁੜੇ ਕਥਾ-ਪਸੰਗਾਂ ਨੂੰ ਵਾਚਣ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਚ ਰਾਜਪੂਤੀ ਅਤੇ ਮੁੱਢਲੇ ਇਸਲਾਮੀ ਦੌਰ ਦੇ ਰਾਜਿਆਂ ਰਜਵਾੜਿਆਂ ਵਿਚਕਾਰ ਯੁੱਧ ਅਤੇ ਸੰਘਰਸ਼ ਦਾ ਵੀਰ ਰਸ ਭਰਪੂਰ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਦੀ ਵਿਸ਼ੈਗਤ ਸਮੱਗਰੀ ਪੰਜਾਬੀ ਲੋਕ ਮਨ ਵਿਚ ਵਸੇ ਹੋਏ ਵੀਰ-ਨਾਇਕ ਦੇ ਉਸ ਸੰਕਲਪ ਨੂੰ ਮੂਰਤੀਮਾਨ ਕਰਦੀ ਹੈ ਜੋ ਪੰਜਾਬ ਦੇ ਸਦੀਆਂ ਪੁਰਾਣੇ ਸੰਘਰਸ਼ਮਈ ਇਤਿਹਾਸਕ ਅਨੁਭਵ ਵਿਚੋਂ ਉਪਜਿਆ ਹੈ ਅਤੇ ਇੱਥੋਂ ਦੇ ਵਸਨੀਕਾਂ ਦੇ ਅਵਚੇਤਨ ਦਾ ਅਨਿੱਖੜ ਅੰਗ ਬਣ ਗਿਆ ਹੈ। ਇਨ੍ਹਾਂ ਲੋਕ-ਵਾਰਾਂ ਵਿਚਲੇ ਨਾਇਕ ਉਤਸਾਹੀ ਵੀ ਹਨ ਅਤੇ ਨੈਤਿਕ ਗੁਣਾਂ ਦੇ ਧਾਰਣੀ ਵੀ। ਮਿਸਾਲ ਵਜੋਂ ਟੁੰਡੇ ਅਸਰਾਜੇ ਦੀ ਵਾਰ ਨਾਲ ਸੰਬੰਧਿਤ ਪ੍ਰਸੰਗ ਦੇਖਿਆ ਜਾ ਸਕਦਾ ਹੈ। "ਰਾਜਾ ਸਾਰੰਗ ਦੀ ਪਹਿਲੀ ਪਤਨੀ ਮਰ ਗਈ ਤੇ ਉਸ ਨੇ ਦੂਜਾ ਵਿਆਹ ਕਰ ਲਿਆ। ਉਹ ਰਾਣੀ ਅਸਰਾਜ ਉੱਤੇ ਮੋਹਿਤ ਹੋਈ ਪਰ ਅਸਰਾਜ ਨੇ ਉਸਦੀ ਕੋਈ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਉਸ ਰਾਣੀ ਦੇ ਕਹਿਣ ਤੇ ਸਾਰੰਗ ਨੇ ਆਪਣੇ ਪੁੱਤਰ ਨੂੰ

ਸਜ਼ਾ ਦਿੱਤੀ। ਜਦੋਂ ਅਸਰਾਜ ਬਚ ਜਾਣ ਕਰਕੇ ਇਕ ਹੋਰ ਨਗਰ ਦਾ ਰਾਜਾ ਬਣ ਗਿਆ ਤਾਂ ਉਸਦੇ ਪਿਤਾ ਸਾਰੰਗ ਦੇ ਨਗਰ ਵਿਚ ਕਾਲ ਪੈ ਗਿਆ ਤੇ ਉਹ ਉਸ ਦੀ ਸਹਾਇਤਾ ਵਾਸਤੇ ਅਨਾਜ ਭੇਜਦਾ ਰਿਹਾ। ਸਾਰੰਗ ਨੇ ਆਪਣੇ ਪੁੱਤਰ ਤੋਂ ਖਿਮਾ ਮੰਗੀ ਤੇ ਉਸ ਨੂੰ ਵਾਪਸ ਸੱਦਿਆ। ਕਿਉਂਕਿ ਅਸਰਾਜੇ ਦੇ ਮਤਰਏ ਭਰਾ ਉਸ ਨੂੰ ਸਵੀਕਾਰ ਨਹੀਂ ਸਨ ਕਰਦੇ, ਇਸ ਲਈ ਅਸਰਾਜੇ ਨੇ ਉਨ੍ਹਾਂ ਨਾਲ ਯੁੱਧ ਕੀਤਾ ਤੇ ਜਿੱਤ ਪ੍ਰਾਪਤ ਕੀਤੀ।" । ਜਿਸ ਨੂੰ ਢਾਡੀਆ ਨੇ ਵਾਰ ਦੇ ਰੂਪ ਵਿਚ ਗਾਇਆ ਹੈ।

ਨਮੂਨੇ ਵਜੋਂ ਇਸ ਵਾਰ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਭਵਕਿਓ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।
ਖਾਨ ਸੁਲਤਾਨ ਬਡ ਸੂਰਮੇ, ਵਿਚ ਰਣ ਦੇ ਗੱਜੇ।
ਖ਼ਤ ਲਿਖੇ ਟੁੰਡੇ ਅਸਰਾਜ ਨੂੰ, ਪਾਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ, ਦਿੱਤਾ ਭਰ ਲੱਜੇ।
ਫਤਹ ਪਾਇ ਅਸਰਾਜ ਜੀ, ਸ਼ਾਹੀ ਘਰ ਸੱਜੇ।

(ਟੁੰਡੇ ਅਸਰਾਜੇ ਦੀ ਵਾਰ)

- ਇਸੇ ਤਰ੍ਹਾਂ ਲੱਲਾ ਤੇ ਬਹਿਲੀਮਾ ਕਾਂਗੜੇ ਦੇ ਇਲਾਕੇ ਦੇ ਦੋ ਜਾਗੀਰਦਾਰ ਸਰਦਾਰ ਸਨ। ਇਹ ਦੋਵੇਂ ਪਹਿਲਾਂ ਮਿੱਤਰ ਸਨ ਪਰ ਕਿਸੇ ਗੱਲੋਂ ਦੋਹਾਂ ਵਿਚਕਾਰ ਦੁਸ਼ਮਣੀ ਪੈ ਗਈ। ਇਹ ਦੁਸ਼ਮਣੀ ਦੋਹਾਂ ਵਿਕਾਰ ਹੋਏ ਸਮਝੌਤੇ ਦੇ ਟੁੱਟਣ ਕਾਰਣ ਹੁੰਦੀ ਹੈ। ਦੋਹਾਂ ਵਿਚਕਾਰ ਯੁੱਧ ਹੁੰਦਾ ਹੈ ਜਿਸਦਾ ਬਿਰਤਾਂਤ ਢਾਡੀਆ ਨੇ ਵਾਰ ਦੇ ਮਾਧਿਅਮ ਰਾਹੀਂ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਉਸਾਰਿਆ ਹੈ :

ਕਾਲ ਲੱਲਾ ਦੇ ਦੇਸ ਦਾ, ਖੋਹਿਆ ਬਹਿਲੀਮਾ।
ਹਿੱਸਾ ਛੱਟਾ ਮਨਾਇਕੈ, ਜਲ ਨਹਿਰੋਂ ਦੀਨਾ।
ਫਿਰਾਹੁਨ ਹੋਏ ਲੱਲਾ ਨੇ, ਰਣ ਮੰਡਿਆ ਧੀਮਾ।
ਭੇੜ ਦੁਹਾਂ ਵਿਚ ਮੱਚਿਆ, ਸੱਟ ਪਈ ਅਜ਼ੀਮਾਂ।
ਸਿਰ ਧੜ ਡਿਗੇ ਖੇਤ ਵਿਚ, ਜਿਉਂ ਵਾਹਣ ਢੀਮਾਂ।
ਮਾਸ਼ਾਰੇ ਲੱਲਾ ਬਹਿਲੀਮ ਨੇ, ਰਣ ਮੇਂ ਧਰ ਸੀਮਾਂ।

(ਲੱਲਾ ਬਹਿਲੀਮਾ ਦੀ ਵਾਰ)

• ਜੰਗਾਂ ਅਤੇ ਯੁੱਧਾਂ ਵਿਚ ਬਹਾਦਰੀ ਨਾਲ ਲੜਨ ਵਾਲੇ ਬੰਦਿਆਂ ਨੂੰ ਹੀ ਲੋਕ ਮਨ ਨਾਇਕ ਵਜੋਂ ਸਵੀਕਾਰ ਕਰਦਾ ਹੈ। ਇਸ ਗੱਲ ਦਾ ਪ੍ਰਗਟਾਵਾ 'ਸਿਕੰਦਰ ਇਬਰਾਹੀਮ ਦੀ ਵਾਰ' ਦੀਆਂ ਨਿਮਨ-ਅਕਿਤ ਪੰਗਤੀਆਂ ਵਿਚ ਸਾਮ੍ਹਣੇ ਆਉਂਦਾ ਹੈ :

ਸਿਕੰਦਰ ਕਹੇ ਬਿਰਾਹਮ ਨੂੰ, ਇਕ ਗੱਲ ਹੈ ਕਾਈ।
ਤੇਰੀ ਸਾਡੀ ਰਣ ਵਿਚ, ਅੱਜ ਪਈ ਲੜਾਈ।
ਤੂੰ ਨਹੀਂ ਕਿ ਮੈਂ ਨਾਹ, ਇਹ ਹੁੰਦੀ ਆਈ।
ਰਾਜਪੂਤੀ ਜਾਤੀ ਨੱਸਿਆ, ਰਣ ਲਾਜ ਮਰਾਹੀ।
ਲੜੀਏ ਆਹਮੋ ਸਾਹਮਣੇ, ਜੋ ਕਰੇ ਸੋ ਸਾਈ।

• ਵੀਰ ਰਸੀ ਵਾਰ ਦੀ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਵਿਸ਼ੇਸ਼ ਮਹੱਤਵ ਰੱਖਦੀ ਹੈ।ਇਹ ਵਾਰ ਪੰਜਾਬੀ ਲੋਕ-ਵਾਰ ਦੇ ਵਿਧੀ-ਵਿਧਾਨ ਅਨੁਸਾਰ ਰਚੀ ਗਈ ਵੀਰ ਰਸ-ਪ੍ਰਧਾਨ ਰਚਨਾ ਹੈ। ਇਸ ਵਾਰ ਵਿਚ ਗੁਰੂ ਕਵੀ ਨੇ ਮਾਰਕੰਡੇ ਪੁਰਾਣ ਦੀ ਮਿਥਿਹਾਸਕ ਕਥਾ ਨੂੰ ਲੈ ਕੇ ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਦਾ ਵੀਰਤਾ ਪੂਰਣ ਬਿਰਤਾਂਤ ਪੇਸ਼ ਕੀਤਾ ਹੈ। ਇਹ ਵਾਰ ਪ੍ਰਤੀਕਾਤਮਕ ਤੌਰ ਤੇ ਨੇਕੀ ਅਤੇ ਬਦੀ ਵਿਚਕਾਰ ਸੰਘਰਸ਼ ਨੂੰ ਮੂਰਤੀਮਾਨ ਕਰਦੀ ਹੈ ਅਤੇ ਵੀਰ ਭਾਵਨਾ ਦਾ ਸੰਚਾਰ ਕਰਦੀ ਹੈ। ਇਸ ਵਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਜਿਸ ਪੌਰਾਣਿਕ ਪ੍ਰਸੰਗ ਨੂੰ ਆਧਾਰ ਬਣਾ ਕੇ ਰਚੀ ਗਈ ਹੈ ਉਹ ਪੰਜਾਬੀ ਅਤੇ ਭਾਰਤੀ ਲੋਕਧਾਰਾਈ ਵਿਰਾਸਤ ਦਾ ਅੰਗ ਹੈ। ਇਸਦੇ ਆਰੰਭ ਵਿਚ ਕਵੀ ਨੇ ਮੰਗਲਾਚਰਣ ਦੀ ਪ੍ਰਾਚੀਨ ਕਾਵਿ ਪਰੰਪਰਾ ਦਾ ਨਿਭਾਉ ਕੀਤਾ ਹੈ ਅਤੇ ਸੱਭ ਤੋਂ ਪਹਿਲਾਂ ਭਗਉਤੀ ਨੂੰ ਸਿਮਰਿਆ ਹੈ- ਜਿਸਨੂੰ ਗੁਰੂ ਜੀ ਨੇ ਆਦਿ ਸ਼ਕਤੀ ਦੇ ਪ੍ਰਤੀਕ ਵਜੋਂ ਸੰਕਲਪਿਆ ਹੈ।

ਖੰਡਾ ਪ੍ਰਥਮੈ ਸਾਜ ਕੈ ਜਿਨਿ ਸਭੁ ਸੰਸਾਰ ਉਪਾਇਆ।
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇਆ।
ਸਿਰਜੇ ਦਾਨੇ ਦੇਵਤੇ ਤਿਨਾਂ ਅੰਦਰਿ ਬਾਦੁ ਰਚਾਇਆ।
ਤੈਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ।

• ਇਹ ਪੰਗਤੀਆ ਭਾਰਤੀ ਲੋਕ ਮਨ ਦੇ ਅਵਚੇਤਨ ਵਿਚ ਵਸੀ ਹੋਈ ਸ੍ਰਿਸ਼ਟੀ ਰਚਨਾ ਦੀ ਮਿੱਥ ਨੂੰ ਇਤਿਹਾਸਕ ਚੁਣੌਤੀਆਂ ਨਾਲ ਨਿਜਿਠਣ ਲਈ ਨਵੀਨ ਅਰਥ-ਸਾਰਥਕਤਾ ਪ੍ਰਦਾਨ ਕਰਦੀਆਂ ਹਨ। ਇਸ ਤਰ੍ਹਾਂ ਗੁਰੂ ਕਵੀ ਲੋਕ-ਧਾਰਾਈ ਵਿਰਾਸਤ ਨੂੰ ਵਿਚਾਰਧਾਰਾਈ ਹਥਿਆਰ ਬਣਾਉਣ ਵਲ ਰੁਚਿਤ ਹਨ। ਮਾਰਕੰਡੇ ਪੁਰਾਣ ਵਿਚ ਵਰਣਿਤ ਸਥਿਤੀ ਇਕ ਰਾਜੇ ਦੀ ਉਦਾਸੀਨਤਾ ਨਾਲ ਸੰਬੰਧਿਤ ਸੀ ਜਦੋਂ ਕਿ ਇਸ ਕਥਾ ਨੂੰ ਵਾਰ ਦੇ ਰੂਪਾਕਾਰ ਵਿਚ ਢਾਲ ਕੇ ਦਲਿਤ ਅਤੇ ਦਮਿਤ ਪਰਜਾ

ਦੀ ਉਦਾਸੀਨਤਾ ਨਾਲ ਜੋੜ ਦਿੱਤਾ ਗਿਆ ਹੈ। ਜਿਸ ਤਰ੍ਹਾਂ ਦੁਰਗਾ ਪਾਠ ਸੁਣ ਕੇ ਰਾਜੇ ਦੀ ਉਦਾਸੀ ਦੂਰ ਹੁੰਦੀ ਹੈ ਓਸੇ ਤਰ੍ਹਾਂ ਚੰਡੀ ਦੀ ਵਾਰ ਅਤਿਆਚਾਰੀ ਸ਼ਾਸਨ ਦੇ ਸਤਾਈ ਹੋਈ ਪਰਜਾ ਦੇ ਮਨੋਬਲ ਨੂੰ ਮਜ਼ਬੂਤ ਕਰਦੀ ਦਿਖਾਈ ਦਿੰਦੀ ਹੈ।

• ਇਸ ਵਾਰ ਵਿਚ 55 ਪਉੜੀਆਂ ਹਨ ਜਿਨ੍ਹਾਂ ਵਿਚ ਚੰਡੀ (ਭਗਉਤੀ) ਦੇ ਰਾਖਸ਼ਾਂ ਨਾਲ ਯੁੱਧ ਦਾ ਬਿਰਤਾਂਤ ਉਸਾਰਿਆ ਗਿਆ ਹੈ। ਚੰਡੀ ਦੀ ਵਾਰ ਦੀ ਕਥਾ ਵਸਤੂ ਇੰਦਰ ਦੀ ਰਾਖਸ਼ਾਂ ਹੱਥੋਂ ਹੋਈ ਹਾਰ ਅਤੇ ਉਸਦੀ ਦੁਰਗਾ ਪਾਸ ਪੁਕਾਰ ਨਾਲ ਸ਼ੁਰੂ ਹੁੰਦੀ ਹੈ ਅਤੇ ਭਿਆਨਕ ਯੁੱਧਾਂ ਤੋਂ ਬਾਦ ਪ੍ਰਾਪਤ ਹੋਣ ਵਾਲੀ ਜਿਤ ਨਾਲ ਖਤਮ ਹੁੰਦੀ ਹੈ।

• ਇਸ ਵਾਰ ਦੀ ਮੁੱਖ ਵਿਸ਼ੇਸ਼ਤਾ ਯੁੱਧ ਦੇ ਉਮਾਹ ਭਰਪੂਰ ਵਰਣਨ ਵਿਚ ਛੁਪੀ ਹੋਈ ਹੈ। ਗੁਰੂ ਕਵੀ ਨੇ ਯੋਧਿਆਂ ਦੀ ਬਹਾਦਰੀ ਪ੍ਰਤਿ ਪ੍ਰਸੰਸਾਤਮਕ ਦ੍ਰਿਸ਼ਟੀ ਅਪਣਾਈ ਹੈ – ਯੋਧਾ ਭਾਵੇ ਸੁਰ ਹੋਵੇ ਅਤੇ ਭਾਵੇਂ ਅਸੁਰ, ਦੈਂਤ ਹੋਵੇ ਭਾਵੇਂ ਦੇਵਤਾ। ਇਸ ਵਾਰ ਦਾ ਤੱਤਕਾਲੀਨ ਸੰਦਰਭ ਵੀ ਆਪ-ਮੁਹਾਰੇ ਹੀ ਉਜਾਗਰ ਹੋ ਉਠਦਾ ਹੈ ਜਦੋਂ ਅਸੀਂ ਇਸ ਵਾਰ ਵਿਚਲੀਆਂ ਪ੍ਰਤਿ-ਦਵੰਦੀ ਸ਼ਕਤੀਆਂ ਨੂੰ ਨੇਕੀ ਅਤੇ ਬਦੀ ਦੇ ਰੂਪਕਾਂ ਵਜੋਂ ਵਾਚਦੇ ਹਾਂ। ਰਚਨਾਕਾਰ ਦੀ ਖ਼ੂਬੀ ਇਹ ਹੈ ਕਿ ਇਸ ਵਿਚ ਮੂਲ ਕਥਾਨਕ ਦੇ ਕਥਾ-ਸੂਤਰਾਂ ਨਾਲੋਂ ਵਧੇਰੇ ਉਨ੍ਹਾਂ ਵਿਚਲੇ ਵੀਰਤਾ ਭਰਪੂਰ ਪ੍ਰਸੰਗਾਂ ਨੂੰ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਰਚਨਾ ਮਿੱਥ ਦੇ ਹਵਾਲੇ ਨਾਲ ਭਾਰਤੀ ਲੋਕ ਮਨ ਦੇ ਅਵਚੇਤਨ ਸੋਮਿਆਂ ਨੂੰ ਟੁੰਬਣ ਦਾ ਜਤਨ ਕਰਦੀ ਹੈ। ਇਹ ਗੱਲ ਗੁਰੂ ਕਵੀ ਦੇ ਜੀਵਨ ਉਦੇਸ਼ ਅਤੇ ਰੂਹਾਨੀ ਸੰਦੇਸ਼ ਦੋਹਾਂ ਨਾਲ ਮੇਲ ਖਾਂਦੀ ਹੈ।

• ਇਸ ਤੋਂ ਬਾਦ ਪੰਜਾਬੀ ਵਿਚ ਅਨੇਕਾਂ ਵੀਰ ਰਸੀ ਵਾਰਾਂ ਦੀ ਸਿਰਜਣਾ ਹੋਈ। ਜਿਨ੍ਹਾਂ ਵਿਚ ਮੁੱਖ ਤੌਰ ਤੇ ਨਜਾਬਤ ਦੀ ਨਾਦਰਸ਼ਾਹ ਦੀ ਵਾਰ, ਭਾਈ ਗੁਰਦਾਸ ਦੂਜੇ ਦੀ ਗੁਰੂ ਖ਼ਾਲਸੇ ਦੀ ਵਾਰ, ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ, ਸਿੰਘਾਂ ਦੀ ਵਾਰ, ਮਹਾਂ ਸਿੰਘ ਦੀ ਵਾਰ, ਹਰੀ ਸਿੰਘ ਨਲਵੇ ਦੀ ਵਾਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਪੰਜਾਬੀ ਵਾਰ ਸਾਹਿਤ ਵਿਚ ਵੀ ਪੰਜਾਬੀ ਸਭਿਆਚਾਰ ਦੇ ਉਨ੍ਹਾਂ ਮੀਰੀ ਗੁਣਾਂ ਦੀ ਪੇਸ਼ਕਾਰੀ ਸਾਮ੍ਹਣੇ ਅਉਂਦੀ ਹੈ ਜੋ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਵਸੇ ਹੋਏ ਹਨ ਉਸਨੂੰ ਅਣਖ ਅਤੇ ਸਵੈਮਾਣ ਨਾਲ ਜਿਉਣ ਜਾਂ ਹੱਕ-ਇਨਸਾਫ਼ ਲਈ ਜੂਝਦੇ ਹੋਏ ਮਰ ਮਿਟਣ ਲਈ ਪ੍ਰੇਰਦੇ ਹਨ।

• ਪਰੰਪਰਕ ਵਾਰ ਵਿਚ ਸੱਭ ਤੋਂ ਪਹਿਲਾਂ ਮੰਗਲਾਚਰਣ ਆਉਂਦਾ ਹੈ ਜਿਸ ਵਿਚ ਕਵੀ ਆਪਣੇ ਇਸ਼ਟ ਦੀ ਆਰਾਧਨਾ ਜਾਂ ਉਸਦਾ ਸਿਮਰਣ ਕਰਦਾ ਹੈ। ਇਸ ਤੋਂ ਬਾਦ ਵਾਰ ਦੀ ਕਥਾ-ਵਸਤੂ ਆਮ ਤੌਰ ਤੇ ਤਿੰਨ ਅਵਸਥਾਵਾਂ ਵਿਚੋਂ ਲੰਘਦੀ ਹੈ। ਪਹਿਲੀ ਅਵਸਥਾ ਵਿਚ ਸੰਘਰਸ਼ ਦੇ ਕਾਰਣਾਂ ਉਪਰ ਚਾਨਣਾ ਪਾਇਆ ਜਾਂਦਾ ਹੈ। ਦੂਜੀ ਅਵਸਥਾ ਵਿਚ ਸੰਘਰਸ਼ ਜਾਂ ਟੱਕਰ ਦਾ ਚਿਤਰਣ ਹੁੰਦਾ ਹੈ ਅਤੇ ਤੀਜੀ ਅਵਸਥਾ ਸਮਾਧਾਨ ਦੀ ਹੁੰਦੀ ਹੈ। ਇਸ ਵਿਚ ਸੰਘਰਸ਼ ਦੇ ਸਿੱਟਿਆਂ ਦਾ ਵਰਣਨ ਕੀਤਾ ਜਾਂਦਾ ਹੈ। ਅੰਤ ਉੱਤੇ ਰਚਨਾ ਦਾ ਮਹਾਤਮ ਹੁੰਦਾ ਹੈ।

• ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ 22 ਵਾਰਾਂ ਨੂੰ ਅਧਿਆਤਮਕ ਵਾਰ ਦੀ ਵਿਧਾ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਗੁਰਮਤਿ ਵਿਚਾਰਧਾਰਾ ਅਤੇ ਜੀਵਨ ਜਾਚ ਦੇ ਮੂਲ ਸਿੱਧਾਂਤਾਂ ਨੂੰ ਹੀ ਪਉੜੀ ਪ੍ਰਬੰਧ ਅਤੇ ਲੋਕ-ਪ੍ਰਚੱਲਤ ਵਾਰਾਂ ਦੀਆਂ ਧੁਨੀਆਂ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਜਦੋਂ ਅਸੀਂ ਇਨ੍ਹਾਂ ਅਧਿਆਤਮਕ ਵਾਰਾਂ ਨੂੰ ਲੋਕਧਾਰਾਈ ਅਧਿਐਨ ਦੇ ਪਰਿਪੇਖ ਵਿਚ ਰੱਖ ਕੇ ਵਾਚਦੇ ਹਾਂ ਤਾਂ ਇਨ੍ਹਾਂ ਦਾ ਲੋਕ-ਵਾਰ ਨਾਲ ਨਜ਼ਦੀਕੀ ਰਿਸ਼ਤਾ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਸਮੁੱਚੇ ਗੁਰਮਤਿ ਕਾਵਿ ਦੀ ਉੱਘੜਵੀਂ ਵਿਸ਼ੇਸ਼ਤਾ ਇਸਦਾ ਲੋਕਧਾਰਾ  ਨਾਲ ਡੂੰਘਾ ਰਿਸ਼ਤਾ ਹੈ। ਬਾਣੀਕਾਰ ਅਨੇਕਾਂ ਥਾਵਾਂ ਉੱਤੇ ਲੋਕ-ਪ੍ਰਚੱਲਤ ਕਾਵਿ ਰੂਪਾਂ - ਜਿਵੇਂ, ਵਾਰ, ਛੰਤ, ਬਾਰਹ ਮਾਹ, ਅਲਾਹਣੀਆਂ - ਨੂੰ ਆਪਣੀ ਸਿਰਜਣਾ ਦਾ ਆਧਾਰ ਬਣਾਉਂਦੇ ਹਨ। ਇਹ ਕਾਵਿ-ਰੂਪ ਭਾਰਤ ਦੀ ਕਲਾਸੀਕਲ ਕਾਵਿ ਪਰੰਪਰਾ ਨਾਲ ਵੀ ਸੰਬੰਧਿਤ ਹਨ ਅਤੇ ਲੋਕ ਕਾਵਿ ਪਰੰਪਰਾ ਨਾਲ ਵੀ। ਪਰ ਬਾਣੀਕਾਰਾਂ ਨੇ ਕਾਵਿ ਦੇ ਇਨ੍ਹਾਂ ਰੂਪਾਕਾਰਾਂ ਨੂੰ ਇਨ੍ਹਾਂ ਦੇ ਮੌਲਿਕ ਰੂਪ ਵਿਚ ਨਹੀਂ ਵਰਤਿਆ ਸਗੋਂ ਗੁਰਬਾਣੀ ਦੀ ਅਧਿਆਤਮਕ ਵਸਤੂ ਦੀਆਂ ਸੰਚਾਰ-ਲੋੜਾਂ ਅਨੁਸਾਰ ਇਨ੍ਹਾਂ ਦਾ ਰੂਪਾਂਤਰਣ ਕਰ ਦਿੱਤਾ ਹੈ। ਇਹ ਠੀਕ ਹੈ ਕਿ ਬਾਣੀਕਾਰ ਇਨ੍ਹਾਂ ਲੋਕ-ਕਾਵਿ ਰੂਪਾਂ ਦੀਆਂ ਬਾਹਰ-ਮੁਖੀ ਤਕਨੀਕੀ ਜੁਗਤਾਂ ਅਤੇ ਰੂੜ੍ਹੀਆਂ ਨੂੰ ਹੀ ਇਸਤੇਮਾਲ ਕਰਦੇ ਹਨ ਪਰ ਇਸਤੋਂ ਉਨ੍ਹਾਂ ਦੀ ਕਾਵਿ-ਦ੍ਰਿਸ਼ਟੀ ਦਾ ਪ੍ਰਮਾਣ ਵੀ ਮਿਲ ਜਾਂਦਾ ਹੈ। ਨਿਸ਼ਚੇ ਹੀ ਇਹ ਕਾਵਿ-ਦ੍ਰਿਸ਼ਟੀ ਲੋਕ ਜੀਵਨ ਨਾਲ ਪ੍ਰਤਿਬੱਧਤਾ ਦੀ ਲਖਾਇਕ ਹੈ। ਬਾਣੀਕਾਰਾਂ ਨੇ ਇਨ੍ਹਾਂ ਲੋਕ ਕਾਵਿ ਰੂਪਾਂ ਨੂੰ ਆਪਣੇ ਰੂਹਾਨੀ ਸੰਦੇਸ਼ ਨਾਲ ਜੋੜ ਕੇ ਇਕ ਤਰ੍ਹਾਂ ਨਾਲ ਇਨ੍ਹਾਂ ਦਾ ਥੀਮਕ ਦ੍ਰਿਸ਼ਟੀ ਤੋਂ ਰੂਪਾਂਤਰਣ ਕਰਨ ਦਾ ਉਪਰਾਲਾ ਵੀ ਕੀਤਾ ਹੈ। ਮਿਸਾਲ ਵਜੋਂ ਵਾਰ ਦਾ ਲੋਕ-ਕਾਵਿ ਰੂਪ ਵੀਰ ਰਸ ਦਾ ਸੰਚਾਰ ਕਰਨ ਵਲ ਰੁਚਿਤ ਹੁੰਦਾ ਹੈ ਅਤੇ ਉਹ ਕਿਸੇ ਬਹਾਦੁਰ ਯੋਧੇ ਦੀ ਉਤਸਾਹ ਨਾਲ ਭਰਪੂਰ ਗਾਥਾ ਬਿਆਨ ਕਰਦਾ ਹੈ। ਪਰ ਵਾਰ ਦਾ ਇਹੀ ਕਾਵਿ-ਰੂਪ ਸ਼ਾਂਤ ਰਸ ਦਾ ਸਿਰਜਣ ਕਰਨ ਵਾਲੀ ਅਧਿਆਤਮਕ ਸਥਿਤੀ ਉਸਾਰਨ ਵਲ ਰੁਚਿਤ ਹੁੰਦਾ ਹੈ। ਇਕ ਤਰ੍ਹਾਂ ਨਾਲ ਅਸੀਂ ਇਨ੍ਹਾਂ ਵਾਰਾਂ ਨੂੰ ਵੀਰ ਰਸੀ ਲੋਕ ਵਾਰ ਦਾ ਰੂਪਾਂਤਰਣ ਵੀ ਆਖ ਸਕਦੇ ਹਾਂ ਕਿਉਂਜੋ ਇਨ੍ਹਾਂ ਵਾਰਾਂ ਵਿਚ ਕੋਈ ਮਨੁੱਖ ਵਿਅਕਤੀ ਨਾਇਕ ਜਾਂ ਖਲਨਾਇਕ ਵਜੋਂ ਪੇਸ਼ ਨਹੀਂ ਹੁੰਦਾ ਅਤੇ ਇਥੇ ਸੰਘਰਸ਼ ਦਾ ਰੂਪ ਵੀ ਵਿਚਾਰ ਜਾਂ ਵਿਚਾਰਧਾਰਾ ਵਾਲਾ ਹੁੰਦਾ ਹੈ।

• ਇਸ ਤੱਥ ਨੂੰ ਪ੍ਰਮਾਣਿਤ ਕਰਨ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਇਕ ਵਾਰ – ਗੁਰੂ ਨਾਨਕ ਦੇਵ ਰਚਿਤ 'ਆਸਾ ਦੀ ਵਾਰ' ਨੂੰ ਦ੍ਰਿਸ਼ਟੀਗੋਚਰ ਕਰ ਸਕਦੇ ਹਾਂ। ਇਸ ਵਾਰ ਦੇ ਆਰੰਭ ਵਿਚ ਇਕ ਮਹੱਤਵਪੂਰਣ ਟਿੱਪਣੀ ਦਿੱਤੀ ਗਈ ਹੈ – 'ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥' ਇਸ ਤੋਂ ਜ਼ਾਹਰ ਹੁੰਦਾ ਹੈ ਕਿ ਵਾਰ ਦੇ ਪਰੰਪਰਕ ਪਉੜੀ-ਪ੍ਰਬੰਧ ਦੇ ਨਾਲ ਸ਼ਲੋਕ ਵੀ ਲਿਖੇ ਗਏ ਹਨ। ਇਹ ਟਿੱਪਣੀ ਸਪਸ਼ਟ ਕਰਦੀ ਹੈ ਕਿ ਰਚਨਾ ਵਿਚਲੇ ਇਹ ਦੋਵੇਂ ਤੱਤ ਸਵੈ-ਆਧਾਰੀ ਹਨ। ਜੇ ਪਉੜੀਆਂ ਦਾ ਅੰਦਰਲਾ ਡਿਜ਼ਾਈਨ ਪਰਾਭੌਤਿਕਤਾ ਨਾਲ ਸੰਬੰਧਿਤ ਹੈ ਤਾਂ ਸ਼ਲੋਕਾਂ ਵਿਚ ਵਧੇਰੇ ਸਮਕਾਲੀ ਯਥਾਰਥ ਅਤੇ ਸਾਮਾਜਿਕ ਸੰਦਰਭ ਬਾਰੇ ਟਿੱਪਣੀਆਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਪਉੜੀਆਂ ਨਾਲੋਂ ਵੱਖ ਕਰਕੇ ਵੀ ਵਿਚਾਰਿਆ ਜਾ ਸਕਦਾ ਹੈ।

• ਪਉੜੀਆਂ ਦੇ ਰੂਪ ਵਿਚ ਆਸਾ ਦੀ ਵਾਰ ਪੰਜਾਬੀ ਦੇ ਪ੍ਰਸਿੱਧ ਲੋਕ ਕਾਵਿ-ਰੂਪ ਵਾਰ ਦਾ ਅਨੁਸਰਣ ਕਰਦੀ ਹੈ ਜਿਸਦਾ ਪ੍ਰਮਾਣ ਇਸ ਵਾਰ ਦੇ ਸਿਰਲੇਖ ਦੇ ਨਾਲ 'ਟੁੰਡੇ ਅਸਰਾਜੈ ਕੀ ਧੁਨੀ' ਲਿਖਿਆ ਹੋਣਾ ਹੈ। ਗੁਰੂ ਨਾਨਕ ਦੇਵ ਨੇ ਵਾਰ ਦੇ ਪਰੰਪਰਕ ਰੂਪਾਕਾਰ ਵਿਚ ਪ੍ਰਯੋਗੀਸ਼ੀਲ ਪਰਿਵਰਤਨ ਲਿਆਉਣ ਦੀ ਚੇਸ਼ਟਾ ਕੀਤੀ ਹੈ। ਪਰੰਪਰਕ ਲੋਕ-ਵਾਰ ਪਉੜੀਵਾਰ ਛੰਦ-ਪ੍ਰਬੰਧ ਦੇ ਮਾਧਿਅਮ ਰਾਹੀਂ ਕਿਸੇ ਯੁੱਧ ਦੇ ਕਥਾਨਕ ਨੂੰ ਪੇਸ਼ ਕਰਦੀ ਸੀ। ਉਸ ਵਿਚਲਾ ਨਾਇਕ ਦਾਨਵੀਰਤਾ, ਨੈਤਿਕਤਾ ਜਾਂ ਬਹਾਦਰੀ ਦੇ ਗੁਣਾਂ ਨਾਲ ਭਰਪੂਰ ਹੁੰਦਾ ਸੀ ਅਤੇ ਉਤਸਾਹ ਦੇ ਭਾਵ ਰਾਹੀਂ ਵੀਰ ਰਸ ਦਾ ਸੰਚਾਰ ਕਰਨ ਦਾ ਵਸੀਲਾ ਹੋ ਨਿਬੜਦਾ ਸੀ। ਮੂਲ ਰੂਪ ਵਿਚ ਵਾਰ ਦਾ ਅੰਦਰਲਾ ਸੰਗਠਨ ਕਿਸੇ ਸੰਘਰਸ਼ ਜਾਂ ਦਵੰਦ ਨੂੰ ਉਭਾਰਦਾ ਸੀ। ਆਸਾ ਦੀ ਵਾਰ ਲੋਕ-ਵਾਰ ਦੇ ਕੇਵਲ ਛੰਦ-ਪ੍ਰਬੰਧ ਨੂੰ ਆਧਾਰ ਬਣਾਉਂਦੀ ਹੈ ਜਦੋਂ ਕਿ ਨਾਇਕ ਅਤੇ ਕਥਾਨਕ ਨਾਲ ਸੰਬੰਧਿਤ ਰੂੜ੍ਹੀਆਂ ਨੂੰ ਅਣਗੌਲਿਆਂ ਕਰ ਦਿੰਦੀ ਹੈ। ਗੁਰੂ ਕਵੀ ਨੇ ਲੋਕ-ਵਾਰ ਦੇ ਬਿਰਤਾਂਤਕ ਅਤੇ ਨਾਟਕੀ ਤੱਤਾਂ ਦਾ ਤਿਆਗ ਕਰ ਕੇ ਇਸਨੂੰ ਨਿਰੋਲ ਥੀਮੈਟਿਕ ਰੂਪ ਦੇ ਦਿੱਤਾ ਹੈ ਜਿਸ ਵਿਚ ਜਿਉਂਦੇ ਜਾਗਦੇ ਸਮੂਰਤ ਪਾਤਰਾਂ ਦੀ ਥਾਵੇਂ ਅਮੂਰਤ ਸੰਕਲਪ ਹਨ। ਇਨ੍ਹਾਂ ਅਮੂਰਤ ਸੰਕਲਪਾਂ ਵਿਚਕਾਰ ਜੇ ਕੋਈ ਸੰਘਰਸ਼ ਜਾਂ ਦਵੰਦ ਹੈ ਵੀ ਤਾਂ ਉਹ ਪਰਾਭੌਤਿਕਤਾ ਦੇ ਧਰਾਤਲ ਉੱਤੇ ਹੀ ਵਾਪਰਦਾ ਹੈ। ਇਸ ਤਰ੍ਹਾਂ ਇਹ ਵਾਰ ਲੋਕ ਵਾਰ ਨਾਲੋਂ ਨਿਵੇਕਲਾ ਸਰੂਪ ਗ੍ਰਹਿਣ ਕਰ gtਜਾਂਦੀ ਹੈ ਜਿਸਨੂੰ ਵਿਦਵਾਨਾਂ ਨੇ ਅਧਿਆਤਮਕ ਵਾਰ ਆਖਣਾ ਉਚਿਤ ਸਮਝਿਆ ਹੈ। ਆਦਿ ਗ੍ਰੰਥ ਦੇ ਹੋਰਨਾਂ ਗੁਰੂ ਕਵੀਆਂ ਨੇ ਗੁਰੂ ਨਾਨਕ ਰਚਿਤ ਵਾਰਾਂ ਨੂੰ ਹੀ ਆਪਣੀਆਂ ਵਾਰਾਂ ਦਾ ਮਾੱਡਲ ਬਣਾਇਆ ਅਤੇ ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਅਧਿਆਤਮਕ ਵਾਰ ਦਾ ਨਵਾਂ ਪ੍ਰਯੋਗਸ਼ੀਲ ਕਾਵਿ-ਰੂਪ ਉੱਭਰ ਕੇ ਸਾਮ੍ਹਣੇ ਆਇਆ।

• ਆਸਾ ਦੀ ਵਾਰ ਦੀਆਂ ਕੁੱਲ 24 ਪਉੜੀਆਂ ਹਨ। ਇਨ੍ਹਾਂ ਵਿਚ ਦਵੰਦ ਦਾ ਰੂਪ ਪਰਾਭੌਤਿਕ ਹੈ। ਮਨੁੱਖ ਦਾ ਅੰਦਰਲਾ ਸੰਸਾਰ ਇਸ ਦਵੰਦ ਦਾ ਕਰਮ-ਖੇਤਰ ਹੈ। ਇਥੇ ਪਰਸਪਰ ਵਿਰੋਧੀ ਵਿਚਾਰ ਅਤੇ ਭਾਵਨਾਵਾਂ ਤਣਾਉ ਅਤੇ ਟਕਰਾਉ ਦੀ ਸਥਿਤੀ ਵਿਚ ਦਿਖਾਈ ਦਿੰਦੀਆਂ ਹਨ। ਸਚਿਆਰ ਤੇ ਕੂੜਿਆਰ, ਸੰਸਾਰੀ ਤੇ ਭਗਤ, ਹਉਮੈ ਤੇ ਹੁਕਮ, ਨਾਮ ਤੇ ਰੂਪ ਵਰਗੇ ਵਿਰੋਧ-ਜੁੱਟ ਇਸ ਆਂਤਰਿਕ ਦਵੰਦ ਦੀ ਰੂਪ-ਰੇਖਾ ਨੂੰ ਉਘਾੜਨ ਵਾਲੇ ਧਰਮਸ਼ਾਸਤਰੀ ਸੰਕਲਪ ਹਨ। ਕਥਾ-ਵਸਤੂ ਤੋਂ ਸੱਖਣੀ ਹੋਣ ਕਾਰਣ ਰਚਨਾ ਵਿਚ ਦਵੰਦ ਦਾ ਨਾਟਕੀ ਰੰਗ ਨਹੀਂ ਉਭਰਦਾ ਸਗੋਂ ਵਿਚਾਰਾਂ ਦਾ ਵਿਰੋਧ ਬਣ ਕੇ ਰਹਿ ਜਾਂਦਾ ਹੈ। ਗੁਰੂ ਵਿਅਕਤੀ ਨੇ ਆਪਣੀ ਰਚਨਾ ਦਾ ਆਰੰਭ ਪਰਾਭੌਤਿਕ ਪਰਿਕਲਪਨਾ ਦੇ ਮਾਧਿਅਮ ਰਾਹੀਂ ਇਕ ਤਰ੍ਹਾਂ ਦੀ ਬ੍ਰਹਿਮੰਡੀ ਮਿੱਥ ਸਿਰ ਕੇ ਕੀਤਾ ਹੈ:

ਆਪੀਨ੍Y ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ਕਰਿ ਆਸਣੁ ਡਿਠੋ ਚਾਉ ॥1॥"

• ਮੰਗਲਾਚਰਣ ਦੀ ਕਾਵਿ-ਰੂੜ੍ਹੀ ਦਾ ਨਿਭਉ ਕਰਦੀ ਹੋਈ ਇਹ ਪਉੜੀ ਸਮੁੱਚੇ ਯਥਾਰਥ ਨੂੰ ਆਪਣੀ ਰਚਨਾ-ਬੁਣਤੀ ਦਾ ਅੰਗ ਬਣਾਉਂਦੀ ਹੋਈ ਬ੍ਰਹਿਮੰਡੀ ਮਿੱਥ ਦਾ ਰੂਪ ਧਾਰਣ ਕਰ ਲੈਂਦੀ ਹੈ। ਇਸਦੇ ਅਨੁਸਾਰ ਦਿਸਦਾ ਜਗਤ ਕਿਸੇ ਅਦ੍ਰਿਸ਼ਟ ਸਿਰਜਣਹਾਰ ਦੈਵੀ ਸੱਤਾ ਦੀ ਰਚਨਾ ਹੈ ਜਿਸਨੇ ਆਪਣੀ ਕਰਤਾਰੀ ਸ਼ਕਤੀ ਦੁਆਰਾ ਕੁਦਰਤ ਨੂੰ ਸਾਜਿਆ ਹੈ ਅਤੇ ਜੋ ਮਨੁੱਖ ਨੂੰ ਸਰੀਰ ਰੂਪੀ ਕਪੜਾ ਦਿੰਦਾ ਹੈ ਤੇ ਫੇਰ ਲੈ ਵੀ ਲੈਂਦਾ ਹੈ। ਇਸ ਤਰ੍ਹਾਂ ਇਹ ਵਾਰ ਮਨੁੱਖੀ ਹੋਂਦ ਨੂੰ ਪਾਰਗਾਮੀ ਸੰਦਰਭ ਵਿਚ ਰੱਖ ਕੇ ਉਸਦੇ ਸੰਭਾਵੀ ਰੂਪਾਂਤਰਣ ਦਾ ਸੰਘਰਸ਼ਸ਼ੀਲ ਦ੍ਰਿਸ਼ ਪੇਸ਼ ਕਰਦੀ ਹੈ।

• ਹੁਣ ਆਸਾ ਦੀ ਵਾਰ ਵਿਚਲੇ ਸ਼ਲੋਕਾਂ ਦੀ ਗੱਲ ਕੀਤੀ ਜਾ ਸਕਦੀ ਹੈ। ਇਸ ਰਚਨਾ ਵਿਚਲੇ ਬਹੁਤ ਸਾਰੇ ਸ਼ਲੋਕ ਇਸਦੇ ਪਉੜੀ-ਪ੍ਰਬੰਧ ਨਾਲੋਂ ਵੱਖਰੀ ਸਥਿਤੀ ਨੂੰ ਪੇਸ਼ ਕਰਦੇ ਹਨ। ਇਨ੍ਹਾਂ ਵਿਚਲਾ ਸੰਦਰਭ ਪਰਾਭੌਤਿਕਤਾ ਨਾਲੋਂ ਵਧੇਰੇ ਤੱਤਕਾਲੀਨ ਸਾਮਾਜ ਅਤੇ ਸਭਿਆਚਾਰ ਨਾਲ ਸੰਬੰਧਿਤ ਹੈ। ਭਾਵੇਂ ਇਸ ਵਿਚਲੇ ਕੁਝ ਸ਼ਲੋਕ ਪਉੜੀਆਂ ਵਿਚਲੀ ਪਰਾਭੌਤਿਕਤਾ ਨਾਲ ਵੀ ਮੇਲ ਖਾਂਦੇ ਹਨ ਪਰ ਤਾਂ ਵੀ ਇਨ੍ਹਾਂ ਦੀ ਵਿਲੱਖਣਤਾ ਸਵੈਸਿੱਧ ਹੈ। ਤੱਤਕਾਲੀਨ ਸਾਮਾਜਿਕ ਸੰਦਰਭ ਵਲ ਸੰਕੇਤ ਕਰਨ ਵਾਲੇ ਸ਼ਲੋਕਾਂ ਵਿਚ ਗੁਰੂ ਨਾਨਕ ਦੇਵ ਨੇ ਆਪਣੀ ਆਲੋਚਨਾ-ਦ੍ਰਿਸ਼ਟੀ ਦਾ ਪ੍ਰਮਾਣ ਦਿੱਤਾ ਹੈ। ਇਸ ਵਰਗ ਦੇ ਕੁਝ ਸ਼ਲੋਕ ਨਿਮਨ-ਅੰਕਿਤ ਹਨ-

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨ੍ਹਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥"
ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥"

• ਇਸ ਤਰ੍ਹਾਂ ਇਨ੍ਹਾਂ ਸ਼ਲੋਕਾਂ ਵਿਚ ਗੁਰੂ ਕਵੀ ਨੇ ਆਪਣੇ ਵੇਲੇ ਦੇ ਧਰਮਾਂ ਅਤੇ ਪ੍ਰਚੱਲਤ ਧਰਮ-ਸਾਧਨਾਵਾਂ ਦੀ ਸਥਿਤੀ ਦਾ ਬਿਆਨ ਕੀਤਾ ਹੈ। ਪਰ ਅਗਲੇਰੇ ਸ਼ਲੋਕਾਂ ਵਿਚ ਉਹ ਦੰਭੀ ਚਰਿਤਰ ਵਾਲੇ ਧਾਰਮਿਕ ਵਿਅਕਤੀਆਂ ਅਤੇ ਆਗੂਆਂ ਦੀ ਤਿੱਖੀ ਆਲੋਚਨਾ ਵੀ ਕਰਦੇ ਹਨ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥2॥"

• ਸਮੁੱਚੇ ਰੂਪ ਵਿਚ ਆਸਾ ਦੀ ਵਾਰ ਅਧਿਆਤਮ-ਚਿੰਤਨ ਦੇ ਨਾਲ ਨਾਲ ਤੱਤਕਾਲੀਨ ਸਮਾਜ-ਸਭਿਆਚਾਰ ਦੀ ਹਕੀਕਤ ਨਾਲ ਵੀ ਸਿਰਜਣਾ ਦਾ ਸਰੋਕਾਰ ਜੋੜਦੀ ਹੈ ਅਤੇ ਪ੍ਰਚੱਲਤ ਧਰਮਾਂ, ਸੰਸਥਾਵਾਂ, ਅਤੇ ਰਾਜਸੀ ਵਿਵਸਥਾ ਉੱਪਰ ਆਲੋਚਨਾਤਮਕ ਟਿੱਪਣੀਆਂ ਵੀ ਪੇਸ਼ ਕਰਦੀ ਹੈ। ਅਜਿਹੀ ਸਥਿਤੀ ਵਿਚ ਇਸ ਵਾਰ ਨੂੰ ਇਤਿਹਾਸਕਾਰਾਂ ਨੇ ਵੀ ਆਪਣੀ ਸਰੋਤ-ਮੂਲਕ ਸਮੱਗਰੀ ਵਜੋਂ ਪਛਾਣਿਆਂ ਹੈ। ਇਸੇ ਵਾਰ ਨੂੰ ਅਸੀਂ ਲੋਕਧਾਰਾਈ ਪਰਿਪੇਖ ਵਿਚ ਰੱਖ ਕੇ ਵਿਚਾਰਦਿਆਂ ਇਸਦੇ ਮਹੱਤਵ ਦਾ ਨਵਾਂ ਪਾਸਾਰ ਖੋਲ੍ਹ ਸਕਦੇ ਹਾਂ। ਇੱਥੇ ਗੁਰੂ ਕਵੀ ਆਪਣੇ ਅਧਿਆਤਮਕ ਸੰਦੇਸ਼ ਨੂੰ ਸੰਚਾਰਿਤ ਕਰਨ ਲਈ ਲੋਕ-ਵਾਰ ਦੀ ਵਿਧੀ ਤੇ ਤਕਨੀਕ ਦਾ ਸਾਰਥਕ ਪ੍ਰਯੋਗ ਕਰਨ ਵਲ ਰੁਚਿਤ ਹੁੰਦੇ ਦ੍ਰਿਸ਼ਟੀਗੋਚਰ ਹੁੰਦੇ ਹਨ।

• ਇਸ ਤਰ੍ਹਾਂ ਜ਼ਾਹਰ ਹੈ ਕਿ ਗੁਰਮਤਿ ਕਾਵਿ ਦੇ ਅੰਤਰਗਤ ਰਚੀਆਂ ਗਈਆਂ ਵਾਰਾਂ ਲੋਕ ਵਾਰ ਦੇ ਰੂਪਾਕਾਰ ਨਾਲੋਂ ਭਿੰਨ ਤੇ ਵਿਲੱਖਣ ਹਨ। ਇਨ੍ਹਾਂ ਵਾਰਾਂ ਦੀ ਬਾਰਹਰਮੁਖੀ ਸੰਰਚਨਾ ਤਾਂ ਭਾਵੇਂ ਲੋਕ ਵਾਰ ਨਾਲ ਮੇਲ ਖਾਂਦੀ ਹੈ ਪਰ ਇਨ੍ਹਾਂ ਦੀ ਵਸਤੂ-ਸਮੱਗਰੀ ਲੌਕਿਕ ਸਰੋਕਾਰਾਂ ਨਾਲ ਨਹੀਂ ਸਗੋਂ ਪਰਮਾਰਥਕ ਸਰੋਕਾਰਾਂ ਨਾਲ ਸੰਬੰਧਿਤ ਹੈ। ਇਹ ਵੀ ਆਖਿਆ ਜਾ ਸਕਦਾ ਹੈ ਕਿ ਅਧਿਆਤਮਕ ਵਾਰ ਲੋਕ ਵਾਰ ਦਾ ਪ੍ਰਯੋਗਸ਼ੀਲ ਰੂਪਾਂਤਰਣ ਹੈ। ਇਸੇ ਵਿਚ ਹੀ ਇਸਦੀ ਮੌਲਿਕਤਾ ਅਤੇ ਵਿਲੱਖਣਤਾ ਦਾ ਰਹੱਸ ਛੁਪਿਆ ਹੋਇਆ ਹੈ।

• ਇਸੇ ਤਰ੍ਹਾਂ ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਅਧਿਆਤਮਕ ਵਾਰਾਂ ਦਾ ਹੀ ਅਨੁਸਰਣ ਕੀਤਾ ਹੈ। ਪਰ ਇਨ੍ਹਾਂ ਵਾਰਾਂ ਵਿਚ ਇਕ ਮੌਲਿਕ ਅੰਤਰ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਹ ਇਹ ਹੈ ਕਿ ਇਹ ਵਾਰਾਂ

ਮੁੱਖ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੇ ਮੂਲ ਸੰਕਲਪਾਂ ਦੀ ਵਿਆਖਿਆ ਨਾਲ ਸੰਬੰਧਿਤ ਹਨ। ਇਸੇ ਲਈ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਵੀ ਆਖਿਆ ਜਾਂਦਾ ਹੈ। ਤਾਂ ਵੀ ਇਨ੍ਹਾਂ ਵਾਰਾਂ ਵਿਚ ਭਾਈ ਗੁਰਦਾਸ ਨੇ ਭਾਰਤੀ ਲੋਕ ਮਨ ਵਿਚ ਵਸੇ ਹੋਏ ਪੌਰਾਣਿਕ ਪ੍ਰਸੰਗਾਂ ਅਤੇ ਲੋਕਧਾਰਾਈ ਵਿਸ਼ਵਾਸ਼-ਧਾਰਣਾਵਾਂ ਦੀ ਢੁਕਵੀਂ ਵਰਤੋਂ ਕੀਤੀ ਹੈ। ਇਕ ਤਰ੍ਹਾਂ ਨਾਲ ਲੋਕਧਾਰਾਈ ਸਮੱਗਰੀ ਨੂੰ ਅਰਥ-ਸੰਚਾਰ ਦੀ ਜੁਗਤ ਬਣਾਇਆ ਗਿਆ ਹੈ ਜੋ ਆਪਣੇ ਆਪ ਵਿਚ ਮਹੱਤਵਪੂਰਣ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਇਸ ਪੱਖੋਂ ਅਦੁੱਤੀ ਹੈ। ਇਸ ਵਿਚ ਗੁਰੂ ਨਾਨਕ ਨੂੰ ਧਰਮ-ਪ੍ਰਵਰਤਕ ਦੇ ਰੂਪ ਵਿਚ ਸਥਾਪਿਤ ਕਰਦਿਆ ਲੋਕ-ਬਿਰਤਾਂਤ ਦੀਆਂ ਅਨੇਕਾਂ ਕਥਾਨਕ-ਰੂੜ੍ਹੀਆਂ ਦੀ ਵਰਤੋਂ ਕੀਤੀ ਗਈ ਹੈ। ਮਿਸਾਲ ਵਜੋਂ ਇਸ ਵਾਰ ਦੀਆਂ ਮੰਗਲਾਚਰਣ ਵਾਲੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਨਮਸਕਾਰ ਗੁਰਦੇਵ ਕੋ ਸਤਨਾਮੁ ਜਿਸ ਮੰਤ੍ਰ ਸੁਣਾਯਾ॥
ਭਵਜਲ ਵਿੱਚੋਂ ਕੱਢਕੇ ਮੁਕਤਿ ਪਦਾਰਥ ਮਾਂਹਿ ਸਮਾਯਾ॥
ਜਨਮ ਮਰਨ ਭਉ ਕੱਟਿਆ ਸੰਸਾ ਰੋਗ ਵਿਜੋਗ ਮਿਟਾਯਾ॥
ਸੰਸਾ ਇਹ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਯਾ॥
ਜਮਦੰਡ ਸਿਰੋਂ ਨ ਉਤਰੈ ਸਾਕਤ ਦੁਰਜਨ ਜਨਮ ਗਵਾਯਾ॥
ਚਰਨ ਗਹੇ ਗੁਰਦੇਵ ਕੇ ਸਤਿ ਸਬਦ ਦੇ ਮੁਕਤਿ ਕਰਾਯਾ॥
ਭਾਇ ਭਗਤ ਗੁਰਪੁਰਬ ਕਰ ਨਾਮ ਦਾਨ ਇਸ਼ਨਾਨ ਦ੍ਰਿੜਾਯਾ॥
ਜੇਹਾ ਬੀਉ ਤੇਹਾ ਫਲ ਪਾਯਾ ॥1॥

• ਇਨ੍ਹਾਂ ਪੰਗਤੀਆਂ ਵਿਚ ਕਵੀ ਨੇ ਆਪਣੇ ਰਚਨਾ-ਨਾਇਕ ਦੇ ਜੀਵਨ ਸੰਦੇਸ਼ ਨੂੰ ਦ੍ਰਿੜ੍ਹ ਕਰਦਿਆਂ ਉਸਦੀ ਰੂਹਾਨੀ ਵਿਲੱਖਣਤਾ ਦਾ ਅਹਿਸਾਸ ਜਗਾਇਆ ਹੈ। ਸਮੁੱਚੀ ਵਾਰ ਵਿਚ ਗੁਰੂ ਨਾਨਕ ਦੇਵ ਦੇ ਇਸੇ ਕ੍ਰਾਂਤੀਕਾਰੀ ਬਿੰਬ ਨੂੰ ਉਸਾਰਨ ਲਈ ਲੋਕ ਰੂੜ੍ਹੀਆਂ ਦਾ ਸਹਾਰਾ ਲਿਆ ਗਿਆ ਹੈ। ਇਸ ਮੰਤਵ ਲਈ ਇਸ ਵਾਰ ਦੀ 23ਵੀਂ ਪਉੜੀ ਦੀਆਂ ਇਹ ਪੰਗਤੀਆਂ ਦ੍ਰਿਸ਼ਟੀਗੋਚਰ ਹਨ :

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ॥

ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ॥
ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ॥
ਕਲਿ ਤਾਰਣ ਗੁਰ ਨਾਨਕ ਆਯਾ ॥23॥

- ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਮੱਧਕਾਲੀ ਪੰਜਾਬੀ ਵਾਰ ਕਾਵਿ ਦਾ ਪੰਜਾਬ ਦੀ ਲੋਕ ਧਾਰਾ ਨਾਲ ਨਜ਼ਦੀਕੀ ਤੇ ਡੂੰਘਾ ਰਿਸ਼ਤਾ ਹੈ। ਪੰਜਾਬੀ ਵਿਚ ਇਸ ਕਾਵਿ-ਰੂਪ ਦਾ ਆਗ਼ਾਜ਼ ਹੀ ਲੋਕ-ਕਾਵਿ ਦੇ ਤੌਰ ਤੇ ਹੋਇਆ ਹੈ। ਇਸ ਤੋਂ ਬਾਦ ਇਸਦਾ ਵਿਕਾਸ ਵੀਰ ਰਸੀ ਵਾਰ ਅਤੇ ਅਧਿਆਤਮਕ ਵਾਰ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਪਰ ਇਨ੍ਹਾਂ ਦੋਹਾਂ ਹੀ ਪ੍ਰਵਿਰਤੀਆਂ ਦੇ ਮਾਧਿਅਮ ਰਾਹੀਂ ਹੋਂਦ ਵਿਚ ਆਈ ਸਮੁੱਚੀ ਵਾਰ ਕਾਵਿ ਪਰੰਪਰਾ ਲੋਕ ਕਾਵਿ ਦੀਆਂ ਰਚਨਾ-ਜੁਗਤਾਂ ਅਤੇ ਸਿਰਜਣਾਤਮਕ ਪ੍ਰਭਾਵ ਨਾਲ ਸੰਵਾਦ ਰਚਾਉਂਦੀ ਹੈ ਅਤੇ ਇਕ ਪ੍ਰਯੋਗਸ਼ੀਲ ਤੇ ਵਿਲੱਖਣ ਕਾਵਿਧਾਰਾ ਦੇ ਰੂਪ ਵਿਚ ਪ੍ਰਵਾਹਿਤ ਹੁੰਦੀ ਹੈ।ਯੁੱਧ ਸਬੰਧੀ ਕਾਵਿ ਨੂੰ ‘ਵਾਰ’ ਕਹਿੰਦੇ ਹਨ। ਅਜਿਹਾ ਕਾਵਿ ਜਿਸ ਵਿਚ ਯੋਧਿਆਂ ਦੀ ਸੂਰਬੀਰਤਾ ਦਾ ਵਰਣਨ ਕੀਤਾ ਹੋਵੇ। ਅਜਿਹੀ ਰਚਨਾ ਨੂੰ ਵੀ ਵਾਰ ਕਹਿੰਦੇ ਹਨ ਜਿਸ ਵਿਚ ਕਵਿਤਾ ਦੀ ਇਕ ਖਾਸ ਵਿਧੀ ‘ਪਉੜੀ’ ਛੰਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਨਮੂਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਆਸਾ ਕੀ, ਮਾਝ ਦੀ ਵਾਰ ਅਤੇ ਹੋਰ ਰਾਗਾਂ ਵਿਚ ਵਾਰਾਂ ਹਨ। ਇਨ੍ਹਾਂ ਵਾਰਾਂ ਉਤੇ ਵੀ ਲਿਖਿਆ ਹੈ ਕਿ ਪੰਜਾਬੀ ਸਭਿਆਚਾਰ ਵਿਚ ਪ੍ਰਚੱਲਤ ਕਿਸ ਵਾਰ ਦੀ ਧੁੰਨੀ ਤੇ ਗਾਉਣਾ ਹੈ ਜਿਵੇਂ “ਟੁੰਡੇ ਅਸਰਾਜੇ ਕੀ ਧੁੰਨੀ ਗਾਵਣਾ”। ਇਹ ਪ੍ਰਚਲਤ ਵਾਰਾਂ ਵੀ ਬੀਰ-ਰਸ ਨਾਲ ਭਰਭੂਰ ਹਨ। ਚੰਡੀ ਦੀ ਵਾਰ ਜਾਂ ਦੁਰਗਾ ਦੀ ਵਾਰ ਦਾ ਸਬੰਧ ਵੀ ਬੀਰ-ਰਸ ਨਾਲ ਹੈ।

ਜੋਨ ਡੋਸਨ ਅਨੁਸਾਰ “ਇਹ ਸ਼ਿਵ ਜੀ ਦੀ ਪਤਨੀ ਅਤੇ ਹਿਮਾਵਤ (ਹਿਮਾਲਿਆ) ਦੀ ਧੀ ਹੈ। ਮਹਾਂਭਾਰਤ ਵਿਚ ਇਸ ਦੇ ਕਈ ਨਾਵਾਂ ਅਤੇ ਅਨੇਕ ਵਿਲੱਖਣ ਲਛਣਾਂ ਸਮੇਤ ਵਰਨਣ ਕੀਤਾ ਗਿਆ ਹੈ, ਪਰ ਪੁਰਾਣਾ ਅਤੇ ਪਿਛਲੇਰੀਆਂ ਰਚਨਾਵਾਂ ਵਿਚ ਇਸ ਦੀ ਵਿਸ਼ੇਸ਼ਤਾ ਵਧੇਰੇ ਰੂਪਮਾਨ ਹੋਈ ਹੈ। ਸ਼ਕਤੀ ਅਰਥਾਤ ਸ਼ਿਵਜੀ ਦੇ ਇਸਤ੍ਰੀ ਸ਼ਕਤੀ ਦੇ ਰੂਪ ਵਿਚ ਇਸ ਦੇ ਦੋ ਸਰੂਪ ਹਨ, ਇਕ ਸਨਿਮਰ ਅਤੇ ਦੂਸਰਾ ਭਿਅੰਕਰ ਇਸ ਦੇ ਦੂਸਰੇ ਸਰੂਪ ਦੀ ਵਿਸ਼ੇਸ ਕਰਕੇ ਅਰਾਧਨਾ ਕੀਤੀ ਜਾਂਦੀ ਹੈ। ਇਸ ਦੇ ਅਨੇਕਾਂ ਨਾਂ ਹਨ ਜਿਹੜੇ ਇਸ ਦੇ ਭਿੰਨ ਭਿੰਨ ਰੂਪਾਂ, ਗੁਣਾਂ ਅਤੇ ਕਰਮਾਂ ਨਾਲ ਸਬੰਧ ਰਖਦੇ ਹਨ, ਪਰ ਇਹ ਨਾਂ ਹਮੇਸ਼ਾ ਠੀਕ ਅਤੇ ਨਿਖੜਵੇਂ ਰੂਪ ਵਿਚ ਪ੍ਰਯੋਗ ਨਹੀਂ ਕੀਤੇ ਜਾਂਦੇ। ਆਪਣੇ ਸਨਿਮਰ ਰੂਪ ਵਿਚ ਇਹ ਦੇਵੀ ਉਮਾ ‘ਪ੍ਰਕਾਸ਼’, ਸੁੰਦਰਤਾ ਦੀ ਮੂਰਤੀ ਗੌਰੀ, ‘ਪੀਲੇ ਰੰਗ ਵਾਲੀ’ ਜਾਂ ‘ਪ੍ਰਤਿਭਾ ਵਾਲੀ’, ਪਾਰਬਤੀ ‘ਪਹਾੜਨ’ ਅਤੇ ਕੁਝ ਦੇ ਨਾਂ ਵਜੋਂ ਹੈਮਵਤੀ ਜਗਨ ਮਾਤਾ, ਸੰਸਾਰ ਦੀ ਮਾਂ’ ਅਤੇ ਭਵਾਨੀ ਹੈ। ਭਿਅੰਕਰ ਰੂਪ ਵਿਚ ਇਹ ਦੁਰਗਾ ਅਪਹੁੰਚ, ਕਾਲੀ ਤੇ ਸ਼ਯਾਮਾ, ‘ਕਾਲੇ ਰੰਗ ਦੀ’ ਅਤੇ ਚੰਡਿਕਾ; ਭਿਅੰਕਰ ਅਤੇ ਭੈਰਵੀ ਵਿਕਰਾਲ ਹੈ। “ਚੰਡੀ ਮਾਹਾਤਮਯ” ਜਿਸ ਵਿਚ ਦੇਵੀ ਦੀਆਂ ਰਾਖਸ਼ਾਂ ਉਤੇ ਹੋਈਆਂ ਜਿੱਤਾਂ ਦਾ ਵਰਣਨ ਕੀਤਾ ਗਿਆ ਹੈ ਉਸ ਵਿਚ ਇਸ ਦਾ ਨਿਮਨ ਲਿਖਤ ਨਾਵਾਂ ਅਧੀਨ ਵਰਣਨ ਮਿਲਦਾ ਹੈ। “ਦੁਰਗਾ, ਜਦੋਂ ਇਸ ਨੂੰ ਰਾਖ਼ਸ਼ਾਂ ਦਾ ਦੂਤ ਮਿਲਿਆ...... ਆਦਿ”।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜਕ ਬਰਾਬਰੀ, ਧਰਮ ਦੀ ਬਹਾਲੀ, ਮਨੁੱਖੀ ਸਵੈਮਾਨ ਅਤੇ ਉਸ ਦੀ ਮੁੱਢਲੀ ਆਜ਼ਾਦੀ ਦੀ ਬਹਾਲੀ ਦਾ ਜੋ ਕਾਰਜ ਅਰੰਭ ਕੀਤਾ ਸੀ ਉਸ ਮਿਸ਼ਨ ਦੀ ਪੂਰਤੀ ਲਈ ਸਭ ਤੋਂ ਜ਼ਰੂਰੀ ਅਤੇ ਅਹਿਮ ਲੋੜ ਸੀ ਮਾਨਵ ਮਾਨਸਿਕਤਾ ਨੂੰ ਬਦਲਣ ਦੀ। ਸਦੀਆਂ ਤੋਂ ਵਰਣ-ਆਸ਼ਰਮੀ ਉਚ-ਨੀਚ, ਯੋਗ ਅਤੇ ਤਿਆਗ ਦੀ ਭਾਂਜਵਾਦੀ ਰੁਚੀ, ਕਰਮ-ਕਾਂਡੀ ਵਹਿਮ ਰਾਹੀਂ ਮਸ਼ਰੂਤ ਹੋ ਚੁੱਕੀ ਮਾਨਸਿਕਤਾ ਨੂੰ ਬਦਲਣਾ ਕੋਈ ਸੌਖਾ ਕੰਮ ਨਹੀਂ ਸੀ। ਇਹ ਕਾਰਜ਼ ਇਕ ਜਾਮੇ ਵਿਚ ਪੂਰਾ ਨਹੀਂ ਹੋ ਸਕਦਾ ਇਸ ਦਾ ਅਨੁਭਵ ਗੁਰੂ ਨਾਨਕ ਦੇਵ ਜੀ ਨੂੰ ਆਪਣੀ ਦਿਬ-ਦ੍ਰਿਸ਼ਟੀ ਰਾਹੀ ਹੋ ਗਿਆ ਹੋਇਆ ਸੀ। ਇਸੇ ਲਈ ਉਹਨਾਂ ਨੇ ਆਪਣੀ ਜੋਤਿ ਭਾਈ ਲਹਿਣੇ ਵਿਚ ਰੱਖ ਕੇ ਉਸ ਨੂੰ ਗੁਰੂ ਅੰਗਦ ਦੇਵ ਥਾਪਿਆ। ਇਸ ਮਿਸ਼ਨ ਦੀ ਪੂਰਤੀ ਹਿੱਤ ਨੌਂ ਗੁਰੂ ਸਾਹਿਬਾਨ ਨੇ ਆਪਣਾ ਆਪਣਾ ਯੋਗਦਾਨ ਪਾਇਆ। ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਂਵੀ ਨਾਨਕ ਜੋਤਿ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਦੇਣੀ ਪਈ। ਛੇਵੀਂ ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸੰਤ ਅਤੇ ਸਿਪਾਹੀ ਨੂੰ ਇਕ ਕਰ ਦਿਤਾ। ਮਨੁੱਖ ਦੇ ਸੰਪੂਰਨ ਵਿਕਾਸ ਲਈ ਇਹ ਜਰੂਰੀ ਸੀ। ਇਸੇ ਕਾਰਜ ਦੀ ਪੂਰਤੀ ਲਈ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਦੀ ਰਚਨਾ ਕੀਤੀ। ਦਸਵੀਂ ਜੋਤਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕਾਰਜ ਨੂੰ ਸੰਪੂਰਨਤਾ ਬਖਸ਼ਣ ਹਿੱਤ ਇਹ ਜੋਰਦਾਰ ਮੁਹਿੰਮ ਚਲਾਈ। ਇੱਕ ਵਿਦਵਾਨ ਅਨੁਸਾਰ, "ਗੁਰੂ ਸਾਹਿਬ ਜਾਣਦੇ ਸਨ ਕਿ ਕੌਮਾਂ ਦੇ ਮਨਾਂ, ਸੁਭਾਵਾਂ, ਰੁਚੀਆਂ ਅਤੇ ਆਚਰਨ ਨੂੰ ਘੜਨ ਅਤੇ ਖਾਸ ਸੰਚੇ ਵਿਚ ਢਾਲਣ ਦੇ ਕੰਮ ਵਿਚ ਸਾਹਿਤ, ਖਾਸ ਕਰਕੇ ਕਵਿਤਾ ਦੇ ਰੂਪ ਵਿਚਲਾ ਸਾਹਿਤ ਬਹੁਤ ਗੁਣਕਾਰੀ ਹੁੰਦਾ ਹੈ। ਇਸ ਵਾਸਤੇ ਕੌਮ ਉਸਾਰੀ ਦੇ ਪ੍ਰੋਗਰਾਮ ਵਿਚ ਆਪ ਨੇ ਪਹਿਲਾ ਨੰਬਰ ਸਾਹਿਤ ਦੀ ਰਚਨਾ ਨੂੰ ਦਿੱਤਾ। ਆਪ ਨੇ ਸੰਸਕ੍ਰਿਤ ਦੇ ਪੁਰਾਤਨ ਗ੍ਰੰਥ ਪੜ੍ਹੇ ਅਤੇ ਵਿਚਾਰੇ। ਫੇਰ ਆਪ ਨੇ ਪੁਰਾਣਾਂ, ਰਾਮਾਇਣ, ਮਹਾਂਭਾਰਤ ਆਦਿ ਦੇ ਸੂਰਮਿਆਂ ਦੀਆਂ ਕਥਾਵਾਂ ਦਾ ਉਲਥਾ ਕਰਵਾਉਣਾ ਸ਼ੁਰੂ ਕਰ ਦਿੱਤਾ। ਇਸ ਮਹਾਨ ਕੰਮ ਵਿਚ ਛੇਤੀ ਸਫਲਤਾ ਪ੍ਰਾਪਤ ਕਰਨ ਦੀ ਖਤਾਰ ਆਪ ਨੇ ਦੇਸ਼ ਭਰ ਦੇ ਕਵੀਆਂ ਨੂੰ ਸੱਦਾ ਦਿੱਤਾ ਅਤੇ ਆਪਣੇ ਦਰਬਾਰ ਵਿਚ ਰੱਖਿਆ। ਇਨ੍ਹਾਂ ਵਿਚੋਂ ਉਘੇ ਕਵੀਆਂ ਦੀ ਗਿਣਤੀ 52 ਸੀ। ਸਿੱਖ ਧਰਮ ਦੀ ਖੁਸ਼ਬੋ ਸਾਰੇ ਹਿੰਦੁਸਤਾਨ ਵਿਚ ਦੂਰ ਦੂਰ ਤਕ ਫੈਲ ਚੁੱਕੀ ਸੀ। ਮੁਗਲੀਆ ਹਕੂਮਤ ਦੇ ਜ਼ੁਲਮ ਪਰਜਾ ਤੇ ਦਿਨੋ ਦਿਨ ਵਧਦੇ ਜਾਂਦੇ ਸੀ। ਕੋਮਲ ਕਵੀ ਰੂਹਾਂ ਆਪਣੇ ਆਪ ਗੁਰੂ ਦਰਬਾਰ ਵੱਲ ਖਿਚੀਆਂ ਆ ਰਹੀਆਂ ਸਨ। ਭਾਈ ਨੰਦ ਲਾਲ ਵਰਗੇ ਮਹਾਨ ਕਵੀਆਂ ਦਾ ਗੁਰੂ ਚਰਨਾਂ ਵਿਚ ਆਉਣਾ ਇਸੇ ਖੁਸ਼ਬੋ ਦਾ ਕ੍ਰਿਸ਼ਮਾ ਸੀ। ਦਸਮ ਪਾਤਿਸ਼ਾਹ ਹਜ਼ੂਰ ਤੱਕ ਪਹੁੰਚਦਿਆਂ ਮਾਨਵ ਮਾਨਸਿਕਤਾ ਵਿਚ ਏਨਾ ਕੁ ਬਦਲਾਅ ਆ ਚੁੱਕਾ ਸੀ ਕਿ ਉਸ ਨੂੰ ਤਿਆਰ-ਬਰ-ਤਿਆਰ ਸੰਤ ਅਤੇ ਸਿਪਾਹੀ ਦੇ ਸਿਖਰਲੇ ਸਰੂਪ ਖਾਲਸਾ ਵਿਚ ਤਬਦੀਲ ਕੀਤਾ ਜਾ ਸਕੇ। ਔਰੰਗਜ਼ੇਬੀ ਦਮਨਕਾਰੀ ਸ਼ਕਤੀਆਂ ਦਾ ਬੋਝ ਧਰਤੀ ਤੇ ਵਧਦਾ ਜਾਂਦਾ ਸੀ ਜਿਨ੍ਹਾਂ ਨੂੰ ਹਥਿਆਰਬੰਦ ਟੱਕਰ ਦੇਣੀ ਜ਼ਰੂਰੀ ਹੋ ਗਈ ਸੀ। ਇਹ ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ ਜੀ ਦੀ 'ਧਰਮ ਹੇਤਿ' ਦਿੱਤੀ ਸ਼ਹੀਦੀ ਨੇ ਸਾਬਤ ਕਰ ਦਿੱਤਾ ਸੀ। ਗੁਰੂ ਮਹਾਰਾਜ ਨੇ ਸਿੱਖ ਨੂੰ ਸਿੰਘ ਸਜਾਉਣ ਦੇ ਆ ਚੁੱਕੇ ਵਕਤ ਨੂੰ ਅਨੁਭਵ ਕਰ ਲਿਆ ਸੀ। ਇਸ ਲਈ ਉਹਨਾਂ ਨੇ ਕੌਮ ਉਸਾਰੀ ਦੇ ਪ੍ਰੋਗਰਾਮ ਦੀ ਪੂਰਤੀ ਵਾਸਤੇ ਖਾਲਸਾ

ਸਾਜਣ ਦਾ ਨਿਸ਼ਚਾ ਕਰ ਲਿਆ। ਦਸ਼ਮੇਸ਼ ਦੇ ਦਰਬਾਰ ਵਿਚ ਹਰ ਤਰ੍ਹਾਂ ਦੇ ਵਿਦਵਾਨ ਸਨ। "ਕੁਝ ਵਿਦਵਾਨ ਪੰਡਤਾਂ ਦਾ ਕਹਿਣਾ ਸੀ ਕਿ ਦੁਰਗਾ ਦੇਵੀ ਨੂੰ ਖੁਸ਼ ਕਰਨ ਲਈ ਹਵਨ-ਜੱਗ ਕੀਤਾ ਜਾਵੇ ਅਤੇ ਉਸ ਤੋਂ ਵਰ ਮੰਗਿਆ ਜਾਵੇ ਤਾਂ ਉਹ ਸਾਰੇ ਕਸ਼ਟ ਦੂਰ ਕਰ ਦੇਵੇਗੀ"। ਗੁਰਮਤਿ ਸਿਧਾਂਤ ਇਕ ਅਕਾਲ ਪੁਰਖ ਦੀ ਅਰਾਧਨਾਂ ਤੋਂ ਬਿਨਾਂ ਹੋਰ ਕਿਸੇ ਵੀ ਦੇਵੀ ਦੇਵਤੇ ਦੀ ਪੂਜਾ-ਅਰਚਨਾ ਨੂੰ ਨਹੀਂ ਮੰਨਦਾ ਅਤੇ ਨਾ ਹੀ ਅਵਤਾਰਵਾਦ ਵਿਚ ਵਿਸ਼ਵਾਸ਼ ਰੱਖਦਾ ਹੈ। ਇਹ ਸਿਧਾਂਤ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਨਹੀਂ ਮਿਲਦਾ ਸਗੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਵੀ ਸਥਾਪਤ ਹੈ। ਗੁਰੂ ਮਹਾਰਾਜ ਅਨੁਸਾਰ ਅਰਾਧਨਾ ਤਾਂ ਸਿਰਫ ਉਸ ਇਕ ਦੀ ਕੀਤੀ ਜਾਣੀ ਹੈ ਜੋ:

ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ
ਆਦਿ ਪੁਰਖ ਉਦਾਰ ਮੂਰਤਿ, ਅਜੋਨਿ ਆਦਿ ਅਸੇਖ।
ਦੇਸ ਅਉਰ ਨ ਭੇਸ ਜਾਕਰ, ਰੂਪ ਰੇਖ ਨ ਰਾਗ।
ਜੱਤ੍ਰ ਤੱਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ॥2॥76॥ (ਜਾਪੁ ਸਾਹਿਬ)

ਅਤੇ

ਬਿਨ ਕਰਤਾਰ ਨ ਕਿਰਤਮ ਮਾਨੋਂ (ਸ਼ਬਦ ਹਜ਼ਾਰੇ)

ਦੇਵੀ-ਦੇਵਤਿਆਂ ਦੇ ਪਰਗਟ ਹੋਣ ਫਿਰ ਭਗਤਾਂ ਦੀ ਸਹਾਇਤਾ ਕਰਨ ਦੇ ਸਿਧਾਂਤ ਦੀ ਨਿਰਾਰਥਕਤਾ ਨੂੰ ਸਪਸ਼ਟ ਸਾਹਮਣੇ ਲਿਆਉਣ ਵਾਸਤੇ ਗੁਰੂ ਸਾਹਿਬ ਨੇ ਯੋਜਨਾ ਬਣਾਈ। ਪੰਡਤ ਕੇਸ਼ੋਰਾਮ ਨੂੰ ਬਨਾਰਸ ਤੋਂ ਸਦ ਕੇ ਹਵਨ ਕਰਨ ਲਈ ਕਿਹਾ ਗਿਆ ਤਾਂ ਕਿ ਉਹ ਦੇਵੀ ਦੁਰਗਾ ਨੂੰ ਪਰਗਟ ਕਰੇ। ਪੰਡਤ ਨੇ ਖੂਬ ਸਮੱਗਰੀ ਬਾਲੀ ਅਤੇ ਹਜ਼ਾਰਾਂ ਮੰਤ੍ਰ ਪੜ੍ਹੇ। ਦੇਵੀ ਦੇ ਮਿੰਨਤਾ ਤਰਲੇ ਕੀਤੇ ਪਰ ਉਹ ਪਰਗਟ ਨਾ ਹੋਈ। ਪੰਡਤ ਕੇਸ਼ੋ ਦਾਸ ਖਿਸਕ ਗਿਆ। ਗੁਰੂ ਜੀ ਨੇ ਰਹਿੰਦੀ ਸਮੱਗਰੀ ਹਵਨ ਦੀ ਅੱਗ ਵਿਚ ਸੁੱਟ ਦਿੱਤੀ ਅਤੇ ਅੱਗ ਦੇ ਮੱਚਦੇ ਭਾਂਬੜਾਂ ਵਿਚ ਤਲਵਾਰ ਸੂਤ ਕੇ ਬਾਂਹ ਉਚੀ ਕਰਕੇ ਹਿਲਾਈ ਅਤੇ ਲਲਕਾਰ ਕੇ ਕਿਹਾ, "ਤਾਕਤ ਦੀ ਸੱਚੀ ਦੇਵੀ ਇਹ ਜੇ! ਇਹ ਕਰਾਮਾਤਾਂ ਕਰ ਵਿਖਾਏਗੀ। ਇਹ ਤੁਹਾਡੀਆਂ ਮੁਸੀਬਤਾਂ ਦੂਰ ਕਰੇਗੀ, ਇਹ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿਚ ਤਾਕਤ ਤੇ ਆਜ਼ਾਦੀ ਦੇਵੇਗੀ, ਘਰਾਂ ਵਿਚ ਅਮਨ ਚੈਨ ਤੇ ਸੁੱਖ ਬਖਸ਼ੇਗੀ। ਇਹ ਤੁਹਾਡੇ ਸੰਗਲ ਕੱਟੇਗੀ। ਆਉ, ਇਸ ਦੇ ਉਪਾਸ਼ਕ ਬਣੋ"। ਇਸ ਤਰ੍ਹਾਂ ਖਾਲਸਾ ਸਾਜਣ ਦਾ ਗੁਰੂ ਸਾਹਿਬ ਨੇ ਫੈਸਲਾ ਕੀਤਾ ਅਤੇ ਇਸ ਵਾਸਤੇ ਵਿਸਾਖੀ ਦਾ ਦਿਨ ਸੰਨ 1699 ਮੁਕਰਰ ਕੀਤਾ। ਵੇਈਂ ਨਦੀ ਪ੍ਰਵੇਸ਼ 1499 ਤੋਂ ਤਕਰੀਬਨ 200 ਸਾਲ ਬਾਦ। ਚੰਡੀ ਦੀ ਵਾਰ ਵਿਚ ਦੇਵਤਿਆਂ ਅਤੇ ਦੈਤਾਂ ਦੇ ਯੁੱਧ ਵਿਚ ਸ਼ਿਵਜੀ ਦੀ ਘਰਵਾਲੀ ਪਾਰਬਤੀ ਜਾਂ ਦੁਰਗਾ ਨੇ ਜਿਸ ਬਹਾਦਰੀ ਨਾਲ ਦੈਂਤਾਂ ਨਾਲ ਲੜਾਈ ਕੀਤੀ ਅਤੇ ਉਹਨਾਂ ਨੂੰ ਹਰਾ ਕੇ ਉਹਨਾਂ ਤੋਂ ਰਾਜ-ਭਾਗ ਵਾਪਸ ਲੈਕੇ ਦੇਵਤਿਆਂ ਨੂੰ ਦਿਤਾ ਉਸ ਦਾ ਜ਼ਿਕਰ ਕੀਤਾ ਹੈ। ਇਸ ਬੀਰ-ਰਸ ਭਰਭੂਰ ਵਾਰ ਵਿਚ ਪੁਰਾਣੇ ਮਿੱਥ ਨੂੰ ਨਵਾਂ ਰੂਪ ਦਿੱਤਾ ਹੈ। ਚੰਡੀ ਦੀ ਵਾਰ ਵਿਚ ਮਾਰਕੰਡੇ

ਪੁਰਾਣ ਦੀ "ਦੁਰਗਾ ਸਪਤਸਤੀ" ਦਾ ਖੁਲਾਸਾ ਹੈ ਇਹ ਪੌਰਾਣਿਕ ਕਥਾ ਹੈ। ਪਰੰਪਰਕ ਅਰਥਾਂ ਵਿਚ, ਜਿਵੇਂ ਉਪਰ ਦੱਸਿਆ ਹੈ, ਭਗਉਤੀ ਜਾਂ ਭਗਵਤੀ ਦੁਰਗਾ ਦਾ ਇਕ ਨਾਮ ਹੈ ਅਤੇ ਇਹ ਤ੍ਰੈਮੂਰਤੀ ਦੇ ਇਕ ਦੇਵ ਸ਼ਿਵਜੀ ਦੀ ਘਰਵਾਲੀ ਹੈ। ਇਸ ਨੂੰ ਸ਼ਿਵਜੀ ਦੀ ਸ਼ਕਤੀ ਮੰਨਿਆ ਗਿਆ ਹੈ। ਮਿੱਥ ਕਿਸੇ ਵੀ ਚੀਜ਼ ਬਾਰੇ ਪੂਰਨ ਸਤਿ ਨਹੀਂ ਦੱਸਦੇ ਕਿਉਂਕਿ ਇਹ ਮਿਥ ਦਾ ਕਾਰਜ ਨਹੀਂ ਹੁੰਦਾ। ਇਹ ਚੀਜ਼ਾਂ ਦੇ ਸੁਭਾਅ ਦਾ ਦ੍ਰਿਸ਼ ਹੁੰਦੇ ਹਨ। ਦੁਰਗਾ ਦੇ ਇਸ ਯੁੱਧ ਦਾ ਮਿਥ ਲੋਕ-ਮਾਨਸਿਕਤਾ ਵਿਚ ਵੱਸ ਚੁਕਿਆ ਹੋਇਆ ਸੀ। ਲੋਕ-ਮਾਨਸਿਕਤਾ ਦੀ ਪੁਨਰ-ਸੁਰਜੀਤੀ ਲਈ ਮਿਥ ਨੂੰ ਸਮੇਂ ਅਨੁਸਾਰ ਕਰਨਾ ਪੈਂਦਾ ਹੈ। ਉਸ ਨੂੰ ਅਮਿਥਿਹਾਸਕ ਕਰਨਾ ਪੈਂਦਾ ਹੈ। ਲੋਕ-ਮਾਨਸਿਕਤਾ ਵਿੱਚ ਵਸੇ ਹੋਏ ਮਿਥ ਪੁਰਾਣੀਆਂ ਬਿਲਡਿੰਗਾਂ ਦੀ ਤਰ੍ਹਾਂ ਹੁੰਦੇ ਹਨ ਜਿਨ੍ਹਾਂ ਦੀ ਮੁਰੰਮਤ ਕਰਨ ਤੇ ਇਉਂ ਲੱਗਦਾ ਹੈ ਕਿ ਇਨ੍ਹਾਂ ਵਿਚ ਪੁਰਾਣਾ ਕੋਈ ਪੱਥਰ ਬਚਿਆ ਹੀ ਨਹੀਂ ਪਰ ਅਸਲ ਵਿਚ ਮੁਰੰਮਤ ਤੋਂ ਬਾਅਦ ਵੀ ਉਹਨਾਂ ਦੀ ਪੁਰਾਣੀ ਸ਼ਕਲ ਬਦਲਦੀ ਨਹੀਂ। ਇਸ ਦੀ ਦੁਬਾਰਾ ਰਚਨਾ ਦਾ ਮਕਸਦ ਲੋਕ-ਮਾਨਸਿਕਤਾ ਵਿਚ ਇਹ ਭਾਵਨਾ ਭਰਨਾ ਜਾਪਦਾ ਹੈ ਕਿ ਸੰਸਾਰ ਤੇ ਕੋਈ ਵੀ ਕਮਜ਼ੋਰ ਨਹੀਂ ਹੁੰਦਾ। ਖਾਸ ਕਰਕੇ ਉਹ ਤੇ ਬਿਲਕੁਲ ਵੀ ਕਮਜ਼ੋਰ ਨਹੀਂ ਹੁੰਦਾ ਜੋ ਨੇਕੀ ਅਤੇ ਧਰਮ ਨਾਲ ਖੜ੍ਹਾ ਹੈ। ਦੁਰਗਾ ਜਾਂ ਪਾਰਬਤੀ ਇਕ ਇਸਤ੍ਰੀ ਹੈ। ਇਸਤ੍ਰੀ ਇਕ ਬਹੁ-ਪਰਤੀ ਚਿੰਨ੍ਹਕ ਮੂਰਤ ਹੈ। ਦੁਰਗਾ ਨੂੰ ਇਥੇ ਬਹੁ-ਪਰਤੀ ਚਿੰਨ੍ਹਕ ਰੂਪ ਵਿਚ ਚਿਤਰਿਆ ਹੈ। ਸ਼ਿਵਜੀ ਦੀ ਪਤਨੀ ਹੋਣ ਦੇ ਨਾਤੇ ਉਹ ਰਸਮੀਂ ਪਵਿੱਤਰਤਾ ਦੀ ਮੂਰਤ ਹੈ। ਜਗਦੰਬਾ ਭਾਵ ਜਗਤ-ਮਾਂ ਦੇ ਰੂਪ ਵਿਚ ਉਹ ਜ਼ਿੰਦਗੀ ਨੂੰ ਸਹਿਣ ਕਰਨ ਵਾਲੀ ਅਤੇ ਰਹਿਮਤਾ ਵੰਡਣ ਵਾਲੀ ਹੈ। ਦੁਰਗਾ ਦੇ ਜਾਂ ਉਹ ਚੰਡੀ ਦੇ ਰੂਪ ਵਿਚ ਉਹ ਰਾਖਸ਼ਾਂ ਨੂੰ, ਜੋ ਬਦੀ ਦਾ ਪ੍ਰਤੀਕ ਹਨ, ਭਖਣ ਵਾਲੀ ਹੈ। ਇਸਤ੍ਰੀ ਦੇ ਬਹੁਪਰਤੀ ਚਿੰਨ੍ਹਾਤਮਕ ਰੂਪ ਨੂੰ ਅੱਖੋਂ-ਪਰੋਖੇ ਕਰਕੇ ਉਸ ਨੂੰ ਆਮ ਤੌਰ ਤੇ ਕਮਜੋਰ ਸਮਝਿਆ ਜਾਂਦਾ ਹੈ। ਇਸ ਵਾਰ ਇਹ ਦੱਸਿਆ ਹੈ ਕਿ ਦੈਂਤਾਂ ਤੋਂ ਦੇਵਤੇ ਡਰ ਕੇ ਦੁਰਗਾ ਕੋਲ ਗਏ, ਦੁਰਗਾ ਇਕੱਲੀ ਨੇ ਅਣਗਿਣਤ ਦੈਂਤਾਂ ਨੂੰ ਮਾਰਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਔਰੰਗਜੇਬ ਦੇ ਜ਼ੁਲਮ ਹਿੰਦੋਸਤਾਨੀ ਸਮਾਜ ਉਤੇ ਦਿਨੋ ਦਿਨੀ ਵਧਦੇ ਜਾ ਰਹੇ ਸਨ। ਲੋਕਾਂ ਨੂੰ ਜਬਰਦਸਤੀ ਧਰਮ ਬਦਲਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਅਜਿਹੇ ਸਮੇਂ ਲੋਕ ਮਾਨਸਿਕਤਾ ਵਿਚ ਇਹ ਚੇਤੰਨਤਾ ਜਗਾਉਣੀ ਜ਼ਰੂਰੀ ਸੀ ਕਿ ਉਹ ਕਮਜ਼ੋਰ ਨਹੀਂ ਹਨ ਅਤੇ ਮੁਗਲ ਬਾਦਸ਼ਾਹ ਤੋਂ ਆਪਣਾ ਰਾਜ-ਭਾਗ ਵਾਪਸ ਲੈ ਸਕਣ ਦੇ ਸਮਰਥ ਹੋ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਚਿੜੀਆਂ ਤੋਂ ਬਾਜ ਤੁੜਾਉਣ ਅਤੇ ਸਵਾ ਲੱਖ ਨਾਲ ਇਕ ਲੜਾਉਣ ਦਾ ਉਦੇਸ਼ ਲੋਕਾਂ ਦੇ ਸਾਹਮਣੇ ਰੱਖਣ ਦਾ ਇਰਾਦਾ ਧਾਰ ਲਿਆ। ਬਾਜ਼ ਦੇ ਚਿੜੀ ਦਾ ਸ਼ਿਕਾਰ ਹੋਣ ਦੇ ਬਿੰਬ ਨੂੰ ਤੋੜਨ ਦੀ ਠਾਣ ਲਈ। ਇਸ ਕਾਵਿ ਰਚਨਾ ਵਿਚ ਸਭ ਤੋਂ ਪਹਿਲਾਂ ਅਕਾਲ ਪੁਰਖ ਨੂੰ ਯਾਦ ਕੀਤਾ ਗਿਆ ਹੈ ਅਤੇ ਉਸ ਨੂੰ 'ਭਗਉਤੀ' ਕਿਹਾ ਹੈ। 'ਭਗਉਤੀ' ਤੋਂ ਅਰਥ ਸ੍ਰੀ ਸਾਹਿਬ ਹੈ ਭਾਵ ਪਰਮਾਤਮਾ ਨੂੰ ਸ਼ਸਤ੍ਰ ਕਿਹਾ ਹੈ। ਸ਼ਸਤ੍ਰ ਦੇ ਰੂਪ ਵਿਚ ਪਰਮਾਤਮਾ ਨੂੰ ਸਦਾ ਅੰਗ-ਸੰਗ ਅਤੇ ਰਖਿਅਕ ਕਿਹਾ ਹੈ। ਭਾਈ ਕਾਹਨ ਸਿੰਘ ਨਾਭਾ ਨੇ 'ਭਗਵਤੀ' ਜਾਂ 'ਭਗਉਤੀ' ਦੇ ਅਰਥ ਕਰਦਿਆਂ ਲਿਖਿਆ ਹੈ ਕਿ (1) ਭਗਉਤੀ, ਭਗਵਤ-ਭਕਤ ਕਰਤਾਰ ਦਾ ਉਪਾਸ਼ਕ "ਸੋ ਭਗਉਤ ਜੋ ਭਗਵੰਤੈ ਜਾਣੈ" (ਸੁਖਮਨੀ), (2) ਭਗਵਤ ਦੀ, "ਭਗਉਤੀ ਮੁਦ੍ਰਾ ਮਨ ਮੋਹਿਆ ਮਾਇਆ" (ਪ੍ਰਭਾਤੀ ਮ. 5), (3) ਭਗਵਤੀ ਦੁਰਗਾ ਦੇਵੀ, ਵਾਰ ਸ੍ਰੀ ਭਗਉਤੀ ਜੀ ਕੀ' (3) ਖੜਗ, ਸ੍ਰੀ ਸਾਹਿਬ (4) ਮਹਾਂਕਾਲ "ਪ੍ਰਿਥਮਤ ਭਗਉਤੀ ਸਿਮਰਕੈ" (5) ਇੱਕ ਛੰਦ।

ਭਗਉਤੀ ਪਰਮਾਤਮਾ ਦਾ ਸਿਮਰਨ ਕਰਨ ਵਾਲਾ ਭਗਤ ਵੀ ਹੈ ਅਤੇ ਭਗਉਤੀ ਦੁਰਗਾ ਦਾ ਵੀ ਨਾਂ ਹੈ ਜੋ ਰਾਖ਼ਸ਼ਾਂ ਦੇ ਰੂਪ ਵਿਚ ਵਿਆਪਕ ਬਦੀ ਨਾਲ ਜੂਝਦੀ ਹੈ ਅਤੇ ਉਨ੍ਹਾਂ ਉੱਤੇ ਜਿੱਤ ਪ੍ਰਾਪਤ ਕਰਦੀ ਹੈ। ਭਗਉਤੀ ਦੁਰਗਾ ਦੇ ਹੱਥ ਵਿਚ ਤਲਵਾਰ ਨੂੰ ਵੀ ਕਿਹਾ ਹੈ ਜੋ ਰਾਖਸ਼ਾਂ ਨੂੰ ਭਖਦੀ ਹੈ। ਦਸਮ ਗ੍ਰੰਥ ਵਿਚ ਰਚੀ ਦੁਰਗਾ ਦੀ ਵਾਰ ਵਿਚ ਭਗਉਤੀ ਦੇ ਅਰਥਾਂ ਦਾ ਕਾਇਆ ਕਲਪ ਹੋ ਜਾਂਦਾ ਹੈ। ਇਥੇ ਜਦੋਂ ਭਗਉਤੀ ਨੂੰ ਸਿਮਰਨ ਦੀ ਗੱਲ ਕੀਤੀ ਹੈ ਤਾਂ ਉਹ ਸਰਬ ਸਕਤੀਮਾਨ, ਜਾਗਤ ਜੋਤਿ, ਅਕਾਲ ਪੁਰਖ ਹੈ। ਪਰਮਾਤਮਾ ਨੂੰ ਸਰਬ ਕਾਲ ਦੋ-ਧਾਰਾ ਖੰਡ ਵੀ ਕਿਹਾ ਹੈ, ਜੋ ਘੜਨ ਅਤੇ ਭੰਨਣ ਦੇ ਸਮਰੱਥ ਹੈ, ਸੰਸਾਰ ਦਾ ਸਿਰਜਣਹਾਰ ਵੀ ਹੈ ਅਤੇ ਇਸ ਦਾ ਸੰਘਾਰ ਕਰਤਾ ਵੀ ਉਹ ਆਪ ਹੈ। ਸਿਖ-ਧਰਮ-ਚਿੰਤਨ ਵਿਚ ਆ ਕੇ ਤਲਵਾਰ ਕਿਰਪਾਨ ਬਣ ਜਾਂਦੀ ਹੈ, ਉਹ ਅਸਲੀ ਭਗਉਤੀ ਬਣ ਜਾਂਦੀ ਹੈ ਕਿਉਂਕਿ ਇਥੇ ਇਹ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੋ ਜਾਂਦੀ ਹੈ। ਭਗਤੀ ਅਤੇ ਸ਼ਕਤੀ ਦੇ ਸਮਾਨੰਤਰ ਧੁਰੇ ਨਾ ਰਹਿ ਕੇ ਦੂਸਰੇ ਵਿਚ ਸਮਿਲਤ ਹੋ ਜਾਂਦੇ ਹਨ। ਅਧਿਆਤਮਤਾ ਜਾਂ ਭਗਤੀ ਤੇਜ ਧਾਰਕ ਹੋ ਕੇ ਰਖਿਆ ਕਰਨ ਦੇ ਵੀ ਸਮਰੱਥ ਹੋ ਜਾਂਦੀ ਹੈ। ਕਿਰਪਾਨ ਜਿੱਥੇ ਜ਼ੁਲਮ ਦਾ ਬਧ ਕਰਦੀ ਹੈ ਉਥੇ ਮਜ਼ਲੂਮ ਦੀ ਰਖਿਆ ਵੀ ਕਰਦੀ ਹੈ। ਇਕ ਤਰਾਂ ਨਾਲ ਇਹ ਪਰਮਾਤਕ ਕਾਰਜ-ਉਦੇਸ਼ ਦੀ ਪ੍ਰਤੀਨਿਧਤਾ ਕਰਦੀ ਹੈ ਜਾਂ ਕਹਿ ਲਈਏ ਕਿ ਪਰਮਾਤਮਕ ਕਾਰਜ-ਉਦੇਸ਼ ਦੀ ਪੂਰਤੀ ਕਰਦੀ ਹੈ। ਇਸ ਵਾਰ ਵਿਚ ਪਹਿਲੇ ਗੁਰੂ ਨਾਨਕ ਦੇਵ ਜੀ ਤੋਂ ਲੇ ਕੇ ਨੋਵੇਂ ਗੁਰੂ ਤੇਗ ਬਹਾਦਰ ਜੀ ਤੱਕ ਗੁਰੂਆਂ ਨੂੰ ਯਾਦ ਕੀਤਾ ਹੈ ਅਤੇ ਨਾਲ ਹੀ ਜਾਗਿਤ ਜੋਤਿ ਸਰਬ ਸ਼ਕਤੀਮਾਨ ਪਰਮਾਤਮਾ ਦੀ ਪਛਾਣ ਕਰਾਈ ਹੈ। ਪਹਿਲੀ ਨਾਨਕ ਜੋਤਿ ਤੋਂ ਨੋਵੀਂ ਨਾਨਕ ਜੋਤਿ ਤਕ ਯਾਦ ਕਰਨ ਦਾ ਅਰਥ ਹੈ ਉਹਨਾਂ ਨਾਲ ਅਤੇ ਉਹਨਾਂ ਦੇ ਮਿਸ਼ਨ ਨਾਲ ਦਸਵੀਂ ਨਾਨਕ ਜੋਤਿ ਦੀ ਇਕ ਸੁਰਤਾ ਦੇ ਸਿਧਾਂਤ ਨੂੰ ਪਰਪੱਕ ਕਰਨਾ। ਜੋਤਿ ਅਤੇ ਜੁਗਤਿ ਰਾਹੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤੱਕ ਇਲਹਾਮ ਦੇ ਅਮਲ ਦੀ ਲਗਾਤਾਰਤਾ ਨੂੰ ਦੱਸਣਾ ਜਿਸ ਦੀ ਪੂਰਤੀ ਆ ਕੇ ਦਸਮ ਜੋਤਿ ਵਿਚ ਹੁੰਦੀ ਹੈ। ਫਿਰ ਖੰਡੇ(ਦੋ-ਧਾਰੀ 'ਸ੍ਰੀ ਸਾਹਿਬ') ਦੇ ਰੂਪ ਵਿਚ ਪਰਮਾਤਮਾ ਨੂੰ ਗੜ੍ਹਨ-ਭੰਜਨਹਾਰ ਦਸਿਆ ਹੈ। ਸੰਸਾਰ ਦੀ ਰਚਨਾ ਕਰਨ ਵਾਲਾ ਵੀ ਉਹੀ ਹੈ ਅਤੇ ਇਸ ਦਾ ਵਿਨਾਸ਼ ਕਰਨ ਵਾਲਾ ਵੀ ਉਹੀ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਦੇਵਤਿਆਂ ਨੂੰ ਬਾਕੀ ਕੁਦਰਤਿ ਦੇ ਨਾਲ ਹੀ ਪਰਮਾਤਮਾ ਵਲੋਂ ਸਾਜੇ ਹੋਏ ਮੰਨਿਆ ਹੈ। ਇਸ ਲਈ ਪਰਮਾਤਮਾ ਦੀ ਥਾਂ ਉਹਨਾਂ ਨੂੰ ਪੂਜਣ ਦਾ ਕੋਈ ਅਰਥ ਨਹੀਂ ਹੈ ਕਿਉਕਿ ਉਹ ਵੀ ਕੁਦਰਤਿ ਦਾ ਹਿੱਸਾ ਹਨ:

ਖੰਡਾ ਪ੍ਰਥਮਿ ਮਨਾਇਕੈ ਜਿਨ ਸਭ ਸੈਸਾਰ ਉਪਾਇਆ।
ਬ੍ਰਹਮਾ ਬਿਸ਼ਨੁ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਬਣਾਇਆ।

ਸੰਸਾਰ ਦੀ ਰਚਨਾ ਕਰਕੇ ਇਸ ਵਿਚ ਨੇਕੀ, ਜਿਸ ਦੇ ਪ੍ਰਤੀਕ ਦੇਵਤੇ ਹਨ ਅਤੇ ਬਦੀ, ਜਿਸ ਦੇ ਪ੍ਰਤੀਕ ਦੈਂਤ ਹਨ, ਦੀ ਰਚਨਾ ਵੀ ਪਰਮਾਤਮਾ ਨੇ ਆਪ ਹੀ ਕੀਤੀ। ਇਨ੍ਹਾਂ ਵਿਚ ਫਿਰ ਵਿਵਾਦ ਵੀ ਪਰਮਾਤਮਾ ਨੇ ਹੀ ਪਾਇਆ ਅਤੇ ਬਦੀ (ਦੈਂਤਾਂ) ਦੇ ਖਾਤਮੇ ਵਾਸਤੇ ਦੁਰਗਾ ਵਰਗੀ ਦੇਵੀ ਵੀ ਖੁਦ ਹੀ ਪੈਦਾ ਕੀਤੀ। ਨੇਕੀ ਅਤੇ ਬਦੀ ਦੇ ਸੰਘਰਸ਼ ਵਿਚ ਰਾਮ ਨੇ ਘੜਨ-ਭੰਨਣਹਾਰ, ਸ਼ਸਤ੍ਰ ਰੂਪ ਅਕਾਲ ਪੁਰਖ ਤੋਂ ਸ਼ਕਤੀ ਲੈਕੇ ਬਾਣਾਂ ਨਾਲ ਰਾਵਣ ਮਾਰਿਆ, ਕਿਸ਼ਨ ਨੇ ਕੰਸ ਦਾ ਬੱਧ

ਕੀਤਾ। ਇਥੇ ਰਾਮ ਅਤੇ ਕ੍ਰਿਸ਼ਨ ਧਰਮ ਦੇ ਪ੍ਰਤੀਕ ਹਨ। ਰਾਵਣ ਅਤੇ ਕੰਸ ਬਦੀ ਦੇ ਪ੍ਰਤੀਕ ਹਨ। ਅਕਾਲ ਪੁਰਖ ਨੂੰ ਪਾਉਣ ਲਈ ਹੀ ਵੱਡੇ ਵੱਡੇ ਰਿਸ਼ੀ ਮੁਨੀਆਂ ਨੇ ਕਠਿਨ ਤਪ ਕੀਤੇ। ਪਰ ਫਿਰ ਵੀ ਅਕਾਲਪੁਰਖ ਦੇ ਰਹੱਸ ਨੂੰ ਪੂਰੀ ਤਰ੍ਹਾਂ ਅਨੁਭਵ ਨਹੀਂ ਕਰ ਸਕੇ। ਇਸ ਭੂਮਿਕਾ ਰਾਹੀਂ ਗੁਰਮਤਿ-ਚਿੰਤਨ ਦਾ ਇਹ ਸਿਧਾਂਤ ਸਥਾਪਤ ਹੋ ਗਿਆ ਹੈ ਕਿ ਅਕਾਲਪੁਰਖ ਜਨਮ-ਮਰਨ ਵਿਚ ਨਹੀਂ ਆਉਂਦਾ। ਰਾਮ ਅਤੇ ਕ੍ਰਿਸ਼ਨ ਪਰਮ-ਹਸਤੀ ਨਹੀਂ ਹਨ ਸਗੋਂ ਪਰਮ-ਹਸਤੀ ਦੀ ਰਚਨਾ ਹਨ ਅਤੇ ਬਦੀ ਦੇ ਖਾਤਮੇ ਵਾਸਤੇ ਅਕਾਲਪੁਰਖ ਨੇ ਉਹਨਾਂ ਦੀ ਰਚਨਾ ਕੀਤੀ। ਉਹਨਾਂ ਦੀ ਕੋਈ ਆਪਣੀ ਅੱਡਰੀ ਹਸਤੀ ਨਹੀਂ ਸੀ ਸਗੋਂ ਉਹਨਾਂ ਨੇ ਇਹ ਸ਼ਕਤੀ ਅਕਾਲਪੁਰਖ ਤੋਂ ਪ੍ਰਾਪਤ ਕੀਤੀ। ਇਸੇ ਤਰ੍ਹਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਹਿੰਦੂ-ਤ੍ਰੈਮੂਰਤੀ ਦੇ ਤਿੰਨ ਦੇਵ ਹਨ ਜਿਨ੍ਹਾਂ ਦਾ ਆਪਣਾ-ਆਪਣਾ ਕਾਰਜ ਸੰਸਾਰ ਨੂੰ ਪੈਦਾ ਕਰਨਾ, ਇਸ ਦੀ ਪਾਲਣਾ ਕਰਨਾ ਅਤੇ ਇਸ ਦਾ ਸ਼ੰਘਾਰ ਕਰਨਾ ਹੈ। ਇਥੇ ਇਸ ਸਿਧਾਂਤ ਨੂੰ ਵੀ ਨਕਾਰ ਦਿੱਤਾ ਹੈ। ਸੰਸਾਰ ਨੂੰ ਪੈਦਾ ਕਰਨ, ਸੰਭਾਲਣ ਅਤੇ ਮਾਰਨ ਵਾਲਾ ਇਕੋ ਇੱਕ ਅਕਾਲਪੁਰਖ ਹੈ। ਉਸ ਤੋਂ ਬਿਨਾਂ ਹੋਰ ਕੋਈ ਹਸਤੀ ਇਸ ਦੇ ਸਮਰੱਥ ਨਹੀਂ ਹੈ। ਸਗੋਂ ਉਹ ਵੀ ਉਸੇ ਦੇ ਬਣਾਏ ਹੋਏ ਹਨ। ਹਰ ਧਰਮ ਵਿਚ ਨੇਕੀ ਅਤੇ ਬਦੀ ਦਾ ਸੰਕਲਪ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਪਤ ਹੈ ਅਤੇ ਹਰ ਧਰਮ ਵਿਚ ਇਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੇ ਚਿੰਨ੍ਹਾਂ ਜਾਂ ਪ੍ਰਤੀਕਾਂ ਰਾਹੀਂ ਦੱਸਿਆ ਹੋਇਆ ਹੈ। ਅਸਲ ਵਿਚ ਚਿੰਨ੍ਹਾਂ ਤੋਂ ਬਿਨਾਂ ਸਤਿ ਨੂੰ ਸਮਝਾ ਸਕਣਾ ਮੁਸ਼ਕਿਲ ਹੁੰਦਾ ਹੈ। ਹਿਬਰੂ ਸਾਹਿਤ ਵਿਚ ਗਿਆਨ ਦਾ ਫੱਲ, ਆਦਮ-ਹਵਾ, ਸੱਪ ਇਹ ਸਭ ਚਿੰਨ੍ਹ ਹਨ। ਧਾਰਮਿਕ ਸਰੋਕਾਰਾਂ ਨੂੰ ਚਿੰਨ੍ਹਾਂ ਤੋਂ ਬਿਨਾਂ ਪ੍ਰਗਟਾਅ ਸਕਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੁੰਦਾ ਹੈ। ਚਿੰਨ੍ਹ ਮਨੁੱਖ ਵਾਸਤੇ ਸਤਿ ਦੇ ਉਹ ਪੱਖ ਉਜਾਗਰ ਕਰਦਾ ਹੈ ਜਿਹੜੇ ਉਸ ਤੋਂ ਬਿਨਾਂ ਮਨੁੱਖ ਲਈ ਲੁਪਤ ਹੁੰਦੇ ਹਨ। ਚੰਡੀ ਦੀ ਵਾਰ ਵਿਚ ਵੀ ਨੇਕੀ ਅਤੇ ਬਦੀ ਦਾ ਸੰਘਰਸ਼ ਦੱਸਿਆ ਹੋਇਆ ਹੈ। ਦੇਵਤੇ ਅਤੇ ਦੈਂਤ ਨੇਕੀ ਅਤੇ ਬਦੀ ਦੇ ਪ੍ਰਤੀਕ ਹਨ, ਦੁਰਗਾ ਸ਼ਕਤੀ ਦੀ ਪ੍ਰਤੀਕ ਹੈ। ਅਸ਼ਲ ਵਿਚ ਇਹ ਤਿੰਨੇ ਚੀਜ਼ਾਂ ਜੋ ਇਥੇ ਇਕ ਦੂਸਰੇ ਦੇ ਸਮਾਨੰਤਰ ਚਲਦੀਆਂ ਦਿਸ ਆਉਂਦੀਆਂ ਹਨ ਹਰ ਇੱਕ ਮਾਨਵ ਦੇ ਆਪਣੇ ਅੰਦਰ ਹੁੰਦੀਆਂ ਹਨ। ਗੁਰਮਤਿ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਇਹ ਪੰਜ ਦੂਤ ਜਾਂ ਦੈਂਤ ਹਨ, ਜੋ ਮਾਨਵ ਦੇ ਦੇਵਤਵ ਦੇ ਰਾਹ ਤੇ ਚਲਣ ਵਿਚ ਰੋੜਾ ਬਣਦੇ ਹਨ। ਜਦੋਂ ਇਹਨਾਂ ਵਿਚੋਂ ਕੋਈ ਵੀ ਹਾਵੀ ਹੋ ਜਾਂਦਾ ਹੈ ਤਾਂ ਉਹ ਮਾਨਵ ਨੂੰ ਬੁਰਾਈ ਦੇ ਰਸਤੇ ਤੇ ਤੋਰਦਾ ਹੈ। ਹਰ ਮਾਨਵ ਅੰਦਰ ਦੇਵਤਵ ਤੱਕ ਪਹੁੰਣ ਸਕਣ ਦੀ ਸੰਭਾਵਨਾ ਕਾਇਮ ਹੈ ਕਿਉਂਕਿ ਉਹ ਜਗਦੀਸੈ-ਅੰਸ਼ ਹੈ। ਇਸ ਦੇਵਤਵ ਦੀ ਸੰਭਾਵਨਾ ਨੂੰ ਸ਼ਬਦ-ਗੁਰੂ ਦੀ ਅਗਵਾਈ ਵਿਚ ਉਜਾਗਰ ਕੀਤਾ ਜਾ ਸਕਦਾ ਹੈ ਜਿਵੇਂ ਆਸਾ ਦੀ ਵਾਰ ਵਿਚ ਕਿਹਾ ਹੈ:

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
> ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 462)

ਦੈਂਤਤਵ ਅਤੇ ਦੇਵ-ਤਵ ਦਾ ਇਹ ਸੰਘਰਸ਼ ਮਨੁੱਖ ਦੇ ਅੰਦਰ ਵੀ ਅਤੇ ਬਾਹਰ ਸੰਸਾਰ ਵਿਚ ਵੀ ਸਦੀਵੀਂ ਚਲਦਾ ਰਹਿੰਦਾ ਹੈ। ਜਰੂਰਤ ਇਸ ਨੂੰ ਅਧਿਆਤਮਕ ਸ਼ਕਤੀ ਰਾਹੀਂ ਥਾਂ ਸਿਰ ਰੱਖਣ ਦੀ ਹੈ। ਇਹ ਸ਼ਕਤੀ ਵੀ ਮਾਨਵ ਦੇ ਅੰਦਰ ਹੀ

ਹੈ ਲੋੜ ਇਸ ਨੂੰ ਗੁਰੂ ਰਾਹੀਂ ਪਛਾਨਣ ਦੀ ਹੈ। ਵੈਦਿਕ ਮਿਥਿਹਾਸਕ ਪਰੰਪਰਾ ਵਿਚ ਸਮੇਂ ਨੂੰ ਚਾਰ ਯੁੱਗਾਂ ਵਿਚ ਵੰਡ ਕੇ ਪੂਰਨ ਤੌਰ ਤੇ ਧਰਮ-ਪਰਾਇਣ ਯੁੱਗ ਨੂੰ ਸਤਿਯੁਗ ਕਿਹਾ ਹੈ, ਕਲਿਯੁੱਗ ਵਿਚ ਧਰਮ ਦੀ ਪੂਰੀ ਅਧੋਗਤੀ ਮੰਨੀ ਹੈ ਅਤੇ ਕਲਿਜੁਗ ਅਤੇ ਸਤਿਜੁਗ ਦੇ ਵਿਚਕਾਰ ਤ੍ਰੇਤਾ ਹੈ ਜਿਥੇ ਧਰਮ ਅਧੋ ਅਧ ਹੈ। ਸਿੱਖ ਧਰਮ-ਚਿੰਤਨ ਵਿਚ ਯੁੱਗਾਂ ਦੀ ਇਸ ਕਿਸਮ ਦੀ ਵੰਡ ਨੂੰ ਨਾ ਮੰਨ ਕੇ ਇਸ ਨੂੰ ਮਨੁੱਖ ਨਾਲ ਜੋੜਿਆ ਹੈ। ਗੁਰਮਤਿ ਅਨੁਸਾਰ ਕਲਿਯੁਗ ਕਿਸੇ ਖਾਸ ਸਮੇਂ ਤੇ ਆਪਣਾ ਸਥਾਨ ਬਣਾ ਕੇ ਨਹੀਂ ਬੈਠਦਾ। ਇਹ ਤਾਂ ਜਦੋਂ ਮਨੁੱਖ ਵਿਚ ਹੰਕਾਰ, ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿ ਸ਼ਕਤੀਆਂ ਭਾਰੂ ਹੋ ਜਾਂਦੀਆਂ ਹਨ ਤਾਂ ਉਸ ਦੇ ਮਨ ਵਿਚ ਬੈਠ ਜਾਂਦਾ ਹੈ। ਹੰਕਾਰ ਕਿਸੇ ਕਿਸਮ ਦਾ ਵੀ ਬੁਰਾ ਹੁੰਦਾ ਹੈ ਪਰ ਧਾਰਮਿਕ ਹੰਕਾਰ ਸਭ ਤੋਂ ਵਧ ਖਤਰਨਾਕ ਹੁੰਦਾ ਹੈ ਕਿਉਂਕਿ ਇਸ ਕਿਸਮ ਦਾ ਹੰਕਾਰ ਦੂਸਰਿਆਂ ਨੂੰ ਆਪਣੇ ਤੋਂ ਬਹੁਤ ਨੀਵਾਂ ਸਮਝਦਾ ਹੈ। ਪਰਮਾਤਮਾ ਦੀ ਨਜ਼ਰ ਵਿਚ ਕੋਈ ਵੀ ਨੀਵਾਂ ਜਾਂ ਉੱਚਾ ਨਹੀਂ ਹੈ। ਦੇਵਤਿਆਂ ਨੂੰ ਆਪਣੇ ਧਰਮੀ ਹੋਣ ਦਾ ਬਹੁਤ ਹੰਕਾਰ ਹੋ ਗਿਆ ਤਾਂ ਅਕਾਲਪੁਰਖ ਨੇ ਉਹਨਾਂ ਦਾ ਹੰਕਾਰ ਤੋੜਨ ਲਈ ਮਹਿਖਾਸੁਰ ਅਤੇ ਸੁੰਭ ਨਾਂ ਦੇ ਦੈਂਤ ਪੈਦਾ ਕੀਤੇ। ਇਹੀ ਹਾਲ ਹਿੰਦੁਸਤਾਨੀ ਸਮਾਜ ਦਾ ਸੀ ਜਦੋਂ ਮੁਗਲ ਬਾਦਸ਼ਾਹਾਂ ਦਾ ਭਾਰਤ ਤੇ ਰਾਜ ਸਥਾਪਿਤ ਹੋਇਆ। ਭਾਰਤੀ ਸਮਾਜ ਜਾਤ-ਪਾਤ, ਊਚ-ਨੀਚ ਵਿਚ ਵੰਡਿਆ ਹੋਇਆ ਸੀ ਅਤੇ ਇਹ ਵੰਡ ਧਰਮ ਵਲੋਂ ਪਾਈ ਅਤੇ ਪ੍ਰਵਾਨ ਕੀਤੀ ਹੋਈ ਸੀ। ਸ਼ਾਇਦ ਇਸੇ ਲਈ ਪਰਮਾਤਮਾ ਹੁਕਮ ਵਿਚ ਮੁਗਲਾਂ ਦਾ ਰਾਜ ਭਾਰਤ ਵਿਚ ਸਥਾਪਿਤ ਹੋਇਆ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 360)

ਵਾਰ ਵਿਚ ਦਸਿਆ ਹੈ ਕਿ ਮਹਿਖਾਸੁਰ ਅਤੇ ਸੁੰਭ ਦੀ ਅਗਵਾਈ ਵਿਚ ਦੈਂਤਾਂ ਨੇ ਦੇਵਤਿਆਂ ਨੂੰ ਜਿੱਤ ਕੇ ਤਿੰਨਾਂ ਲੋਕਾਂ, ਮਾਤ ਲੋਕ, ਪਾਤਾਲ ਲੋਕ ਅਤੇ ਆਕਾਸ ਲੋਕ ਵਿਚ ਆਪਣਾ ਰਾਜ ਕਾਇਮ ਕਰ ਲਿਆ। ਇੰਦਰ ਦੇਵਤਾ, ਜਿਸ ਨੂੰ ਦੇਵਤਿਆਂ ਦਾ ਰਾਜਾ ਮੰਨਿਆ ਜਾਂਦਾ ਹੈ, ਨੂੰ ਕੱਢ ਕੇ ਕੈਲਾਸ਼ ਪਰਬਤ ਵੱਲ ਨੂੰ ਭਜਾ ਦਿੱਤਾ। ਉਸ ਦੇ ਮੰਨ ਅੰਦਰ ਏਨਾ ਡਰ ਪੈਦਾ ਹੋਇਆ ਕਿ ਉਹ ਡਰਦਾ ਮਾਰਾ ਦੁਰਗਾ ਕੋਲ ਪਹੁੰਚਿਆ। ਡਰ ਸਾਰੀਆਂ ਬੀਮਾਰੀਆਂ ਦੀ ਜੜ੍ਹ ਹੈ। ਜਦੋਂ ਮਨੁੱਖ ਕਿਸੇ ਤੋਂ ਡਰਦਾ ਹੈ ਤਾਂ ਉਹ ਸ਼ਕਤੀ ਹੀਣ ਤੇ ਨਿਰਬਲ ਹੋ ਜਾਂਦਾ ਹੈ। ਆਪਣੀ ਜਾਂ ਕਿਸੇ ਮਜ਼ਲੂਮ ਦੀ ਰੱਖਿਆ ਕਰਨ ਦੇ ਯੋਗ ਨਹੀਂ ਰਹਿੰਦਾ। ਜੋ ਦੂਸਰਿਆਂ ਨੂੰ ਡਰਾਉਂਦਾ ਹੈ ਬੁਰਾਈ ਪੈਦਾ ਕਰਦਾ ਹੈ ਕਿਉਂਕਿ ਉਹ ਜ਼ਾਲਮ ਹੋ ਜਾਂਦਾ ਹੈ। ਇਸੇ ਲਈ ਗੁਰਮਤਿ ਵਿਚ ਨਿਰਭੈ ਹੋ ਕੇ ਜੀਣ ਅਤੇ ਕਿਸੇ ਨੂੰ ਭੈਅ ਨਾ ਦੇਣ ਦਾ ਆਦੇਸ਼ ਕੀਤਾ ਹੈ। ਦੇਵੀ ਦੁਰਗਾ ਨੂੰ ਇੰਦ੍ਰ ਨੇ ਬੇਨਤੀ ਕੀਤੀ ਕਿ ਦੈਂਤਾਂ ਨੇ ਤਿੰਨਾਂ ਲੋਕਾਂ ਵਿਚ ਆਪਣਾ ਰਾਜ ਕਾਇਮ ਕਰ ਲਿਆ ਹੈ ਅਤੇ ਦੇਵਤਿਆਂ ਤੋਂ ਸਰਦਾਰੀ ਖੋਹ ਲਈ ਹੈ। ਮਹਿਖਾਸੁਰ ਨੂੰ ਜਿੱਤਣ ਦੀ ਹਿੰਮਤ ਕਿਸੇ ਦੇਵਤੇ ਵਿਚ ਨਹੀਂ ਹੈ ਇਸ ਲਈ ਤੇਰੀ ਸ਼ਰਨ ਆਏ ਹਾਂ।

ਕਿਨੈ ਨ ਜਿਤਿਆ ਜਾਈ ਮਹਿਖੇ ਦੈਂਤ ਨੂੰ।

ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ॥4॥

ਇੰਦਰ ਦੀ ਫਰਿਆਦ ਸੁਣ ਕੇ ਦੁਰਗਾ ਖਿੜ ਖਿੜ ਕਰਕੇ ਹੱਸੀ। ਫਿਰ ਉਸ ਨੇ ਰਾਖਸ਼-ਖਾਣਾ ਆਪਣਾ ਸ਼ੇਰ ਸਵਾਰੀ ਵਾਸਤੇ ਮੰਗਵਾਇਆ ਅਤੇ ਦੇਵਤਿਆਂ ਨੂੰ ਕਿਹਾ ਕਿ ਫਿਕਰ ਨਾ ਕਰੋ:

"ਚਿੰਤਾ ਕਰਹੁ ਨ ਕਾਈ" ਦੇਵਾਂ ਨੂੰ ਆਖਿਆ।
ਰੋਹ ਹੋਈ ਮਹਾਂਮਾਈ ਰਾਕਸਿ ਮਾਰਣੇ"॥ 5॥

ਗੁੱਸੇ ਦੇ ਭਰੇ ਹੋਏ ਰਾਖਸ਼ ਰਣ ਭੂਮੀ ਵਿਚ ਯੁੱਧ ਕਰਨ ਦੇ ਚਾਅ ਨਾਲ ਆਏ। ਉਹਨਾਂ ਦੇ ਸ਼ਸ਼ਤ੍ਰ,ਤੇਗਾਂ ਅਤੇ ਬਰਛੀਆਂ ਏਨੇ ਲਿਸ਼ਕ ਰਹੇ ਸੀ ਕਿ ਸੂਰਜ ਵੀ ਨਜ਼ਰ ਨਹੀਂ ਸੀ ਪੈ ਰਿਹਾ। ਫਿਰ ਫੌਜਾਂ ਆਹਮੋਂ-ਸਾਹਮਣੇ ਕੰਧਾਂ ਵਾਂਗ ਖੜ੍ਹੀਆਂ ਹੋ ਗਈਆਂ ਅਤੇ ਲੜਾਈ ਸ਼ੁਰੂ ਕਰਨ ਵਾਸਤੇ ਢੋਲ ਅਤੇ ਨਗਾਰੇ ਵੱਜਣੇ ਸ਼ੁਰੂ ਹੋ ਗਏ। ਨਗਾਰੇ ਤੇ ਚੋਟ ਮਾਰਨ ਦਾ ਅਰਥ ਜੰਗ ਦੀ ਸ਼ੁਰੂਆਤ ਹੁੰਦੀ ਹੈ ਅਤੇ ਇਸ ਤਰ੍ਹਾਂ ਜੰਗ ਦਾ ਬਿਗਲ ਵਜਾ ਕੇ ਲੜਾਈ ਸ਼ੁਰੂ ਕਰ ਦਿਤੀ। ਨੇਜਿਆ ਤੇ ਬੰਨੀਆਂ ਹੋਈਆਂ ਝੰਡੀਆਂ ਜਿਹੜੀਆਂ ਕੀ ਫੌਜ਼ ਦਾ ਨਿਸ਼ਾਨ ਹੁੰਦੀਆਂ ਹਨ, ਹਵਾ ਵਿਚ ਝੂਮਣ ਲੱਗੀਆਂ। ਜੰਗ ਵਿਚ ਇਉਂ ਲੱਗ ਰਿਹਾ ਸੀ ਜਿਵੇਂ ਬੱਬਰ ਸ਼ੇਰ ਗਰਜ਼ ਰਹੇ ਹੋਣ। ਦੁਰਗਾ ਅਤੇ ਦੇਵਤੇ ਰਣ ਖੇਤਰ ਵਿਚ ਗਰਜ਼ੇ। ਬਰਛੀਆਂ ਵਿਚ ਪਰੋਏ ਹੋਏ ਕਈ ਸੂਰਬੀਰ ਇੰਝ ਲੱਗ ਰਹੇ ਸਨ ਜਿਵੇਂ ਟਾਹਣੀ ਨੂੰ ਆਮਲੇ ਚੁੰਬੜੇ ਹੋਣ। ਕੁਝ ਤਲਵਾਰਾਂ ਦੇ ਫਟ ਖਾ ਕੇ ਇਸ ਤਰ੍ਹਾਂ ਤੜ੍ਹਫ ਰਹੇ ਸੀ ਜਿਵੇਂ ਸਰਾਬ ਦੇ ਪਿਆਲੇ ਪੀ ਕੇ ਪਾਗਲ ਹੋਏ ਫਿਰਦੇ ਹੋਏ ਹੋਣ। ਕਈਆਂ ਨੂੰ ਝਾੜੀਆਂ ਵਿਚ ਲੁਕਿਆ ਹੋਇਆ ਨੂੰ ਇਸ ਤਰ੍ਹਾਂ ਕੱਢ ਕੱਢ ਚੁਣ ਕੇ ਮਾਰ ਰਹੇ ਸੀ ਜਿਵੇਂ ਨਿਆਰੀਏ ਰੇਤ ਵਿਚੋਂ ਸੋਨੇ ਦੇ ਕਣ ਚੁਣ ਚੁਣ ਕੇ ਕੱਢ ਰਹੇ ਹੋਣ। ਗਦਾ, ਤ੍ਰਿਸ਼ੂਲਾਂ, ਬਰਛੀਆਂ ਅਤੇ ਤੀਰਾਂ ਨਾਲ ਯੁੱਧ ਹੋ ਰਿਹਾ ਸੀ। ਤੀਰਾਂ ਨਾਲ ਵਿੰਨੇ ਹੋਏ ਯੋਧੇ ਇਸ ਤਰ੍ਹਾਂ ਮਰ ਕੇ ਡਿੱਗ ਰਹੇ ਸਨ ਜਿਵੇਂ ਕਾਲੇ ਨਾਗਾਂ ਦੇ ਡੰਗੇ ਹੋਏ ਡਿੱਗ ਰਹੇ ਹੋਣ। ਜਿਸ ਤਰ੍ਹਾਂ ਦ੍ਰਿਸਟਾਂਤਾਂ ਰਾਹੀਂ ਜੰਗ ਦੇ ਸਾਰੇ ਨਜ਼ਾਰੇ ਨੂੰ ਸਮਝਾਇਆ ਹੈ, ਇਸ ਨਾਲ ਸਹਿਜੇ ਹੀ ਮਾਨਵ-ਮਾਨਸਿਕਤਾ ਵਿਚ ਇੱਕ ਅਦਿੱਖ ਘੋਲ ਸ਼ੁਰੂ ਹੋ ਜਾਂਦਾ ਹੈ ਅਤੇ ਮਨੁੱਖ ਸੋਚਣ ਲਈ ਆਪਣੇ ਆਪ ਪ੍ਰੇਰਿਆ ਜਾਂਦਾ ਹੈ। ਟਾਹਣੀ ਉਤੇ ਪਰੋਏ ਹੋਏ ਅਮਲਿਆਂ ਦੇ ਦ੍ਰਿਸ਼ ਦੀ ਬਰਛੀਆਂ ਵਿਚ ਪਰੋਏ ਹੋਏ ਸਿਰਾਂ ਨਾਲ ਤੁਲਨਾ ਮਨ ਨੂੰ ਸੋਚਣ ਘੋਖਣ ਲਈ ਜ਼ਬਰਦਸਤੀ ਮਜ਼ਬੂਰ ਕਰਦੀ ਹੈ।

"ਇਕ ਬੀਰ ਪ੍ਰੋਤੇ ਬਰਛੀਏਂ ਜਾਣੁ ਡਾਲ ਚਮੁੱਟੇ ਆਵਲੇ"॥

ਦੈਂਤਾਂ ਦੇ ਮਨ ਵਿਚ ਕ੍ਰੋਧ ਭਰੀ ਦੁਰਗਾ ਨੂੰ ਦੇਖਣ ਦੀ ਇੱਛਾ ਹੋਈ ਅਤੇ ਉਹ ਆਪਣੇ ਹਥਿਆਰਾਂ ਨਾਲ ਭਾਰੀ ਗਿਣਤੀ ਵਿਚ ਦੁਰਗਾ ਦੇ ਚਾਰ ਚੁਫੇਰੇ ਹੋ ਗਏ। ਯੁੱਧ ਕਰਨ ਵਾਲੇ ਸੂਰਬੀਰ ਯੁੱਧ ਵਿਚੋਂ ਕਦੀ ਭੱਜਿਆ ਨਹੀਂ ਕਰਦੇ। ਇਸ ਲਈ ਹੱਥਾਂ ਵਿਚ ਤਲਵਾਰਾਂ ਲੈ ਕੇ ਖੂਬ ਯੁੱਧ ਹੋਇਆ। ਦਿਲ ਵਿਚ ਰੋਹ ਪੈਦਾ ਹੋਇਆ ਅਤੇ ਮਾਰੋ ਮਾਰੀ ਯੋਧੇ ਭਿੜਨ ਲੱਗੇ। ਜਿਹੜੇ ਦੁਰਗਾ ਨੂੰ 'ਮਾਰੋ ਮਾਰੋ' ਕਹਿ ਰਹੇ ਸੀ, ਦੁਰਗਾ ਨੇ ਉਹਨਾਂ ਨੂੰ ਰਣ ਖੇਤ੍ਰ ਵਿਚ ਏਵੇਂ ਸੁਟਿਆ ਜਿੰਵੇ ਬਿਜਲੀ ਪੈਦਾ ਕਰਨ ਨਾਲ ਮੁਨਾਰੇ ਡਿਗ ਜਾਂਦੇ ਹਨ। ਫਿਰ ਦੁਰਗਾ ਨੇ ਆਪਣੀ ਸਰਬਲੋਹ ਦੀ ਫੌਲਾਦੀ ਤੇਗ ਇਸ ਤਰ੍ਹਾਂ ਫੁਰਤੀ ਨਾਲ ਘੁਮਾ ਕੇ ਮਹਿਖੇ ਦੈਂਤ ਦੇ ਪੇਟ ਵਿਚ ਮਾਰੀ ਕਿ ਉਸ ਦੇ ਫੇਫੜੇ ਅਤੇ ਆਂਦਰਾਂ ਨੂੰ ਚੀਰਦੀ ਅੱਗੇ ਨਿਕਲਦੀ ਹੋਈ ਕਾਲਜੇ ਨੂੰ ਚੀਰ ਗਈ। ਧੂਮਕੇਤੂ (ਬੋਦੀ ਵਾਲੇ ਤਾਰੇ) ਨੇ ਆਪਣੀ ਬੋਦੀ ਦਿਖਾ ਦਿਤੀ। ਭਾਵ ਬੋਦੀ ਵਾਲਾ ਤਾਰਾ ਚੜ੍ਹ ਪਿਆ ਅਤੇ ਇਸ ਤਰ੍ਹਾਂ ਦਾ ਚੜ੍ਹਨਾ ਤਬਾਹੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਦੇਵਤੇ ਅਤੇ ਦੈਂਤ ਪੂਰੇ ਜ਼ੋਰ-ਜ਼ੋਰ ਨਾਲ ਭਿੜ ਰਹੇ ਸੀ ਅਤੇ ਸੂਰਮੇ ਰਣਖੇਤ੍ਰ ਵਿਚ ਮਰ ਰਹੇ ਸਨ। ਸਾਰਿਆ ਦੇ ਸਰੀਰਾਂ ਵਿਚੋਂ ਖੁਨ ਇਉਂ ਵਹਿ ਰਿਹਾ ਸੀ ਜਿਵੇਂ ਪਹਾੜ ਤੋਂ ਗੇਰੂ ਨਾਲ ਰਲਕੇ ਗੇਰੂ ਰੰਗੀਆਂ ਪਾਣੀ ਦੀਆਂ ਕੂਲਾਂ ਨੀਚੇ ਨੂੰ ਵੱਗ ਰਹੀਆਂ ਹੋਣ। ਰਾਕਸ਼ਾਂ ਦੀਆਂ ਇਸਤ੍ਰੀਆਂ ਮਹਿਲਾਂ ਵਿਚ ਬੈਠੀਆਂ ਇਹ ਸਭ ਨਜ਼ਾਰੇ ਦੇਖ ਰਹੀਆਂ ਸਨ ਕਿ ਦੁਰਗਾ ਅਤੇ ਦਾਨਵਾਂ ਦੀਆਂ ਸਵਾਰੀਆਂ ਸ਼ੇਰ, ਹਾਥੀ, ਘੋੜੇ, ਊਠਾਂ ਨੇ ਕਿਵੇਂ ਧੁੰਮਾਂ ਪਾਈਆਂ ਹੋਈਆਂ ਹਨ। ਸਾਂਵਲੇ ਰੰਗ ਦੇ ਦੈਂਤ, ਖਿਲਰੀਆਂ ਜਟਾਂ, ਧੂੜ ਵਿਚ ਅੱਟੇ ਹੋਏ, ਚੌੜੀਆਂ ਉਖਲੀਆਂ ਵਰਗੀਆਂ ਨਾਸਾਂ, ਮੂੰਹ ਉਹਨਾਂ ਦੇ ਆਲਿਆ ਵਰਗੇ, ਵੱਡੀਆਂ ਵੱਡੀਆਂ ਮੁੱਛਾਂ ਵਾਲੇ ਦੇਵੀ ਦੇ ਸਾਹਮਣੇ ਆਏ। ਇੰਦਰ ਲੜ ਕੇ ਹਾਰ-ਹੁਟ ਗਿਆ ਸੀ ਪਰ ਇਹ ਸੂਰਬੀਰ ਪਿਛੇ ਨਹੀਂ ਹਟੇ। ਦੁਰਗਾ ਨੂੰ ਚੁਫੇਰਿਉਂ ਘੇਰ ਕੇ ਇਸ ਤਰ੍ਹਾਂ ਗਰਜ ਰਹੇ ਸਨ ਜਿਵੇਂ ਕਾਲੇ ਬੱਦਲ ਗਰਜ ਰਹੇ ਹੋਣ। ਪਰਬਤਾਂ ਵਰਗੇ ਦੈਂਤ ਭੱਜਣਾ ਨਹੀਂ ਸੀ ਜਾਣਦੇ ਇਸ ਲਈ ਦੇਵਤਿਆਂ ਹੱਥੋਂ ਮਰ ਕੇ ਸਵਰਗ ਨੂੰ ਚਲੇ ਗਏ। ਦੁਰਗਾ ਨੇ ਆਪਣੀ ਤਲਵਾਰ ਲੈ ਕੇ ਸਾਰੇ ਦੈਂਤ ਮਾਰ ਦਿੱਤੇ। ਮਹਿਖਾਸੁਰ ਗੁੱਸੇ ਨਾਲ ਆ ਕੇ ਮੈਦਾਨ ਵਿਚ ਗਜਿਆ ਉਸ ਨੂੰ ਬੜਾ ਗੁੱਸਾ ਸੀ ਕਿ ਇੱਕ ਇਸਤ੍ਰੀ ਨੇ ਦੈਂਤਾਂ ਦੇ ਇਸ ਤਰ੍ਹਾਂ ਆਹੂ ਲਾਹੇ ਹਨ:

"ਇੰਦ੍ਰ ਜੇਹਾ ਜੋਧਾ ਮੈਥੋਂ ਭੱਜਿਆ।
ਕਉਣ ਵਿਚਾਰੀ ਦੁਰਗਾ ਜਿਨਿ ਰਣ ਸੱਜਿਆ"॥

ਇਹ ਪੰਕਤੀਆਂ ਖਾਸ ਮਹੱਤਵ ਰੱਖਦੀਆਂ ਹਨ। ਜੋ ਮਹਿਖਾਸੁਰ ਦੇ ਮੂੰਹੋਂ ਅਖਵਾਈਆਂ ਗਈਆਂ ਹਨ। ਦੁਰਗਾ ਨੂੰ ਉਹ ਇਸਤ੍ਰੀ ਹੋਣ ਕਰਕੇ ਉਹ ਕਮਜ਼ੋਰ ਸਮਝਦਾ ਹੈ। ਭਾਰਤੀ ਧਾਰਮਿਕ ਪੰਰਪਰਾ ਵਿਚ ਦੇਵੀਆਂ ਨੂੰ ਛੱਡ ਕੇ ਜਿਨ੍ਹਾਂ ਦੀ ਗਿਣਤੀ 33 ਕਰੋੜ ਦੇਵਤਿਆਂ ਵਿਚ ਨਾਮਾਂਤਰ ਹੈ, ਇਸਤ੍ਰੀ ਨੂੰ ਦੁਰਬਲ, ਕਮਜ਼ੋਰ ਅਤੇ ਨਿਮਾਣੀ ਮੰਨਿਆ ਜਾਂਦਾ ਰਿਹਾ ਹੈ। ਪਰ ਗੁਰਮਤਿ ਚਿੰਤਨ ਵਿਚ ਉਸ ਨੂੰ ਸੰਸਾਰਕ ਪੱਧਰ ਤੇ ਸਭ ਤੋਂ ਮਹਾਨ ਮੰਨਿਆ ਹੈ। ਸਮਾਜਕ ਰੁਤਬੇ ਵਿਚ ਰਾਜਾ ਸਭ ਤੋਂ ਉੱਤੇ ਹੈ ਪਰ ਇਸਤ੍ਰੀ ਉਸ ਤੋਂ ਉਤੇ ਹੈ ਕਿਉਂਕਿ ਉਹ ਰਾਜੇ ਨੂੰ ਜਨਮ ਦੇਣ ਵਾਲੀ ਹੈ। ਆਤਮਕ ਬਲ ਕਮਜ਼ੋਰ ਤੋਂ ਕਮਜ਼ੋਰ ਮਨੁੱਖ ਨੂੰ ਵੀ

ਬਲਵਾਨ ਬਣਾ ਦਿੰਦਾ ਹੈ। ਇਸ ਤਰ੍ਹਾਂ ਆਪਣਾ ਖੰਡਾ ਮਿਆਨ ਵਿਚੋਂ ਧੂਹ ਕੇ ਮਹਿਖਾਸੁਰ ਅੱਗੇ ਵਧਿਆ। ਦੁਰਗਾ ਰਾਖਸ਼ ਖਾਣੀ ਚੰਡੀ ਨੇ ਮਿਆਨ ਵਿਚੋਂ ਆਪਣੀ ਤਲਵਾਰ ਧੂਹੀ। ਮਹਿਖਾਸੁਰ ਦੇ ਇਸ ਤਰ੍ਹਾਂ ਡਾਹੀ ਕਿ ਉਸ ਦੇ ਖੋਪਰ ਨੂੰ ਤੋੜ ਕੇ ਮੂੰਹ ਨੂੰ ਚੀਰਦੀ ਹੋਈ ਕੰਡਰੋੜ ਤੱਕ ਧਸ ਗਈ। ਇਥੇ ਹੀ ਬਸ ਨਹੀਂ ਘੋੜੇ ਸਮੇਤ ਉਸ ਦੀ ਕਾਠੀ ਨੂੰ ਚੀਰਦੀ ਹੋਈ ਧਰਤੀ ਨਾਲ ਜਾ ਠਹਿਕੀ। ਇਸ ਤੋਂ ਅੱਗੇ ਆਪਣਾ ਰਾਹ ਬਣਾਉਂਦੀ ਹੋਈ ਧਰਤੀ ਹੇਠਲੇ ਬਲਦ ਦੇ ਸਿੰਙਾਂ ਨਾਲ ਖਹਿੰਦੀ ਕਛੂ-ਕੁੰਮੇ ਨਾਲ ਜਾ ਵੱਜੀ। ਭਾਰਤੀ ਪਰੰਪਰਾ ਵਿਚ ਮਿੱਥ ਹੈ ਕਿ ਧਰਤੀ ਇੱਕ ਬਲਦ ਨੇ ਆਪਣੇ ਸਿੰਙਾਂ ਤੇ ਚੁੱਕੀ ਹੋਈ ਹੈ ਅਤੇ ਉਸ ਬਲਦ ਦੇ ਹੇਠਾਂ ਕਛੂ-ਕੁੰਮਾ ਹੈ। ਗੁਰਮਤਿ ਚਿੰਤਨ ਵਿਚ ਧਰਮ ਨੂੰ ਉਹ ਸ਼ਕਤੀ ਮੰਨਿਆ ਹੈ ਜੋ ਸੰਸਾਰ ਨੂੰ ਸਥਾਪਿਤ ਰਖਦਾ ਹੈ। ਇਸ ਤਰਾਂ ਮਹਿਖਾਸੁਰ ਤੇ ਔਖੀ ਘੜੀ ਬੀਤੀ ਅਤੇ ਮਾਰਿਆ ਗਿਆ। ਲਹੂ ਤੇ ਚਰਬੀ ਦੀ ਉਥੇ ਘਾਣੀ ਮੱਚ ਗਈ। ਸਾਰੇ ਜਗਤ ਦੀ ਰਾਣੀ ਦੁਰਗਾ ਨੇ ਆਪਣੇ ਸ਼ੇਰ ਚਾਰੇ ਪਾਸੇ ਨਚਾਇਆ। ਦੈਂਤਾਂ ਨੂੰ ਮਾਰ ਕੇ ਇੰਦ੍ਰ ਨੂੰ ਰਾਜ ਭਾਗ ਦੇ ਕੇ ਅਲੋਪ ਹੋ ਗਈ। ਇਸ ਤੋਂ ਪਿਛੋਂ ਫਿਰ ਦੈਂਤਾਂ ਵਿਚ ਸੁੰਭ ਅਤੇ ਨਿਸੁੰਭ ਨਾਂ ਦੇ ਸੂਰਮੇ ਜੰਮੇ। ਉਹਨਾਂ ਨੇ ਫਿਰ ਇੰਦ੍ਰ ਨੂੰ ਹਰਾ ਕੇ ਉਸ ਦੀ ਰਾਜਧਾਨੀ ਨੂੰ ਜਿੱਤਣਾ ਚਾਹਿਆ। ਇਸ ਲਈ ਉਹਨਾਂ ਨੇ ਇੰਦ੍ਰ ਪੁਰੀ (ਦੇਵਤਿਆ ਦੀ ਰਾਜਧਾਨੀ) ਤੇ ਹਮਲਾ ਕਰਨ ਦਾ ਮਤਾ ਪਕਾ ਲਿਆ। ਪੂਰੀ ਤਿਆਰੀ ਨਾਲ ਉਹ ਹਮਲਾ ਕਰਨ ਆਏ ਅਤੇ ਦੇਵਤੇ ਵੀ ਮੈਦਾਨ ਵਿਚ ਨਿੱਤਰ ਪਏ। ਇਸ ਤਰ੍ਹਾਂ ਦੋਹਾਂ ਧਿਰਾਂ ਵਿਚ ਫਿਰ ਘੋਰ ਯੁੱਧ ਛਿੜ ਪਿਆ। ਯੋਧੇ ਇਸ ਤਰ੍ਹਾਂ ਸੱਜੇ ਹੋਏ ਸਨ ਜਿਵੇਂ ਬਾਗਾਂ ਵਿਚ ਫੁੱਲ ਖਿੜੇ ਹੋਣ। ਮਾਸਖੋਰੇ ਪੰਛੀਆਂ ਜਿਵੇਂ ਇੱਲਾਂ ਅਤੇ ਕਾਵਾਂ, ਭੂਤਾਂ ਨੇ ਮਰੇ ਹੋਏ ਯੋਧਿਆ ਦਾ ਮਾਸ ਖਾਦਾ। ਦੈਂਤਾਂ ਨੇ ਫਿਰ ਦੇਵਤੇ ਯੁੱਧ-ਖੇਤ੍ਰ ਵਿਚੋਂ ਭਜਾ ਦਿੱਤੇ ਅਤੇ ਤਿੰਨੇ ਲੋਕਾਂ ਵਿਚ ਆਪਣੀ ਜਿੱਤ ਦੀ ਦੋਹੀ ਫਿਰਾ ਦਿੱਤੀ। ਜਦੋਂ ਤੱਕ ਮਨੁੱਖ ਨੇ ਆਪਣੇ ਆਪ ਵਿਚ ਆਪਣੇ ਘਰ ਨੂੰ ਸੁਰੱਖਿਅਤ ਰੱਖ ਸਕਣ ਦੀ ਸਮਰੱਥਾ ਪੈਦਾ ਨਾ ਹੋਵੇ ਉਹ ਕਿਸੇ ਦਾ ਬਚਾਇਆ ਬਚ ਨਹੀਂ ਸਕਦਾ। ਦੁਰਗਾ ਦੇ ਜਿੱਤ ਕੇ ਦਿੱਤਾ ਰਾਜ ਦੇਵਤਿਆਂ ਨੇ ਆਪਣੀ ਅਸਮਰੱਥਾ ਨਾਲ ਫਿਰ ਗੁਆ ਲਿਆ। ਇਥੇ ਇਹ ਗੱਲ ਸਥਾਪਿਤ ਕੀਤੀ ਗਈ ਹੈ ਕਿ ਬਾਹਰਲੇ ਹਮਲਾਵਰਾਂ ਦੇ ਹਮਲਿਆਂ ਵੇਲੇ ਭਾਰਤੀ ਲੋਕ ਮੰਦਰਾਂ ਵਿਚ ਦੇਵਤਿਆਂ ਦੀ ਪੂਜਾ ਕਰਦੇ ਰਹੇ ਕਿ ਇਹ ਸਾਡੀ ਰੱਖਿਆ ਕਰਨਗੇ। ਪਰ ਜਿਹੜੇ ਦੇਵਤੇ ਆਪਣੀ ਰੱਖਿਆ ਨਹੀਂ ਕਰ ਸਕੇ ਉਹ ਹੋਰ ਕਿਸੇ ਦੀ ਰੱਖਿਆ ਕੀ ਕਰਨਗੇ? ਡਰ ਕੇ ਦੇਵਤਿਆਂ ਨੇ ਫਿਰ ਦੁਰਗਾ ਦੀ ਸ਼ਰਨ ਤੱਕੀ ਅਤੇ ਉਸ ਨੂੰ ਰਾਖਸ਼ਾਂ ਤੇ ਹਮਲਾ ਕਰਨ ਲਈ ਲੈ ਆਏ। ਫਿਰ ਪਹਿਲਾਂ ਦੀ ਤਰ੍ਹਾਂ ਦੋਹੇਂ ਧਿਰਾਂ ਜੰਗ ਦੇ ਮੈਦਾਨ ਵਿਚ ਇਕੱਠੀਆਂ ਹੋਈਆਂ। ਧੂਮਰਨੈਣ(ਧੂਏ ਰੰਗੀਆਂ ਅੱਖਾਂ ਵਾਲੇ) ਦੈਂਤ ਸਰਦਾਰ ਨੂੰ ਦੈਂਤ ਰਾਜੇ ਸੁੰਭ ਨੇ ਬੁਲਾਇਆ ਅਤੇ ਕਿਹਾ:

ਚੋਟ ਪਈ ਖਰਚਾਮੀ "ਦੁਰਗਾ ਲਿਆਵਣੀ"

ਦੁਰਗਾ ਨੂੰ ਕਮਜ਼ੋਰ ਅਤੇ ਇਸਤ੍ਰੀ ਸਮਝ ਕੇ ਉਨ੍ਹਾਂ ਨੇ ਚੁੱਕ ਲਿਆਉਣ ਦੀ ਸੋਚ ਲਈ ਪਰ ਦੂਸਰੇ ਪਾਸੇ ਦੁਰਗਾ ਨੂੰ ਫੌਜਾਂ ਦੇਖ ਕੇ ਬੇਹੱਦ ਗੁੱਸਾ ਚੜ੍ਹਿਆ ਅਤੇ ਉਸ ਨੇ ਖੰਡਾ ਮਿਆਨ ਵਿਚੋਂ ਧੂਹ ਕੇ ਧੂਮਰ ਨੈਣ ਦੇ ਸਾਰੇ ਸਾਥੀ ਮਾਰ ਮੁਕਾਏ। ਏਨਾ

ਜਬਰਦਸਤ ਯੁੱਧ ਹੋਇਆ ਕਿ ਦੈਂਤ ਬੁਖਲਾ ਗਏ। ਉਨ੍ਹਾਂ ਨੇ ਦੁਰਗਾ ਸਮਝ ਕੇ ਇਕ ਦੂਜੇ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਇਸ ਯੁੱਧ ਵਿਚ ਧੂਮਰਨੈਣ ਵੀ ਮਾਰਿਆ ਗਿਆ, ਰਾਜੇ ਸੁੰਭ ਨੂੰ ਇਸ ਦੀ ਖਬਰ ਪਹੁੰਚ ਗਈ। ਰਾਜੇ ਨੇ ਤਿਆਰ ਕਰਕੇ ਚੰਡ ਅਤੇ ਮੁੰਡ ਨਾਂ ਦੇ ਦੋ ਦੈਤਾਂ ਨੂੰ ਫੌਜ ਦੇ ਕੇ ਭੇਜਿਆ। ਫਿਰ ਲੜਾਈ ਜੋਰ ਸ਼ੋਰ ਨਾਲ ਸ਼ੁਰੂ ਹੋ ਗਈ ਅਤੇ ਚੰਡ ਅਤੇ ਮੁੰਡ ਵੀ ਲੜਦੇ ਹੋਏ ਦੇਵੀ ਹੱਥੋਂ ਮਾਰੇ ਗਏ। ਰਾਜੇ ਸੁੰਭ ਨਿਸੁੰਭ ਨੇ ਸਾਰੇ ਯੋਧਿਆ ਨੂੰ ਫਿਰ ਇਕੱਠੇ ਕੀਤਾ। ਸ੍ਰੋਣਤਬਿੰਦ ਨੂੰ ਫੌਜ ਦੇ ਕੇ ਭੇਜਿਆ। ਸ੍ਰੋਣਤਬਿੰਦ ਜਿਸ ਨੂੰ ਰਕਤ ਬੀਜ ਵੀ ਕਹਿੰਦੇ ਹਨ, ਦੇ ਖੁਨ ਦੀ ਇਕ ਇਕ ਬੂੰਦ ਧਰਤੀ ਤੇ ਡਿੱਗਣ ਨਾਲ ਉਸ ਵਿਚੋਂ ਅਨੇਕਾਂ ਦੈਂਤ ਉਪਜਦੇ ਸਨ। ਉਸਨੇ ਦੇਵਤਿਆਂ ਨਾਲ ਲੜਾਈ ਸ਼ੁਰੂ ਕਰ ਦਿੱਤੀ ਸ਼ੋਰ ਸੁਣਕੇ ਦੁਰਗਾ ਨੇ ਆਪਣੇ ਸ਼ੇਰ ਦੀ ਸਵਾਰੀ ਕੀਤੀ। ਦੁਰਗਾ ਨੇ ਖੱਬੇ ਹੱਥ ਨਾਲ ਗਦਾ ਘੁਮਾ ਕੇ ਗਦਾ ਫੇਰੀ ਅਤੇ ਸ੍ਰੋਣਤਬੀਜ ਦੀ ਬਹੁਤ ਸਾਰੀ ਸੈਨਾ ਮਾਰ ਦਿੱਤੀ। ਘਮਸਾਣ ਦਾ ਯੁੱਧ ਹੋ ਰਿਹਾ ਸੀ ਅਤੇ ਦੁਰਗਾ ਦੈਂਤਾ ਦਾ ਸੰਘਾਰ ਕਰ ਰਹੀ ਸੀ। ਦੁਰਗਾ ਨੇ ਆਪਣੀ ਤਲਵਾਰ ਸ੍ਰੋਣਤਬੀਜ ਦੇ ਸਿਰ ਵਿਚ ਮਾਰੀ। ਉਸ ਨੇ ਲਲਕਾਰ ਲਲਕਾਰ ਕੇ ਰਾਖਸ਼ਾਂ ਨੂੰ ਮਾਰਿਆ। ਸੂਰਬੀਰ ਇਸ ਤਰ੍ਹਾਂ ਘੁੰਮ ਘੁੰਮ ਡਿੱਗ ਰਹੇ ਸੀ ਜਿਵੇਂ ਵਾ ਵਰੋਲੇ ਵਿਚ ਸੁੱਕੇ ਪੱਤੇ ਘੁੰਮਦੇ ਹਨ। ਵਾ-ਵਰੋਲਾ ਬਹੁਤ ਤੇਜ਼ ਹਨੇਰੀ ਦੀ ਤਰ੍ਹਾਂ ਪਰ ਥੋੜੀ ਥਾਂ ਘੇਰ ਕੇ ਚਲਦਾ ਹੈ। ਅਧਿਆਤਮਕ-ਸ਼ਕਤੀ ਨਾਲ ਮਨੁੱਖ ਬਹੁਤ ਬਲਵਾਨ ਹੋ ਜਾਂਦਾ ਹੈ ਜਿਸ ਨਾਲ 'ਇਕੱਲੀ' ਸ੍ਰੀਰਕ-ਸ਼ਕਤੀ ਕਮਜ਼ੋਰ ਪੈ ਜਾਂਦੀ ਹੈ ਕਿਉਂਕਿ ਉਸ ਕੋਲ ਆਤਮਿਕ ਬੱਲ ਨਹੀਂ ਹੁੰਦਾ। ਰੱਤ ਦੇ ਪਰਨਾਲੇ ਧਰਤੀ ਤੇ ਵੱਗ ਰਹੇ ਸੀ ਜਿਨ੍ਹਾਂ ਵਿਚੋ ਲੜਾਕੇ ਦੈਂਤ ਹਿੜ ਹਿੜ ਹਸਦੇ ਉਠ ਰਹੇ ਸੀ। ਇਸ ਤਰ੍ਹਾਂ ਸ੍ਰੋਣਤਬੀਜ ਨੇ ਅਣਗਿਣਤ ਸੂਰਤਾਂ ਵਧਾ ਲਈਆਂ, ਜਿਹੜੇ ਪੂਰੇ ਰੋਹ ਨਾਲ ਤੇਗਾਂ ਵਧਾਕੇ ਦੁਰਗਾ ਦੇ ਸਾਹਮਣੇ ਆ ਗਏ ਅਤੇ ਤੇਗਾਂ ਨਾਲ ਵਾਰ ਕਰਨ ਲਗੇ। ਪਰ ਦੁਰਗਾ ਹਰ ਵਾਰ ਢਾਲ ਨਾਲ ਰੋਕ ਲੈਂਦੀ। ਦੇਵੀ ਨੇ ਅਨੇਕਾਂ ਨੂੰ ਤੇਗਾਂ ਮਾਰ ਮਾਰ ਖਤਮ ਕਰ ਦਿੱਤਾ ਪਰ ਦੈਂਤ ਉਨੇ ਹੀ ਹੋਰ ਪੈਦਾ ਹੋਈ ਜਾਂਦੇ ਸੀ। ਬਦੀ ਦਾ ਇਹ ਦਸਤੂਰ ਮੰਨਿਆ ਜਾਂਦਾ ਹੈ ਕਿ ਇਹ ਬਹੁਤ ਛੇਤੀ ਅਤੇ ਕਈ ਗੁਣਾਂ ਵੱਧ ਹੋ ਕੇ ਫੈਲਦੀ ਹੈ। ਇਕੱਲਿਆ ਬਦੀ ਨੂੰ ਖਤਮ ਕਰਨਾ ਮੁਸ਼ਕਿਲ ਹੈ। ਇਸ ਲਈ ਇਸ ਨੂੰ ਖਤਮ ਕਰਨ ਲਈ ਲਗਾਤਾਰ ਅਤੇ ਮਿਲ ਕੇ ਸੰਘਰਸ਼ ਕਰਨਾ ਪੈਂਦਾ ਹੈ। ਦੈਂਤਾਂ ਨੂੰ ਇਸ ਤਰ੍ਹਾਂ ਵਧਦੇ ਦੇਖ ਕੇ ਦੁਰਗਾ ਨੂੰ ਬਹੁਤ ਰੋਹ ਚੜ੍ਹਿਆ। ਉਸ ਨੇ ਕਾਲਿਕਾ (ਅਕਾਲ ਪੁਰਖ ਦੀ ਸ਼ਕਤੀ) ਨੂੰ ਮਨ ਵਿਚ ਧਿਆਇਆ। ਹਿੰਦੂ ਮਿਥਿਹਾਸ ਵਿਚ ਦੁਰਗਾ ਨੂੰ ਸ਼ਿਵ ਦੀ ਸ਼ਕਤੀ ਮੰਨਿਆ ਗਿਆ ਹੈ ਪਰ ਇਥੇ ਚੰਡੀ ਦੀ ਵਾਰ ਵਿਚ ਉਹ ਅਕਾਲ ਪੁਰਖ ਦੀ ਸ਼ਕਤੀ ਦੀ ਮਨ ਵਿਚ ਅਰਾਧਨਾ ਕਰ ਰਹੀ ਹੈ। ਉਹ ਅਕਾਲ ਪੁਰਖ ਤੋਂ ਸ਼ਕਤੀ ਮੰਗ ਰਹੀ ਹੈ। ਆਪਣੇ ਸਿਰ ਦੀ ਬਾਜੀ ਲਾ ਕੇ ਅਤੇ ਫ਼ਤਿਹ ਦਾ ਇਰਾਦਾ ਬਣਾ ਕੇ ਇਸ ਤਰ੍ਹਾਂ ਨਿਕਲੀ ਜਿਵੇਂ ਮ੍ਰਿੜ ਸ਼ਿਵਜੀ ਵਿਚੋਂ ਪਰਗਟ ਹੋ ਕੇ ਆਇਆ ਸੀ, ਜਿਵੇਂ ਤਿੰਨਾਂ ਲੋਕਾਂ ਵਿਚੋਂ ਸ਼ਿਵਜੀ ਗਰਜ ਕੇ ਚੜ੍ਹਿਆ ਹੋਵੇ, ਜਿਵੇਂ ਵਿਸ਼ਨੂੰ ਆਪਣੀ ਖਾਸ ਤਲਵਾਰ ਨੰਦਕ ਲੈ ਕੇ ਆਇਆ ਹੋਵੇ। ਅਗੋਂ ਰਾਖਸ਼ ਵੀ ਗੁੱਸੇ ਨਾਲ ਭਰੇ ਹੋਏ ਟੁੱਟ ਕੇ ਪੈ ਗਏ। ਦੁਰਗਾ ਨੇ ਬਹੁਤ ਸਾਰੇ ਦੈਂਤ ਖਤਮ ਕੀਤੇ ਉਹਨਾਂ ਨੂੰ ਕੇਸਾਂ ਤੋਂ ਫੜ ਫੜ ਸੁਟਿਆ ਅਤੇ ਚੁਣ ਚੁਣ ਕੇ ਚੋਟੀ ਦੇ ਸੂਰਮੇ ਦੁਰਗਾ ਨੇ ਮਾਰੇ। ਇਸ ਮੂੰਹ ਜੋਰ ਲੜਾਈ ਵਿਚ ਕਾਲਿਕਾ ਦੀਆਂ ਯੋਗਣ ਸਾਥਣਾਂ ਇਲ੍ਹਾਂ, ਕਾਵਾਂ ਤੇ ਗਿਰਝਾਂ ਦੇ ਰੂਪ ਵਿਚ ਇਕੱਠੀਆਂ ਹੋਕੇ ਲਹੂ ਪੀਣ ਵਾਸਤੇ ਆਈਆਂ। ਪੁਰਾਣਾਂ ਅਨੁਸਾਰ ਅੱਠ ਵਿਸ਼ੇਸ਼ ਦੇਵੀਆਂ ਨੂੰ ਹੀ ਯੋਗਨੀਆਂ ਕਿਹਾ ਜਾਂਦਾ ਹੈ ਸ਼ੈਲਪੁਤਰੀ, ਚੰਦ੍ਰਘੰਟਾ, ਸਕੰਦਮਾਤਾ, ਕਾਲਰਾਤਰੀ, ਚਡਿੰਕਾ, ਕੂਸ਼ਭਾਂਡੀ, ਕਾਤਯਾਯਨੀ ਅਤੇ

ਮਹਾਂਗੌਰੀ। ਭਗੌੜੇ ਰਾਖਸ਼ਾਂ ਨੇ ਸੁੰਭ ਰਾਜੇ ਨੂੰ ਦਸਿਆ ਕਿ ਯੋਗਣੀਆਂ(ਕਾਲੀ ਦੀਆਂ ਸਾਥਣਾਂ) ਨੇ ਰੱਤ ਦੀਆਂ ਬੂੰਦਾਂ ਧਰਤੀ ਤੇ ਡਿਗਣ ਹੀ ਨਹੀਂ ਦਿਤੀਆਂ। ਇਸ ਤਰਾਂ ਕਾਲੀ ਦੇਵੀ ਨੇ ਸ੍ਰੋਣਤਬੀਜ ਤੋਂ ਪੈਦਾ ਹੋਏ ਸਾਰੇ ਦੈਂਤ ਮਾਰ ਮੁਕਾਏ। ਮਹੱਤਵਪੂਰਨ ਗੱਲ ਇਹ ਹੈ ਕਿ ਜੇ ਦੁਰਗਾ ਆਪਣੀਆਂ ਸਾਥਣਾਂ ਜੋਗਣੀਆਂ ਨੂੰ ਸਹਾਇਤਾ ਲਈ ਨਾ ਬੁਲਾਉਂਦੀ ਤਾਂ ਉਹ ਸ੍ਰੋਣਤਬੀਜ ਦੀ ਰੱਤ ਦੀਆਂ ਬੂੰਦਾਂ ਤੋਂ ਪੈਦਾ ਹੋਏ ਦੈਂਤਾਂ ਨੂੰ ਖਤਮ ਨਹੀਂ ਸੀ ਕਰ ਸਕਦੀ। ਪਰ ਯੋਗਣੀਆਂ ਨੇ ਉਸ ਦੀ ਕੋਈ ਬੂੰਦ ਨੀਚੇ ਨਾ ਡਿਗਣ ਦਿੱਤੀ ਜਿਸ ਤੋਂ ਹੋਰ ਦੈਂਤ ਪੈਦਾ ਹੋ ਸਕਣ।

ਸ੍ਰੋਣਤਬੀਜ ਦੀ ਕਹਾਣੀ ਸੁਣ ਕੇ ਗੱਪਾਂ ਮਾਰਨ ਵਾਲੇ ਕਈ ਯੋਧੇ ਦੈਂਤ ਉਠ ਖੜ੍ਹੇ ਕਿ ਉਹ ਗੱਜ ਵੱਜ ਕੇ ਯੁੱਧ ਕਰਨ ਜਾਣਗੇ। ਧਰਤੀ ਨੂੰ ਹਿਲਾਉਂਦੇ ਸੂਰਮਿਆਂ ਦੇ ਦਲ ਨਿਕਲ ਤੁਰੇ। ਸੂਰਮੇ ਦੁਰਗਸ਼ਾਹ ਵਲ ਵਧ ਰਹੇ ਸੀ ਜਿਵੇਂ ਹਾਜੀ(ਮੁਸਲਮਾਨ ਯਾਤਰੀ ) ਮੱਕੇ (ਮੁਸਲਮਾਨਾਂ ਦਾ ਅਰਬ ਵਿਚ ਪਵਿੱਤਰ ਤੀਰਥ ਸਥਾਨ) ਵਲ ਜਾ ਰਹੇ ਹੋਣ। ਇਥੇ ਚੰਡੀ ਦੀ ਵਾਰ ਵਿਚ ਸਮਕਾਲੀਨ ਸੰਦਰਭ ਸਿਰਜਿਆ ਜਾ ਰਿਹਾ ਹੈ। ਹਿੰਦੁਸਤਾਨ ਤੇ ਮੁਗਲਾਂ ਦਾ ਰਾਜ ਸੀ ਅਤੇ ਮੱਕਾ ਮੁਸਲਮਾਨਾਂ ਦਾ ਤੀਰਥ ਅਸਥਾਨ ਹੈ। ਮਦਰੱਸਾ ਵੀ ਮੁਸਲਮਾਨੀ ਸਿੱਖਿਆ ਪ੍ਰਬੰਧ ਨਾਲ ਸਬੰਧਿਤ ਹੈ ਅਤੇ ਨਮਾਜ ਵੀ ਮੁਸਲਮਾਨੀ ਇਬਾਦਤ ਕਰਨ ਦਾ ਢੰਗ-ਤਰੀਕਾ ਹੈ। ਇਨ੍ਹਾਂ ਦੇ ਹਵਾਲੇ ਰਾਹੀਂ ਸਮਕਾਲੀਨ ਰਾਜਨੀਤਕ ਅਤੇ ਸਭਿਆਚਾਰਕ ਚੇਤੰਨਤਾ ਜਗਾਉਣ ਵੱਲ ਇਸ਼ਾਰਾ ਹੈ। ਘਾਇਲ ਹੋ ਕੇ ਸੂਰਮੇ ਇਸ ਤਰ੍ਹਾਂ ਘੁੰਮ ਰਹੇ ਸੀ ਜਿਵੇਂ ਮਦਰੱਸੇ (ਸਕੂਲ) ਵਿਚ ਕਾਜ਼ੀ (ਉਸਤਾਦ) ਫਿਰ ਰਹੇ ਹੋਣ। ਬਰਛੀਆਂ ਵਿਚ ਵਿੰਨ੍ਹੇ ਹੋਏ ਸੂਰਮੇ ਇਉਂ ਲਗ ਰਹੇ ਸੀ ਜਿਵੇਂ ਨਮਾਜ਼ੀ ਨਮਾਜ਼ ਪੜ੍ਹਨ ਲਈ ਝੁਕ ਰਹੇ ਹੋਣ। ਕਈ ਦੇਵੀ ਨੂੰ ਇਉਂ ਤਾੜ ਰਹੇ ਸੀ ਜਿਵੇਂ ਘੋੜੇ ਨੂੰ ਖਿੱਝ ਕੇ ਤੱਕੀ ਦਾ ਹੈ ਕਈ ਭੁੱਖਿਆਂ ਵਾਂਗ ਇਕ ਦੂਜੇ ਤੇ ਪੈ ਰਹੇ ਸੀ। ਦੇਵਤਿਆਂ ਤੇ ਦਾਨਵਾਂ ਦੀਆਂ ਟੋਲੀਆਂ ਨੇਜਿਆਂ, ਬਰਛੀਆਂ, ਤੀਰਾਂ ਅਤੇ ਤਲਵਾਰਾਂ ਨਾਲ ਆਹਮੋ ਸਾਹਮਣੇ ਭਿੜ ਰਹੀਆਂ ਸਨ। ਰਣਖੇਤ੍ਰ ਵਿਚ ਸਰੀਰਾਂ ਨਾਲੋਂ ਲੱਤਾਂ ਬਾਹਾਂ ਇਸ ਤਰ੍ਹਾਂ ਲਾਹ ਲਾਹ ਸੁਟੀਆਂ ਹੋਈਆਂ ਸਨ ਜਿਵੇਂ ਤਰਖਾਣ ਨੇ ਦ੍ਰਖਤਾਂ ਨੂੰ ਮੋਛੇ ਪਾ ਪਾ ਗੇਲੀਆਂ ਵੱਢ ਕੇ ਸੁੱਟੀਆਂ ਹੋਣ। ਦੁਰਗਾ ਨੇ ਚੰਗੇ ਚੰਗੇ ਲੜਾਕਿਆਂ ਨੂੰ ਚੁਣ ਚੁਣ ਤੀਰ ਮਾਰੇ। ਰੋਹ ਵਿਚ ਆਈ ਕਾਲਿਕਾ ਖੱਬੇ ਹੱਥ ਤਲਵਾਰ ਲੈਕੇ ਵਾਹ ਰਹੀ ਸੀ। ਪੈਦਲ ਸੈਨਾ ਨੂੰ ਹਾਥੀ ਪੈਰਾਂ ਹੇਠ ਦਰੜ ਕੇ ਮਾਰ ਰਹੇ ਸੀ। ਰਥਾਂ ਵਿਚ ਡਿੱਗੇ ਹੋਏ ਸਵਾਰ ਵੀ ਇਸੇ ਤਰ੍ਹਾਂ ਮਿੱਧੇ ਜਾ ਰਹੇ ਸਨ। ਸੰਜੋਆਂ ਨੂੰ ਵਿੰਨ੍ਹ ਕੇ ਪਾਰ ਲੰਘੇ ਤੀਰਾਂ ਦੀਆਂ ਥਾਗੜਾਂ ਖ਼ੂਨ ਨਾਲ ਭਰੀਆਂ ਹੋਈਆਂ ਸੋਂਹਦੀਆਂ ਸਨ ਜਿਵੇਂ ਅਨਾਰਾਂ ਨੂੰ ਫੁੱਲ ਲਗੇ ਹੋਣ। ਕਾਲਿਕਾ ਇਕਲੀ ਹੀ ਸਾਰੇ ਵੈਰੀਆਂ ਨੂੰ ਜਿੱਤ ਰਹੀ ਸੀ। ਚੰਡੀ ਦੀ ਵਾਰ ਵਿਚ ਮਨੁੱਖ ਦੇ ਧੁਰ ਅੰਦਰ ਸਤਿ ਦੀ ਪਹੁੰਚ ਕਰਾਉਣ ਲਈ ਅਨੇਕਾਂ ਪ੍ਰਤੀਕਾਂ ਅਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੋਈ ਹੈ। ਇਥੇ ਸਵਾ ਲੱਖ ਨਾਲ ਇੱਕ ਲੜਾਉਣ ਦਾ ਆਸ਼ਾ ਵੀ ਕਾਲਿਕਾ ਦੇ ਪ੍ਰਤੀਕ ਰਾਹੀਂ ਪਰਗਟ ਹੋ ਰਿਹਾ ਹੈ। ਫੌਜਾਂ ਧਾ ਕੇ ਜੋਸ਼ ਨਾਲ ਅਗੇ ਆਈਆਂ। ਨਿਸੁੰਭ ਨੇ ਆਪਣੇ ਘੋੜੇ ਨੂੰ ਨਚਾਇਆ ਜਿਸ ਉਤੇ ਤਾਰਾਂ ਦਾ ਝੁੱਲ ਪਾਇਆ ਹੋਇਆ ਸੀ। ਉਸ ਨੇ ਉਚੇਚੀ ਸਿੰਗਾਂ ਦੇ ਟੋਟੇ ਜੋੜ ਕੇ, ਸਾਈ ਦੇ ਕੇ ਬਣਵਾਈ ਹੋਈ ਕਮਾਣ ਮੰਗਵਾਈ ਅਤੇ ਆਪਣੇ ਸਾਥੀਆਂ ਸਮੇਤ ਕਾਲਿਕਾ ਦੇ ਸਾਹਮਣੇ ਆਇਆ। ਅਗੋਂ ਦੁਰਗਸ਼ਾਹ ਨੇ ਤੇਗ ਵਾਹੀ ਜਿਹੜੀ ਨਿਸੁੰਭ ਨੂੰ ਵੱਢ ਕੇ ਘੋੜੇ ਦੇ ਪਲਾਣ ਤੱਕ ਪਹੁੰਚ ਗਈ। ਤਲਵਾਰ ਏਨੇ ਜ਼ੋਰ ਨਾ ਵਾਹੀ ਕਿ

ਘੋੜੇ ਨੂੰ ਵੱਢਦੀ ਹੋਈ ਧਰਤੀ ਨਾਲ ਜਾ ਟਕਰਾਈ। ਸੂਰਬੀਰ ਨਿਸੁੰਭ ਧਰਤੀ ਤੇ ਇਸ ਤਰ੍ਹਾਂ ਡਿਗਿਆ ਜਿਵੇਂ ਆਪਣੇ ਭਰਾ ਨੂੰ ਸਿਜਦਾ ਕਰ ਰਹਾ ਹੋਵੇ। ਇਸ ਤੋਂ ਪਿਛੋਂ ਸੁੰਭ ਯੁੱਧ ਕਰਨ ਲਈ ਤਿਆਰ ਹੋ ਗਿਆ। ਨਗਾਰੇ ਧਾਈ ਧਾਈ ਕਰਕੇ ਜਿਵੇਂ ਅਗੇ ਵਧਣ ਲਈ ਹੱਲਾ ਸ਼ੇਰੀ ਦੇ ਰਹੇ ਹੋਣ।

# ਪੰਜਾਬੀ ਕਿੱਸਾ ਤੇ ਬੀਰ ਕਾਵਿ:ਸਿਧਾਂਤ ਤੇ ਪਿਛੋਕੜ

1.1 ਬਿਰਤਾਂਤਕ ਕਾਵਿ ਰੂਪਾਕਾਰ :

ਬੱਚਿਓ, ਬਿਰਤਾਂਤਕ ਕਾਵਿ ਰੂਪਾਕਾਰਾਂ ਨੂੰ ਸਮਝਣ ਤੋਂ ਪਹਿਲਾਂ ਇੱਥੇ ਬਿਰਤਾਂਤ ਨੂੰ ਸਮਝਣਾ ਜ਼ਰੂਰੀ ਹੈ। ਬਿਰਤਾਂਤਅੰਗ੍ਰੇਜ਼ੀ ਭਾਸ਼ਾ ਦੇ ਪਰਿਭਾਸ਼ਿਕ ਸ਼ਬਦ 'ੌਰਰਓਟਵਿਣ ਦਾ ਪੰਜਾਬੀ ਰੂਪਾਂਤਰ ਹੈ। ਇਸ ਦੀ ਉਤਪਤੀ ਲੈਟਿਨ ਭਾਸ਼ਾ ਦੇ ਸ਼ਬਦ'ੌਰਰਓਰਣ ਤੋਂ ਹੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ 'ਕਥਾ ਦਾ ਬਿਆਨ'। ਬਿਰਤਾਂਤ ਅਸਲ ਵਿਚ ਘਟਨਾਵਾਂ ਦੀਭਾਸ਼ਕ ਪੇਸ਼ਕਾਰੀ ਹੈ ਜਿਸ ਵਿਚ ਆਖਣ ਤੇ ਸੁਣਨ ਵਾਲੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਨੁੱਖੀ ਜਾਤੀ ਦੇ ਹੁਣ ਤੱਕ ਦੇਇਤਿਹਾਸ ਵਿਚ ਬਿਰਤਾਂਤ ਦੇ ਅਨੇਕਾਂ ਰੂਪ ਹੋਂਦ ਵਿਚ ਆ ਚੁੱਕੇ ਹਨ। ਪ੍ਰਾਚੀਨ ਸਭਿਆਤਾਵਾਂ ਦੀਆਂ ਮੌਖਿਕ ਕਥਾਵਾਂ ਤੋਂਲੈ ਕੇ ਅਜੋਕੇ ਦੌਰ ਵਿਚ ਨਾਵਲ, ਕਹਾਣੀ ਵਰਗੇ ਕਈ ਰੂਪ ਹੋਂਦ ਵਿਚ ਆ ਚੁੱਕੇ ਹਨ। ਬਿਰਤਾਂਤ ਨਿਰੋਲ ਮਨੁੱਖੀਕਿਰਿਆ ਨੂੰ ਪ੍ਰਗਟਾਉਣ ਦੀ ਵਿਧੀ ਹੈ। ਵਸਤੂ ਜਾਂ ਦੈਵੀ ਹੋਂਦ ਨੂੰ ਬਿਰਤਾਂਤ ਦੀ ਮੁਥਾਜੀ ਨਹੀਂ ਹੁੰਦੀ। ਜਦੋਂ ਕਦੇ ਵੀਕੋਈ ਵਸਤੂ ਜਾਂ ਦੈਵੀ ਹੋਂਦ ਬਿਰਤਾਂਤ ਰਾਹੀਂ ਪ੍ਰਗਟਾਵਾ ਹਾਸਿਲ ਕਰਦੀ ਹੈ ਤਾਂ ਪਹਿਲਾਂ ਉਨ੍ਹਾਂ ਨੂੰ ਮਾਨਵੀ ਰੂਪ ਧਾਰਣਕਰਨਾ ਪੈਂਦਾ ਹੈ। ਭਾਵ ਉਨ੍ਹਾਂ ਦਾ ਮਾਨਵੀਕਰਣ (ਫਣਰਸੋਨਡਿਚਿਓਟੋਿਨ) ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਜਦੋਂ ਸਮੂਰਤ ਵਸਤਾਂਜਾਂ ਅਮੂਰਤ ਦੈਵੀ ਹੋਂਦ, ਮਨੁੱਖੀ ਰਿਸ਼ਤਿਆਂ ਵਿਚ ਬੱਝ ਕੇ ਬਿਰਤਾਂਤ ਰਾਹੀਂ ਪ੍ਰਗਟਾਵਾ ਹਾਸਿਲ ਕਰਦੀਆਂ ਹਨ ਤਾਂ ਇਸਨਾਲ ਉਨ੍ਹਾਂ ਵਿਚ ਸਹਿਜੇ ਹੀ ਕਲਾਤਮਕ ਗੁਣ ਪ੍ਰਵੇਸ਼ ਕਰ ਜਾਂਦੇ ਹਨ। ਜਪੁ ਜੀ ਸਾਹਿਬ ਦੇ ਅੰਤ ਵਿਚ ਦਰਜ ਸਲੋਕਇਸ ਦੀ ਬਹੁਤ ਖ਼ੂਬਸੂਰਤ ਮਿਸਾਲ ਹੈ:

ਪਵਣੁ ਗਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ 1

ਭਾਵ ਇੱਥੇ 'ਪਵਣ' ਨੂੰ 'ਗੁਰੂ' ਕਹਿਣਾ, 'ਪਾਣੀ' ਨੂੰ 'ਪਿਤਾ', 'ਧਰਤੀ' ਨੂੰ 'ਮਾਂ' ਅਤੇ 'ਦਿਨ ਰਾਤ' ਨੂੰ 'ਦਾਈਦਾਇਆ' ਕਹਿਣਾ ਇਸੇ ਮਾਨਵੀਕਰਣ ਦੀ ਪ੍ਰਕਿਰਿਆ ਦਾ ਨਤੀਜਾ ਹੈ। ਗੁਰੂ ਸਾਹਿਬ ਸੰਸਕ੍ਰਿਤੀ ਤੇ ਪ੍ਰਕ੍ਰਿਤੀ ਦੇਮਾਧਿਅਮ ਰਾਹੀਂ ਮਨੁੱਖ ਨੂੰ ਗੰਭੀਰ ਚਿੰਤਨ ਨਾਲ ਜੋੜਦੇ ਹਨ। ਇਸ ਸੰਬੰਧ ਵਿਚ ਇੱਥੇ ਇਹ ਵੀ ਸਪਸ਼ਟ ਕਰ ਦੇਣਾਜ਼ਰੂਰੀ ਹੈ ਕਿ ਮਨੁੱਖੀ ਰਿਸ਼ਤੇ ਜਿਤਨੇ ਜ਼ਿਆਦਾ ਜਟਿਲ ਤੇ ਗੁੰਝਲਦਾਰ ਹੋਣਗੇ, ਉਨਾ ਹੀ ਉਨ੍ਹਾਂ ਦਾ ਬਿਰਤਾਂਤ ਡੂੰਘਾ ਤੇਵਿਸਤ੍ਰਿਤ ਹੋਵੇਗਾ। ਠੀਕ ਇਸ ਦੇ ਉਲਟ ਮਨੁੱਖੀ ਸੰਬੰਧ ਜਿਤਨੇ ਸਰਲ ਤੇ ਇਕਹਿਰੇ ਹੋਣਗੇ, ਉਨ੍ਹਾਂ ਦਾ ਬਿਰਤਾਂਤ ਵੀਉਨਾ ਹੀ ਸਤਹੀ ਤੇ ਸਰਲ ਪੱਧਰ ਦਾ ਹੋਵੇਗਾ। ਇਸ ਦੇ ਨਾਲ ਹੀ ਬਿਰਤਾਂਤ ਦੇ ਸੰਕਲਪ ਦੀ ਗੱਲ ਕਰੀਏ ਤਾਂ ਇਹਸਿਰਫ ਸਾਧਾਰਣ ਵਰਤੋਂ ਵਿਚ ਆਉਣ ਵਾਲਾ ਸ਼ਬਦ ਨਹੀਂ ਸਗੋਂ ਇਸ ਦਾ ਸਮਕਾਲੀ ਆਲੋਚਨਾ ਦੀ ਤਕਨੀਕੀਸ਼ਬਦਾਵਲੀ ਨਾਲ ਵੀ ਸੰਬੰਧ ਜੁੜਦਾ ਹੈ। ਜ਼ਿਆਦਾਤਰ ਦੇਖੀਏ ਤਾਂ ਇਹ ਨੂੰ ਕਥਾ ਸਾਹਿਤ ਤੱਕ ਸੀਮਿਤ ਕਰਕੇ ਦੇਖਿਆਜਾਂਦਾ ਹੈ, ਪਰ ਇਹੀ ਨਿਰੋਲ ਕਥਾ ਦਾ ਸਮਾਨਾਰਥਕ ਨਹੀਂ। ਬਿਰਤਾਂਤ ਕਥਾ-ਰਚਨਾ ਦਾ ਉਹ ਤਕਨੀਕੀ ਪੱਖ ਹੈ ਜਿਸਵਿਚ ਰਚਨਾ ਦੇ ਸੰਪੂਰਣ ਸੰਦ ਸ਼ਾਮਲ ਹਨ ਜਿਸ ਨਾਲ ਕਥਾ ਹੋਂਦ ਵਿਚ ਆਉਂਦੀ ਹੈ। ਇਸ ਵਿਚ ਪਾਤਰ, ਘਟਨਾ ਤੇਸਥਿਤੀਆਂ ਦੇ ਰਾਹੀਂ ਬਿਰਤਾਂਤ ਉਸਾਰਿਆ ਜਾਂਦਾ ਹੈ।ਬਿਰਤਾਂਤ ਦਾ ਗਾਲਪਿਕ ਤੇ ਵਾਸਤਵਿਕ ਹੋਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਬਿਰਤਾਂਤ ਸਿਰਫ ਗਲਪਦਾ ਸਮਾਨਾਰਥਕ ਸ਼ਬਦ ਨਹੀਂ ਸਗੋਂ ਇਸ ਦੇ ਘੇਰੇ ਵਿਚ ਜੀਵਨੀ, ਸਵੈ-ਜੀਵਨੀ ਅਤੇ ਇਤਿਹਾਸ ਵਰਗੀਆਂ ਸਿਰਜਣਾਵਾਂਵੀ ਸ਼ਾਮਲ ਹੁੰਦੀਆਂ ਹਨ। ਇਨ੍ਹਾਂ ਵਿਚ ਕਥਾਕਾਰੀ ਦੀ ਰਚਨਾ-ਵਿਧੀ ਕਾਰਜਸ਼ੀਲ ਰਹਿੰਦੀ ਹੈ। ਇਸ ਦੇ ਨਾਲ ਹੀ ਮਨੁੱਖਆਪਣੀ ਵਿਅਕਤੀਗਤ, ਸਭਿਆਚਾਰਕ ਜਾਂ ਕੌਮੀ ਪਛਾਣ ਉਸਾਰਨ ਲਈ ਵੀ ਸਵੈ-ਬਿਰਤਾਂਤ ਸਿਰਜਦਾ ਹੈ। ਇਉਂਬਿਰਤਾਂਤ, ਬੀਤ ਚੁੱਕੀਆਂ ਜਾਂ ਕਲਪਿਤ ਘਟਨਾਵਾਂ ਨੂੰ ਸਮੇਂ ਤੇ ਸਥਾਨ (ਠਮਿਣ ੌਨਦ ਸਪਓਚਣ) ਦੇ ਕ੍ਰਮ ਵਿਚ ਬੰਨਣ ਨਾਲਹੋਂਦ ਵਿਚ ਆਉਂਦਾ ਹੈ। ਇਹ ਖਾਸ ਕਰਕੇ ਨਾਵਲ ਅਤੇ ਕਹਾਣੀ

ਸਾਹਿਤ ਰੂਪਾਂ ਦੀ ਇਕ ਜਾਣੀ ਪਛਾਣੀ ਜੁਗਤ ਹੈ।ਕਵਿਤਾ ਵਿਚ ਕਿਉਂਕਿ ਬਹੁਤ ਕਰਕੇ ਬਿੰਬ, ਪ੍ਰਤੀਕਾਂ, ਅਲੰਕਾਰਾਂ ਤੇ ਸੰਕੇਤਾਂ ਵਿਚ ਗੱਲ ਕੀਤੀ ਗਈ ਹੁੰਦੀ ਹੈ।ਇਸਲਈ ਕਵਿਤਾ ਦੀ ਅੰਦਰੂਨੀ ਸੰਰਚਨਾ ਬਿਰਤਾਂਤ ਦਾ ਭਾਰ ਸਹਿਣ ਦੇ ਸਮਰੱਥ ਨਹੀਂ ਹੁੰਦੀ। ਪਰ ਜਦੋਂ ਕਵਿਤਾ ਵਿਚਨਾਵਲ ਤੇ ਕਹਾਣੀ ਦਾ ਬੁਨਿਆਦੀ ਤੱਤ ਸ਼ਾਮਿਲ ਹੁੰਦਾ ਹੈ ਤਾਂ ਇਸ ਨਾਲ ਜਿਹੜਾ ਕਾਵਿ-ਰੂਪਾਕਾਰ ਹੋਂਦ ਵਿਚ ਆਉਂਦਾਹੈ, ਉਸ ਨੂੰ ਬਿਰਤਾਂਤਕ ਕਾਵਿ ਰੂਪਾਕਾਰ ਕਹਿੰਦੇ ਹਨ। ਕਿੱਸਾ, ਵਾਰ, ਜੰਗਨਾਮਾ ਅਤੇ ਮਹਾਂਕਾਵਿ ਆਦਿ ਇਸੇਬਿਰਤਾਂਤਕ ਕਾਵਿ ਰੂਪਾਕਾਰ ਦੀ ਪ੍ਰਤੀਨਿੱਧਤਾ ਕਰਨ ਵਾਲੀਆਂ ਰਚਨਾਵਾਂ ਹਨ। ਬਿਰਤਾਂਤਕ ਕਾਵਿ ਰੂਪਾਕਾਰ ਹੋਣ ਕਰਕੇਕਿੱਸਾ-ਕਾਵਿ ਤੇ ਵਾਰ-ਕਾਵਿ ਵਿਚ ਬਿਰਤਾਂਤ ਦੀ ਜੁਗਤ ਜਾਂ ਵਿਧੀ ਕੇਂਦਰੀ ਮਹੱਤਵ ਦੀ ਲਖਾਇਕ ਹੈ।

**ਕਿੱਸਾ-ਕਾਵਿ :**

ਪੰਜਾਬੀ ਸਾਹਿਤ ਵਿਚ ਕਿੱਸਾ-ਕਾਵਿ ਦੀ ਲੰਮੀ ਪਰੰਪਰਾ ਰਹੀ ਹੈ। ਕਿੱਸੇ ਦੇ ਪ੍ਰਾਚੀਨ ਸੋਮੇ ਦੀ ਜੇ ਗੱਲ ਕਰੀਏ ਤਾਂ ਇਹਲੋਕ-ਕਹਾਣੀਆਂ ਤੇ ਕਥਾਵਾਂ ਹਨ, ਜੋ ਸਦੀਆਂ ਤੋਂ ਅਸੀਂ ਆਪਣੇ ਬਜ਼ੁਰਗਾਂ ਤੋਂ ਸੁਣਦੇ ਆ ਰਹੇ ਹਾਂ। ਆਦਿ ਕਾਲ ਤੋਂ ਹੀਮਨੁੱਖ ਵਿਚ ਆਪਾ ਪ੍ਰਗਟਾਉਣ, ਦੂਜਿਆਂ ਬਾਰੇ ਜਾਣਨ, ਨਿਰੀਖਣ ਕਰਨ ਦੀ ਰੁਚੀ ਵਿਦਮਾਨ ਰਹੀ ਤੇ ਉਨ੍ਹਾਂ ਦੀ ਇਸੇਜਿਗਿਆਸਾ ਨੇ ਕਥਾ ਸਾਹਿਤ ਨੂੰ ਜਨਮ ਦਿੱਤਾ। ਕਹਾਣੀ ਇਕ ਅਜਿਹਾ ਸਾਹਿਤ ਰੂਪ ਹੈ ਜਿਸ ਵਿਚ ਮਨੁੱਖ ਦੀ ਭਾਵਨਾ,ਕਲਪਨਾ, ਸਿੱਖਿਆ, ਮਨੋਰੰਜਨ, ਪਰੀ ਕਲਪਨਾ, ਮਹਾਂ-ਪੁਰਸ਼ਾਂ ਦੇ ਜੀਵਨ, ਪੰਛੀਆਂ ਤੇ ਜਾਨਵਰਾਂ ਦੀ ਕਥਾਵਾਂ ਆਦਿਸਭ ਕੁਝ ਸ਼ਾਮਲ ਹੈ। ਪ੍ਰਾਚੀਨ ਕਾਲ ਵਿਚ ਇਸ ਦਾ ਮਾਧਿਅਮ ਕਵਿਤਾ ਸੀ। ਜੋ ਮੱਧਕਾਲ ਦੇ ਕਾਵਿ-ਰੂਪ 'ਕਿੱਸੇ' ਦਾਰੂਪ ਲੈਂਦੀ ਹੈ। 'ਕਿੱਸਾ' ਸ਼ਬਦ ਦੇ ਸ਼ਾਬਦਿਕ ਅਰਥ ਦੀ ਜੇ ਗੱਲ ਕਰੀਏ ਤਾਂ ਇਹ 'ਅਰਬੀ' ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ, ਕਹਾਣੀ। ਪਰ ਸਾਹਿਤਕ ਰੂਪ ਵਜੋਂ ਕਿੱਸਾ, ਕਵਿਤਾ ਦੇ ਰੂਪ ਵਿਚ ਕਹਾਣੀ ਕਹਿਣ ਦਾ ਇਕ ਵੱਖਰਾਢੰਗ ਹੈ। ਇਸ ਤਰ੍ਹਾਂ ਸਾਹਿਤ ਦੇ ਇਕ ਰੂਪਾਕਾਰ ਦੇ ਤੌਰ 'ਤੇ 'ਕਿੱਸਾ' ਕਾਵਿਕ ਬਿਰਤਾਂਤ ਹੈ ਜਿਸ ਵਿਚ ਕਵਿਤਾ ਦੇਮਾਧਿਅਮ ਰਾਹੀਂ ਕਹਾਣੀ ਕਹੀ ਜਾਂਦੀ ਹੈ। ਕੁਲਬੀਰ ਸਿੰਘ ਕਾਂਗ ਅਨੁਸਾਰ :'ਕਿੱਸਾ ਸ਼ਬਦ ਦੀ ਵਿਉਤਪੱਤੀ ਅਰਬੀ ਭਾਸ਼ਾ ਦੀ 'ਕਸ' ਧਾਤੂਤੋਂ ਮੰਨੀ ਗਈ ਹੈ ਜਿਸ ਦੇ ਅਰਥ ਹਨ ਪਿੱਛੇ ਜਾਣਾ, ਪਿੱਛਾਕਰਨਾ, ਖ਼ਬਰ ਦੇਣਾ ਅਰਥਾਤ ਕਿਸੇ ਘਟਨਾ ਦਾ ਬਿਆਨਕਰਨਾ।' 2

ਪੰਜਾਬੀ ਵਿਚ 'ਕਿੱਸਾ' ਸ਼ਬਦ ਉਸ ਬਿਆਨਿਆ ਕਾਵਿ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਪ੍ਰੇਮ/ਇਸ਼ਕ ਦੀ ਸੱਚੀ,ਕਾਲਪਨਿਕ ਜਾਂ ਅਰਧ ਕਾਲਪਨਿਕ ਕਹਾਣੀ ਰੋਮਾਂਸਿਕ ਢੰਗ ਨਾਲ ਪੇਸ਼ ਹੁੰਦੀ ਹੈ। ਪੰਜਾਬੀ ਕਿੱਸਾ ਪਰੰਪਰਾ ਦੇਆਰੰਭ/ਉਦਭਵ ਦੀ ਗੱਲ ਤੁਰਦੀ ਹੈ ਤਾਂ ਇਸ ਉੱਤੇ ਭਾਰਤੀ ਪਰੰਪਰਾ ਤੇ ਫਾਰਸੀ ਮਸਨਵੀ ਦਾ ਪ੍ਰਭਾਵ ਦੇਖਣ ਨੂੰ ਮਿਲਦਾਹੈ। ਭਾਰਤੀ ਪਰੰਪਰਾ ਵਿਚ 'ਕਿੱਸੇ' ਲਈ 'ਆਖਿਆਨ' ਸ਼ਬਦ ਵਰਤਿਆ ਜਾਂਦਾ ਹੈ ਜਿਸ ਤੋਂ ਪੰਜਾਬੀ ਵਿਚ 'ਅਖਾਣ' 'ਅਖਿਓ' ਤੇ 'ਆਖਿਆ' ਸ਼ਬਦ ਹੋਂਦ ਵਿਚ ਆਏ। ਜਿਸ ਤੋਂ ਪ੍ਰੇਮ ਦੇ ਕਿੱਸਿਆ ਲਈ 'ਪ੍ਰੇਮਾਖਿਆਨ' ਸ਼ਬਦ ਵਰਤੋਂ ਵਿਚਆਉਣ ਲੱਗਾ। ਪ੍ਰੀਤ ਕਥਾ ਦਾ ਸਭ ਤੋਂ ਪਹਿਲਾ ਪ੍ਰਮਾਣ ਰਿਗਵੇਦ ਦੇ ਇਕ ਸੌ ਇਕ 'ਰਿਚਾ' ਵਿਚ ਯਮ-ਯਮੀ ਦੇਪ੍ਰੇਮਾਖਿਆਨ ਦਾ ਮਿਲਦਾ ਹੈ। ਸਿਰਫ ਇਹੀ ਨਹੀਂ ਇਨ੍ਹਾਂ ਪ੍ਰੇਮਾਖਿਆਨਾਂ ਦਾ ਵਿਕਸਿਤ ਰੂਪ ਉਪਨਿਸ਼ਦਾਂ ਵਿਚ ਵੀ ਦੇਖਣ ਨੂੰਮਿਲਦਾ ਹੈ, ਜਿਸ ਵਿਚ 'ਯਾਗਵਲਕਯ', ਗਾਰਗੀ ਤੇ ਸਤਯਕਾਮ, ਜਾਬਾਲੀ, ਅਹੱਲਿਆ ਤੇ ਇੰਦਰ ਆਦਿ ਪ੍ਰਸਿੱਧਹਨ। ਇਵੇਂ ਹੀ ਮਹਾਭਾਰਤ, ਪੰਚ-ਤੰਤ੍ਰ, ਬੈਤਾਲ ਪਚੀਸੀ, ਹਿਤੋਪਦੇਸ਼, ਬ੍ਰਹਦ ਕਥਾ ਤੇ ਬੌਧ ਜਾਤਕਾਂ ਵਿਚ ਵੀਪ੍ਰੇਮਖਿਆਨ ਦਾ ਵਰਨਣ ਮਿਲਦਾ ਹੈ। ਇਨ੍ਹਾਂ ਪ੍ਰੀਤ ਕਥਾਵਾਂ ਵਿਚ ਭਾਵਾਂ ਦਾ ਮਾਨਵੀਕਰਣ ਵੀ ਭਾਰਤੀ ਪਰੰਪਰਾ ਦੀ ਹੀਦੇਣ ਹੈ ਜਿਵੇਂ ਵਾਰਿਸ ਆਪਣੇ ਕਿੱਸੇ ਵਿਚ ਹੀਰ ਨੂੰ ਰੂਹ, ਰਾਂਝੇ ਨੂੰ ਕਲਬੂਤ, ਪੰਜ ਪੀਰਾਂ ਨੂੰ ਪੰਜ ਹਵਾਸ (ਗਿਆਨਇੰਦ੍ਰੀਆਂ), ਕੈਦੋ ਨੂੰ ਸ਼ੈਤਾਨ, ਸਹਿਤੀ ਨੂੰ ਮੌਤ ਆਦਿ ਰੂਪਾਂ ਵਿਚ ਪੇਸ਼ ਕਰਦਾ ਹੈ। ਕਿੱਸਿਆਂ ਵਿਚ ਵੀਰਤਾ ਦਾ ਅੰਸ਼ ਵੀ ਸ਼ਾਮਲ ਹੁੰਦਾ ਹੈ, ਜਿਸ ਦੇ ਤਹਿਤ ਦਮੋਦਰ ਨੇ ਤਾਂ ਹੀਰ ਨੂੰ ਵੀਰਾਂਗਣਾ ਰੂਪ 'ਚ ਪੇਸ਼ ਕੀਤਾ। ਇਸ ਦੇ ਨਾਲ ਹੀ ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿਚ ਵੀ ਬਹਾਦਰੀ ਦਾ ਅੰਸ਼ ਦ੍ਰਿਸ਼ਟੀਗੋਚਰ ਹੁੰਦਾ ਹੈ। ਇਨ੍ਹਾਂ ਪ੍ਰੇਮਾਖਿਆਨ ਦੀ ਬਣਤਰ ਤੇ ਕੁਝ ਤੱਤ ਜਿਨ੍ਹਾਂ ਵਿਚ ਮੰਗਲਾਚਰਨ, ਸੁਖਾਂਤ ਬਿਰਤਾਂਤ, ਅਲੋਕਿਕ ਸ਼ਕਤੀਆਂ ਵਲੋਂ ਸਹਾਇਤਾ, ਸੁਪਨੇ ਵਿਚ ਮਿਲਾਪ,

ਜਨਮਾਂਤਰਾ ਤੋਂ ਚਲਿਆ ਆ ਰਿਹਾ ਪ੍ਰੇਮ, ਧਾਰਮਿਕ ਤੇ ਸਦਾਚਾਰਕ ਉਪਦੇਸ਼, ਮਨੋਬਚਨੀ, ਪ੍ਰਕ੍ਰਿਤੀ-ਚਿਤ੍ਰਣ ਆਦਿ ਸ਼ਾਮਲ ਹਨ ਇਹ ਪੰਜਾਬੀ ਕਿੱਸਿਆਂ ਵਿਚ ਵੀ ਦੇਖਣ ਨੂੰ ਮਿਲਦੇ ਹਨ। ਇਸ ਤੋਂ ਅੱਗੇ ਹੁਣ ਇਹ ਦੇਖਾਂਗੇ ਕਿ ਕਿੱਸਾ ਪਰੰਪਰਾ ਉੱਤੇ ਈਰਾਨੀ ਮਸਨਵੀ ਦਾ ਪ੍ਰਭਾਵ ਕਿਵੇਂ ਪਿਆ। ਪੰਜਾਬ ਜੋ ਕਈ ਸਦੀਆਂ ਤਕ ਈਰਾਨ ਦੇ ਹਾਕਮਾਂ ਅਧੀਨ ਰਿਹਾ। ਇਸ ਦੌਰਾਨ ਹਕੂਮਤ ਦੀ ਭਾਸ਼ਾ ਫ਼ਾਰਸੀ ਹੋਣ ਕਰਕੇ ਇਸ ਦਾ ਪ੍ਰਭਾਵ ਪੰਜਾਬ ਉੱਤੇ ਪੈਣਾ ਵੀ ਸੁਭਾਵਿਕ ਸੀ। ਇਸ ਨਾਲ ਇਕ ਪਾਸੇ ਕਈ ਪ੍ਰਸਿੱਧ ਫ਼ਾਰਸੀ ਸ਼ਾਇਰ ਸਾਹਮਣੇ ਆਏ ਤੇ ਦੂਜੇ ਪਾਸੇ ਲਗਭਗ ਅਠ ਸੌ ਸਦੀਆਂ ਤਕ ਸਰਕਾਰੀ ਭਾਸ਼ਾ ਦੇ ਤੌਰ 'ਤੇ ਫ਼ਾਰਸੀ ਨੇ ਰਾਜ ਕੀਤਾ। ਫ਼ਾਰਸੀ ਸਾਹਿਤ ਦੀ ਕਿੱਸਾਕਾਰੀ ਜਿਸ ਦਾ ਸਾਧਨ ਮਸਨਵੀ ਸੀ, ਉਸ ਦਾ ਪ੍ਰਭਾਵ ਵੀ ਪੰਜਾਬੀ ਕਿੱਸਾਕਾਰੀ ਨੇ ਕਬੂਲਿਆ। ਪਰ ਇਸ ਦੇ ਨਾਲ ਹੀ ਫ਼ਾਰਸੀ ਮਸਨਵੀ ਤੋਂ ਪਹਿਲਾਂ ਵੀ ਪੰਜਾਬੀ ਕਿੱਸਿਆ ਲਈ ਇਕ ਆਧਾਰ ਤਿਆਰ ਸੀ, ਜਿਸ ਦੀ ਸ਼ੁਰੂਆਤ ਪੰਜਾਬ ਦੇ ਸਥਾਨਕ ਕਿੱਸੇ 'ਹੀਰ ਰਾਂਝਾ' ਰਾਹੀਂ ਹੁੰਦੀ ਹੈ ਜਿਸ ਦਾ ਰਚੈਤਾ ਕਵੀ ਦਮੋਦਰ ਸੀ। ਇਸ ਦੇ ਨਾਲ ਹੀ ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਪੂਰਨ ਭਗਤ, ਰਾਜਾ ਰਸਾਲੂ, ਰੂਪ ਬਸੰਤ ਆਦਿਕ ਕਿੱਸੇ ਵੀ ਪੰਜਾਬ ਦੇ ਸਥਾਨਕ ਪ੍ਰੀਤ-ਕਿੱਸਿਆਂ ਦੀ ਲੜੀ ਵਿਚ ਸ਼ਾਮਲ ਹਨ। ਫ਼ਾਰਸੀ ਮਸਨਵੀ ਵਿਚਰਚਨਾ ਦੇ ਆਰੰਭ ਵਿਚ ਪਰਮਾਤਮਾ ਅੱਗੇ ਬੇਨਤੀ ਭਾਵ ਮੰਗਲਾਚਰਣ ਦੀ ਜੁਗਤ ਰਾਹੀਂ, ਅਰਦਾਸ ਤੇ ਕਿੱਸਾ ਲਿਖਣ ਦਾਕਾਰਣ ਦੱਸ ਕੇ ਕਿੱਸਾ ਲਿਖਣਾ ਸ਼ੁਰੂ ਕੀਤਾ ਜਾਂਦਾ ਹੈ। ਦੂਜਾ ਇਸ ਵਿਚ ਸੁਖਾਂਤਕ ਅੰਤ ਦਾ ਲਗਭਗ ਅਭਾਵ ਸੀ ਜਿਸਕਾਰਣ ਪੰਜਾਬੀ ਵਿਚ ਵੀ ਜ਼ਿਆਦਾਤਰ ਕਿੱਸੇ ਦੁਖਾਂਤ ਵਿਚ ਲਿਖੇ ਗਏ। ਹੀਰ ਰਾਂਝੇ ਦਾ ਪਹਿਲਾ ਕਿੱਸਾ ਵੀ ਸੁਖਾਂਤਕਲਿਖਿਆ ਗਈ ਸੀ ਬਾਅਦ ਵਿਚ ਉਸ ਨੂੰ ਦੁਖਾਂਤਕ ਬਣਾ ਦਿੱਤਾ ਗਿਆ। ਕਿੱਸਿਆਂ ਵਿਚ ਮੁਖ ਨਾਇਕਾ ਦੀ ਸੁੰਦਰਤਾਦਾ ਬਿਆਨ, ਅਲੰਕਾਰ ਤੇ ਸ਼ਬਦਾਵਲੀ ਦੀ ਅਮੀਰੀ, ਤਕਨੀਕ ਤੇ ਉਸਾਰੀ ਪ੍ਰਬੰਧ ਆਦਿ ਪੰਜਾਬੀ ਕਿੱਸਾਕਾਰੀ ਨੂੰਫ਼ਾਰਸੀ ਮਸਨਵੀ ਤੋਂ ਪ੍ਰਾਪਤ ਹੁੰਦਾ ਹੈ। ਫ਼ਾਰਸੀ ਦੇ ਇਲਾਵਾ ਪੰਜਾਬੀ ਕਿੱਸਿਆਂ ਨੇ ਯੂਨਾਨੀ ਤੇ ਸਾਮੀ ਕਿੱਸਿਆਂ ਦਾ ਵੀਪ੍ਰਭਾਵ ਕਬੂਲਿਆਂ, ਜਿਸ ਦੇ ਤਹਿਤ ਤ੍ਰਾਸਦੀ ਤੇ ਹੋਣੀ ਯੂਨਾਨੀ ਅੰਸ਼ ਦਾ ਪ੍ਰਤੀਕ ਹਨ। ਜਿਸ ਦੇ ਕਾਰਣ ਪੰਜਾਬੀ ਦੇ ਪ੍ਰੀਤਕਿੱਸੇ ਦੁਖਾਂਤਕ ਹੋ ਨਿਬੜਦੇ ਹਨ। ਮੌਤ ਦਾ ਕਾਰਣ ਵੀ ਜ਼ਿਆਦਾਤਰ ਕਿੱਸਿਆਂ ਵਿਚ ਹੋਣੀ ਨੂੰ ਮੰਨਿਆ ਜਾਂਦਾ ਹੈ। ਜਿਵੇਂਸਾਹਿਬਾਂ ਤੇ ਸੱਸੀ ਵੀ ਆਪਣੇ ਨਾਇਕ ਦੀ ਮੌਤ ਦੇ ਪਿਛੋਂ ਹੋਣੀ ਨੂੰ ਹੀ ਜ਼ਿੰਮੇਵਾਰ ਮੰਨਦੀਆਂ ਹਨ। ਸਾਮੀ ਦੇ ਪ੍ਰਭਾਵਅਧੀਨ ਆਜੜੀ ਪਾਤਰ ਤੇ ਉਸ ਦੇ ਹੱਥ ਵਿਚ ਖੂੰਡਾ, ਨਾਇਕਾ ਦੀ ਪਵਿਤ੍ਰਤਾ ਆਦਿ ਪੰਜਾਬੀ ਕਿੱਸਿਆਂ ਵਿਚ ਸ਼ਾਮਲ ਹੁੰਦੇ ਗਏ। ਇਸ ਤਰ੍ਹਾਂ ਪੰਜਾਬੀ ਕਿੱਸੇ ਦਾ ਆਗ਼ਾਜ ਭਾਵੇਂ ਭਾਰਤੀ ਪ੍ਰੇਮਾਖਿਆਨ ਪਰੰਪਰਾ ਰਾਹੀਂ ਹੋਇਆ4 ਪਰ ਜਿਹੜੀ ਸਾਂਝ ਫ਼ਾਰਸੀ ਮਸਨਵੀ ਨਾਲ ਹੈ ਉਸ ਦਾ ਵਿਸ਼ੇਸ਼ ਮਹੱਤਵ ਹੈ। ਇਸ ਦੇ ਆਧਾਰ 'ਤੇ ਕਿੱਸਿਆਂ ਦੀ ਸਰਬਪ੍ਰਵਾਨਿਤ ਸ਼ੈਲੀ ਵਿਚ ਮੰਗਲਾਚਰਣ, ਕਿੱਸਾ ਰਚਨ ਦਾ ਕਾਰਣ, ਕਵੀ ਪਰਿਚੈ, ਦੋ-ਪ੍ਰੇਮ-ਪਾਤਰ (ਇਕ ਉੱਚਾ, ਇਕ ਨੀਵਾਂ), ਵਿਰੋਧੀ ਪਾਤਰ, ਦੋਹਾਂ ਪੱਖਾਂ ਦੇ ਸਹਾਇਕ ਪਾਤਰ, ਬੈਂਤ ਛੰਦ ਦੀ ਵਰਤੋਂ, ਕੁਦਰਤੀ ਦ੍ਰਿਸ਼ ਅਤੇ ਸਥਾਨਕ ਰੰਗ, ਸ਼ਿੰਗਾਰ, ਕਰੁਣਾ ਤੇ ਹਾਸ-ਰਸ, ਸੰਗੀਤਕ ਲੈਅ, ਉਦੇਸ਼ ਜਾਂ ਆਦਰਸ਼, ਰਸਮੋਂ-ਰਿਵਾਜ, ਸ਼ਿੰਗਾਰ ਨਾਲ ਭਰੀ ਭਾਸ਼ਾ, ਵਾਰਤਾਲਾਪ ਆਦਿ ਤੱਤ ਸ਼ਾਮਲ ਹਨ। ਪੰਜਾਬੀ ਕਿੱਸਿਆਂ ਵਿਚਲੇ ਪਾਤਰ ਚਿੱਤਰਣ ਨੂੰ ਜੇ ਦੇਖੀਏ ਤਾਂ ਇਸ ਵਿਚ ਬਹੁ-ਪਾਤਰੀ ਮਨੁੱਖ ਦੀ ਕਹਾਣੀ ਬਿਆਨ ਹੁੰਦੀ ਹੈ। ਜਿਨ੍ਹਾਂ ਦੀ ਅਣਮਨੁੱਖੀ ਤੇ ਪਰਾਸਰੀਰਕ ਸ਼ਕਤੀਆਂ ਨਾਲ ਸਾਂਝ ਵੀ ਅਕਸਰ ਦੇਖਣ ਨੂੰ ਮਿਲਦੀ ਹੈ। ਕਈ ਵਾਰ ਤਾਂ ਕਿੱਸੇ ਨਾਇਕ ਜਾਂ ਨਾਇਕਾ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੀ ਕਹਾਣੀ ਨੂੰ ਅੰਕਿਤ ਕੀਤਾ ਜਾਂਦਾ ਹੈ ਤੇ ਕੁਝ ਹਲਾਤਾਂ ਵਿਚ, ਇਹ ਸਿਰਫ਼ ਇਨ੍ਹਾਂ ਦੇ ਜੀਵਨ ਦੀ ਇਕ ਝਲਕ ਨੂੰ ਦਰਸਾਉਂਦਾ ਹੈ ਜੋ ਆਪਣੇ ਆਪ ਵਿਚ ਸੰਪੂਰਣ ਹੁੰਦੀ ਹੈ। ਕਿੱਸਾ-ਕਾਵਿ ਦਾ ਕੇਂਦਰੀ ਵਿਸ਼ਾ 'ਇਸ਼ਕ' ਰਿਹਾ। ਜੋ ਸਥਾਪਿਤ ਕਦਰਾਂ-ਕੀਮਤਾਂ ਦੇ ਖਿਲਾਫ਼ ਬਗ਼ਾਵਤ ਦਾ ਸੁਰ ਬੁਲੰਦ ਕਰਦਾ ਸੀ। ਮੱਧ ਕਾਲ ਦਾ ਇਹ ਸਮਾਂ ਜਿਸ 'ਚ ਜਾਗੀਰਦਾਰੀ ਤੇ ਸਾਮੰਤਵਾਦੀ ਵਿਵਸਥਾ ਦਾ ਪਾਸਾਰ ਸੀ। ਇਸਤਰੀ ਨੂੰ ਧਨ ਸੰਪਤੀ ਵਾਂਗ ਇਕ ਵਸਤ ਹੀ ਸਮਝਿਆ ਜਾਂਦਾ ਸੀ। ਇਸ ਸਭ ਵਿਚ ਪੰਜਾਬੀ ਕਿੱਸਾਕਾਰਾਂ ਨੇ ਜਦੋਂ ਇਸਤਰੀ ਤੇ ਮਰਦ ਸੰਬੰਧਾਂ ਉੱਤੇ ਆਧਾਰਿਤ ਕਥਾ ਵਸਤੂ ਨੂੰ ਚੁਣਿਆ ਤਾਂ ਇਸ ਦਾ ਵਿਰੋਧ ਹੋਣਾ ਸੁਭਾਵਿਕ ਸੀ ਕਿਉਂਕਿ ਇਨ੍ਹਾਂ ਲਈ ਤਾਂ ਔਰਤ ਮਰਦ ਦੀ ਐਸ਼ਪ੍ਰਸਤੀ ਦਾ ਵਸੀਲਾ ਬਣਨ ਮਾਤਰ ਸੀ। ਪਿਆਰ ਦਾ ਇਹ ਜਜ਼ਬਾ ਜੋ ਮਨੁੱਖੀ ਮਾਨਵਤਾ ਦਾ ਲਾਖਇਕ ਹੋਣ ਦੇ ਨਾਲ-ਨਾਲ ਪਛਾਣ ਤੇ ਬਰਾਬਰ ਦੇ ਅਹਿਸਾਸ 'ਚੋਂ ਪੈਦਾ ਹੁੰਦਾ ਹੈ। ਇਸ ਅਹਿਸਾਸ ਨੂੰ ਇਹ ਸਮਾਜ ਸਮਝਣ ਦੇ ਅਸਮਰੱਥ ਸੀ। ਇਸ ਸਮੱਸਿਆ ਦੇ ਸਮਾਧਨ ਲਈ ਪੰਜਾਬੀ

ਕਿੱਸਾਕਾਰਾਂ ਨੇ ਸੂਫ਼ੀਆਂ ਤੇ ਭਗਤਾਂ ਤੋਂ ਪ੍ਰੇਰਿਤ ਹੋ 'ਇਸ਼ਕ' ਦੇ ਜਜ਼ਬੇ ਨੂੰ ਅਧਿਆਤਮਕ ਰੰਗਣ ਵਿਚ ਰੰਗ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਪੰਜਾਬੀ ਕਿੱਸਿਆਂ ਵਿਚ ਰੋਮਾਂਸ ਦਾ ਇਕ ਤੱਤ ਇਹ ਵੀ ਹੈ ਕਿ ਦੈਵੀ ਸ਼ਕਤੀਆਂ, ਕਿੱਸਿਆਂ ਵਿਚਲੇ ਇਨ੍ਹਾਂ ਨਾਇਕ-ਨਾਇਕਾਵਾਂ ਦੀ ਮੁਸ਼ਕਲ ਹਾਲਾਤ ਵਿਚ ਮਦਦ ਕਰਦੀਆਂ ਨਜ਼ਰ ਆਉਂਦੀਆਂ ਹਨ, ਜਦੋਂ ਸਮਾਜ ਇਨ੍ਹਾਂ ਦਾ ਵਿਰੋਧ ਕਰ ਰਿਹਾ ਹੁੰਦਾ ਹੈ। ਕਿੱਸੇ ਦੀ ਰੂਪ ਰਚਨਾ ਵਿਚ ਤੋਲ, ਤੁਕਾਂਤ, ਛੰਦ, ਲੈਅ ਤੇ ਰਾਗ ਦਾ ਆਪਣਾ ਮਹੱਤਵ ਹੋਣ ਦੇ ਬਾਵਜੂਦ ਵੀ ਕਿੱਸੇ ਦਾ ਮੂਲ ਧੁਰਾ ਇਸਦਾ ਕਥਾ ਪ੍ਰਬੰਧ ਹੈ। ਕਿੱਸਾਕਾਰ ਆਪਣੀ ਸਿਰਜਣਾਤਮਕ ਪ੍ਰਤਿਭਾ ਸਦਕਾ ਕਿੱਸੇ ਵਿਚ ਕੁਝ ਕਥਾਨਕ ਰੂੜ੍ਹੀਆਂ ਦੀ ਵਰਤੋਂ ਕਰਦਾ ਹੋਇਆ, ਪਾਠਕ ਦੀ ਕਲਪਨਾ ਵਿਚ ਖਾਸ ਗਲਪੀ-ਜਗਤ ਉਸਾਰਦਾ ਹੈ। ਇਸ ਦੇ ਨਾਲ ਹੀ ਪੰਜਾਬੀ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਸਮਾਜਕ/ਸਭਿਆਚਾਰਕ ਵਾਤਾਵਰਣ ਨੂੰ ਪਛਾਣਦੇ ਹੋਏ ਇਸ ਵਿਚਲੇ ਅੰਤਰ-ਵਿਰੋਧਾਂ ਨੂੰ ਵੀ ਆਪਣੀ ਸਾਹਿਤਕ ਕਿਰਤਾਂ ਦੇ ਮਾਧਿਅਮ ਰਾਹੀ ਬੜੀ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ ਹੈ। ਇਉਂ ਪੰਜਾਬੀ ਕਿੱਸਾ-ਕਾਵਿ, ਕਾਵਿ ਰੂੜ੍ਹੀ ਜਾਂ ਬਿਰਤਾਂਤਕ ਰੂੜ੍ਹੀ ਦਾ ਨਿਭਾਉ ਕਰਦਾ ਹੋਇਆ, ਪ੍ਰੀਤ ਕਿੱਸੇ ਜਿਉਂਦੀ ਜਾਗਦੀ ਹਕੀਕਤ ਦਾ ਰੂਪ ਧਾਰਣ ਕਰ ਲੈਂਦੇ ਹਨ। ਜੋ ਸਾਡੀ ਸੁਹਜ ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰਦਾ, ਯਥਾਰਥ 'ਚ ਲੁੱਕੇ ਨਵੇਂ ਅਰਥ ਪਾਸਾਰਾਂ ਦੀ ਸੋਝੀ ਕਰਾਉਂਦੇ ਹਨ।

**ਵਾਰ ਕਾਵਿ :**

ਮੱਧਕਾਲੀ ਬਿਰਤਾਂਤ ਰੂਪਾਕਾਰ ਦੀ ਦੂਜੀ ਵੰਨਗੀ ਵਾਰ ਕਾਵਿ ਹੈ। ਪੰਜਾਬੀ ਕਾਵਿ ਵਿਚ ਵੀਰ ਰਸ ਦੀ ਅਭਿਵਿਅਕਤੀ ਲਈ ਵਾਰ-ਕਾਵਿ ਰੂਪ ਮੁੱਖ ਤੌਰ 'ਤੇ ਸਿਰਜਿਆ ਜਾਂਦਾ ਹੈ। ਵੀਰ ਰਸ ਮਨੁੱਖ ਦੀ ਵਿਕਾਸਵਾਦੀ ਰੁਚੀ, ਬਦਲੇ ਦੀ ਭਾਵਨਾ ਅਤੇ ਸੁਰੱਖਿਆ ਦੀ ਚਾਹ ਨਾਲ ਜੁੜਿਆ ਹੈ। ਵਾਰ ਸ਼ੁੱਧ ਰੂਪ ਵਿਚ ਪੰਜਾਬੀ ਦਾ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਪੰਜਾਬੀ ਜੀਵਨ ਦੀ ਸਾਦਗੀ, ਨਿਰਛਲਤਾ, ਉਤਸ਼ਾਹ, ਵੀਰਤਾ ਦਾ ਵਰਣਨ ਹੁੰਦਾ ਹੈ। 'ਵਾਰ' ਦੇ ਸ਼ਾਬਦਿਕ ਅਰਥ ਨੂੰ ਦੇਖੀਏ ਤਾਂ ਇਹ ਹੱਲਾ ਕਰਨ, ਧਾਵਾ ਬੋਲਣਾ ਨਾਲ ਸੰਬੰਧਿਤ ਹੈ। ਉਹ ਕਾਵਿ ਜਿਸ ਵਿਚ ਹੱਲਿਆ, ਧਾਵਿਆਂ ਜਾਂ ਜੰਗਾਂ-ਯੁੱਧਾਂ ਦਾ ਵਰਣਨ ਹੋਵੇ ਉਸ ਨੂੰ 'ਵਾਰ' ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ :

'ਯੁੱਧ ਸੰਬੰਧੀ ਕਾਵਯ ਉਹ ਰਚਨਾ ਜਿਸ ਵਿਚ ਸ਼ੂਰਵੀਰਤਾ ਦਾ
ਵਰਣਨ ਹੋਵੇ, ਵਾਰ ਸ਼ਬਦ ਦਾ ਅਰਥ ਪਉੜੀ ਛੰਦ ਭੀ ਹੋਇਆ
ਹੈ, ਕਿਉਂਕਿ ਯੋਧਿਆ ਦੀ ਸ਼ੂਰਵੀਰਤਾ ਦਾ ਜੱਸ ਪੰਜਾਬੀ ਕਵੀਆਂ
ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ- ਸ਼੍ਰੀ ਗੁਰੂ ਗ੍ਰੰਥ
ਸਾਹਿਬ ਵਿਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਉੜੀ ਛੰਦਾਂ
ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ ਵਾਰ ਨਾਮ ਤੋਂ ਪ੍ਰਸਿੱਧ ਹੈ।'

ਡਾ. ਗੰਡਾ ਸਿੰਘ ਨੇ ਪੁਸਤਕ "ਪੰਜਾਬ ਦੀ ਵਾਰ" ਵਿਚ ਵਾਰ ਸ਼ਬਦ ਦੀ ਉਤਪਤੀ ਬਾਰੇ ਇਵੇਂ ਲਿਖਿਆ ਹੈ:

"ਵਾਰ ਸ਼ਬਦ ਦਾ ਮੁੱਢ (ਸੰਸਕ੍ਰਿਤ) ਧਾਤੂ ਤੋਂ ਹੈ ਜਿਸ ਤੋਂ ਕਿ ਵਾਰੀ ਯਾ ਵੈਰੀ (ਬਹਾਦਰ, ਦੁਸ਼ਮਨ) ਅਰਥਾਤ ਵਾਰ ਕਰਨ ਵਾਲਾ ਯਾ ਵਾਰ ਰੋਕਣ ਵਾਲਾ, ਵਾਹਰ (ਕਿਸੇ ਦੂਸਰੇ ਉੱਤੇ ਹੱਲਾ ਕਰਨ ਲਈ। ਪਰਾਏ ਹੱਲੇ ਨੂੰ ਰੋਕਣ ਲਈ ਜਮ੍ਹਾਂ ਹੋਏ ਹੋਏ ਮਨੁੱਖਾਂ ਦਾ ਇਕੱਠ) ਅਤੇ ਵਾਹਰੀ ਯਾ ਵਾਹਰੂ ਸ਼ਬਦ ਬਣੇ ਹਨ।ਜੁੱਧ ਜੰਗ ਇਕੱਲੇ ਬੰਦੇ ਦਾ ਕੰਮ ਤਾਂ ਹੁੰਦਾ ਨਹੀਂ।" 3

ਡਾ. ਰਤਨ ਸਿੰਘ ਜੱਗੀ ਅਨੁਸਾਰ :

'ਵਾਰ ਉਸ ਕਾਵਿ-ਵਾਰਤਾ ਨੂੰ ਕਹਿੰਦੇ ਹਨ ਜਿਸ ਵਿਚ ਨਾਇਕ ਦੀ ਪ੍ਰਸ਼ੰਸਾ ਯੁੱਧ ਦੇ ਪ੍ਰਸੰਗ ਵਿਚ ਕੀਤੀ ਗਈ ਹੋਵੇ ਅਤੇ ਨਾਇਕ-ਪ੍ਰਤਿਨਾਇਕ ਦੀ ਟੱਕਰ ਦਾ ਵਰਣਨ ਉਤਸ਼ਾਹ ਵਧਾਉਣ ਵਾਲੀ ਸ਼ੈਲੀ ਵਿਚ ਕੀਤਾ ਗਿਆ ਹੋਵੇ।'4

ਇਨ੍ਹਾਂ ਪਰਿਭਾਸ਼ਾਵਾਂ ਤੋਂ ਸਪਸ਼ਟ ਹੈ ਕਿ ਵਾਰ ਯੁੱਧ ਦਾ ਅਜਿਹਾ ਬਿਰਤਾਂਤ ਹੈ ਜਿਸ ਵਿਚ ਕਿਸੇ ਯੋਧੇ ਜਾਂ ਨਾਇਕ ਦੀ ਬਹਾਦਰੀ ਦਾ ਚਿਤਰਣ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਉਹ ਸਰੋਤਿਆਂ ਦਾ ਉਤਸ਼ਾਹ ਵਧਾਉਣ ਵਿਚ ਸਹਾਇਕ ਹੁੰਦਾ ਹੈ। ਵਾਰ ਜ਼ਿਆਦਾਤਰ ਢਾਡੀ ਦੁਆਰਾ ਗਾਈ ਜਾਂਦੀ ਸੀ। ਪੰਜਾਬੀ ਸਾਹਿਤ ਵਿਚ ਵਾਰ-ਕਾਵਿ ਦੀ ਲੰਮੀ ਪਰੰਪਰਾ ਰਹੀ ਹੈ। ਮੱਧ ਕਾਲ ਵਿਚ ਵੀਰ ਰਸੀ ਵਾਰਾਂ ਦੇ ਨਾਲ-ਨਾਲ ਗੁਰਮਤਿ ਦੀਆਂ ਸ਼ਾਂਤ ਰਸੀ ਅਧਿਆਤਮਕ ਵਾਰਾਂ ਵੀ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਦੀ ਗਿਣਤੀ 22 ਹੈ। ਪੂਰਵ ਮੱਧ ਕਾਲ ਵਿਚ ਵਾਰ ਕਾਵਿ ਰੂਪ ਲੋਕ ਵਾਰਾਂ ਦੇ ਰੂਪ ਵਿਚ ਮਿਲਦਾ ਹੈ ਜਿਸ ਵਿਚ ਮੂਲ ਕਥਾ ਨੂੰ ਪੂਰੀ ਤਰ੍ਹਾਂ ਸਾਂਭਿਆ ਨਹੀਂ ਗਿਆ ਪਰ ਕੁਝ ਕੁ ਵੇਰਵੇ ਜ਼ਰੂਰ ਮਿਲ ਜਾਂਦੇ ਹਨ। ਇਨ੍ਹਾਂ ਵਾਰਾਂ ਨੂੰ ਲੋਕ ਕਲਾਕਾਰਾਂ, ਢਾਡੀਆਂ ਅਤੇ ਭੱਟਾਂ ਦੁਆਰਾ ਗਾਇਆ ਜਾਂਦਾ ਸੀ। ਲੋਕ-ਕਾਵਿ ਰੂਪ ਹੋਣ ਕਾਰਣ ਇਹ ਵਾਰਾਂ ਆਮ ਲੋਕਾਂ ਵਿਚ ਬਹੁਤ ਪ੍ਰਸਿੱਧ ਸਨ ਇਸ ਲਈ ਅਧਿਆਤਮਕ ਵਾਰਾਂ (ਸ਼ਾਂਤ ਰਸੀ) ਨੂੰ ਇਨ੍ਹਾਂ ਨੌ ਲੋਕ ਵਾਰਾਂ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਕੀਤਾ ਗਿਆ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਨੂੰ 'ਟੁੰਡੇ ਅਸਰਾਜੇ ਦੀ ਧੁਨੀ' ਉਪਰ ਗਾਉਣ ਲਈ ਕਿਹਾ ਗਿਆ ਹੈ।ਵਾਰ ਦਾ ਆਰੰਭ ਮੰਗਲਾਚਰਣ ਰਾਹੀਂ ਹੁੰਦਾ ਹੈ ਤੇ ਅੱਗੇ ਫਿਰ ਸਾਰੀ ਵਾਰ ਉਸਾਰੀ ਜਾਂਦੀ ਹੈ। ਵਾਰ ਵਿਚ ਭਾਵੇਂ ਯੁੱਧ ਦਾ ਵਰਨਣ ਹੋਵੇਂ ਪਰ ਇਸ ਨੂੰ ਬਿਆਨ ਕਰਨ ਵੇਲੇ ਵਾਰ ਦੇ ਵਿਧੀ ਵਿਧਾਨ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਇਸ ਵਿਚ ਪਹਿਲਾਂ ਯੁੱਧ ਜਾਂ ਜੰਗ ਦੇ ਕਾਰਣਾਂ ਦਾ ਵਰਨਣ ਕੀਤਾ ਜਾਂਦਾ ਹੈ ਤੇ ਮਗਰੋਂ ਯੁੱਧ ਦਾ ਬਿਆਨ ਵਿਸਤਾਰ ਨਾਲ ਕੀਤਾ ਜਾਂਦਾ ਹੈ। ਵਾਰ ਨਾਇਕ ਪ੍ਰਧਾਨ ਰਚਨਾ ਹੁੰਦੀ ਹੈ। ਨਾਇਕ ਦੇ ਨਾਇਕਤਵ ਨੂੰ ਉਭਰਣ ਲਈ ਲੇਖਕ ਨਾਇਕ ਦੀਆਂ ਵਿਰੋਧੀ ਸ਼ਕਤੀਆਂ ਜਾਂ ਪ੍ਰਤਿਨਾਇਕ ਨੂੰ ਬਿਆਨ ਕਰਦਾ ਹੈ ਤਾਂ ਕਿ ਤਨਾਓ ਜਾਂ ਸੰਘਰਸ਼ ਪੈਦਾ ਹੋ ਸਕੇ ਤੇ ਇਨ੍ਹਾਂ ਦੀ ਆਪਸੀ ਤੁਲਨਾ ਰਾਹੀਂ ਆਦਰਸ਼ ਯੋਧੇ ਜਿਸ ਨੂੰ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਉਸ ਦਾ ਪਾਠਕ ਜਾਂ ਸਰੋਤੇ ਉੱਤੇ ਪ੍ਰਭਾਵ ਪੈ ਸਕੇ। ਯੁੱਧ ਦਾ ਬਿਰਤਾਂਤ, ਬੀਰਤਾ ਭਰਿਆ ਵਾਯੂ ਮੰਡਲ ਅਤੇ ਨਾਇਕ ਦੀ ਪ੍ਰਸੰਸਾ ਕਰਕੇ ਉਸ ਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ 'ਵਾਰ' ਦੇ ਵਿਸ਼ੇਸ਼ ਲੱਛਣ ਹਨ। ਪਰ ਵਾਰ ਵਿਚ ਜ਼ਾਲਮ, ਜਾਬਰ ਅਤੇ ਅਪਰਾਧੀ ਦੀ ਪ੍ਰਸੰਸਾ ਨਹੀਂ ਕੀਤੀ ਜਾਂਦੀ। ਵਾਰ ਕਲਾ ਵਿਚ ਇਹ ਤੱਤ ਵੀ ਨਿਹਿਤ ਹੈ ਕਿ ਵਾਰ ਵਿਚਲੇ ਤਨਾਓ ਨੂੰ ਦਿਖਾਉਣ 'ਚ ਕਾਹਲ ਨਾ ਕੀਤੀ ਜਾਵੇ ਸਗੋਂ ਸਹਿਜਤਾ ਨਾਲ ਇਸ ਦੀ ਉਸਾਰੀ ਕੀਤੀ ਜਾਵੇ ਤੇ ਖਲਨਾਇਕ ਨੂੰ ਇਕ ਦਮ ਹੇਠਾਂ ਨਹੀਂ ਸੁੱਟ ਦਿੱਤਾ ਜਾਂਦਾ। ਵਾਰ ਵਿਚ ਸਹਿਜਤਾ ਦਾ ਇਹ ਲੱਛਣ ਹੀ ਵੀਰ ਰਸੀ ਪ੍ਰਭਾਵ ਪਾਉਣ 'ਚ ਸਹਾਈ ਹੁੰਦਾ ਹੈ। ਵਾਰ ਵਿਚ ਜਿਨ੍ਹਾਂ ਜੰਗਾਂ ਯੁੱਧਾਂ ਜਾਂ ਹੋਰ ਘਟਨਾਵਾਂ ਦਾ ਬਿਆਨ ਕੀਤਾ ਜਾਂਦਾ ਹੈ ਉਹ ਭੂਤਕਾਲ ਵਿਚ ਬੀਤ ਚੁਕੀਆਂ ਹੁੰਦੀਆਂ ਹਨ। ਇਸ ਲਈ ਲੇਖਕ ਨੂੰ ਵਾਰ ਵਿਚ ਨਾਇਕ ਦੀ ਉਸਾਰੀ ਦੇ ਨਾਲ-ਨਾਲ ਘਟਨਾਵਾਂ ਨੂੰ ਸੰਤੁਲਿਤ ਢੰਗ ਨਾਲ ਬਿਆਨ ਕਰਨ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਸ ਵਿਚ ਘਟਨਾ ਨੂੰ ਬਿਆਨ ਕਰਨ ਦੀ ਅਜਿਹੀ ਵਿਧੀ ਦੀ ਵਰਤੋਂ ਕੀਤੀ ਜਾਂਦਾ ਹੈ ਜਿਸ ਵਿਚ ਘਟਨਾ ਜਿਵੇਂ-ਜਿਵੇਂ ਆਪਣੇ ਸਿਖਰ ਵਲ ਵੱਧਦੀ ਹੈ ਤੇ ਨਾਲ ਹੀ ਉਸ ਦਾ ਪ੍ਰਭਾਵ ਵੀ ਵੱਧਦਾ ਹੈ।ਕਈ ਵਾਰਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਵਿਚ ਲੜਾਈ ਦੇ ਕਈ ਦ੍ਰਿਸ਼ ਜਾਂ ਨਾਇਕ ਨਾਲ ਸੰਬੰਧਿਤ ਵੱਖ-ਵੱਖ ਸਥਿਤੀਆਂ ਦਾ ਬਿਆਨ ਹੁੰਦਾ ਹੈ। ਇਸੇ ਕਾਰਣ ਸਿਖਰ ਵੀ ਵਾਰ ਵਿਚ ਕਈ ਵਾਰ ਆਉਂਦੀ ਹੈ ਪਰ ਜਦੋਂ ਵਾਰ ਦਾ ਅੰਤ ਹੁੰਦਾ ਹੈ ਤਾਂ ਇਹ ਸਿਖਰ ਇਕ ਨਵੀਂ ਬੁਲੰਦੀ ਨੂੰ ਹਾਸਲ ਕਰਦੀ ਹੈ। ਵਾਰ ਕਾਵਿ ਦੀ ਰਚਨਾ ਪਉੜੀ ਛੰਦ ਵਿਚ ਹੁੰਦੀ ਹੈ। ਪਉੜੀ ਵਾਰ ਦਾ ਪਿੰਡਾ ਹੈ ਤੇ ਯੁੱਧ ਇਸ ਦੀ ਰੂਹ ਹੈ। ਪਉੜੀ ਦੇ ਦੋ ਭੇਦ ਹਨ : ਸਿਰਖੰਡੀ, ਨਿਸ਼ਾਨੀ। ਵਾਰ ਵਿਚ ਇਨ੍ਹਾਂ ਦੋਵਾਂ ਛੰਦਾਂ ਦੀ ਵਰਤੋਂ ਹੁੰਦੀ ਹੈ ਇਨ੍ਹਾਂ ਵਿਚ ਅੰਤਰ ਕੇਵਲ ਮਾਤਰਾਵਾਂ ਤੇ ਤੁਕਾਂਤ ਦਾ ਹੈ। ਸਿਰਖੰਡੀ ਵਿਚ ਤੁਕਾਂਤ ਮੱਧ ਵਿਚ ਤੇ ਨਿਸ਼ਾਨੀ ਵਿਚ ਅੰਤ 'ਚ ਹੁੰਦਾ ਹੈ। ਵਾਰਾਂ ਕਿਉਂਕਿ ਢਾਡੀਆਂ ਦੁਆਰਾ ਲੋਕਾਂ ਦੇ ਇਕੱਠ ਵਿਚ ਗਾਈਆ ਜਾਂਦੀਆਂ ਰਹੀਆਂ ਹਨ ਇਸ ਲਈ ਇਨ੍ਹਾਂ ਦੀ ਲਿਖਤ ਵਿਚ ਗਾਉਣ ਦੀ ਸੰਬੋਧਨੀ ਪ੍ਰਕਿਰਿਆ ਵੀ ਪਈ ਹੁੰਦੀ ਹੈ। ਇਸ ਲਈ ਵਾਰ ਦਾ ਰੂਪ ਲੌਕਿਕ ਹੋਣ ਕਰਕੇ ਇਸ

ਦੀ ਭਾਸ਼ਾ ਸਰਲ ਅਤੇ ਅਲੰਕਾਰ ਵੀ ਅਜਿਹੇ ਹੁੰਦੇ ਹਨ ਜੋ ਲੋਕਾਂ ਵਿਚ ਜੋਸ਼ ਪੈਦਾ ਕਰ ਦਿੰਦੇ ਹਨ। ਇਹ ਸਾਰੇ ਲੱਛਣ ਪੰਜਾਬੀ ਸਾਹਿਤ ਦੇ ਮੁੱਢਲੇ ਦੌਰ ਸਮੇਂ ਹੋਂਦ ਵਿਚ ਆਈਆਂ ਬੀਰ ਰਸੀ ਵਾਰਾਂ ਦੇ ਹਨ। ਇਸ ਦੇ ਬਰਾਬਰ ਜੇ ਅਸੀਂ ਅਧਿਆਤਮਕ ਵਾਰਾਂ ਦੀ ਗੱਲ ਕਰਦੇ ਹਾਂ ਤਾਂ ਉਨ੍ਹਾਂ ਦੀ ਪ੍ਰਕਿਰਤੀ, ਲੱਛਣ ਇਨ੍ਹਾਂ ਨਾਲੋਂ ਕੁਝ ਵੱਖ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਅਧਿਆਤਮਕ ਵਾਰਾਂ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਵਾਰਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬੀਰ ਰਸੀ ਵਾਰਾਂ ਦੇ ਮੁਕਾਬਲੇ ਸ਼ਾਤ ਰਸੀ ਅਧਿਆਤਮਕ ਵਾਰਾਂ ਹਨ। ਜਿਵੇਂ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ 'ਆਸਾ ਦੀ ਵਾਰ' ਵੱਲ ਦੇਖੀਏ ਤਾਂ ਇਸ ਵਿਚ ਮਨੁੱਖ ਦੇ ਆਤਮਿਕ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਮਨੁੱਖ ਇਕ ਨਾਇਕ ਬਣ ਕੇ ਉਭਰਦਾ ਹੈ। ਇਸ ਆਤਮਕ ਯੁੱਧ ਵਿਚ ਮਨੁੱਖ ਆਪਣੇ ਅੰਦਰਲੇ ਪ੍ਰਤੀਨਾਇਕ ਨਾਲ ਸੰਘਰਸ਼ ਕਰਕੇ ਉਨ੍ਹਾਂ ਨੂੰ ਹਰਾਉਂਦਾ ਹੈ। ਇਹ ਸੰਘਰਸ਼ ਮਨੁੱਖ ਅੰਦਰ ਸਮਾਜਕ ਤੇ ਰਾਜਸੀ ਚੇਤਨਾ ਨੂੰ ਜਨਮ ਦਿੰਦਾ ਹੈ। ਇਸ ਰਾਹੀਂ ਜਿਹੜੀ ਬੀਰਤਾ ਉਭਰਦੀ ਹੈ ਉਹ ਸਮਾਜਕ ਤੇ ਅਧਿਆਤਮਕ ਚੇਤਨਾ ਦਾ ਸੁਮੇਲ ਹੁੰਦੀ ਹੈ ਜਿਸ ਦਾ ਨਿਖੇੜ ਨਹੀਂ ਕੀਤਾ ਜਾ ਸਕਦਾ। ਇਉਂ ਇਸ ਰਾਹੀਂ ਵਾਰ ਦਾ ਜੋ ਨਵਾਂ ਰੂਪ ਹੋਂਦ ਵਿਚ ਆਉਂਦਾ ਹੈ ਉਹ ਬੀਰ ਤੇ ਸ਼ਾਂਤ ਰਸ ਦੇ ਸੁਮੇਲ 'ਚੋਂ ਉਤਪੰਨ ਹੁੰਦਾ ਹੈ ਤੇ ਇਸ ਮੁਤਾਬਕ ਹੀ ਵਾਰ ਦੀ ਸ਼ੈਲੀ ਉੱਤੇ ਇਸ ਦਾ ਪ੍ਰਭਾਵ ਬਣਦਾ ਹੈ। ਅਧਿਆਤਮਕ ਵਾਰ ਦਾ ਬੀਰ ਰਸੀ ਵਾਰ ਨਾਲੋਂ ਇਕ ਅੰਤਰ ਜੋ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ ਗੁਰਮਤਿ ਨਾਲ ਸੰਬੰਧੀ ਵਾਰ ਦੀ ਸੰਰਚਨਾ ਵਿਚ ਪਉੜੀਆਂ ਦੇ ਨਾਲ ਹੀ ਸਲੋਕ ਵੀ ਸ਼ਾਮਲ ਹੋ ਜਾਂਦਾ ਹੈ। ਪਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਿਰੋਲ ਪਉੜੀਆਂ ਵਿਚ ਹਨ। ਪਉੜੀ ਵਿਚ ਜਦੋਂ ਗੱਲ ਕੀਤੀ ਜਾਂਦੀ ਹੈ ਤਾਂ ਉਸ ਨੂੰ ਵਿਸਤਾਰਿਆ, ਫੈਲਾਇਆ ਜਾਂਦਾ ਹੈ ਤੇ ਸਲੋਕਾਂ ਵਿਚ ਸਿਧਾਂਤ ਜਾਂ ਵਿਚਾਰ ਦਾ ਸੰਜਮ ਰੱਖਿਆ ਜਾਂਦਾ ਹੈ। ਇਸ ਨਾਲ ਗੱਲ ਦਾਰਸ਼ਨਿਕ ਰੂਪ ਅਖ਼ਤਿਆਰ ਕਰ ਲੈਂਦੀ ਹੈ ਤੇ ਇਸ ਦਾ ਪ੍ਰਭਾਵ ਪਾਠਕ ਦੇ ਮਨ ਉਤੇ ਡੂੰਘਾ ਪੈਂਦਾ ਹੈ। ਸਭ ਤੋਂ ਅਹਿਮ ਇਹ ਗੱਲ ਹੈ ਕਿ ਇਨ੍ਹਾਂ ਸ਼ਾਂਤ ਰਸੀ ਅਧਿਆਤਮਕ ਵਾਰਾਂ ਨੂੰ 9 ਬੀਰ ਰਸੀ ਲੋਕ ਵਾਰਾਂ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਕੀਤਾ ਗਿਆ ਹੈ। ਜਿਵੇਂ:

1. ਆਸਾ ਦੀ ਵਾਰ ਮਹਲਾ 1 : ਟੁੰਡੇ ਅਸਰਾਜੇ ਕੀ ਧੁਨੀ

2. ਮਾਝ ਕੀ ਵਾਰ ਮਹਲਾ 1 : ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ

3. ਮਲਾਰ ਕੀ ਵਾਰ ਮਹਲਾ 1 : ਰਾਣੈ ਕੈਲਾਸ ਤਥਾ ਮਾਲਦੇਵ ਕੀ ਧੁਨੀ

4. ਕਾਨੜੇ ਕੀ ਵਾਰ ਮਹਲਾ 1 : ਮੂਸੇ ਕੀ ਵਾਰ ਕੀ ਧੁਨੀ

5. ਰਾਮਕਲੀ ਕੀ ਵਾਰ ਮਹਲਾ 3 : ਜੋਧੇ ਵੀਰੈ ਪੂਰਬਾਣੀ ਕੀ ਧੁਨੀ

6. ਗੁਜਰੀ ਕੀ ਵਾਰ ਮਹਲਾ 3 : ਸਿਕੰਦਰ ਇਬਰਾਹਿਮ ਕੀ ਧੁਨੀ

7. ਸਾਰੰਗ ਕੀ ਵਾਰ ਮਹਲਾ 4 : ਰਾਏ ਮਹਮੇ ਹਸਨੇ ਕੀ ਧੁਨੀ

8. ਵਡਹੰਸ ਕੀ ਵਾਰ ਮਹਲਾ 4 : ਲਲਾ ਬਹਿਲੀਮਾ ਕੀ ਧੁਨੀ

9. ਗਉੜੀ ਕੀ ਵਾਰ ਮਹਲਾ 5 : ਰਾਇ ਕਮਾਲ ਦੀ ਮਜਦੀ ਦੀ ਧੁਨੀ

ਇਉਂ ਇਨ੍ਹਾਂ ਅਧਿਆਤਮਕ ਵਾਰਾਂ ਦੀ ਇਹ ਵਿਲੱਖਣਤਾ ਹੈ ਕਿ ਇਹ ਸਮੁੱਚੇ ਬਾਣੀ-ਪ੍ਰਬੰਧ ਰਾਹੀਂ ਨਵੇਂ ਸਮਾਜ ਦੀ ਉਸਾਰੀ ਵੱਲ ਵੱਧਦੀਆਂ, ਉਸ ਸਮੇਂ ਦੀ ਵਿਕ੍ਰਿਤ ਹੋ ਚੁੱਕੀ ਰਾਜਨੀਤੀ ਤੇ ਸਮਾਜਕ ਕੀਮਤਾਂ ਨੂੰ ਵੀ ਰੱਦ ਕਰਦੀਆਂ ਹਨ। ਇਸ ਦੇ ਨਾਲ ਹੀ ਇਹ ਇਕ ਨਵੇਂ ਸਮਾਜ ਸਭਿਆਚਾਰ ਦੇ ਨਿਰਮਾਣ ਲਈ ਨਵਾਂ ਮਾਨਵ ਤਿਆਰ ਕਰਨ ਵੱਲ ਵੀ ਸੰਕੇਤ ਕਰਦੀਆਂ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਦੇਖੀਏ ਤਾਂ ਇਨ੍ਹਾਂ ਵਿਚ ਵੀ ਗੁਰੂ ਨਾਨਕ ਦੇਵ ਤੇ ਹੋਰ ਭਗਤਾਂ ਨੂੰ

ਉਵੇਂ ਹੀ ਪੇਸ਼ ਕੀਤਾ ਗਿਆ ਹੈ ਜਿਵੇਂ ਲੋਕ ਵਾਰਾਂ ਵਿਚ ਨਾਇਕ ਨੂੰ ਸਿਰਜਿਆ ਜਾਂਦਾ ਸੀ। ਸਿਰਫ ਇਹੀ ਨਹੀਂ ਭਾਈ ਗੁਰਦਾਸ ਜੀ ਨੇ ਜਿਵੇਂ ਸਮੁੱਚੇ ਸੰਦੇਸ਼ ਨੂੰ ਵਾਰਾਂ ਵਿਚ ਸੰਚਾਰਿਤ ਕੀਤਾ ਹੈ ਉਸ ਨਾਲ ਇਕ ਨਵਾਂ ਪ੍ਰਯੋਜਨ ਤੇ ਵਿਧੀ ਸਾਹਮਣੇ ਆ ਰਹੀਂ ਹੈ। ਜਿਵੇਂ 'ਜਪੁ ਜੀ' ਸਾਹਿਬ ਵਿਚੋਂ 'ਪਵਣ ਗੁਰੂ ਪਾਣੀ ਪਿਤਾ' ਦੇ ਵਿਚਾਰ ਦੀ ਇਨ੍ਹਾਂ ਵਾਰਾਂ ਵਿਚ ਵਿਆਖਿਆ ਵੀ ਕੀਤੀ ਗਈ ਹੈ:

ਪਉਣ ਗੁਰੂ ਸ਼ਬਦ ਹੈ ਵਾਹਗੁਰੂ ਗੁਰ ਸ਼ਬਦ ਸੁਣਾਇਆ।

ਪਾਣੀ ਪਿਤਾ ਪਵਿਤੁ ਕਰਿ ਗੁਰਮੁਖਿ ਪੰਥ ਨਿਵਾਣ ਚਲਾਇਆ।

ਧਰਤੀ ਮਾਤ ਮਹਤੁ ਕਰਿ ਓਤਿ ਪੋਤਿ ਸੰਜੋਗੁ ਬਣਾਇਆ।

ਦਾਈ ਦਇਆ ਰਾਤਿ ਦਿਹੁ ਬਾਲ ਸੁਭਾਇ ਜਗਤ੍ਰ ਖਿਲਾਇਆ।

ਗੁਰਮੁਖਿ ਜਨਮੁ ਸਕਾਰਥਾ ਸਾਧ ਸੰਗਤਿ ਵਜਿ ਆਪੁ

ਗਵਾਇਆ। 5

ਇਵੇਂ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਵੇਂ ਵਾਰ ਸਾਹਿਤ ਦੀ ਰਚਨਾ ਨਹੀਂ ਕੀਤੀ ਪਰ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਤੋਂ ਵਾਰ ਦੀ ਵੱਖਰੀ ਹੀ ਪਰੰਪਰਾ ਦਾ ਆਗ਼ਾਜ਼ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਵਾਰ ਸ੍ਰੀ ਭਗਉਤੀ' ਵਿਚ ਜੋ ਰੂਪਾਂਤਰਣ ਵਾਪਰਦਾ ਹੈ ਉਸ ਲਹਿਰ ਦੀ ਸ਼ੁਰੂਆਤ ਵੀ ਇੱਥੋਂ ਹੀ ਹੋਈ ਸੀ। ਇਸੇ ਕਾਰਣ 'ਵਾਰ ਸ੍ਰੀ ਭਗਉਤੀ' ਜੀ ਕੀ ਸਿਰਫ 'ਚੰਡੀ ਦੀ ਵਾਰ' ਨਾ ਰਹੀ ਸਗੋਂ 'ਵਾਰ ਸ੍ਰੀ ਭਗਉਤੀ ਜੀ' ਬਣ ਕੇ ਪ੍ਰਸਿੱਧ ਹੋਈ। ਇਸ ਤੋਂ ਬਾਅਦ ਜਦੋਂ ਭਾਈ ਗੁਰਦਾਸ ਜੀ 'ਗੁਰੂ ਗੋਬਿੰਦ ਸਿੰਘ ਜੀ ਦੀ' ਵਾਰ ਲਿਖਦੇ ਹਨ ਤਾਂ ਉਨ੍ਹਾਂ ਕੋਲ 'ਵਾਰ ਸ੍ਰੀ ਭਗਉਤੀ ਜੀ' ਦੀ ਸ਼ੈਲੀ ਪ੍ਰਤੀਮਾਨ ਰੂਪ ਵਿਚ ਮੋਜੂਦ ਸੀ ਜਿਸ ਦੇ ਆਧਾਰ ਤੇ ਉਨ੍ਹਾਂ ਨੇ ਨਾਇਕ ਦੇ ਨਾਇਕਤੱਵ ਨੂੰ ਬੀਰ ਰਸੀ ਸ਼ੈਲੀ ਵਿਚ ਪੇਸ਼ ਕੀਤਾ। ਇਉਂ ਮੱਧ ਕਾਲ ਵਿਚ ਵਾਰ ਪਰੰਪਰਾ ਹੌਲੀ-ਹੌਲੀ ਵਿਕਾਸ ਕਰਦੀ ਅੱਗੇ ਵੱਧਦੀ ਹੈ ਤੇ ਇਸ ਦੇ ਹੋਰ ਪਹਿਲੂ ਵੀ ਪਾਠਕਾਂ ਸਾਹਮਣੇ ਆਉਂਦੇ ਹਨ। ਵਾਰ ਸਿਰਜਣਾ ਦਾ ਇਹ ਕਾਰਜ ਮੱਧਕਾਲ ਤੋਂ ਆਧੁਨਿਕ ਕਾਲ ਤਕ ਵਾਰ ਵਿਧਾ ਵਿਚ ਜੋ ਤਬਦੀਲੀਆਂ ਵਾਪਰ ਦੀਆਂ ਹਨ ਉਸ ਤੋਂ ਵਾਰ ਪਰੰਪਰਾ ਵਿਚ ਵਿਕਾਸ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸਮੇਂ ਹਰਿੰਦਰ ਸਿੰਘ ਰੂਪ, ਹਰਸਾ ਸਿੰਘ ਚਾਤਰ, ਹਜ਼ਾਰਾ ਸਿੰਘ ਗੁਰਦਾਸਪੁਰੀ ਤੇ ਸੋਹਣ ਸਿੰਘ ਸੀਤਲ ਆਦਿ ਦੇ ਨਾਂ ਸਾਹਮਣੇ ਆਉਂਦੇ ਹਨ। ਹਰਿੰਦਰ ਸਿੰਘ ਰੂਪ ਦੁਆਰਾ ਰਚਿਤ ਲੋਕ ਵਾਰ, ਮਨੁੱਖ ਦੀ ਵਾਰ, ਹਿਮਾਲਾ ਦੀ ਵਾਰ ਵਿਚ ਜੋ ਵਾਰਾਂ ਲਿਖੀਆਂ ਉਹ ਵਾਰ ਵਿਧਾ ਨੂੰ ਵੱਖਰੀ ਪਛਾਣ ਪ੍ਰਦਾਨ ਕਰਦੀਆਂ ਹਨ। 'ਮਨੁੱਖ ਦੀ ਵਾਰ' ਇਨ੍ਹਾਂ ਦੀ ਸਭ ਤੋਂ ਸ਼੍ਰੇਸ਼ਠ ਵਾਰ ਹੈ ਜਿਸ ਵਿਚ ਵਾਰਕਾਰ ਨੇ ਮਾਨਵ ਦੇ ਵਿਕਾਸ ਨੂੰ ਸਮਾਜਕ, ਰਾਜਨੀਤਕ ਤੇ ਦਾਰਸ਼ਨਕ ਪੱਖ ਨੂੰ ਵਿਸ਼ਵ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਪਿਆਰਾ ਸਿੰਘ ਸਹਿਰਾਈ ਦਾ ਨਾਂ ਵੀ ਆਧੁਨਿਕ ਵਾਰਾਂ ਦੇ ਖੇਤਰ ਵਿਚ ਵਿਸ਼ੇਸ਼ ਹੈ ਇਨ੍ਹਾਂ ਨੇ ਵਾਰਾਂ ਨੂੰ ਪ੍ਰਗਤੀਵਾਦੀ/ਮਾਰਕਸਵਾਰੀ ਦ੍ਰਿਸ਼ਟੀ ਤੋਂ ਲਿਖਿਆ, ਜੋ ਲੋਕ-ਯੁੱਧ ਜਾਂ ਲੋਕ-ਨਾਇਕਾਂ ਬਾਰੇ ਹਨ। ਇਸ ਸਾਰੀ ਵਿਚਾਰ ਚਰਚਾ ਤੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਪੂਰਵ-ਨਾਨਕ ਤੋਂ ਲੈ ਕੇ ਆਧੁਨਿਕ ਸਮੇਂ ਤਕ ਪੰਜਾਬੀ ਵਾਰ ਵਿਚ ਵਿਕਾਸ ਸਪਸ਼ਟ ਤੌਰ 'ਤੇ ਨਜ਼ਰ ਆਉਂਦਾ ਹੈ।

**ਜੰਗਨਾਮਾ:**1

ਜੰਗਨਾਮਾ ਵੀ ਵਾਰ ਵਾਂਗ ਬਿਰਤਾਂਤਕ ਕਾਵਿ ਰੂਪਾਕਾਰ ਹੈ। 'ਜੰਗਨਾਮਾ' ਸ਼ਬਦ 'ਜੰਗ' ਅਤੇ 'ਨਾਮਾ' ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਇਹ ਦੋਵੇਂ ਸ਼ਬਦ ਫ਼ਾਰਸੀ ਭਾਸ਼ਾ ਦੇ ਹਨ। 'ਨਾਮਾ' ਫ਼ਾਰਸੀ ਦੇ 'ਨਾਮਹ' ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਮੂਲ ਰੂਪ ਵਿਚ ਭਾਵੇਂ ਚਿੱਠੀ ਜਾਂ ਖ਼ਤ ਹੈ ਪਰ ਸਾਹਿਤ ਵਿਚ ਇਹ ਆਪਣੇ ਮੂਲ ਅਰਥ ਤੋਂ ਇਲਾਵਾਂ

ਕਿਸੇ ਬਿਰਤਾਂਤਕ ਸਾਹਿਤ ਰਚਨਾ ਲਈ ਪ੍ਰਯੋਗ ਹੋਣ ਲੱਗ ਪਿਆ। ਸੋ, ਜੰਗਨਾਮੇ ਦਾ ਭਾਵ ਹੋਇਆ ਕਿਸੇ ਜੰਗ ਦਾ ਬਿਰਤਾਂਤ ਦੱਸਣ ਵਾਲਾ ਰੂਪਾਕਾਰ। ਜੰਗਨਾਮਾ ਪੰਜਾਬੀ ਵਿਚ ਫਾਰਸੀ ਦੇ ਮਸਨਵੀ (ਵਾਰਤਕ ਵਿਚ ਲਿਖਿਆ ਯੁੱਧ ਦਾ ਬਿਰਤਾਂਤ) ਰੂਪ ਤੋਂ ਆਇਆ ਹੈ।

**ਡਾ. ਰਤਨ ਸਿੰਘ ਜੱਗੀ ਅਨੁਸਾਰ** :

'ਜੰਗਨਾਮਾ ਉਹ ਬਿਰਤਾਂਤਕ ਕਾਵਿ ਰੂਪ ਹੈ ਜਿਸ ਵਿਚ ਕਿਸੇ ਮਹੱਤਵਪੂਰਣ ਜੰਗ ਦਾ ਵਰਣਨ ਇਤਿਹਾਸਕ ਸੱਚਾਈ ਦੇ ਆਧਾਰ 'ਤੇ ਰੋਚਕ ਸ਼ੈਲੀ ਵਿਚ ਕੀਤਾ ਗਿਆ ਹੋਵੇ।'6

ਜੰਗਨਾਮੇ ਵਿਚ ਕਿਸੇ ਇਤਿਹਾਸਕ ਘਟਨਾ ਜਾਂ ਜੰਗ ਨੂੰ ਕੇਂਦਰ ਵਿਚ ਰੱਖ ਕੇ ਉਸ ਵਿਚ ਸ਼ਾਮਲ ਧਿਰਾਂ ਦੇ ਪ੍ਰਮੁੱਖ ਜੋਧਿਆਂ ਜਾਂ ਨਾਇਕਾਂ ਦਾ ਵੀਰ ਰਸੀ ਕਾਵਿ ਸ਼ੈਲੀ ਵਿਚ ਚਰਿੱਤਰ-ਚਿੱਤਰਣ ਕੀਤਾ ਜਾਂਦਾ ਹੈ। ਇਸ ਨਾਲ ਜੰਗ ਦਾ ਜੀਵੰਤ ਦ੍ਰਿਸ਼ਟਾਂਤ ਤਾਂ ਪ੍ਰਾਪਤ ਹੁੰਦਾ ਹੀ ਹੈ ਤੇ ਇਸ ਦੇ ਨਾਲ ਹੀ ਉਸ ਜੰਗ ਦੇ ਪ੍ਰੇਰਕ ਕਾਰਣਾਂ ਤੇ ਉਸ ਦੇ ਨਤੀਜੇ ਲਈ ਜ਼ਿੰਮੇਵਾਰ ਘਟਨਾਵਾਂ ਤੇ ਸਥਿਤੀਆਂ ਨੂੰ ਸਾਹਿਤਕ ਬਿਰਤਾਂਤ ਵਿਧੀ ਨਾਲ ਪੁਨਰ ਉਸਾਰਿਆ ਜਾਂਦਾ ਹੈ। ਇਸ ਪੇਸ਼ਕਾਰੀ ਸਮੇਂ ਕਿਸੇ ਨਾਟਕੀ ਘਟਨਾ ਕ੍ਰਮ ਅਨੁਸਾਰ ਰੌਚਕਤਾ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ। ਪੰਜਾਬੀ ਵਿਚ ਲਿਖੇ ਜੰਗਨਾਮਿਆਂ ਦੀ ਭਾਸ਼ਾ ਭਾਵੇਂ ਪੰਜਾਬੀ ਹੈ ਪਰ ਲਿਪੀ ਫਾਰਸੀ ਹੈ। ਇਨ੍ਹਾਂ ਵਿਚੋਂ ਕੁਝ ਕੁ ਜੰਗਨਾਮੇ ਹੀ ਅਜਿਹੇ ਮਿਲਦੇ ਹਨ ਜੋ ਗੁਰਮੁਖੀ ਵਿਚ ਲਿਖੇ ਗਏ ਹਨ। ਇਹ ਜੰਗਨਾਮੇ ਮੁਸਲਮਾਨਾਂ ਦੀ ਸ਼ਿਆ ਜਮਾਤ ਲਈ ਪ੍ਰੇਰਣਾ ਸਰੋਤ ਰਹੇ ਜਿਨ੍ਹਾਂ ਨੇ ਮੁਸਲਮਾਨੀ ਇਤਿਹਾਸ ਵਿਚ ਕੁਰਬਾਨੀ ਦੀ ਪਰੰਪਰਾ ਕਾਇਮ ਕੀਤੀ ਸੀ। ਪੰਜਾਬੀ ਵਿਚ ਮੱਧਕਾਲ ਅਤੇ ਆਧੁਨਿਕ ਕਾਲ ਵਿਚ ਲਿਖੇ ਗਏ ਜੰਗਨਾਮਿਆਂ ਦੀ ਗੱਲ ਕਰੀਏ ਤਾਂ ਇਸ ਵਿਚ ਦੋ ਤਰ੍ਹਾਂ ਦੇ ਜੰਗਨਾਮੇ ਸਾਹਮਣੇ ਆਉਂਦੇ ਹਨ:

1. ਅਠਾਰਵੀਂ ਸਦੀ ਦਾ ਜੰਗਨਾਮਾ ਸਾਹਿਤ, ਜੋ ਇਸਲਾਮ ਨਾਲ ਸੰਬੰਧਿਤ ਹਨ।

2. ਉਨਵੀਂ ਸਦੀ ਦਾ ਜੰਗਨਾਮਾ ਸਾਹਿਤ, ਜੋ ਵਿਸ਼ੇਸ਼ ਤੌਰ 'ਤੇ ਭਾਰਤ ਨਾਲ ਸੰਬੰਧਿਤ ਹੈ।

**ਅਠਾਰਵੀਂ ਸਦੀ ਦੇ ਜੰਗਨਾਮੇ:**

1. ਜੰਗਨਾਮਾ ਇਮਾਮ ਹੁਸੈਨ - ਪੀਰ ਮੁਹੰਮਦ : ਇਸ ਦੀ ਰਚਨਾ 1592 ਈ. ਵਿਚ ਹੋਈ ਤੇ ਇਸ ਨੂੰ ਪੰਜਾਬੀ ਦਾ ਪਹਿਲਾ ਜੰਗਨਾਮਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਵਿਚ ਇਮਾਮ ਹੁਸੈਨ ਦੀ ਕਰਬਲਾ ਦੇ ਮੈਦਾਨ ਵਿਚ ਹੋਈ ਸ਼ਹੀਦੀ ਦਾ ਵਰਨਣ ਹੈ। ਜਿਸ ਨੂੰ ਬੀਰ ਰਸ ਦੀ ਥਾਂ ਕਰੁਣਾ ਰਸ ਦੀ ਪ੍ਰਧਾਨਤਾ ਨਾਲ ਬਿਆਨ ਕੀਤਾ ਗਿਆ ਹੈ।

2. ਜੰਗਨਾਮਾ ਇਮਾਮ ਹੁਸੈਨ - ਮੌਲਵੀ ਰੁਕਨਉਦਦੀਨ : ਇਹ 1723 ਈਂ ਦੀ ਰਚਨਾ ਹੈ। ਜੋ ਲੇਖਕ ਦੀ ਮੌਲਿਕ ਕ੍ਰਿਤ ਨਹੀਂ ਸਗੋਂ 'ਰੋਜ਼ਾਤੁਲਸ਼ੁਹਦਾ' ਦਾ ਪੰਜਾਬੀ ਵਿਚ ਕਾਵਿ-ਅਨੁਵਾਦ ਹੈ। ਇਸ ਦੇ ਇਲਾਵਾ ਮੌਲਵੀ ਰੁਕਨਉਦਦੀਨ ਨੇ ਪੰਜਾਬੀ ਵਿਚ ਯੂਸਫ ਜ਼ੁਲੈਖਾਂ ਦਾ ਕਿੱਸਾ ਵੀ ਲਿਖਿਆ ਹੈ।

3. ਜੰਗਨਾਮਾ ਇਮਾਮ ਹੁਸੈਨ- ਹਾਫਿਜ਼ ਬਰਖੁਰਦਾਰ ਰਾਂਝਾ : ਪੰਜਾਬੀ ਵਿਚ ਦੋ ਹਾਫਿਜ਼ ਬਰਖੁਰਦਾਰ ਦਾ ਜ਼ਿਕਰ ਆਉਂਦਾ ਹੈ। ਪਹਿਲੇ ਉਹ ਸੀ ਜਿਸ ਨੇ ਯੂਸਫ ਜ਼ੁਲੈਖਾਂ ਦਾ ਕਿੱਸਾ ਸਭ ਤੋਂ ਪਹਿਲਾਂ ਲਿਖਿਆ ਸੀ। ਜਿਸ ਤੋਂ ਸਭ ਜਾਣੂ ਹਨ।ਦੂਜਾ ਹਾਫਿਜ਼ ਬਰਖ਼ੁਰਦਾਰ ਉਹ ਸੀ ਜਿਸ ਨੇ ਇਮਾਮ ਹੁਸੈਨ ਦੇ ਜੰਗਨਾਮੇ ਦੀ ਰਚਨਾ ਕੀਤੀ। ਉਸ ਦਾ ਜੰਗਨਾਮਾ ਖਰੜਾ ਰੂਪ ਵਿਚ ਪ੍ਰਾਪਤ ਵੀ ਹੁੰਦਾ ਹੈ।

4. ਜੰਗਨਾਮਾ ਮੁਕਬਲ : ਮੁਕਬਲ ਨੇ ਵੀ ਪੰਜਾਬੀ ਵਿਚ ਇਮਾਮ ਹੁਸੈਲ ਦਾ ਜੰਗਨਾਮਾ 1743 ਈਂ ਵਿਚ ਲਿਖਿਆ। ਪਰਉਨ੍ਹਾਂ ਨੂੰ ਵਿਸ਼ੇਸ਼ ਪ੍ਰਸਿੱਧੀ ਹੀਰ ਲਿਖਣ 'ਤੇ ਮਿਲੀ। ਉਨ੍ਹਾਂ ਦੇ ਇਸ ਜੰਗਨਾਮੇ ਦੇ ਪ੍ਰਸਿੱਧ ਨਾ ਹੋਣ ਦੀ ਵਜਾ ਇਹ ਸੀ ਕਿ ਇਸ ਵਿਚ ਇਨ੍ਹਾਂ ਨੇ ਇਤਿਹਾਸਕ ਤੇ ਬੀਰ ਰਸ ਦੋਵੇਂ ਤੱਤਾਂ ਨੂੰ ਅਣਗੋਲਿਆ ਕੀਤਾ ਸੀ। ਇਸ ਨੇ ਆਪਣੇ ਜੰਗਨਾਮੇ

ਵਿਚ ਪਰਾ-ਸਰੀਰਕ ਘਟਨਾਵਾਂ ਨੂੰ ਇੰਨਾ ਜ਼ਿਆਦਾ ਪੇਸ਼ ਕੀਤਾ ਕਿ ਇਸ ਵਿਚ ਇਤਿਹਾਸਕਤਾ ਗੌਣ ਹੋ ਗਈ। ਇਸ ਦੇ ਨਾਲ ਹੀ ਇਸ ਵਿਚ ਬੀਰ ਰਸ ਦੀ ਥਾਂ ਕਰੁਣਾਮਈ ਘਟਨਾਵਾਂ ਨੂੰ ਵੀ ਵੱਧ ਅਹਿਮੀਅਤ ਦਿੱਤੀ ਗਈ।

5. ਜੰਗਨਾਮਾ ਹਾਮਦ - ਹਾਮਦ ਦੇ ਵੀ ਇਮਾਮ ਹੁਸੈਨ ਦਾ ਜੰਗਨਾਮਾ 1784 ਵਿਚ ਲਿਖਿਆ। ਹਾਮਦ ਦੀ ਪ੍ਰਸਿੱਧੀ ਇਸ ਜੰਗਨਾਮੇ ਨਾਲ ਹੋਈ। ਉਸ ਦੁਆਰਾ ਰਚਿਤ ਹੀਰ ਨੂੰ ਬਹੁਤੀ ਮਕਬੂਲੀਅਤ ਹਾਸਿਲ ਨ ਹੋਈ।

**19 ਵੀਂ ਤੇ 20 ਵੀਂ ਸਦੀ ਦੇ ਜੰਗਨਾਮੇ** :

ਇਸ ਸਮੇਂ ਜੋ ਜੰਗਨਾਮੇ ਲਿਖੇ ਗਏ ਉਨ੍ਹਾਂ ਦਾ ਵਿਸ਼ਾ ਵੱਖਰੇ ਯੁੱਧ ਤੇ ਲੜਾਈਆਂ ਸਨ। ਇਨ੍ਹਾਂ ਜੰਗਨਾਮਿਆਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਲਈ ਇਕ ਆਧਾਰਭੂਮੀ ਤਿਆਰ ਹੋ ਚੁੱਕੀ ਸੀ। ਮੁਕਲਮ ਤੇ ਹਾਮਦ ਆਪਣੇ ਮਗਰਲੇ ਜੰਗਨਾਮਾ ਲੇਖਕਾਂ ਨੂੰ ਜੰਗਨਾਮਾ ਰਚਨਾ ਦਾ ਇਕ ਮਾਡਲ ਦੇ ਗਏ ਸਨ। ਇਸ ਸਮੇਂ ਜੋ ਜੰਗਨਾਮੇ ਰਚੇ ਗਏ ਉਹ ਹਨ:

ਜੰਗਨਾਮਾ ਹਬੀਬੁਲਾ, ਜੰਗ ਬਹਾਦਰ ਕਰਤਾ ਅਹਿਮਦ ਯਾਰ, ਜੰਗਨਾਮਾ ਬਦਰਕਰਤਾ ਅਜ਼ੀਗ਼ ਮੁਸਲਿਮ, ਜੰਗਨਾਮਾ ਅਮਾਮ ਹਸਨ ਕਰਤਾ ਮੁਹੰਮਦ ਦੀਨ, ਜੰਗਨਾਮਾ ਖੈਬਰ ਕਰਤਾ ਅਬਦੁਲ ਹਮੀਦ, ਜੰਗਨਾਮਾ ਸ਼ੇਰ ਸ਼ਾਹ ਗਾਜ਼ੀ ਕਰਤਾ ਅਲਾਦੀਨ, ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਕਰਤਾ ਸ਼ਾਹ ਮੁਹੰਮਦ, ਜੰਗਨਾਮਾ ਹਰੀ ਸਿੰਘ ਨਲੂਆ ਕਰਤਾ ਰਾਮ ਦਿਆਲ ਅਣਦ, ਜੰਗ ਸਿੰਘਾਂ ਤੇ ਫਿਰੰਗੀਆਂ ਕਰਤਾ ਮਟਕ, ਜੰਗਨਾਮਾ ਉਮਰ ਕਰਤਾ ਮੁਹੰਮਦ ਬਖਸ਼, ਜੰਗਨਾਮਾ ਇਮਾਮ ਅਲੀ ਉਲਹੱਕ ਕਰਤਾ ਹਾਤਮ ਅਲੀ, ਜੰਗਨਾਮਾ ਇਮਾਮ ਅਲੀ ਕਰਤਾ ਮੀਆਂ ਮੁਸਤਫਾ, ਜੰਗਨਾਮਾ ਕਾਬਲ ਕੰਧਾਰ ਕਰਤਾ ਸਿਆਮ ਸਿੰਘ ਕਵੀਸ਼ਰ, ਜੰਗਨਾਮਾ ਕਾਬਲ ਕਰਤਾ ਕਰਮ ਸਿੰਘ, ਜੰਗਨਾਮਾ ਚਿਤਰਾਲ ਕਰਤਾ ਵਧਾਵਾ ਸਿੰਘ ਆਦਿ।ਇਸ ਸਮੇਂ ਹੋਂਦ ਵਿਚ ਆਏ ਜੰਗਨਾਮਿਆਂ ਨੇ ਜੰਗਨਾਮਾ ਸਾਹਿਤ ਵਿਚ ਗਿਣਾਤਮਕ ਪੱਖੋਂ ਤਾਂ ਵਾਧਾ ਕੀਤਾ ਪਰਗੁਣਾਤਮਕ ਪੱਖੋਂ ਇਸ ਵਿਚ ਕੋਈ ਵਾਧਾ ਨਹੀਂ ਹੋਇਆ। ਇਨ੍ਹਾਂ ਸਾਰਿਆਂ ਜੰਗਨਾਮਿਆਂ ਵਿਚੋਂ ਗੁਣਾਤਮਕ ਪੱਖੋਂ ਜੇ ਕਿਸੇ ਰਚਨਾ ਨੇ ਵਾਧਾ ਕੀਤਾ ਤਾਂ ਉਹ ਰਚਨਾ ਸ਼ਾਹ ਮੁਹੰਮਦ ਦੀ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਹੈ। ਜੋ ਪੰਜਾਬੀ ਜੰਗਨਾਮਾ ਸਾਹਿਤ ਦੀ ਸ਼ਾਹਕਾਰ ਰਚਨਾਵਾਂ ਵਿਚ ਗਿਣੀ ਜਾਂਦੀ ਹੈ। ਇਸ ਸਮੇਂ ਜੰਗਨਾਮਿਆਂ ਦੇ ਜੋ ਵਿਸ਼ੇ ਸਨ ਉਹ ਪਹਿਲੀ ਸੰਸਾਰ ਜੰਗ, ਅੰਗਰੇਜ਼ੀ ਰਾਜ ਵਿਚ ਕਾਬਲ ਦੇ ਚਿਤਰਨ, ਚੀਨ ਉੱਤੇ ਫ਼ੌਜੀ ਮੁਹਿੰਮਾਂ ਨਾਲ ਸੰਬੰਧਿਤ ਸਨ। ਇਨ੍ਹਾਂ ਵਿਚੋਂ ਕਾਫੀ ਰਚਨਾਵਾਂ 'ਤੇ ਫ਼ੌਜੀ ਜਵਾਨਾਂ ਨੂੰ ਉਤਸਾਹਿਤ ਕਰਨ ਲਈ ਰਚੀਆ ਗਈਆਂ। ਪੰਜਾਬ ਨਾਲ ਸੰਬੰਧਿਤ ਜੰਗਨਾਮਿਆਂ ਦੀ ਗੱਲ ਕਰੀਏ ਤਾਂ ਇਥੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਅੰਗ੍ਰੇਜ਼ਾਂ ਨਾਲ ਹੋਈਆਂ ਲੜਾਈਆਂ ਵਿਚ ਹੋਈ ਹਾਰ ਦਾ ਭਿਆਨਕ ਦੁਖਾਂਤ ਤਿੰਨ ਕਵੀਆਂ ਸ਼ਾਹ ਮੁਹੰਮਦ, ਮਟਕ ਰਾਇ ਤੇ ਹਿੰਦੀ ਵਿਚ ਕਾਨ੍ਹ ਸਿੰਘ ਬੰਗਾ ਨੇ ਬਿਆਨ ਕੀਤਾ ਹੈ।ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਸਾਹਿਤ ਦੇ ਮੱਧਕਾਲ ਦਾ ਇਹ ਸਮਾਂ ਕਾਫ਼ੀ ਮਹੱਤਵਪੂਰਣ ਰਿਹਾਕਿਉਂਕਿ ਇਸ ਦੌਰਾਨ ਵਾਪਰੀਆਂ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਤਬਦੀਲੀਆਂ ਨੇ ਪੰਜਾਬੀ ਸਾਹਿਤ ਨੂੰ ਨਵੀਂਨੁਹਾਰ ਪ੍ਰਦਾਨ ਕੀਤੀ ਹੈ। ਇਸ ਕਾਲ ਖੰਡ ਵਿਚ ਪੰਜਾਬੀ ਸਾਹਿਤ ਦੀਆਂ ਚਾਰ ਕਾਵਿ-ਧਾਰਾਵਾਂ ਹੋਂਦ ਵਿਚ ਆਉਂਦੀਆਂ ਹਨ ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਅਤੇ ਵੀਰ ਰਸੀ ਕਾਵਿ ਧਾਰਾ। ਇਨ੍ਹਾਂ ਕਾਵਿ ਧਾਰਾਵਾਂ ਅਧੀਨ ਜਿੰਨਾਂ ਵੀ ਸਾਹਿਤ ਰਚਿਆ ਗਿਆ ਉਸ ਵਿਚੋਂ ਵੇਲੇ ਦੀ ਸਮਾਜਕ ਵਿਵਸਥਾ, ਔਰਤ ਦੀ ਸਥਿਤੀ,ਜਾਗੀਰਦਾਰੀ ਪ੍ਰਬੰਧ, ਦਲਿਤ ਵਰਗ ਦੀ ਦਸ਼ਾ, ਸਭਿਆਚਾਰ, ਰਾਜਨੀਤਕ ਅਤੇ ਆਰਥਕ ਪੱਖ ਆਦਿ ਵਿਸ਼ਿਆਂ ਦੀ ਝਲਕ ਸਪਸ਼ਟ ਤੌਰ 'ਤੇ ਨਜ਼ਰ ਆਉਂਦੀ ਹੈ। ਇਨ੍ਹਾਂ ਸਾਰੀਆਂ ਕਾਵਿ ਧਾਰਾਵਾਂ ਨਾਲ ਜੁੜੇ ਗੁਰੂ ਸਾਹਿਬਾਨਾਂ, ਸੂਫ਼ੀਆਂ,ਕਿੱਸਾਕਾਰਾਂ ਤੇ ਵਾਰਕਾਰਾਂ ਨੇ ਆਪੋ ਆਪਣੇ ਢੰਗ ਨਾਲ ਸਾਹਿਤ ਦੇ ਮਾਧਿਅਮ ਰਾਹੀਂ ਸਮਾਜ 'ਚ ਫੈਲੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ।

ਬਿਰਤਾਂਤਕ ਕਾਵਿ ਰੂਪਾਕਾਰਾਂ ਬਾਰੇ ਬੱਚਿਓ! ਅਸੀਂ ਪਹਿਲਾਂ ਵਿਸਥਾਰ ਸਹਿਤ ਆਪ ਨੂੰ ਜਾਣਕਾਰੀ ਦੇ ਆਏ ਹਾਂ। ਇਸ ਤੋਂ ਅੱਗੇ ਹੁਣ ਅਸੀਂ ਕਿੱਸਾ ਤੇ ਵਾਰ ਕਾਵਿ ਵਿਚਲੇ ਅੰਤਰ ਬਾਰੇ ਅਧਿਐਨ ਦੇ ਨਾਲ-ਨਾਲ ਵਾਰ ਤੇਜੰਗਨਾਮੇ ਵਿਚਲੇ ਅੰਤਰ ਬਾਰੇ ਵੀ ਚਰਚਾ ਕਰਾਂਗੇ।

**ਕਿੱਸਾ, ਵਾਰ-ਕਾਵਿ ਤੇ ਜੰਗਨਾਮਾ :**

ਕਿੱਸਾ, ਵਾਰ-ਕਾਵਿ ਤੇ ਜੰਗਨਾਮਾ ਜਿਵੇਂ ਕਿ ਅਸੀਂ ਇਨ੍ਹਾਂ ਮੱਧਕਾਲੀ ਬਿਰਤਾਂਤਕ ਕਾਵਿ ਰੂਪਾਕਾਰਾਂ ਬਾਰੇ ਪਿੱਛੇ ਵਿਸਤ੍ਰਿਤ ਚਰਚਾ ਕਰਕੇ ਆਏ ਹਾਂ। ਇਨ੍ਹਾਂ ਦੇ ਆਪਸੀ ਅੰਤਰ ਤੇ ਸਮਾਨਤਾਵਾਂ ਬਾਰੇ ਇੱਥੇ ਅੱਗੇ ਚਰਚਾ ਕੀਤੀ ਜਾਵੇਗੀ। ਕਿੱਸਾ, ਵਾਰ-ਕਾਵਿ ਤੇ ਜੰਗਨਾਮਾ ਇਨ੍ਹਾਂ ਵਿਚ ਸਮਾਨਤਾਵਾਂ ਤੇ ਅਸਮਾਨਤਾਵਾਂ ਦੋਵੇਂ ਦੇਖਣ ਨੂੰ ਮਿਲਦੀਆਂ ਹਨ। ਸਭ ਤੋਂ ਪਹਿਲਾਂ ਸਮਾਨਤਾਵਾਂ ਦੀ ਗੱਲ ਕਰੀਏ ਤਾਂ ਮੰਗਲਾਚਰਣ, ਨਾਇਕ ਜਾਂ ਨਾਇਕਾ, ਸੰਵਾਦ, ਵੱਖ-ਵੱਖ ਰਸ ਤੇ ਅਲੰਕਾਰਾਂ ਦੀ ਵਰਤੋਂ, ਦ੍ਰਿਸ਼ ਚਿੱਤਰਣ ਦੇ ਤੱਤ ਆਦਿ ਇਨ੍ਹਾਂ ਰਚਨਾਵਾਂ ਵਿਚ ਮੌਜੂਦ ਹਨ। ਬਸ ਜੰਗਨਾਮੇ ਵਿਚ ਨਿਰਾਸ਼ਾ ਤੇ ਕਰੁਣਾ ਰਸ ਵੱਧ ਹੁੰਦਾ ਹੈ। ਕਿੱਸਾ ਕਾਵਿ ਤੇ ਵਾਰ ਕਾਵਿ ਦੀ ਪ੍ਰਵਿਰਤੀ ਦੇ ਸੰਦਰਭ ਵਿਚ ਜੋ ਮਹੱਤਵਪੂਰਣ ਨੁਕਤਾ ਉਭਰਦਾ ਹੈ ਉਹ ਇਹ ਹੈ ਕਿ ਕਿੱਸਾ ਕਾਵਿ ਵਿਚ ਪ੍ਰਕਿਰਤੀਮੁਖਤਾ ਦੀ ਪ੍ਰਵਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਪ੍ਰਵਿਰਤੀ ਦੋ ਤਰ੍ਹਾਂ ਦੀ ਹੈ ਪਹਿਲੀ ਵਿਚ ਨਵੀਆਂ ਸਭਿਆਚਾਰਕ ਅਕਾਂਖਿਆਵਾਂ ਵਿਕਸਿਤ ਕਰਨ ਦੀ ਸਮੱਰਥਾ ਹੁੰਦੀ ਹੈ ਤੇ ਦੂਜੀ ਵਿਚ ਆਦਿ ਕਾਲੀ ਕਾਮਨਾਵਾਂ ਨੂੰ ਹੀ ਜੀਵਨ ਦਾ ਸਾਰ ਸਮਝਿਆ ਜਾਂਦਾ ਹੈ। ਇਸ ਦੇ ਤੁਲ ਜੇ ਵਾਰ ਕਾਵਿ ਨੂੰ ਦੇਖੀਏ ਤਾਂ ਇਸ ਵਿਚ ਇਤਿਹਾਸਮੁਖਤਾ ਦੀ ਪ੍ਰਵਿਰਤੀ ਕੇਂਦਰ 'ਚ ਹੁੰਦੀ ਹੈ। ਜਿਸ ਦੇ ਅਗਰਭੂਮੀ ਵਿਚ ਆਉਣ ਨਾਲ ਹੀ ਵਾਰ ਦੀ ਵਿਧਾ ਹੋਂਦ 'ਚ ਆਉਂਦੀ ਹੈ। ਹੁਣ ਕਿੱਸਾ ਤੇ ਵਾਰ-ਕਾਵਿ ਅਤੇ ਵਾਰ-ਕਾਵਿ ਤੇ ਜੰਗਨਾਮੇ ਵਿਚਲੇ ਅੰਤਰ ਬਾਰੇ ਕ੍ਰਮਵਾਰ ਗੱਲ ਕਰਾਂਗੇ।

1.2 ਕਿੱਸੇ ਤੇ ਵਾਰ-ਕਾਵਿ ਵਿਚਲਾ ਅੰਤਰ :

1. ਕਿੱਸਿਆਂ ਵਿਚ ਘਟਨਾਵੀਂ ਤੇ ਸਥਾਨਕ ਰੰਗਤ ਘਟ ਹੁੰਦੀ ਹੈ। ਵਾਰ ਵਿਚ ਘਟਨਾਵੀਂ ਤੇ ਸਥਾਨਕ ਰੰਗਤ ਵੱਧ ਹੁੰਦੀ ਹੈ।

2. ਕਿੱਸਿਆਂ ਵਿਚ ਮਿਥਿਹਾਸ ਦਾ ਜ਼ੋਰ ਵੱਧ ਹੁੰਦਾ ਹੈ। ਵਾਰ ਵਿਚ ਇਤਿਹਾਸ ਦਾ ਜ਼ੋਰ ਵੱਧ ਹੁੰਦਾ ਹੈ।

3. ਕਿੱਸੇ ਦੇ ਪ੍ਰਮੁੱਖ ਛੰਦ ਦਵੱਈਆ, ਬੈਂਤ ਤੇ ਕਬਿੱਤ ਹਨ। ਵਾਰ ਪਉੜੀ ਛੰਦ ਵਿਚ ਲਿਖੀ ਜਾਂਦੀ ਹੈ।

4. ਕਿੱਸੇ ਦਾ ਮੁੱਖ ਵਿਸ਼ਾ 'ਇਸ਼ਕ' ਹੈ। ਵਾਰ ਦਾ ਮੁੱਖ ਵਿਸ਼ਾ 'ਯੁੱਧ' ਹੁੰਦਾ ਹੈ।

5. ਕਿੱਸੇ ਵਿਚ ਕਰੁਣਾ ਰਸ ਭਾਰੂ ਹੁੰਦਾ ਹੈ ਤੇ ਵਾਰ ਵਿਚ ਵੀਰ ਰਸ ਦੀ ਪ੍ਰਧਾਨਤਾ ਹੁੰਦੀ ਹੈ।

6. ਕਿੱਸਿਆਂ ਵਿਚ ਟਕਰਾਓ ਦੇ ਨਾਲ-ਨਾਲ ਰੋਮਾਂਸ ਦਾ ਤੱਤ ਵੀ ਮੌਜੂਦ ਹੁੰਦਾ ਹੈ। ਜਦ ਕਿ ਵਾਰ ਵਿਚ

ਤਨਾਓ/ਟਕਰਾਓ ਦਾ ਤੱਤ ਮੌਜੂਦ ਹੁੰਦਾ ਹੈ।

7. ਕਿੱਸਿਆਂ 'ਚ ਪਰਾ ਸ਼ਰੀਰਕ ਅੰਸ਼ ਵਿਦਮਾਨ ਹੁੰਦਾ ਹੈ ਪਰ ਵਾਰ ਵਿਚ ਪਰਾ ਸ਼ਰੀਰਕ ਅੰਸ਼ ਸ਼ਾਮਲ ਨਹੀਂ ਹੁੰਦਾ।ਇਸ ਦੇ ਇਲਾਵਾ ਇਹ ਦੋਵੇਂ ਕਾਵਿ ਰੂਪ ਕਈ ਬਿੰਦੂਆਂ ਉੱਤੇ ਇਕ ਦੂਜੇ ਨਾਲ ਵਧੇਰੇ ਮਿਲਦੇ-ਜੁਲਦੇ ਹਨ। ਜਿੱਥੇ ਯਥਾਰਥ ਤੇ ਸਥਾਨਕ ਰੰਗਣ ਵਾਲੇ ਕਿੱਸੇ ਵੀ ਅਸਲ ਵਿਚ ਕਿਸੇ ਇਤਿਹਾਸਕ ਤੇ ਸਰਬ-ਵਿਆਪਕ ਸੱਚਾਈ ਦੇ ਪ੍ਰਗਟਾਓ ਹਨ, ਉੱਥੇ 'ਚੰਡੀ ਦੀ ਵਾਰ' ਮਿਥਿਹਾਸਕ ਘਟਨਾਵਾਂ, ਪਾਤਰਾਂ ਉਪਰ ਆਧਾਰਿਤ ਠੋਸ ਰਚਨਾ ਹੋਣ ਦੇ ਬਾਵਜੂਦ ਯਥਾਰਥ ਨਾਲ ਨੇੜਤਾ ਰੱਖਦੀ ਰਚਨਾ ਹੈ।

### 1.3 ਵਾਰ-ਕਾਵਿ ਤੇ ਜੰਗਨਾਮੇ ਵਿਚਲਾ ਅੰਤਰ :

1. ਵਾਰ ਕਾਲਪਨਿਕ ਘਟਨਾ ਉੱਤੇ ਵੀ ਲਿਖੀ ਜਾ ਸਕਦੀ ਹੈ। ਜਦਕਿ ਜੰਗਨਾਮੇ ਵਿਚ ਵਾਸਤਵਿਕ ਘਟਨਾ ਦਾ ਬਿਆਨ ਹੁੰਦਾ ਹੈ।

2. ਵਾਰ ਦੇ ਪਾਤਰ ਮਿਥਿਹਾਸਕ ਵੀ ਲਏ ਜਾ ਸਕਦੇ ਹਨ ਜਿਵੇਂ ਦੁਰਗਾ, ਸ਼ੁੰਭ, ਨਿਸ਼ੁੰਭ, ਨੈਣ ਕਲ-ਨਾਰਦ ਆਦਿ। ਇਸ ਦੇ ਬਰਾਬਰ ਜੰਗਨਾਮੇ ਦੇ ਪਾਤਰਾਂ ਵਾਸਤਵਿਕ ਮਨੁੱਖ ਹੁੰਦੇ ਹਨ।

3. ਵਾਰ ਦਾ ਮੁੱਖ ਨਿਸ਼ਾਨਾ ਨਾਇਕ ਦਾ ਜਸ ਗਾਇਨ ਹੁੰਦਾ ਹੈ, ਪਰ ਜੰਗਨਾਮੇ ਦਾ ਅਸਲ ਮੰਤਵ ਤਰੀਖੀ ਘਟਨਾ ਦਾ ਬਿਆਨ ਕਰਨਾ ਹੈ। ਇਸ ਲਈ ਉਸ ਵਿਚ ਨਾਇਕ ਦੇ ਨਾਲ ਬਾਕੀ ਪਾਤਰਾਂ ਨੂੰ ਪੂਰੀ ਮਹੱਤਤਾ ਪ੍ਰਾਪਤ ਹੁੰਦੀ ਹੈ।

4. ਵਾਰ ਵਿਚ ਕਵੀ ਸਿਰਫ਼ ਅਜਿਹੀ ਘਟਨਾਵਾਂ ਬਿਆਨ ਕਰਦਾ ਹੈ ਜਿਸ ਵਿਚ ਨਾਇਕ ਦਾ ਪੱਲੜਾ ਭਾਰੀ ਰਹਿੰਦਾ ਹੈ। ਜੰਗਨਾਮੇ ਵਿਚ ਇਤਿਹਾਸਕ ਪੱਖ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ।

5. ਵਾਰ ਦਾ ਨਾਇਕ ਸੰਘਰਸ਼ ਕਰਦਾ ਆਮ ਕਰਕੇ ਜਿੱਤ ਹਾਸਿਲ ਕਰਦਾ ਹੈ। ਜੰਗਨਾਮੇ ਦਾ ਨਾਇਕ ਆਮ ਤੌਰ ਉੱਤੇ ਹਾਰਦਾ ਹੈ।

6. ਵਾਰਾਂ ਦੇ ਵਧੇਰੇ ਕਰਤਾ ਹਿੰਦੂ-ਸਿੱਖ ਕਵੀ ਹਨ। ਇਸ ਲਈ ਵਾਰਾਂ ਦੀ ਸ਼ਬਦਾਵਲੀ ਵਿਚ ਹਿੰਦੀ, ਸੰਸਕ੍ਰਿਤ ਦਾ ਅੰਸ਼ ਵਧੇਰੇ ਹੁੰਦਾ ਹੈ। ਜੰਗਨਾਮੇ ਵਧੇਰੇ ਤੌਰ 'ਤੇ ਮੁਸਲਮਾਨ ਸ਼ਾਇਰਾਂ ਨੇ ਲਿਖੇ ਹਨ। ਇਸ ਲਈ ਜੰਗਨਾਮਿਆਂ ਦੀ ਸ਼ਬਦਾਵਲੀ ਵਧੇਰੇ ਤੌਰ 'ਤੇ ਅਰਬੀ ਫ਼ਾਰਸੀ ਵਲ ਝੁਕੀ ਹੁੰਦੀ ਹੈ।

7. ਵਾਰ ਵਿਚ ਬਿਰਤਾਂਤ ਉੱਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ ਜਦਕਿ ਜੰਗਨਾਮੇ ਵਿਚ ਬਿਰਤਾਂਤ ਦੀ ਪ੍ਰਧਾਨਤਾ ਹੁੰਦੀ ਹੈ।

8. ਵਾਰ ਵਿਚ ਨਾਟਕੀਅਤਾ ਵਧੇਰੇ ਹੁੰਦੀ ਹੈ ਤੇ ਇਸ ਦੇ ਮੁਕਾਬਲੇ ਜੰਗਨਾਮੇ ਵਿਚ ਨਾਟਕੀਅਤਾ ਦੀ ਘਾਟ ਨਜ਼ਰ ਆਉਂਦੀ ਹੈ।

9. ਵਾਰ ਪਉੜੀਆਂ ਵਿਚ ਲਿਖੀ ਜਾਂਦੀ ਹੈ ਤੇ ਜੰਗਨਾਮਾ ਬੈਂਤ ਛੰਦ ਜਾਂ ਇਸ ਵਰਗੇ ਹੋਰ ਛੰਦਾਂ ਵਿਚ ਲਿਖਿਆ ਜਾਂਦਾ ਹੈ।

10. ਵਾਰ 'ਚ ਇਕ ਜੰਗ ਦਾ ਵਰਨਣ ਹੁੰਦਾ ਹੈ ਜਦਕਿ ਜੰਗਨਾਮੇ ਵਿਚ ਯੁੱਧ ਦੇ ਹਰ ਪੱਖ ਨੂੰ ਵਿਸਤਾਰ ਨਾਲ ਚਿਤਰਿਆ ਜਾਂਦਾ ਹੈ।

ਪਿਆਰੇ ਵਿਦਿਆਰਥੀਓ, ਮੱਧਕਾਲੀ ਬਿਰਤਾਂਤਕ ਕਾਵਿ ਦੇ 1.4 (ਸਮਾਜ-ਸਭਿਆਚਾਰਕ ਪੱਖ) ਅਤੇ 1.5 (ਕਲਾਤਮਕ ਪੱਖ), 1.7 (ਸੰਖੇਪ ਉੱਤਰਾਂ ਵਾਲੇ ਪ੍ਰਸ਼ਨ) ਦਾ ਸੰਬੰਧ ਪਾਠਕ੍ਰਮ ਵਿਚ ਦਰਜ ਪਾਠਾਂ ਨਾਲ ਹੈ। ਇਸ ਲਈ ਇਨ੍ਹਾਂ ਨੂੰ ਵਿਧੀਵਤ ਢੰਗ ਨਾਲ ਪਾਠ ਦੇ ਨਾਲ ਅੱਗੇ ਵਿਚਾਰਿਆ ਜਾਵੇਗਾ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਨੂੰ ਸਾਹਿਤ ਸਿਰਜਣਾ ਦੇ ਪੱਖੋਂ, ਸਾਹਿਤ ਦਾ ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਇਸੇ ਸਮੇਂ ਦੌਰਾਨ ਰਾਜਸੀ, ਸਮਾਜਕ ਅਤੇ ਸਭਿਆਚਾਰਕ ਤੌਰ ਉੱਤੇ ਪੰਜਾਬ ਵਿਚ ਅਣਗਿਣਤ ਤਬਦੀਲੀਆਂ ਵਾਪਰੀਆਂ, ਜਿਨ੍ਹਾਂ ਨੇ ਇੱਥੋਂ ਦੀ ਵਸੋਂ ਨੂੰ ਕਾਫੀ ਪ੍ਰਭਾਵਿਤ ਕੀਤਾ। ਮੱਧਕਾਲੀਨਤਾ ਦੇ ਇਸ ਸੰਕਲਪ ਨੂੰ ਦੋ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ। ਇਕ ਕਾਲਵਾਚੀ ਪੱਧਰ ਤੇ ਦੂਜਾ ਅਰਥਵਾਚੀ ਪੱਖ ਰਾਹੀਂ। ਕਾਲ ਦੇ ਸੰਦਰਭ ਵਿਚ ਜੇ ਗੱਲ ਕਰੀਏ ਤਾਂ ਇਹ ਸਮੁੱਚੇ ਇਤਿਹਾਸਕ ਪ੍ਰਸੰਗ ਵਿਚ ਵਿਸ਼ੇਸ਼ ਸਮੇਂ ਨਾਲ ਸੰਬੰਧ ਰੱਖਦਾ ਹੈ ਜਿਸ ਦਾ ਇਕ ਸਿਰਾ ਆਦਿ ਕਾਲ ਨਾਲ ਜੁੜਦਾ ਹੈ ਤੇ ਦੂਜਾ ਆਧੁਨਿਕ ਕਾਲ ਨਾਲ। ਅਰਥਵਾਚੀ ਪੱਖੋਂ ਇਹ ਇਕ ਵਿਸ਼ੇਸ਼ ਪ੍ਰਕਾਰ ਦੀ ਬੌਧਿਕਤਾ, ਮਾਨਸਿਕਤਾ ਤੇ ਭਾਵੁਕਤਾ ਨਾਲ ਜੁੜਿਆ ਹੈ। ਸਾਹਿਤ ਤੇ ਚਿੰਤਨ ਦੇ ਪੱਖੋਂ ਮੱਧਕਾਲੀਨਤਾ ਦੇ ਇਸ ਸੰਕਲਪ ਵਿਚ ਮਨੁੱਖ

ਦੀ ਜੀਵਨ-ਜਾਚ, ਕਦਰਾਂ-ਕੀਮਤਾਂ ਤੇ ਦ੍ਰਿਸ਼ਟੀਕੋਣ ਆਦਿ ਸ਼ਾਮਲ ਹੈ। ਇਹ ਇਕ ਅਜਿਹੀ ਸਮਾਜਕ ਸਥਿਤੀ ਹੈ ਜਿਸ ਵਿਚ ਮਨੁੱਖ ਆਪਣੇ ਆਲੇ-ਦੁਆਲੇ, ਬ੍ਰਹਿਮੰਡੀ ਪਾਸਾਰਾ ਤੇ ਪ੍ਰਕਿਰਤਕ ਸ਼ਕਤੀਆਂ ਬਾਰੇ ਸੋਚਦਾ ਸਮਝਦਾ ਸਮਾਜ ਵਿਚ ਵਿਚਰਦਾ ਹੈ। ਸਿਰਫ਼ ਇਹੀ ਨਹੀਂ ਜੇ ਗਹੁ ਨਾਲ ਇਸ ਸਮੇਂ ਮਨੁੱਖ ਦੀ ਸਥਿਤੀ ਨੂੰ ਵਾਚਿਆ ਜਾਵੇਂ ਤਾਂ ਉਸ ਦੀ ਬਿਰਤੀ ਇਸ ਸਮੇਂ ਦੌਰਾਨ ਬਾਹਰਮੁੱਖੀ ਨਾਲ ਅੰਤਰਮੁੱਖੀ ਵਧੇਰੇ ਸੀ। ਇਸੇ ਕਾਰਨ ਚਿੰਤਕ, ਸਾਹਿਤਕਾਰਾਂ ਤੇ ਦਾਰਸ਼ਨਿਕਾਂ ਦੇ ਧਿਆਨ ਦਾ ਕੇਂਦਰ ਦ੍ਰਿਸ਼ਮਾਨ ਜਗਤ ਨਾਲੋਂ ਅਦ੍ਰਿਸ਼ ਸੱਚ ਦੇ ਉੱਤੇ ਕੇਂਦਰਿਤ ਰਿਹਾ। ਆਪਣੇ ਇਨ੍ਹਾਂ ਅਨੁਭਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਮੱਧਕਾਲੀ ਸਾਹਿਤਕਾਰਾਂ ਨੇ ਗਾਉਂਣ, ਲਿਖਣ ਤੇ ਪ੍ਰਚਾਰਣ ਦਾ ਯਤਨ ਕੀਤਾ। ਇਸ ਕਾਲ ਖੰਡ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਸ਼ੇਸ਼ ਇਤਿਹਾਸਕ ਕਾਲ ਖੰਡ ਦੀ ਅਭਿਵਿਅਕਤੀ ਕਰਦਾ ਹੋਇਆ, ਜਿੱਥੇ ਅਤੀਤਮੁਖੀ ਬਿਰਤੀ ਰੱਖਦਾ ਹੈ ਉੱਥੇ ਆਧੁਨਿਕਤਾ ਨਾਲ ਵੀ ਸੰਬੰਧ ਰੱਖਦਾ ਹੈ। ਇਸ ਸਮੇਂ ਦੌਰਾਨ ਜਿਹੜੇ ਵੀ ਸਾਹਿਤਕਾਰ ਸਾਹਮਣੇ ਆਉਂਦੇ ਹਨ ਉਨ੍ਹਾਂ ਨੇ ਸਮਕਲੀ ਪਰਿਸਥਿਤੀਆਂ ਦੇ ਨਾਲ-ਨਾਲ ਭੂਤ ਤੇ ਭਵਿੱਖ ਨਾਲ ਵੀ ਬੁਨਿਆਦੀ ਸਾਂਝ ਪਾਉਣ ਦੀ ਕੋਸ਼ਿਸ਼ ਕੀਤੀ। 'ਮਧੱਕਾਲੀਨਤਾ' ਦੇ ਸੰਕਲਪ ਦੀਆਂ ਸਭਿਆਚਾਰਕ ਸੰਦਰਭ ਵਿਚ ਕੁਝ ਮੌਲਿਕ ਵਿਸ਼ੇਸ਼ਤਾਵਾਂ, ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਨ੍ਹਾਂ ਦੀ ਝਲਕ ਸਾਹਿਤਕ ਰਚਨਾਵਾਂ ਵਿਚੋਂ ਮਿਲਦੀ ਹੈ। ਇਸ ਵਿਚ ਸਦਾਚਾਰਕ ਗੁਣਾਂ ਦੀ ਪਾਲਣਾ, ਬੁਰਾਈ ਦਾ ਤਿਆਗ, ਸਚਾਈ ਨੂੰ ਧਾਰਣ ਕਰਨਾ, ਪੁਨਰ ਜਨਮ ਵਿਚ ਵਿਸ਼ਵਾਸ, ਸਰੀਰ ਦੀ ਨਾਸ਼ਮਾਨਤਾ, ਆਤਮਾ ਤੇ ਮੁਕਤੀ ਸੰਬੰਧੀ ਕੇਂਦਰਿਤ ਧਾਰਣਾਵਾਂ, ਇਨਸਾਨੀਅਤ ਦਾ ਧਰਮ, ਜੀਵਨ ਦੇ ਮਨੋਰਥ ਦੀ ਸੋਝੀ, ਵਹਿਮਾਂਭਰਮਾਂ, ਅੱਧ ਵਿਸ਼ਵਾਸਾਂ ਤੇ ਨਿਰਾਰਥਕ ਰੀਤਾਂ ਰਿਵਾਜਾਂ ਦਾ ਖੰਡਨ, ਲੋਕ ਕਲਿਆਣ ਦੀ ਭਾਵਨਾ, ਜੀਵ ਪ੍ਰਤੀ ਦਯਾ,ਚਰਿਤਰ ਦੀ ਉੱਚਤਾ ਆਦਿ ਸ਼ਾਮਲ ਹਨ। ਇਸ ਸਭ ਤੋਂ ਸਪਸ਼ਟ ਹੈ ਕਿ ਭਾਰਤ ਦੇਸ਼ ਦੇ ਲੋਕਾਂ ਦਾ ਜੀਵਨ, ਰਹਿਣਸਹਿਣ,ਵਰਤੋਂ-ਵਿਹਾਰ, ਸੋਚ, ਕਰਮ ਪ੍ਰਤੀਕਰਮ, ਕਲਾਤਮਕ ਤੇ ਸਾਹਿਤਕ ਰੁਚੀ, ਜੀਵਨ ਪ੍ਰਤੀ ਸਮਾਜਕ,ਸਭਿਆਚਾਰ, ਧਾਰਮਕ, ਰਾਜਨੀਤਕ ਵਿਚਾਰਧਾਰਵਾਂ ਆਦਿ ਦੇ ਸਮੂਹਕ ਸੰਗਠਨ ਨੂੰ ਮੱਧਕਾਲੀਨਤਾ ਦਾ ਨਾਮ ਦਿੱਤਾਜਾਂਦਾ ਹੈ। ਇਸ ਸਾਰੇ ਸੰਦਰਭ ਵਿਚ ਮੱਧਕਾਲੀਨਤਾ ਦੇ ਸੰਕਲਪ ਨੂੰ ਇਤਿਹਾਸਕ, ਸਭਿਆਚਾਰਕ ਅਤੇ ਸਾਹਿਤਕ ਪੱਖਾਂਤੋਂ ਵਿਚਾਰਿਆ ਜਾ ਸਕਦਾ ਹੈ।ਮੱਧਕਾਲ ਦੇ ਇਸ ਸਮੇਂ ਨੂੰ ਇਤਿਹਾਸਕ ਪੱਖ ਤੋਂ ਆਦਿ ਕਾਲ, ਮੱਧ ਕਾਲ ਤੇ ਆਧੁਨਿਕ ਕਾਲ ਵਿਚ ਵੰਡ ਕੇਦੇਖਿਆ ਜਾਂਦਾ ਹੈ। ਭਾਰਤ ਵਿਚ ਆਦਿ ਕਾਲ ਦਾ ਇਹ ਸਮਾਂ ਸਿੰਧੂ ਘਾਟੀ ਸਭਿਅਤਾ ਤੋਂ ਆਰੀਆ ਲੋਕਾਂ ਦੇ ਭਾਰਤਵਿਚ ਪ੍ਰਵੇਸ਼ ਕਰਨ ਤਕ ਦਾ ਬਣਦਾ ਹੈ। ਆਰੀਆ ਦੇ ਪੰਜਾਬ ਵਿਚ ਪ੍ਰਵੇਸ਼ ਤੋਂ ਪਹਿਲਾਂ ਵੀ ਇੱਥੇ ਉੱਨਤ ਗੌਰਵਸ਼ੀਲਸਭਿਅਤਾ ਸੰਸਕ੍ਰਿਤੀ ਮੌਜੂਦ ਸੀ ਜਿਸ ਦਾ ਪ੍ਰਮਾਣ ਹੜਪਾ ਤੇ ਮੋਹਨਜੋਦੜੋ ਦੀ ਖੁਦਾਈਆਂ ਤੋਂ ਮਿਲਦਾ ਹੈ। ਮੱਧ ਕਾਲ ਦਾਆਰੰਭ ਵਿਦੇਸ਼ੀ ਹਮਲਾਵਰਾਂ ਮੁਗਲ ਤੇ ਤੁਰਕਾਂ ਦੀ ਆਮਦ ਨਾਲ ਹੁੰਦਾ ਹੈ। ਫਿਰ ਅੱਗੇ ਬਾਬਾ ਫਰੀਦ ਜੀ ਦੀਆਂ ਰਚਨਾਵਾਂ ਰਾਹੀਂ ਇਹ ਸਮਾਜ ਵਿਕਸਤ ਹੋਣ ਲੱਗਦਾ ਹੈ ਤੇ ਗੁਰੂ ਨਾਨਕ ਕਾਲ ਇਸ ਕਾਲ ਦੇ ਸਿਖਰ ਦਾ ਸਮਾਂ ਸੀ।ਇਵੇਂ ਹੀ ਮੱਧਕਾਲ ਦੇ ਸਮਾਜਕ, ਸਭਿਆਚਾਰਕ ਪੱਖ ਤੋਂ ਇਸ ਦੀ ਵਿਲੱਖਣਤਾ ਬਣਦੀ ਹੈ। ਦਰਾਵੜ, ਆਰੀਆ,ਯੂਨਾਨੀ, ਈਰਾਨੀ, ਮਿਸਰੀ, ਅਰਬੀ, ਤੁਰਕੀ, ਪਠਾਣ, ਮੁਗਲ ਆਦਿ ਕਈ ਜਾਤੀਆਂ ਕਬੀਲਿਆਂ ਦੇ ਲੋਕ ਪੰਜਾਬ ਵਿਚ ਆਏ। ਇਨ੍ਹਾਂ ਵਿਚੋਂ ਕੁਝ ਤਾਂ ਬਿਲਕੁਲ ਮਿਟ ਗਏ ਤੇ ਕਈ ਇੱਥੋਂ ਦੀ ਵਸੋਂ ਵਿਚ ਰਚ ਮਿਚ ਗਏ। ਇਹ ਲੋਕ ਆਪਣੇ ਨਾਲ ਆਪਣਾ ਸਭਿਆਚਾਰ, ਰਹਿਣ-ਸਹਿਣ, ਭਾਸ਼ਾ, ਸੰਸਕ੍ਰਿਤੀ ਵੀ ਲੈ ਕੇ ਆਏ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀਆਂ ਦੀ ਜੋ ਕੌਮ ਸਾਹਮਣੇ ਆਈ, ਉਹ ਕਈ ਜਾਤੀਆਂ ਦਾ ਮਿਸ਼ਰਨ ਸੀ ਅਤੇ ਇਨ੍ਹਾਂ ਦੀ ਭਾਸ਼ਾ ਵਿਚੋਂ ਵੀ ਸਹਿਜ-ਸੁਭਾਅ ਵੈਦਿਕ ਭਾਸ਼ਾ ਤੋਂ ਲੈ ਕੇ ਹੁਣ ਤਕ ਦੀਆਂ ਅਨੇਕ ਭਾਸ਼ਾਵਾਂ ਦੇ ਤਤਸਮ ਅਤੇ ਤਦਭਵ ਸ਼ਬਦ ਮਿਲਦੇ ਹਨ, ਜੋ ਪੰਜਾਬੀਆਂ ਨੂੰ ਬਹੁ-ਭਾਸ਼ਾਈ, ਬੁਹ-ਸਭਿਆਚਾਰਕ ਹੋਣ ਦੀ ਵਿਲੱਖਣਤਾ ਪ੍ਰਦਾਨ ਕਰਦੇ ਹਨ। ਮੱਧਕਾਲ ਸਮਾਜ ਵਿਚ ਜਿੱਥੇ ਜਾਗੀਰੂ ਸੋਚ, ਵਹਿਮ-ਭਰਮ, ਜਾਤ-ਪਾਤ, ਛੂਤ-ਛਾਤ ਦੀਆਂ ਕੁਰੀਤੀਆਂ ਪ੍ਰਚਲਿਤ ਸਨ ਉੱਥੇ ਹੀ ਇਸ ਸਮੇਂ ਮੁਸਲਮਾਨੀ ਹਮਲਾਵਰਾਂ ਨੇ ਵੀ ਪੰਜਾਬ ਉੱਤੇ ਹਮਲੇ ਕਰਦਿਆਂ, ਇੱਥੋਂ ਦੇ ਵਾਸੀਆਂ ਨੂੰ ਜ਼ਬਰਨ ਧਰਮ ਪਰਿਵਰਤਨ ਕਰ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਨੇ ਮੁਸਲਿਮ ਸਭਿਆਚਾਰ ਨੂੰ ਫੈਲਾਉਣ ਲਈ ਯੋਗ ਅਯੋਗ ਸਾਰੇ ਸਾਧਨਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਕਈ ਲੋਕ ਆਪਣੀ ਜਾਨ ਆਪਣਾ ਪਰਿਵਾਰ ਬਚਾਉਣ ਖਾਤਿਰ, ਡਰ ਵੱਸ ਮੁਸਲਮਾਨ ਬਣ ਗਏ ਤੇ ਕਈਆਂ ਨੇ ਬ੍ਰਹਾਮਣਾਂ ਦੇ ਜਾਤ-ਪਾਤ ਦੇ ਬੰਧਨਾਂ ਤੋਂ ਤੰਗ ਆ ਕੇ ਮਜ਼ਬੂਰਨ

ਮੁਸਲਿਮ ਧਰਮ ਅਪਣਾਉਣ ਦਾ ਫੈਸਲਾ ਲਿਆ। ਇਸ ਸਾਰੇ ਮਾਹੌਲ ਵਿਚ ਜਦੋਂ ਸਮਾਜ ਦਾ ਸਾਧਾਰਨ ਵਰਗ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦਾ ਆਪਣੀ ਹੋਂਦ ਲਈ ਸੰਘਰਸ਼ ਕਰ ਰਿਹਾ ਸੀ। ਉਦੋਂ ਭਗਤੀ ਲਹਿਰ ਦਾ ਆਗਾਜ਼ ਇਨ੍ਹਾਂ ਲੋਕਾਂ ਨੂੰ ਜੀਵਨ ਦੀ ਇਕ ਨਵੀਂ ਰਾਹ ਦਿਖਾਉਂਦਾ ਹੈ। ਇਸ ਸਮੇਂ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨਾਂ ਨੇ ਨਾ ਸਿਰਫ਼ ਸਮਾਜਕ ਵਿਵਸਥਾ ਨੂੰ ਠੀਕ ਕਰਨ ਵਿਚ ਆਪਣਾ ਯੋਗਦਾਨ ਦਿੱਤਾ ਬਲਕਿ ਲੋਕਾਂ ਨੂੰ ਧਾਰਮਿਕ ਕੁਰੀਤੀਆਂ, ਵਹਿਮਾਂ-ਭਰਮਾਂ ਅਤੇ ਪਾਖੰਡਾਂ ਨੂੰ ਤਿਆਗ ਕੇ ਅਧਿਆਤਮ ਦੇ ਰਾਹ ਵੱਲ ਤੋਰਿਆ। ਇਨ੍ਹਾਂ ਨੇ ਜਿਸ ਭਗਤੀ ਮਾਰਗ ਵੱਲ ਲੋਕਾਂ ਨੂੰ ਪ੍ਰੇਰਿਆ ਉਸ ਦਾ ਸਰੂਪ ਨਿਰਗੁਣ ਭਗਤੀ ਵਾਲਾ ਸੀ। ਨਿਰਗੁਣ ਤੋਂ ਭਾਵ ਹੈ ਕਿ ਉਸ ਸਰਬ ਸ੍ਰੇਸ਼ਠ ਪਰਮਾਤਮਾ ਦਾ ਕੋਈ ਸਰੂਪ ਨਹੀਂ ਅਰਥਾਤ ਉਹ ਆਕਾਰ ਤੋਂ, ਜਨਮ-ਮਰਣ ਤੋਂ ਮੁਕਤ ਹੈ ਤੇ ਹਰ ਥਾਂ ਮੌਜੂਦ ਹੈ। ਉਨ੍ਹਾਂ ਨੇ ਇਸੇ ਅਧਿਆਤਮਕ ਸੋਚ ਰਾਹੀਂ ਸੰਸਾਰ ਨੂੰ ਦੇਖਣ, ਸਮਝਣ ਅਤੇ ਵਿਹਾਰ ਕਰਨ ਦਾ ਉਪਦੇਸ਼ ਲੋਕਾਂ ਨੂੰ ਦਿੱਤਾ। ਸੂਫ਼ੀ ਫਕੀਰਾਂ ਨੇ ਭਗਤੀ ਲਹਿਰ ਦਾ ਪ੍ਰਭਾਵ ਕਬੂਲਿਆ ਤੇ ਸਮਾਜ ਵਿਚ ਸਮਨਵੈ ਵਾਲੀ ਸਥਿਤੀ ਬਣਾਉਣ ’ਚ ਆਪਣਾ ਯੋਗਦਾਨ ਪਾਇਆ। ਭਗਤੀ ਲਹਿਰ, ਸੂਫ਼ੀਮਤ ਦੇ ਨਾਲ-ਨਾਲ ਗੁਰੂ ਨਾਨਕ ਸਾਹਿਬ ਨੇ ਵੀ ਸਰਬ ਸਾਂਝੇ ਮਾਨਵੀ ਮੁੱਲਾਂ ਨਾਲ ਜੋੜਿਆ। ਉਨ੍ਹਾਂ ਦੀ ਅਧਿਆਤਮਕ ਅਗਵਾਈ ਹੇਠ ਹੀ ਹਿੰਦੂ, ਮੁਸਲਿਮ ਦੋਵੇਂ ਮਤਾਂ ਦੇ ਲੋਕਾਂ ਨੇ ਮਾਨਵਵਾਦੀ ਸੰਕਲਪਾਂ ਨੂੰ ਸਵੀਕਾਰ ਕੀਤਾ ਤੇ ਪੰਜਾਬ ਵਿਚ ਸਰਬ-ਸਾਂਝੀਵਾਲਤਾ ਦੀ ਬੁਨਿਆਦ ਰੱਖੀ ਗਈ। ਸਮਾਜਕਸਭਿਆਚਾਰਕ ਪਰਿਸਥਿਤੀਆਂ ਵਿਚ ਆਏ ਇਨ੍ਹਾਂ ਪਰਿਵਰਤਨਾਂ ਨੇ ਸਮਾਜਕ ਕਦਰਾਂ-ਕੀਮਤਾਂ ਦੇ ਨਾਲ-ਨਾਲ ਸਾਹਿਤ ਸਿਰਜਣਾ ਨੂੰ ਵੀ ਪ੍ਰਭਾਵਿਤ ਕੀਤਾ। ਮੱਧਕਾਲ ਦੇ ਇਸ ਸਮੇਂ ਕਿਉਂਕਿ ਅਧਿਆਤਮਕ ਰੁਚੀ ਕੇਂਦਰ ਵਿਚ ਸੀ ਇਸ ਲਈ ਸੰਤਾਂ, ਭਗਤਾਂ, ਗੁਰੂਆਂ, ਪੀਰਾਂ, ਫਕੀਰਾਂ ਤੇ ਸੂਫ਼ੀਆਂ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਪ੍ਰਗਟਾਉਣ ਲਈ ਸਾਹਿਤ ਨੂੰ ਮਾਧਿਅਮ ਬਣਾਇਆ। ਇਸ ਸਮੇਂ ਦੌਰਾਨ ਸਾਹਿਤ ਦੇ ਸੰਦਰਭ ਵਿਚ ਚਾਰ ਕਾਵਿ-ਧਾਰਾਵਾਂ ਹੋਂਦ ਵਿਚ ਆਉਂਦੀਆਂ ਹਨ ਜਿਸ ਵਿਚ ਸੂਫੀ ਕਾਵਿ-ਧਾਰਾ, ਗੁਰਮਤਿ ਕਾਵਿ-ਧਾਰਾ, ਕਿੱਸਾ ਕਾਵਿ-ਧਾਰਾ ਤੇ ਬੀਰ ਰਸੀ ਕਾਵਿ-ਧਾਰਾ। ਇਨ੍ਹਾਂ ਕਾਵਿ-ਧਾਰਾਵਾਂ ਦੇ ਨਾਲ-ਨਾਲ ਹੋਰ ਵਾਰਤਕ ਸਾਹਿਤ ਵੀ ਹੋਂਦ ਵਿਚ ਆਉਂਦਾ ਹੈ ਜਿਸ ਨੇ ਪੰਜਾਬੀ ਸਾਹਿਤ ਦੇ ਵਿਰਸੇ ਨੂੰ ਹੋਰ ਵਿਸਥਾਰ ਦਿੱਤਾ। ਇਸ ਸਾਹਿਤ ਵਿਚ ਲੋਕ ਸਾਹਿਤ (ਲੋਕ ਕਥਾਵਾਂ, ਲੋਕ ਵਾਰਾਂ), ਸਾਖੀਆਂ, ਬਚਨ, ਗੋਸ਼ਟਾਂ, ਸਿਖਿਆਵਾਂ, ਰੁਮਾਂਟਿਕ ਕਵਿਤਾ ਜਿਸ 'ਚ ਕਿੱਸੇ ਸ਼ਾਮਲ ਹਨ ਹੀਰ ਰਾਂਝਾ, ਸੱਸੀ ਪੁਨੂੰ, ਲੈਲਾ ਮਜਨੂੰ, ਸੀਰੀ ਫਰਿਹਾਦ, ਸੋਹਣੀ ਮਹੀਂਵਾਲ ਆਦਿ, ਸੂਫੀ ਕਵਿਤਾ 'ਚ ਬਾਬਾ ਫਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਹੈਦਰ ਅਲੀ, ਹਾਸ਼ਮ, ਵਜੀਦ, ਗੁਲਾਮ ਫਰੀਦ ਆਦਿ ਦੀ ਕਵਿਤਾ ਸ਼ਾਮਲ ਹੈ। ਗੁਰਬਾਣੀ ਵਿਚ ਛੇ ਗੁਰੂ ਸਾਹਿਬਨਾਂ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ) ਤੇ ਭਾਈ ਗੁਰਦਾਸ ਦੀਆਂ ਵਾਰਾਂ ਸ਼ਾਮਲ ਹਨ। ਬੀਰ ਰਸੀ ਸਾਹਿਤ ਵਿਚ ਵਾਰਾਂ, ਜੰਗਨਾਮਾ, ਚੰਡੀ ਦੀ ਵਾਰ, ਨਜਾਬਤ ਦੀ ਵਾਰ, ਚੱਠਿਆਂ ਦੀ ਵਾਰ, ਗੁਰੂ ਗੋਬਿੰਦ ਸਿੰਘ ਜੀ ਦੇ ਜੰਗਾਂ ਜੁੱਧਾਂ ਨਾਲ ਸੰਬੰਧਿਤ ਵਾਰਾਂ ਸਾਹਮਣੇ ਆਉਂਦੀਆਂ ਹਨ। ਹੌਲੀ-ਹੌਲੀ ਸਮੇਂ ਦੇ ਬੀਤਣ ਨਾਲ ਕਾਵਿਕ ਗੁਣਾਂ ਨਾਲ ਭਰਪੂਰ ਅਧਿਆਤਮਕ ਸਾਹਿਤ ਪਰੰਪਰਾ ਦੇ ਨਾਲ-ਨਾਲ, ਕਾਵਿ ਤੇ ਬਿਰਤਾਂਤ ਦੇ ਸੁਮੇਲ ਵਾਲੀਆਂ ਰਚਨਾਵਾਂ ਨੇ ਆਕਾਰ ਗ੍ਰਹਿਣ ਕਰਨਾ ਆਰੰਭ ਕੀਤਾ। ਇਸ ਕਾਵਿ ਨੂੰ ਬਿਰਤਾਂਤਕ ਕਾਵਿ ਵਜੋਂ ਜਾਣਿਆ ਗਿਆ।

**ਪ੍ਰਸ਼ਨ ਉੱਤਰ** :

1. ਮੱਧਕਾਲੀਨਤਾ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।

2. ਮੱਧਕਾਲੀ ਬਿਰਤਾਂਤਕ ਕਾਵਿ ਰੂਪਾਕਾਰਾਂ ਬਾਰੇ ਜਾਣਕਾਰੀ ਦਓ।

3. ਵਾਰ ਤੇ ਜੰਗਨਾਮੇ ਵਿਚਲੇ ਅੰਤਰ ਨੂੰ ਸਪਸ਼ਟ ਕਰੋ।

4. ਕਿੱਸੇ ਤੇ ਵਾਰ ਦੀ ਪਰਿਭਾਸ਼ਾ ਅਤੇ ਅੰਤਰ ਬਾਰੇ ਵਿਸਤਾਰ ਸਹਿਤ ਚਰਚਾ ਕਰੋ।

5. ਕਿੱਸੇ ਦੀ ਪਰਿਭਾਸ਼ਾ ਦਸੋ ਅਤੇ ਇਸ ਦੇ ਤੱਤਾਂ ਸੰਬੰਧੀ ਜਾਣਕਾਰੀ ਦਿਓ।

**ਹਵਾਲੇ**

1. ਰਵਿੰਦਰ ਸਿੰਘ (ਡਾ.) (ਸੰਪਾ.), ਮੱਧਕਾਲੀ ਬਿਰਤਾਂਤਕ ਕਾਵਿ, ਪੰ.10

2. ਰਵਿੰਦਰ ਸਿੰਘ (ਡਾ.) (ਸੰਪਾ.), ਮੱਧਕਾਲੀ ਬਿਰਤਾਂਤਕ ਕਾਵਿ, ਪੰ.12

3. ਨੂਰ, ਸਤਿੰਦਰ ਸਿੰਘ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰ.14

4. ਰਵਿੰਦਰ ਸਿੰਘ (ਡਾ.) (ਸੰਪਾ.), ਮੱਧਕਾਲੀ ਬਿਰਤਾਂਤਕ ਕਾਵਿ, ਪੰ.13

5. ਨੂਰ, ਸਤਿੰਦਰ ਸਿੰਘ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰ.23

6. ਰਵਿੰਦਰ ਸਿੰਘ (ਡਾ.) (ਸੰਪਾ.), ਮੱਧਕਾਲੀ ਬਿਰਤਾਂਤਕ ਕਾਵਿ, ਪੰ.15

ਸਹਾਇਕ ਪੁਸਤਕ ਸੂਚੀ


1. ਹਰਚਰਨ ਕੌਰ(ਡਾ.) (ਸੰਪਾ.), ਮੱਧਕਾਲੀਨ ਪੰਜਾਬੀ ਸਾਹਿਤ : ਪੁਨਰ ਵਿਚਾਰ, ਪੰਜਾਬੀ ਅਕਾਦਮੀ, ਦਿੱਲੀ, 1989.

2. ਕਾਂਗ, ਕੁਲਬੀਰ ਸਿੰਘ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005.

3. ਜਗਬੀਰ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਕਾਲ-ਭਗਤੀ ਕਾਲ (ਆਰੰਭ ਤੋਂ 1700 ਤਕ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

4. ਉਹੀ, ਸ਼ਬਦ ਤੇ ਸੰਵਾਦ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2001.

5. ਨੂਰ, ਸਤਿੰਦਰ ਸਿੰਘ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005.

6. ਪਿਆਰਾ ਸਿੰਘ (ਪ੍ਰੋ.), ਮੱਧਕਾਲੀਨ ਪੰਜਾਬੀ ਕਵਿਤਾ (ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ), ਨਿਊ ਬੁੱਕ ਕੰਪਨੀ, ਜਲੰਧਰ, ਦੂਜੀ ਐਡੀਸਰ, 2003.

# ਪੰਜਾਬੀ ਕਿੱਸਾ ਤੇ ਬੀਰ ਕਾਵਿ ਦਾ ਇਤਿਹਾਸਕ ਵਿਕਾਸ

**ਪੰਜਾਬੀ ਕਿੱਸਾ ਕਾਵਿ**

ਕਿੱਸਾ ਕਾਵਿ ਮਧਕਾਲੀਨ ਪੰਜਾਬੀ ਸਾਹਿੱਤ ਦੀ ਇਕ ਗੌਰਵਮਈ ਪ੍ਰਾਪਤੀ ਹੈ। ਇਸ ਵਿਚ ਕਵੀਆਂ ਦਾ ਧਿਆਨ ਅਧਿਆਤਮਕ ਜਗਤ ਦੀ ਸਰਵੁੱਚਤਾ ਦੇ ਨਾਲ-ਨਾਲ ਪਦਾਰਥਕ ਤੇ ਭੌਤਿਕ ਜਗਤ ਦੇ ਨਾਲ ਵੀ ਜੁੜਨ ਲਗਦਾ ਹੈ। ਇਸ ਕਾਵਿ ਧਾਰਾ ਵਿਚ ਵਿਅਕਤੀ ਦੇ ਸਮਾਜਿਕ-ਸਭਿਆਚਾਰਕ ਮਸਲਿਆਂ ਨੂੰ ਮਹਤਵ ਦੇਣਾ ਸ਼ੁਰੂ ਹੋ ਜਾਂਦਾ ਹੈ ਅਤੇ ਕਵੀਆਂ ਤੇ ਲੇਖਕਾਂ ਦੀ ਦ੍ਰਿਸ਼ਟੀ ਪਾਰਲੌਕਿਕਤਾ ਦੇ ਨਾਲ ਇਹਲੌਕਿਕਤਾ ਵੱਲ ਅਹੁਲਣ ਲੱਗਦੀ ਹੈ। ਜਦੋਂ ਮਨੁੱਖ ਉਤੇ ਪ੍ਰਕ੍ਰਿਤੀ ਅਤੇ ਉਸਦੀ ਸਾਜਨਾ ਕਾਰਨ ਵਾਲੇ ਪਰਮਾਤਮਾ ਦਾ ਦਬ-ਦਬਾ ਵਧੇਰੇ ਸੀ ਤਾਂ ਇਨ੍ਹਾਂ ਦਾ ਗਾਇਨ-ਵਰਣਨ ਹੀ ਕਵੀਆਂ ਵਾਸਤੇ ਵਧੇਰੇ ਪ੍ਰਾਸੈਂਗਿਕ ਸੀ ਪਰ ਜਦੋਂ ਪ੍ਰਕ੍ਰਿਤੀ ਦੇ ਨਾਲ ਨਾਲ ਸੰਸਕ੍ਰਿਤੀ ਵੀ ਮਹਤਵ ਗ੍ਰਹਿਣ ਕਰ ਗਈ ਤਾਂ ਅਧਿਆਤਮਕ ਤਣਾਉ ਨੂੰ ਪ੍ਰਗਟ ਕਰਨ ਵਾਲੇ ਸਾਹਿੱਤ ਦੇ ਨਾਲ ਸਮਾਜਿਕ ਸਭਿਆਚਾਰਕ ਤਣਾਉ ਨੂੰ ਰੂਪਮਾਨ ਕਰਨ ਵਾਲੇ ਬ੍ਰਿਤਾਂਤ ਵੀ ਰਚੇ ਜਾਣ ਲੱਗੇ। ਕਿੱਸਾ ਕਾਵਿ ਦਾ ਜਨਮ ਮਨੁੱਖੀ ਸਭਿਆਚਾਰ ਵਿਚ ਆਏ ਇਸੇ ਵਿਕਾਸ ਵਿਚੋਂ ਸੈਭਵ ਹੋਇਆ।

ਕਿੱਸਾ ਕਾਵਿ ਵਿਚ ਵਧੇਰੇ ਕਰਕੇ ਇਸਤ੍ਰੀ-ਪੁਰਖ ਦੇ ਦਰਮਿਆਨ ਹੋਣ ਵਾਲੇ ਇਸ਼ਕ ਦੀ ਅਭਿਵਿਅਕਤੀ ਹੋਈ ਹੈ। ਕਬੀਲਾਵਾਦੀ ਸਮਾਜ ਵਿਚ ਇਸ਼ਕ ਦੇ ਭਾਵਾਂ ਨੂੰ ਕਾਮ-ਸੈਬੈਧਾਂ ਦੁਆਰਾ ਪੁਸ਼ਟ ਕਰਨ ਲਈ ਅਤੇ ਪਰਿਵਾਰਕ ਇਕਾਈ ਨੂੰ ਅਗੇ ਵਧਾਉਣ ਲਈ ਇਕ-ਦੂਜੇ ਕਬੀਲੇ ਦੀਆਂ ਇਸਤ੍ਰੀਆਂ ਦਾ ਬਲਪੂਰਵਕ ਅਪਹਰਣ ਕਰ ਲਿਆ ਜਾਂਦਾ ਸੀ। ਇਸ ਤੋਂ ਬਾਅਦ ਜਦੋਂ ਵੱਖ-ਵੱਖ ਕਬੀਲਾਵਾਦੀ ਸੰਗਠਨਾਂ ਨੇ ਛੋਟੇ-ਛੋਟੇ ਰਾਜ ਸਮੂਹਾਂ ਦਾ ਰੂਪ ਧਾਰਨ ਕਰ ਲਿਆ ਤਾਂ ਪਰਿਵਾਰਕ ਇਕਾਈਆਂ ਨੂੰ ਅੱਗੇ ਤੋਰਨ ਅਤੇ ਕਾਮੁਕ ਭਾਵਾਂ ਨੂੰ ਨਿਯੰਤ੍ਰ ਕਰਨ ਦੀ ਜ਼ਿੰਮੇਵਾਰੀ ਸਟੇਟ ਦੇ ਚੌਧਰੀਆਂ ਨੇ ਲੈ ਲਈ । ਸਮਾਜ ਦੀਆਂ ਚੰਗੀਆਂ (ਸੁੰਦਰ ਤੇ ਬਲਵਾਨ) ਇਸਤੀਆਂ ਰਾਜੇ ਪਾਸ ਚਲੀਆਂ ਜਾਂਦੀਆਂ ਸਨ, ਇਸ ਤੋ' ਹੇਠਲੇ ਪਧਰ ਦੀਆਂ ਨੂੰ ਨਾਈ ਜਾਂ ਡੂੰਮ ਸ਼੍ਰੇਣੀ ਦੇ ਲੋਕ ਲੋੜਵੰਦ ਪੁਰਸ਼ਾਂ ਲ ਵੈਵਾਹਿਕ ਸੰਬੰਧਾਂ ਦੁਆਰਾ ਜੋ ਦਿੰਦੇ ਸਨ। ਇਸ ਸਮੁਚੀ ਪ੍ਰਕ੍ਰਿਆ ਵਿਚ ਵਿਆਹੀ ਜਾਣ ਵਾਲੀ ਇਸਤ੍ਰੀ ਦੀ ਭੂਮਿਕਾ ਬਿਲਕੁਲ ਨਿਸ਼ਕ੍ਰਿਅ ਰਹਿੰਦੀ ਸੀ। ਆਮ ਲੋਕਾਂ ਦੇ ਪ੍ਰਸੈਗ ਵਿਚ ਵਿਆਹੇ ਜਾਣ ਵਾਲੇ ਪੁਰਸ਼ ਦੀ ਮਰਜ਼ੀ ਵੱਲ ਵੀ ਕੋਈ ਧਿਆਨ ਦੇਣ ਦੀ ਪਰੈਪਰਾ ਨਹੀਂ ਸੀ । ਪਰ ਜਿਵੇਂ-ਜਿਵੇਂ ਅਵਾਮ ਵਿਚ ਚੇਤਨਾ ਆਉਣੀ ਸ਼ੁਰੂ ਹੋਈ ਤਾਂ ਸਮਾਜ ਦੀਆਂ ਇਨ੍ਹਾਂ ਰੂੜ੍ਹੀਆਂ ਅਤੇ ਜਰਜਰਿਤ ਪਰੰਪਰਾਵਾਂ ਦੇ ਵਿਰੁੱਧ ਰੋਸ ਫੈਲਣਾ ਸ਼ੁਰੂ ਹੋ ਗਿਆ। ਕਿੱਸਾ ਕਾਵਿ ਵਿਚ ਅਜਿਹੇ ਰੋਸ ਦਾ ਨਿਡੱਕ ਅਤੇ ਸੁਦ੍ਰਿੜ੍ਹ ਪ੍ਰਗਟਾਵਾ ਕਰਨ ਵਾਲੇ ਇਸਤ੍ਰੀ-ਪੁਰਖਾਂ ਦਾ ਬ੍ਰਿਤਾਂਤ ਕਾਵਿਬੱਧ ਹੋਇਆ ਹੈ ਅਤੇ ਇਸੇ ਕਾਰਨ ਇਹ ਕਾਵਿ ਪਰੇਪਰਾ ਵਿਦਰੋਹੀ ਅਤੇ ਅਗਗਾਮੀ ਮੰਨੀ ਗਈ ਹੈ।

**ਪਰਿਭਾਸ਼ਾ ਤੇ ਵਰਗੀਕਰਣ**

"ਕਿੱਸਾ ਕਾਵਿ" ਇਕ ਨਿਸ਼ਚਿਤ ਰੂਪਾਕਾਰ ਵਜੋਂ ਅਰਬੀ-ਫ਼ਾਰਸੀ ਪਰੈਪਰਾ ਰਾਹੀਂ ਪੰਜਾਬੀ ਸਾਹਿੱਤ ਵਿਚ ਆਇਆ ਹੈ। "ਕਿੱਸਾ" ਸ਼ਬਦ ਦੀ ਧਾਤੂ "ਕਸ" (ਅਰਬੀ) ਹੈ, ਜਿਸ ਦੇ ਅਰਥ ਹਨ ਪਿੱਛੇ ਜਾਣਾ, ਪਿੱਛਾ ਕਰਨਾ, ਖਬਰ ਦੇਣਾ, ਅਰਥਾਤ ਕਿਸੇ ਘਟਨਾ ਦੀ ਸੂਚਨਾ ਦੇਣਾ। ਇਸ ਪ੍ਰਸੰਗ ਵਿਚ ਦਮੋਦਰ ਦਾ ਇਹ ਕਥਨ ਬਹੁਤ ਮਹੱਤਵਪੂਰਨ ਹੈ--ਅੱਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨਾ ਕੋਈ। ਭਾਵੇਂ ਅਚੇਤ ਰੂਪ ਕਿ ਚ ਹੀ ਹੋਵੇ, ਦਮੋਦਰ ਇਸ ਗੱਲੋਂ ਬਾਖ਼ਬਰ ਹੈ ਕਿ ਕਿੱਸਾ ਕਵੀ ਦਾ ਉੱਦੇਸ਼ ਕਿਸੇ ਘਟਨਾ ਦਾ ਪਿੱਛਾ ਕਰਕੇ ਉਸਦੀ ਇੰਨ-ਬਿੰਨ ਖ਼ਬਰ ਆਪਣੇ ਪਾਠਕਾਂ ਜਾਂ ਸਰੋਤਿਆਂ ਤੱਕ ਪਹੁੰਚਾਣਾ ਹੈ । ਸੋ ਦਮੋਦਰ ਆਪਣੇ ਸਮੁੱਚੇ ਬ੍ਰਿਤਾਂਤ ਵਿਚ ਹੀਰ-ਰਾਂਝੇ ਦੀਆਂ ਗਤੀਵਿਧੀਆਂ ਦਾ ਪਿੱਛਾ ਕਰਦਾ ਰਹਿੰਦਾ ਹੈ ਅਤੇ ਜਦੋਂ ਵੀ ਕੋਈ 'ਉੱਲੇਖਯੋਗ ਘਟਨਾ ਵਾਪਰਦੀ ਹੈ ਤਾਂ ਉਸਨੂੰ ਆਪਣੇ ਪਾਠਕਾਂ ਅਤੇ ਸਰੋਤਿਆਂ ਨਾਲ ਸਾਂਝੀ ਕਰ ਲੈਂਦਾ ਹੈ। ਕੁਝ ਹੋਰ ਕਿੱਸਾ-ਕਵੀਆਂ ਨੇ ਵੀ ਆਪਣੀਆਂ ਰਚਨਾਵਾਂ ਦੀ ਪ੍ਰਾਸੰਗਿਕਤਾ ਨੂੰ ਬਿਆਨ ਕਰਨ ਸਮੇਂ "ਕਿੱਸਾ" ਕਾਵਿ ਦੇ ਇਹੋ ਜਿਹੇ ਵਿਉੱਤਪਤੀਮੂਲ ਅਰਥਾਂ ਨੂੰ ਧਿਆਨ ਵਿਚ ਰੱਖਿਆ ਹੈ। ਅਰਬੀ-ਫ਼ਾਰਸੀ ਦੇ ਕਿੱਸੇ ਵਧੇਰੇ ਕਰਕੇ 'ਮਸਨਵੀ' ਵਿਚ ਲਿਖੇ ਜਾਂਦੇ ਸਨ। ਇਹ 'ਬੈਂਤ" ਵਿਚ ਹੁੰਦੀ ਹੈ ਅਤੇ ਕਾਫ਼ੀਆ ਹਰ ਬੈਂਤ ਦਾ ਬਦਲ ਕੇ ਆਉਂਦਾ ਹੈ। ਰੌਦਕੀ ਦਾ "ਕਲੀਲਾ ਦਮਨਾ" ਸਭ ਤੋਂ ਪਹਿਲੀ ਮਸਨਵੀ ਹੈ।

'ਮਸਨਵੀ' ਦੂਜੇ ਕਾਵਿ ਰੂਪਾਂ ਦੀ ਤੁਲਣਾ ਵਿਚ ਵਧੇਰੇ ਪ੍ਰਭਾਵਸ਼ਾਲੀ ਅਤੇ ਸਾਰਥਿਕ ਸਿੱਧ ਹੁੰਦੀ ਹੈ। ਕਿਉਂਕਿ ਇਸ ਵਿਚ ਮਨੁੱਖੀ ਹਾਵ-ਭਾਵ, ਪ੍ਰਾਕ੍ਰਿਤਿਕ ਦ੍ਰਿਸ਼, ਘਟਨਾ-ਵਰਣਨ, ਤਾਰੀਖ਼ੀ-ਵਾਕਿਆ ਅਤੇ ਜ਼ਿੰਦਗੀ ਦੇ ਸਾਰੇ ਪੱਖ ਲੈ ਲਏ ਜਾਂਦੇ ਹਨ। ਇਹੀ ਪ੍ਰਭਾਵ ਪੰਜਾਬੀ ਕਿੱਸਾਕਾਰੀ ਨੇ ਇੰਨ-ਬਿੰਨ ਗ੍ਰਹਿਣ ਕੀਤਾ। ਮਸਨਵੀ ਕਈ ਪ੍ਰਕਾਰ ਦੀ ਹੁੰਦੀ ਸੀ, ਜਿਵੇਂ ਇਸ਼ਕੀਆ, ਰਜ਼ਮੀਆ (ਬੀਰ ਰਸੀ), ਇਖਲਾਕੀ, ਤਸਵੁੱਫ ਅਤੇ ਫਲਸਫ਼ਾ ਆਦਿ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਹ ਸਨ : ਤਰਤੀਬ ਦੀ ਸੁੰਦਰਤਾ, ਪਾਤਰ, ਘਟਨਾਵਾਂ ਤੇ ਪਾਤਰਾਂ ਦਾ ਸੈਜੋਗ, ਵਾਕਿਆ-ਨਿਗਾਰੀ, ਸੋਚ-ਉਡਾਰੀ, ਭਾਸ਼ਣ-ਕਲਾ, ਹਾਵ-ਭਾਵ ਆਦਿਕ ਪੰਜਾਬੀ ਕਿੱਸਾਕਾਰਾਂ ਨੇ ਨਾ ਕੇਵਲ ਵਿਸ਼ਾ-ਵਸਤੂ ਬਲਕਿ ਬਣਤਰ ਉਪਰ ਵੀ ਮਸਨਵੀ ਦੇ ਪ੍ਰਭਾਵ ਨੂੰ ਅਪਣਾ ਲਿਆ। (ਵੇਖੋ, ਡਾ. ਜੀਤ ਸਿੰਘ ਸੀਤਲ, ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ, ਪੰਨੇ 239-243)। ਉਸੇ ਤਰ੍ਹਾਂ ਆਰੰਭ ਵਿਚ ਹਮਦ ਖ਼ੁਦਾ, ਰਸੂਲ ਦੇ ਚਾਰ ਯਾਰਾਂ ਦੀ ਸਿਫ਼ਤ, ਪੀਰ-ਗੌਸ ਆਦਿ ਦੀ ਉਪਮਾ, ਯਾਰਾਂ ਦੀ ਫਰਮਾਇਸ਼, ਕਿੱਸੇ ਵਿਚ ਇਸ਼ਕ ਦੀ ਕਥਾ ਨੂੰ ਨਵੇਂ ਸਿਰਿਉਂ ਜੋੜਨ ਦਾ ਦਾਅਵਾ, ਨਾਇਕ ਜਾਂ ਨਾਇਕਾ ਦਾ ਜਨਮ, ਸਾਲ-ਬ-ਸਾਲ ਦੀ ਅਵਸਥਾ, ਬਾਰ੍ਹਵੇਂ-ਤੇਰਵੇਂ ਸਾਲ ਅੱਖਾਂ ਚਾਰ ਹੋਣਾ, ਨਾਇਕ- ਨਾਇਕ ਦੀਆਂ ਘਟਨਾਵਾਂ ਦਾ ਸੁਮਿਸ਼ਰਣ, ਅੰਤ ਉਤੇ ਅਧਿਆਤਮਕ ਰੈਗ ਅਤੇ ਕਿੱਸੇ ਦੇ ਰਚਣ ਦੀ ਮਿਤੀ ਤੇ ਸ਼ਾਇਰ ਦਾ ਅਤਾ-ਪਤਾ ਇਤਿਆਦਿ ! ਇਸੇ ਤਰ੍ਹਾਂ ਹਰ ਬੰਦ ਦੇ ਉਤੇ ਉਪ-ਸ਼ੀਰਸਕ ਦੇਣਾ, ਹਰ ਬੈਦ ਦੀ ਅੰਤਲੀ ਤੁਕ ਵਿਚ ਸ਼ਾਇਰ ਦਾ ਉਪਨਾਮ/ਤਖੱਲਸ ਅਤੇ ਕਿੱਸੇ ਦਾ ਮੁਖ ਸ਼ੀਰਸ਼ਕ ਫ਼ਾਰਸੀ ਵਿਚ ਦੇਣਾ ਇਸੇ ਪਰੈਪਰਾ ਦਾ ਫ਼ਲ ਸੀ। ਡਾ.

ਜੀਤ ਸਿੰਘ ਸੀਤਲ ਪੰਜਾਬੀ ਕਿੱਸਾ ਕਾਵਿ ਪਰੋਪਰਾ ਉਤੇ ਈਰਾਨੀ ਪ੍ਰਭਾਵਾਂ ਦਾ ਜ਼ਿਕਰ ਕਰਦਾ ਹੋਇਆ ਦੱਸਦਾ ਹੈ ਕਿ ਨਾਇਕ-ਨਾਇਕਾਵਾਂ ਦੀ ਪੇਸ਼ਕਾਰੀ ਵੀ ਈਰਾਨੀ ਲੇਖਣ ਤੋਂ ਪ੍ਰਭਾਵਿਤ ਹੈ। ਉਸ ਅਨੁਸਾਰ ਇਮਾਮ ਬਖ਼ਸ਼ ਵਰਗੇ ਅਠਾਰ੍ਹਵੀਂ ਸਦੀ ਦੇ ਪ੍ਰਸਿੱਧ ਕਿੱਸਾ ਕਵੀ ਨੇ ਇਸ ਪ੍ਰਭਾਵ ਨੂੰ ਸਪਸ਼ਟ ਤੌਰ ਤੇ ਸਵੀਕਾਰ ਕੀਤਾ ਹੈ। ਉਸ ਨੇ ਸ਼ਾਹ ਬਹਿਰਾਮ, ਲੈਲਾ ਮਜਨੂੰ, ਗੁਲ ਸਨੋਬਰ ਅਤੇ ਚੰਦਰ ਬਦਨ ਵਰਗੇ ਕਿੱਸਿਆਂ ਦੀ ਰਚਨਾ ਕੀਤੀ। ਉਹ ਲਿਖਦਾ ਹੈ :

ਚਾਵਲ ਲਏ ਨਿਜ਼ਾਮੀ ਪਾਸੋਂ ਦਾਲ ਹਾਤਿਫ਼ ਨੇ ਪਾਈ।

'ਰੋਗਨ ਖੁਸਰੋ ਨਮਕ ਅਸਾਡਾ, ਖਿਚੜੀ ਅਜਬ ਪਕਾਈ ।

ਫ਼ਾਰਸੀ ਪ੍ਰਭਾਵ ਤੋਂ ਛੁੱਟ ਪੰਜਾਬੀ ਕਿੱਸਾਕਾਰੀ ਉਤੇ ਯੂਨਾਨੀ ਤੇ ਸਾਮੀ ਪ੍ਰਭਾਵ ਵੀ ਪਏ। ਤ੍ਰਾਸਦੀ ਤੇ ਹੋਣੀ ਆਦਿਕ ਯੂਨਾਨੀ ਅੰਸ਼ ਪੋਜਾਬੀ ਕਿੱਸਿਆਂ ਵਿਚ ਪ੍ਰਤੱਖ ਮਿਲਦੇ ਹਨ। ਪੰਜਾਬੀ ਕਿੱਸਿਆਂ ਵਿਚ ਯੂਨਾਨੀ ਪ੍ਰਭਾਵ ਅਧੀਨ ਹੀ ਦੁਖਾਂਤਿਕ ਅੰਸ਼ ਆਏ। ਹਰ ਕਿੱਸੇ ਵਿਚ ਮੌਤ ਦਾ ਕਾਰਨ ਹੋਣੀ ਨੂੰ ਮੰਨਿਆ ਜਾਂਦਾ ਹੈ। ਸਾਹਿਬਾਂ, ਸੋਹਣੀ ਅਤੇ ਸੱਸੀ ਹੋਣੀ ਨੂੰ ਹੀ ਮ੍ਰਿਤੂ ਲਈ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਇਸੇ ਤਰ੍ਹਾਂ 'ਮੂਰਤੀਕਾਰੀ" ਵੀ ਯੂਨਾਨੀ ਪ੍ਰਭਾਵ ਹੇਠ ਪੰਜਾਬੀ ਕਿੱਸਾਕਾਰੀ ਦਾ ਅੰਗ ਬਣੀ। ਸੱਸੀ, ਪੁਨੂੰ ਦੀ ਤਸਵੀਰ ਵੇਖ ਕੇ ਉਸ ਉਪਰ ਮੋਹਿਤ ਹੋ ਜਾਂਦੀ ਹੈ। (ਵੇਖੋ ਉਕਤ, ਪੰਨਾ 245) ਉਕਤ ਪ੍ਰਭਾਵਾਂ ਤੋਂ ਬਿਨਾਂ ਕਿੱਸਾ ਕਾਵਿ ਪਰੰਪਰਾ ਉਤੇ ਭਾਰਤੀ ਪ੍ਰਭਾਵ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਪ੍ਰਸਿੱਧ ਵਿਦਵਾਨ ਡਾ. ਰਮੇਸ਼ ਕੁੰਤਲ ਮੇਘ ਪੰਜਾਬੀ ਕਿੱਸਿਆਂ ਵਿਚ ਨਾਇਕਾਵਾਂ ਦੇ ਰੂਪ ਨੂੰ ਨਿਰਗੁਣ ਬ੍ਰਹਮ ਦਾ ਸਗੁਣ ਰੂਪ ਮੰਨਦਾ ਹੈ ਜੋ ਮੱਧਕਾਲ ਦੀ ਪੰਜਾਬੀ ਅਧਿਆਤਮਕ ਕਵਿਤਾ ਦੇ ਪ੍ਰਭਾਵ ਦਾ ਸਿੱਟਾ ਹੈ। ਉਸ ਦੇ ਸ਼ਬਦਾਂ ਵਿਚ : ਪ੍ਰੇਮ ਤੋਂ ਇਲਾਵਾ ਰੂਪ ਦੇ ਬਾਰੇ ਵੀ ਇਨ੍ਹਾਂ ਕਵੀਆਂ ਨੇ ਨਾਇਕਾ ਦੇ ਰੂਪ-ਸ਼ਿੰਗਾਰ ਅਤੇ ਕੁਦਰਤ ਦੀ ਸੁੰਦਰਤਾ ਨੂੰ ਇਸ ਤਰ੍ਹਾਂ ਇਕਮਿਕ ਕਰ ਦਿੱਤਾ ਹੈ ਕਿ ਉਹ ਅਲੌਕਿਕ ਅਤੇ ਅਤਿਪ੍ਰਕ੍ਰਿqਕ ਨਜ਼ਰ ਆਉਂਦੀ ਹੈ। ਇਉਂ ਲੱਗਦਾ ਹੈ ਕਿ ਨਿਰਗੁਣ ਬ੍ਰਹਮ ਦੀ ਸਾਰੀ ਖ਼ੂਬਸੂਰਤੀ ਨਾਇਕਾ ਦੇ ਰੂਪ ਵਿਚ ਛਿਪੀ ਹੋਈ ਹੈ। ieਸ ਨੂੰ ਖੋਲ੍ਹਣਾ ਹੀ ਤਸੱਵੁਫ ਦਾ ਫਲਸਫ਼ਾ ਹੈ। ਪੰਜਾਬੀ ਕਿੱਸਾਕਾਰੀ ਵਿਚ ਵਾਰਿਸ, ਹਾਫ਼ਿਜ਼ ਬਰਖ਼ੁਰਦਾਰ ਅਤੇ ਮੁਕਬਲ ਨੇ ਇਸ ਵਿਚ ਕਮਾਲ ਹਾਸਲ ਕਰ ਲਿਆ ਹੈ। (ik`sw kwiv iਵਚ ਸਮਾਜ਼ ਅਤੇ ਸੱਭਿਆਚਾਰ)

ਸੂਫ਼ੀ ਕਾਵਿ ਪਰੰਪਰਾ ਨਾਲ ਜੋੜ ਕੇ ਬੜੇ ਵਿਆਪਕ ਅਤੇ ਅਰਥਗਰਭਿਤ ਸਿੱਟੇ ਕੱਢਦਾ ਹੈ। ਉਸ ਅਨੁਸਾਰ ਕਿੱਸਿਆਂ ਵਿਚ ਜੈਵਿਕ ਰਿਸ਼ਤੇ ਨੂੰ ਕਿਸੇ ਦਿਬ-ਸ਼ਕਤੀ ਦੀ ਪ੍ਰਵਾਨਗੀ ਨਾਲ ਜੋੜਨ ਦੀ ਰੂੜ੍ਹੀ, ਪੰਜਾਬੀ ਸਾਹਿੱਤ ਦੀ ਅਧਿਆਤਮਕ ਪਰੰਪਰਾ ਅਤੇ ਵਿਸ਼ੇਸ਼ ਤੌਰ ਤੇ ਸੂਫ਼ੀ ਕਾਵਿ ਪਰੰਪਰਾ ਦੇ ਪ੍ਰਭਾਵ ਦਾ ਹੀ ਪ੍ਰਤੀਕਰਮ ਹੈ। ...ਸੂਫ਼ੀਆਂ ਨੇ ਜਦੋਂ ਕਿੱਸਿਆਂ ਦੇ ਇਸਤ੍ਰੀ ਪੁਰਖ-ਪਾਤਰਾਂ ਨੂੰ ਰਹੱਸਵਾਦੀ ਅਨੁਭਵ ਦੇ ਪ੍ਰਗਟਾਵੇ ਲਈ ਪ੍ਰਤੀਕ ਵਜੋਂ ਚੁਣਿਆ ਤਾਂ ਲੋਕ- ਮਨ ਵਿਚ ਕਿੱਸਿਆਂ ਦੇ ਮਾਨਵ ਪ੍ਰਤੀ ਸ਼ਰਧਾ ਪੈਦਾ ਹੋਣੀ ਸੁਭਾਵਿਕ ਹੀ ਸੀ। (ਕੈਸਾ ਸੰਸਾਰ, ਪੰਜਾਬੀ ਕਿੱਸਾ ਕਾਵਿ ਦੇ ਇਕ ਹੋਰ ਉਜਾਗਰ

ਲੱਛਣ ਵੱਲ ਸੰਕੇਤ ਕਰਦਾ ਹੋਇਆ ਡਾ. ਕਾਂਗ ਲਿਖਦਾ ਹੈ ਕਿ ਇਸ ਪਰੰਪਰਾ ਵਿਚ ਉਨ੍ਹਾਂ ਵਿਅਕਤੀਆਂ ਦੇ ਸਚ ਦਾ ਅਭਿਨੰਦਨ ਹੈ ਜੋ ਆਪਣੀ ਆਤਮ-ਪੂਰਤੀ ਲਈ ਟੁੱਟ ਤਾਂ ਗਏ ਪਰ ਝੁਕੇ ਨਹੀਂ। ਜੇਕਰ ਝੁਕ ਜਾਂਦੇ ਤਾਂ ਉਨ੍ਹਾਂ ਨੇ ਲੋਕ-ਸਿਮਿਰਤੀ ਅਤੇ ਇਤਿਹਾਸ ਵਿਚੋਂ ਖਾਰਿਜ ਹੋ ਜਾਣਾ ਸੀ। ਕਿੱਸਾ ਕਾਵਿ ਦੇ ਪਾਤਰਾਂ ਦਾ ਸੰਘਰਸ਼ ਇਕੱਲੇ ਪਰੰਤੂ ਆਤਮਿਕ ਤੌਰ ਤੇ ਬਲਵਾਨ ਮਾਨਵ ਅਤੇ ਸੰਸਥਾ ਦੇ ਦਰਮਿਆਨ ਹੈ। ਵਿਅਕਤੀ ਨੂੰ ਵਿਰੋਧੀ ਧਿਰ ਦੀ ਸ਼ਕਤੀ ਦਾ ਗਿਆਨ ਹੈ ਪਰ ਉਸ ਅੰਦਰਲੇ ਆਤਮ-ਪ੍ਰਕਾਸ਼ ਨੇ ਉਸਦੀ ਕਾਇਆ ਕਲਪ ਕਰ ਦਿੱਤੀ ਹੈ। ਉਸ ਲਈ ਮੌਤ, ਜੀਵਨ ਦੇ ਅਰਥਾਂ ਵਿਚ ਹੈ। ਦਿਲਚਸਪ ਗੱਲ ਹੈ ਕਿ ਕਿੱਸਾ ਕਾਵਿ ਦੀਆਂ ਕਥਾਵਾਂ ਦੇ ਪਾਤਰ ਆਪ ਹੀ ਨਿਆਸਰੇ ਨਹੀਂ ਬਲਕਿ ਇਸ ਸੰਘਰਸ਼ ਵਿਚ ਜੇਕਰ ਉਨ੍ਹਾਂ ਦਾ ਕੋਈ ਸਾਥੀ ਹੈ ਤਾਂ ਉਹ ਵੀ ਉਸ ਵਾਂਗ ਨਿਮਾਣਾ ਹੀ ਹੈ। ਕਿੱਸਾ ਕਾਵਿ ਦੇ ਮਾਨਵਾਂ ਦੀ ਪ੍ਰਾਪਤੀ ਇਹ ਹੈ ਕਿ ਉਹ ਲੋਕ ਵਰਗ ਵਿਚੋਂ ਉੱਠ ਕੇ ਕੁਲੀਨ ਵਰਗ ਨੂੰ ਚੁਨੌਤੀ ਦੇ ਰਹੇ ਹਨ । ਕੋਈ ਵਿਅਕਤੀ, ਵਿਆਹ ਪ੍ਰਬੰਧ ਦੀ ਸਮਾਜਿਕ ਸੰਸਥਾ ਨੂੰ ਰੱਦ ਕਰਦਾ ਹੈ, ਕੋਈ ਰਾਜੇ ਦੀ ਸ਼ਕਤੀ ਨੂੰ ਅਤੇ ਕੋਈ ਹੋਰ ਉਸ ਸਮੁਚੀ ਸਮਾਜਿਕ ਮਰਯਾਦਾ ਨੂੰ ਜਿਸ ਵਿਚ ਉਸਦਾ ਵਿਅਕਤਿਤਵ ਗੰਮ ਹੋਣ ਲੱਗਦਾ ਹੈ। ਕਿੱਸਾ ਕਾਵਿ ਵਿਚ ਵਿਅਕਤੀ ਦਾ ਵੱਖ-ਵੱਖ ਰੂਪਾਂ ਵਿਚ ਵਿਦਰੋਹੀ ਹੋਣਾ ਹੀ ਉਸਦੀ ਪ੍ਰਮਾਣੀਕਤਾ ਦੀ ਨਿਸ਼ਾਨੀ ਹੈ। (ਓਕਤ, ਪੰਨਾ 53)

ਸਥਾਪਤੀ ਅਤੇ ਵਿਦਰੋਹ ਦੇ ਪਰਸਪਰ ਰਿਸ਼ਤੇ ਨੂੰ ਸਮਝਣ ਵਾਸਤੇ ਸਾਨੂੰ ਮਧਕਾਲ ਦੇ ਜਾਗੀਰਦਾਰੀ ਸਮਾਜ ਦੇ ਮੂਲ-ਵਿਧਾਨ ਅਤੇ ਚਰਿਤਰ ਦੀ ਪਹਿਚਾਣ ਕਰਨੀ ਹੋਵੇਗੀ। ਆਰਥਿਕ ਲੁੱਟ-ਖਸੁੱਟ ਦੇ ਇਸ ਪ੍ਰਬੰਧ ਵਿਚ ਧਨ, ਸੰਪਤੀ, ਜ਼ਮੀਨ ਅਤੇ ਜਾਇਦਾਦ ਹੀ ਮਹਤਵਯੋਗ ਸਮਝੇ ਜਾਂਦੇ ਸਨ ਕਿਉਂ ਜੋ ਹਾਕਮ ਸ਼੍ਰੇਣੀ ਦੀ ਪ੍ਰਭੁਤਾ ਇਨ੍ਹਾਂ ਵਸਤਾਂ ਨੇ ਹੀ ਬਣਾਈ ਹੋਈ ਸੀ। ਅਜਿਹੀ ਸਥਿਤੀ ਵਿਚ ਉਚੇਰੀਆਂ ਮਾਨਵੀ ਕਦਰਾਂ-ਕੀਮਤਾਂ ਪਤਨੋਨਮੁਖ ਸਨ! ਸਿਖ ਗੁਰੂ ਸਾਹਿਬਾਨ ਅਤੇ ਸੂਫ਼ੀ ਕਵੀਆਂ ਨੇ ਧਨ, ਦੌਲਤ ਅਤੇ ਮਹਿਲ-ਮਾੜੀਆਂ ਨੂੰ ਨਾਸ਼ਮਾਨ ਅਤੇ ਅਸਤਿ ਘੋਸ਼ਿਤ ਕਰਕੇ ਇਕ ਵੈਕਲਪਿਕ ਮੂਲ-ਵਿਧਾਨ ਦੀ ਸਿਰਜਣਾ ਕੀਤੀ । ਇਸੇ ਤਰ੍ਹਾਂ ਕਿੱਸਾ ਕਾਵਿ ਵੀ ਜਾਗੀਰਦਾਰੀ ਪ੍ਰਬੰਧ ਦੇ ਜੀਵਨ-ਮਾਡਲ ਨੂੰ ਨਕਾਰ ਕੇ ਅਜਿਹੇ ਮਾਡਲ ਦਾ ਆਵਿਸ਼ਕਾਰ ਕਰਨ ਵਾਸਤੇ ਯਤਨਸ਼ੀਲ ਹੈ ਜੋ ਸੁਤੰਤਰ-ਇੱਛਾ, ਬਰਾਬਰੀ ਅਤੇ ਸਵੈਚੋਣ ਦੇ ਆਧਾਰ-ਸਤੰਭਾਂ ਉਤੇ ਟਿਕਿਆ ਹੋਇਆ ਹੈ।

ਡਾ. ਜਗਬੀਰ ਸਿੰਘ ਇਸੇ ਸੰਕਲਪ ਦੀ ਵਿਸਤ੍ਰਿਤ ਵਿਆਖਿਆ ਕਰਦਾ ਹੋਇਆ ਲਿਖਦਾ ਹੈ ਕਿ ਪੰਜਾਬੀ ਕਿੱਸਾ ਪਰੰਪਰਾ ਨੇ ਆਪਣੇ ਸਮਕਾਲੀ ਸਮਾਜਿਕ ਪਰਿਵੇਸ਼ ਵਿਚ ਸਥਾਪਿਤ ਧਨ-ਸੰਪਤੀ ਦੀ ਅਮਾਨਵੀ ਸਰਦਾਰੀ ਨੂੰ ਇਸ਼ਕ ਦੇ ਮਾਨਵੀ ਵਿਦਰੋਹ ਰਾਹੀਂ ਵੰਗਾਰਨ ਦੀ ਕੋਸ਼ਿਸ ਕੀਤੀ । ਇਹ ਵਿਦਰੋਹ ਪ੍ਰਤੀਕਾਤਮਕ ਰੂਪ ਵਿਚ ਜਾਗੀਰਦਾਰੀ ਨਿਜ਼ਾਮ ਦੇ ਵਿਰੁੱਧ ਇਕ ਨੈਤਿਕ ਬਗ਼ਾਵਤ ਸੀ। ਇਸ ਮੰਤਵ ਦੀ ਪੂਰਤੀ ਲਈ ਭਗਤੀ, ਸੂਫ਼ੀ ਅਤੇ ਗੁਰਮਤਿ ਦੀ ਅਧਿਆਤਮਕ ਓਟ ਲੈ ਕੇ ਕਿੱਸਾਕਾਰਾਂ ਨੇ ਆਪਣੇ ਸਮਕਾਲੀ ਪਾਠਕਾਂ ਤੇ ਸਰੋਤਿਆਂ ਨੂੰ ਨਵੇਂ (ਅਗਰਗਾਮੀ) ਸਦਾਚਾਰ ਦੀ ਸੋਝੀ ਕਰਵਾਈ, ਜਿਸ ਵਿਚ ਵਿਅਕਤੀ ਨੂੰ ਵਸਤੂ ਮੰਨਣ ਅਤੇ ਵਰਤਣ ਦੇ ਖਿਲਾਫ਼ ਰੋਸ ਵਿਅਕਤ ਹੁੰਦਾ ਹੈ। ਇਉਂ ਪੰਜਾਬੀ ਕਿੱਸਾਕਾਰ

ਆਪਣੇ ਸਭਿਆਚਾਰਕ-ਇਤਿਹਾਸਕ ਵਾਤਾਵਰਣ ਦੀ ਅੰਦਰਲੀ ਸੈਰਚਨਾ ਨੂੰ ਪਛਾਣਦੇ ਹੋਏ ਉਸ ਵਿਚਲੇ ਅੰਤਰ-ਵਿਰੋਧਾਂ ਨੂੰ ਆਪਣੀਆਂ ਸਾਹਿਤਿਕ ਰਚਨਾਵਾਂ ਦੇ ਮਾਧਿਅਮ ਦੁਆਰਾ ਰੂਪਮਾਨ ਕਰਦੇ ਹਨ। (ਪੰਲਾਝੀ ਸ਼ਰੰਰਤ ਦਾ /ਇੰਤਹਾਸ਼ : ਆਹੰਦਾ ਕਾਲ, ਪੰਨਾਂ 58) ਅਤੇ ਮਹੱਤਵ ਨੂੰ ਬਰਕਰਾਰ ਰੱਖਿਆ। ਪੰਜਾਬੀ ਸਾਹਿੱਤ ਵਿਚ ਕਈ ਪ੍ਰਕਾਰ ਦੇ ਕਿੱਸਿਆਂ ਦੀ ਰਚਨਾ ਹੁੰਦੀ ਰਹੀ ਹੈ। ਜਿਵੇਂ :

**ਇਸ਼ਕੀਆ ਕਿੱਲੇ : ਕਿੱਸਾ ਹੀਰ ਰਾਂਝਾ, ਕਿੱਸਾ ਮਿਰਜ਼ਾ ਸਾਹਿਬਾਂ ਅਤੇ ਕਿੱਸਾ ਸੋਹਣੀ ਮਹੀਂਵਾਲ ਅਦਿਕ।**
**ਸੂਰਮਗਤੀ ਦੇ ਕਿੱਸੇ : ਕਿੱਸਾ ਦੁੱਲਾ ਭੱਟੀ, ਕਿੱਸਾ ਜਿਉਣਾ ਮੌੜ, ਕਿੱਸਾ ਸੁੱਚਾ ਸਿੰਘ ਸੂਰਮਾ ਆਦਿਕ।**
**ਨੈਤਿਕ-ਸਦਾਚਾਰਕ ਕਿੱਸੇ : ਕਿੱਸਾ ਪੂਰਨ ਭਗਤ, ਜ਼ਿੰਦਗੀ ਬਿਲਾਸ, ਭਰਥਰੀ ਹਰੀ ਦਾ ਪ੍ਰਸੰਗ ਆਦਿਕ।**
**ਇਤਿਹਾਸਕ-ਸਭਿਆਚਾਰਕ ਪ੍ਰਸੰਗ : ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਭਾਈ ਬਿਧੀ ਚੰਦ ਦਾ ਪ੍ਰਸੈਗ ਆਦਿਕ।**
**ਫੁਟਕਲ ਰਚਨਾਵਾਂ : ਕਿੱਸਾ ਇੰਦਰ ਬੇਗੋ, ਕਿੱਸਾ ਸ਼ਾਮੋ ਨਾਰ, ਦਿਉਰ ਭਾਬੀ ਦਾ ਦਾ ਝਗੜਾ ਆਦਿਕ।**
ਵਿਦੇਸ਼ੀ ਮੂਲ ਦੇ ਕਿੱਸੇ : ਕਿੱਸਾ ਯੂਸਫ਼ ਜ਼ੁਲੈਖਾਂ, ਕਿੱਸਾ ਸ਼ਾਹ ਬਹਿਰਾਮ, ਕਿੱਸਾ ਲੈਲਾ ਮਜਨੂੰ, ਕਿੱਸਾ ਗੁਲ ਸਨੋਬਰ ਆਦਿਕ। ਅਤੇ ਅਨੇਕਤਾ ਹੈ। ਪਰ ਫਿਰ ਵੀ ਕੁਝ ਅਜਿਹੇ ਰੂਪਾਕਾਰਕ ਲੱਛਣ ਹਨ, ਜੋ ਇਨ੍ਹਾਂ ਰਚਨਾਵਾਂ ਨੂੰ ਇਕ ਹੀ ਰੂਪ-ਪ੍ਰਬੈਧ ਵਿਚ ਬੈਨ੍ਹਦੇ ਦਿਖਾਈ ਦਿੰਦੇ ਹਨ। ਇਸ ਕਾਵਿ ਪਰੰਪਰਾ ਦੇ ਕੁਝ ਸਾਂਝੇ ਪ੍ਰਮੁੱਖ ਲੱਛਣ ਇਹ ਹਨ :

**(ੳ) ਮੰਗਲਾਚਰਣ ਜਾਂ ਹਮਦਾ**

**(ਅ) ਕਿੱਸਾ ਲਿਖਣ ਦੀ ਪ੍ਰੇਰਨਾ**

**(e) ਰਚਨਾਤਮਕ ਪ੍ਰਿਭਾ ਦਾ ਵਰਣਨ**

**(ਸ) ਨਾਇਕ-ਨਾਇਕਾ ਵਰਣਨ**

**(ਹ) ਇਸ਼ਕ ਦਾ ਨਿਰੂਪਣ**

**(ਕ) ਸਮਾਜਿਕ-ਸਭਿਆਚਾਰਕ ਸੈਸਥਾਵਾਂ ਦਾ ਵਿਰੋਧ**

**(ਖ) ਭਾਗਵਾਦ ਅਤੇ ਹੋਣੀ**

**(ਗ) ਇਸਤਰੀ-ਨਿੰਦਾ**

**(ਘ) ਕਿੱਸੇ ਦਾ ਨਿਸ਼ਕਰਸ਼ ਅਤੇ ਲੇਖਕ ਦਾ ਅਤਾ-ਪਤਾ।**

### ਪਹਿਲਾ ਦੌਰ (ਸਤਾਰ੍ਹਵੀ ਸਦੀ ਤੱਕ)

ਪੰਜਾਬੀ ਕਿੱਸਾ ਕਾਵਿ ਦਾ ਆਰੰਭ ਦਮੋਦਰ ਨਾਲ ਹੁੰਦਾ ਹੈ। ਬੇਸ਼ਕ ਡਾ. ਮੋਹਨ ਸਿੰਘ ਦੀਵਾਨਾ ਨੇ ਦਮੋਦਰ ਤੋਂ ਕਾਫ਼ੀ ਸਮਾਂ ਪਹਿਲਾਂ ਹੋ ਚੁਕੇ ਕਿਸੇ ਕਵੀ 'ਪੁਸ਼ਯ" ਦੇ ਨਾਮ ਵੱਲ ਵੀ ਸੈਕੇਤ ਕੀਤਾ ਹੈ ਪਰੰਤੂ ਉਸ ਦੀ ਕੋਈ ਰਚਨਾ ਸਾਡੇ ਤਕ ਨਹੀਂ

ਪਹੁੰਚੀ । ਸੋ ਪ੍ਰਾਪਤ ਕਿੱਸਿਆਂ ਦੇ ਆਧਾਰ ਤੇ ਦਮੋਦਰ ਹੀ ਪਹਿਲੇ ਕਿੱਸਾ ਕਵੀ ਵਜੋਂ ਸਥਾਪਿਤ ਹੁੰਦਾ ਹੈ। ਦਮੋਦਰ ਨੇ "ਹੀਰ- ਰਾਂਝੇ" ਦੇ ਲੋਕਪ੍ਰਿਅ ਬ੍ਰਿਤਾਂਤ ਨੂੰ ਕਿੱਸੇ ਦੇ ਮਾਧਿਅਮ ਦੁਆਰਾ ਕਾਵਿਬੱਧ ਕੀਤਾ ਹੈ। ਦਮੋਦਰ ਆਪਣੇ ਕਿੱਸੇ ਦੇ ਰਚਨਾ-ਕਾਲ ਬਾਰੇ ਸੂਚਨਾ ਦਿੰਦਾ ਹੋਇਆ ਲਿਖਦਾ ਹੈ :

**ਪੰਦਰਾਂ ਸੌ ਅਤੇ ਉਨਤਰੀ ਸੈਮਤ ਬਿਕਰਮ ਰਾਏ ।**
**ਹੀਰ ਤੇ ਰਾਂਝਾ ਹੋਏ ਇਕੱਠੇ ਝੇੜੇ ਰੱਬ ਚੁਕਾਏ ।**
**ਪਾਤਸ਼ਾਹੀ ਜੋ ਅਕਬਰ ਸੈਦੀ ਦਿਨ ਦਿਨ ਚੜ੍ਹੇ ਸਵਾਏ ।**
**ਆਖ ਦਮੋਦਰ ਦੇ ਅਸੀਸਾਂ ਸ਼ਹਿਰੋਂ ਬਾਹਰ ਆਏ ।**

ਸਮਾਜਿਕ-ਸਭਿਆਚਾਰਕ ਸਥਿਤੀਆਂ ਅਤੇ ਕਿਸੇ ਨਵੇਂ ਰੂਪਾਕਾਰ ਦੇ ਜਨਮ ਸੰਬੈਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੋਇਆ ਡਾ. ਤੇਜਵੰਤ ਸਿੰਘ ਗਿੱਲ ਲਿਖਦਾ ਹੇ ਕਿ ਅਕਬਰ ਦੇ ਰਾਜ ਸਮੇਂ ਕਿੱਸਾ ਕਾਵਿ ਦਾ ਉਦਭਵ ਅਚਾਨਕ ਹੀ ਨਹੀਂ ਹੋ ਗਿਆ ਬਲਕਿ ਇਸਦੇ ਕੁਝ ਵਿਸ਼ੇਸ਼ ਇਤਿਹਾਸਕ-ਸਭਿਆਚਾਰਕ ਕਾਰਨ ਹਨ । ਵਾਸਤਵ ਵਿਚ ਜੋ ਪਰਸਪਰ ਆਦਾਨ-ਪ੍ਰਦਾਨ ਹਿੰਦੂ ਸਭਿਆਚਾਰ ਅਤੇ ਮੁਸਲਮਾਨੀ ਰਹਿਤਲ ਦੇ ਦਰਮਿਆਨ ਸੈਭਵ ਸੀ, ਉਹ ਅਕਬਰ ਦੇ ਰਾਜ ਸਮੇਂ ਆਪਣੇ ਸਿਖਰ ਨੂੰ ਪਹੁੰਚ ਚੁਕਾ ਸੀ। ਭਾਵੇਂ ਉਸ ਸਮੇ ਪੰਜਾਬ ਦੇ ਗ੍ਰਾਮੀਣ ਜਗਤ ਦਾ ਵਧੇਰੇ ਭਾਗ ਇਸਲਾਮ ਨੂੰ ਕਬੂਲ ਕਰ ਚੁੱਕਾ ਸੀ ਪਰੰਤੂ ਤਾਂ ਵੀ ਇਨ੍ਹਾਂ ਲੋਕਾਂ ਦੇ ਅਵਚੇਤਨ ਵਿਚ ਹਿੰਦੂ ਸਭਿਆਚਾਰ ਦੀਆਂ ਰਹੁ-ਰੀਤਾਂ ਅਤੇ ਰਸਮ-ਰਿਵਾਜਾਂ ਦਾ ਵਿਨਾਸ਼ ਨਹੀਂ ਹੋ ਗਿਆ ਸੀ। ਇਸੇ ਤਰ੍ਹਾਂ ਬਰਾਬਰੀ ਦਾ ਉਹ ਸਿੱਧਾਂਤ, ਜਿਸਦਾ ਇਸਲਾਮ ਨੇ ਏਨਾ ਦਾਅਵਾ ਕੀਤਾ ਸੀ, ਨਾਬਰਾਬਰੀ ਵਿਚ ਬਦਲ ਚੁੱਕਾ ਸੀ। ਇਸ ਨਾਬਰਾਬਰੀ ਦੇ ਬੋਝ ਅਧੀਨ ਪਿਸ ਰਹੇ ਮੁਸਲਮਾਨ ਲੋਕ ਕਿਸੇ ਅਜਿਹੀ ਵਿਚਾਰਧਾਰਾ ਨਾਲ ਜੁੜਨਾ ਚਾਹੁੰਦੇ ਸਨ ਜਿਥੇ ਵਿਅਕਤੀ ਸੁਤੰਤਰ ਹੋਵੇ ਅਤੇ ਆਪਣੀ ਸ੍ਵੈਇੱਛਾ ਦਾ ਪ੍ਰਗਟਾਵਾ ਨਿਝੱਕ ਹੋ ਕੇ ਕਰ ਸਕੇ। ਇਸ ਮੰਤਵ ਲਈ ਉਨ੍ਹਾਂ ਨੂੰ ਕਿੱਸਾ ਪਰੈਪਰਾ ਅਤਿਐਤ ਢੁੱਕਵੀਂ ਅਤੇ ਪ੍ਰਾਸੈਗਿਕ ਪ੍ਰਤੀਤ ਹੋਈ । (ਪੰਜਾਬੀ ਕਿੱਸਾ ਤੇ ਬੀਰ ਕਾਵਿ, ਡਾ. ਬਿਕਰਮ ਸਿੰਘ ਘੁੰਮਣ, ਪੰਨਾ 9)

ਹਿੰਦੂ-ਸਿੱਖ ਕਵੀਆਂ ਦਾ ਇਸ ਪਰੈਪਰਾ ਨਾਲ ਘੱਟ ਜੁੜਨ ਦਾ ਕਾਰਨ ਵੀ ਇਹੀ ਨਜ਼ਰ ਆਉਂਦਾ ਹੈ ਕਿ ਹਿੰਦੂ ਸਾਹਿੱਤਕਾਰ ਭਗਤੀ ਪਰੰਪਰਾ ਅਤੇ ਸਿੱਖ ਲੇਖਕ ਗੁਰਮਤਿ ਪਰੰਪਰਾ ਨੂੰ ਮਨੁੱਖੀ ਸਮਾਨਤਾ ਅਤੇ ਸੁਤੰਤਰਤਾ ਦੇ ਪ੍ਰਗਟਾਵੇ ਲਈ ਵਧੇਰੇ ਸਮਰੱਥ ਅਤੇ ਪ੍ਰਮਾਣਿਕ ਮੰਨਦੇ ਸਨ। ਇਸੇ ਲਈ ਕਿੱਸਾ ਕਾਵਿ ਪਰੈਪਰਾ ਦੇ ਵਿਕਾਸ ਦੀਆਂ ਮੁਢਲੀਆਂ ਦੋ ਕੁ ਸਦੀਆਂ ਤਕ ਦਮੋਦਰ ਤੋਂ ਬਿਨਾਂ ਸ਼ਾਇਦ ਹੀ ਕੋਈ ਹੋਰ ਹਿੰਦੂ ਕਵੀ ਇਸ ਪਰੈਪਰਾ ਨਾਲ ਜੁੜਿਆ ਹੋਵੇ । ਦਮੋਦਰ ਵੀ ਅਕਬਰ ਦੇ ਸਮੇਂ ਵਿਚ ਹੋਇਆ ਅਤੇ ਉਸ ਯੁਗ ਵਿਚ ਹਿੰਦੂ ਸਮਾਜ ਉਤੇ ਕੋਈ ਬਹੁਤੇ ਦਬ਼ਾਉ ਨਹੀਂ ਸਨ। ਅਕਬਰ ਤੋਂ' ਪਿਛੋਂ ਔਰੈਗਜ਼ੇਬ ਦੇ ਰਾਜ-ਕਾਲ ਤਕ ਵਿਚ ਸਮਾਜ ਉਤੇ ਦਬਾਉ ਦਿਨ-ਪ੍ਰਤੀਦਿਨ ਵਧਦੇ ਹੀ ਗਏ ਅਤੇ ਸ਼ਾਇਦ ਇਸੇ ਕਾਰਨ ਹਿੰਦੂ ਲੋਕ ਭਗਤੀ ਜਾਂ ਸਿਖ ਲਹਿਰਾਂ ਦੇ ਪ੍ਰਭਾਵ ਅਧੀਨ ਪੈਦਾ ਹੋਣ ਵਾਲੇ ਸਾਹਿੱਤ ਦੇ ਮਾਧਿਅਮ ਦੁਆਰਾ ਆਪਣੇ

ਭਾਵਾਂ ਦਾ ਅਭਿਵਿਅੰਜਨ ਕਰਦੇ ਰਹੇ । ਹਿੰਦੂ-ਸਿਖ ਲੇਖਕਾਂ ਦੀ ਕਿੱਸਾ ਕਾਵਿ ਪਰੰਪਰਾ ਵੱਲ ਘੱਟ ਰੁਚੀ ਹੋਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਸ ਸਾਹਿੱਤ ਰੂਪ ਦੀ ਸਰਪਰਸਤ ਜਮਾਤ (ਜਾਗੀਰਦਾਰ) ਮੁਸਲਮਾਨ ਸੀ। ਇਸ ਕਾਰਨ ਉਹ ਹਿੰਦੂ ਸਿੱਖਾਂ ਦੀ ਸਰਪਰਸਤੀ ਨਹੀਂ ਸਨ ਕਰਦੇ । ਸੋ ਅਜਿਹੀ ਸਥਿਤੀ ਵਿਚ ਜੇ ਕਿਸੇ ਹਿੰਦੂ ਜਾਂ ਸਿੱਖ ਨੇ ਇਸ ਵੰਨਗੀ ਦੀ ਕੋਈ ਬ੍ਰਿਤਾਂਤਿਕ ਰਚਨਾ ਲਿਖੀ ਵੀ ਤਾਂ ਉਸ ਨੇ ਇਸ ਨੂੰ ਬ੍ਰਜ-ਭਾਸ਼ਾ ਵਿਚ ਲਿਖਿਆ। ਦਮੋਦਰ ਅਤੇ ਪੀਲੂ ਤੋਂ ਪਿਛੋਂ ਪੰਜਾਬੀ ਕਿੱਸਾਕਾਰਾਂ ਦੀ ਇਕ ਅਜਿਹੀ ਲੜੀ ਚੱਲਦੀ ਹੈ ਜੋ ਕਿਸੇ ਨਵਾਬ ਅਤੇ ਜਾਗੀਰਦਾਰ ਸ਼੍ਰੇਣੀ ਤੋਂ ਆਰਥਿਕ-ਪਦਾਰਥਕ ਇਵਜ਼ਾਨਾ ਲੈ ਕੇ ਕਵਿਤਾ ਰਚਦੇ ਸਨ। ਹਾਫਿਜ਼ ਬਰਖ਼ੁਰਦਾਰ ਦਾ ਇਕ ਕਾਵਿ-ਕਥਨ ਪੁਸ਼ਟੀ ਵਜੋਂ ਦੇਖਿਆ ਜਾ ਸਕਦਾ ਹੈ :

**ਨਵਾਬ ਜਾਫ਼ਰ ਫਰਮਾਇਸ਼ ਕੀਤੀ, ਤਾਂ ਇਹ ਕਿੱਸਾ ਬਣਿਆ।**
**ਜ਼ਾਹਰ ਬਾਤਨ ਰਾਜ਼ੀ ਹੋਇਆ, ਜਾਂ ਇਹ ਪੜ੍ਹਿਆ ਸੁਣਿਆ।**
**ਇਕ ਜ਼ਮੀਨ Awਇਤ ਕੀਤੀ, ਬਿੱਘਾ ਸੱਤ ਪਛਾਣੀ।**
**ਜੋੜਾ-ਘੋੜਾ ਨਕਦ ਦੁਆਇਆ, ਸੌ ਰੁਪਈਆ ਜਾਣੀ।**

ਮੁਢਲੀ ਪੀੜ੍ਹੀ ਦੇ ਕਿੱਸਾ ਕੁਵੀ ਮਾਮੂਲੀ ਪੜ੍ਹੇ ਜਾਪਦੇ ਹਨ। ਦਮੋਦਰ ਅਰੋੜਾ (ਗੁਲਾਟੀ) ਜਾਤੀ ਨਾਲ ਸੰਬੰਧ ਰੱਖਣ ਵਾਲਾ ਕਵੀ ਸੀ। ਉਹ ਗਰੀਬ ਸ਼੍ਰੇਣੀ ਦਾ ਵਿਅਕਤੀ ਜਾਪਦਾ ਹੈ। ਉਹ ਜ਼ਰੂਰ ਹੀ ਚੰਗਾ ਗਵਈਆ ਹੋਵੇਗਾ ਅਤੇ ਉਸ ਨੇ ਵੀ ਇਹ ਕਿੱਸਾ ਕਿਸੇ ਦੇ ਕਹਿਣ ਉੱਤੇ ਅਤੇ ਚੰਗਾ-ਚੋਖਾ ਇਵਜ਼ਾ ਲੈ ਕੇ ਲਿਖਿਆ ਹੋਵੇਗਾ। ਪੀਲੂ ਦਾ ਜੱਟ ਹੋਣਾ ਅਸੰਗਤ ਜਾਪਦਾ ਹੈ ਬਲਕਿ ਉਹ ਗਾਉਣ-ਵਜਾਉਣ ਵਾਲੀ ਕਿਸੇ ਪੇਸ਼ਾਵਰ ਜਮਾਤ ਦਾ ਪ੍ਰਤਿਭਾਸ਼ਾਲੀ ਬੰਦਾ ਜਾਪਦਾ ਹੈ। ਉਸ ਨੇ ਪੁਰਾਤਨ ਵਾਰ ਰੂਪ ਵਿਚ ਆਪਣਾ ਕਿੱਸਾ ਲਿਖਿਆ। ਸ਼ਾਇਦ ਉਹ ਅਨਪੜ੍ਹ ਸੀ, ਕਿਸੇ ਕਾਰਨ ਉਸ ਨੇ ਇਹ ਕਿੱਸਾ ਲਿਖਿਆ ਨਹੀਂ ਸੀ। ਉਹ ਵੀ ਚੰਗਾ ਗਾਇਕ ਹੋਵੇਗਾ। ਇਉਂ ਜਾਪਦਾ ਹੈ ਕਿ ਉਸ ਨੇ ਆਪਣਾ ਇਹ ਕਿੱਸਾ ਕੁਝ ਟੁਕੜਿਆਂ ਵਿਚ ਲਿਖਿਆ ਹੋਵੇਗਾ। ਢਾਡੀਆਂ-ਮਿਰਾਸੀਆਂ ਦਾ ਇਹੀ ਲਿਖਣ ਢੰਗ ਹੁੰਦਾ ਸੀ। ਉਹ ਬਿਰਤਾਂਤ ਦਾ ਕੁਝ ਹਿੱਸਾ ਵਾਰਤਕ ਰੂਪ ਵਿਚ ਸਰੋਤਿਆਂ ਨੂੰ ਸੁਣਾ ਦਿੰਦੇ ਸਨ ਅਤੇ ਬਾਕੀ ਹਿੱਸੇ ਨੂੰ ਗਾਇਨ ਦੇ ਮਾਧਿਅਮ ਦੁਆਰਾ ਪੇਸ਼ ਕਰਦੇ ਸਨ। ਇਸ ਕਾਰਨ ਇਸ ਰਚਨਾ ਵਿਚ ਕੁਝ ਖੱਪੇ ਦਿਖਾਈ ਦਿੰਦੇ ਹਨ। ਰਿਚਰਡ ਟੈਂਪਲ ਨੇ ਆਪਣੀ ਰਚਨਾ 'ਲੇਜੈਂਡਜ਼ ਆਫ਼ ਦ ਪੰਜਾਬ" ਵਿਚ ਇਸ ਕਿੱਸੇ ਨੂੰ ਅਧੂਰੇ ਰੂਪ ਵਿਚ ਹੀ ਅੰਕਿਤ ਕੀਤਾ ਹੈ। ਹਾਲਾਂ ਤਕ ਵੀ ਇਸ ਦਾ ਸੰਪੂਰਨ ਅਤੇ ਸਹੀ ਮਤਨ ਨਹੀਂ ਮਿਲਿਆ।

ਦੂਜੀ ਪੀੜ੍ਹੀ ਦੇ ਕਿੱਸਾ ਕਵੀਆਂ ਦੇ ਨਾਵਾਂ ਨਾਲ ਲੱਗੇ ਸ਼ਬਦ "ਹਾਫਿਜ਼", "ਮੌਲਵੀ", "ਭੱਟ" ਜਾਂ 'ਸ਼ਾਹ' ਆਦਿਕ ਇਹ ਪ੍ਰਗਟ ਕਰਦੇ ਹਨ ਕਿ ਪੁਰਾਣੇ ਮਿਰਾਸੀ, ਭੱਟ ਅਤੇ ਭਰਾਈ ਆਦਿ ਕਿੱਸਾ ਜੋੜ ਗਾਇਕਾਂ ਦੀ ਥਾਂ ਹੁਣ ਕੁਝ ਪੜ੍ਹੇ-ਲਿਖੇ ਮੁਨਸ਼ੀਆਂ, ਫ਼ਾਰਸੀਦਾਨਾਂ ਅਤੇ ਮਸੀਤਾਂ ਦੇ ਮੌਲਵੀਆਂ-ਅਮਾਮਾਂ ਆਦਿ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸ

ਕਾਰਨ ਕਿੱਸਿਆਂ ਦੀ ਪੱਧਰ ਤਾਂ ਜ਼ਰੂਰ ਅੱਗੇ ਨਾਲੋਂ ਉੱਚੀ ਹੋਈ ਹੈ ਪਰ ਪਹਿਲਾਂ ਵਾਲੀ ਸਾਦਗੀ ਅਤੇ ਸਹਿਜ-ਸੁਭਾਵਿਕਤਾ ਘਟ ਗਈ ਹੈ। ਫ਼ਾਰਸੀ ਪੜ੍ਹੇ ਹੋਣ ਕਰਕੇ ਅਤੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਇਹ ਕਵੀ ਅਰਬੀ-ਫ਼ਾਰਸੀ ਦਾ ਭਰਪੂਰ ਪਯੋਗ ਕਰਦੇ ਨਜ਼ਰ ਆਉਂਦੇ ਹਨ। ਕਿਧਰੇ ਕਿਧਰੇ ਤਾਂ ਅਜਿਹੇ ਕਵੀ ਪੰਜਾਬੀ ਬੋਲੀ ਦਾ ਸਰਲ-ਸਹਿਜ ਮੁਹਾਵਰਾ ਹੀ ਵਿਗਾੜ ਦਿੰਦੇ ਹਨ। ਫ਼ਾਰਸੀ ਤਸ਼ਬੀਹਾਂ, ਤਲਮੀਹਾਂ, ਇਸਤਿਆਰਿਆਂ ਅਤੇ ਰਸਮੀ ਸ਼ਬਦਾਵਲੀ ਦਾ ਜ਼ੋਰ ਏਨਾ ਵਧ ਗਿਆ ਸੀ ਕਿ ਕਈ ਵਾਰ ਇਕ ਇਕ ਤੁਕ ਦੇ ਦਸ ਸ਼ਬਦਾਂ ਵਿਚੋਂ ਨੌਂ ਸ਼ਬਦ ਫ਼ਾਰਸੀ ਦੇ ਹੁੰਦੇ ਅਤੇ ਮਸਾਂ ਇਕ ਸ਼ਬਦ ਪੰਜਾਬੀ ਦਾ ਲੱਭਦਾ ਸੀ। ਇਨ੍ਹਾਂ ਕਿੱਸਿਆਂ ਦਾ ਇਕ ਹੋਰ ਵਿਸ਼ੇਸ਼ ਲੱਛਣ ਜੋ ਕਾਫ਼ੀ ਪਿਛੋਂ ਜਾ ਕੇ ਉੱਭਰਿਆ, ਸਦਾਚਾਰਕ ਅਤੇ ਧਾਰਮਿਕ-ਆਦਰਸ਼ਾਂ ਦਾ ਪ੍ਰਚਾਰ ਕਰਨਾ ਸੀ। (ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਗ ਪਹਿਲਾ, ਭਾ.ਵਿ., ਪੰਨਾ 577) ਇਹ ਰੁਚੀ ਸਮੇ' ਦੇ ਗੁਜ਼ਰਨ ਨਾਲ ਹੋਰ ਤੇਜ਼ ਹੁੰਦੀ ਗਈ। ਦਮੋਦਰ ਦੀ "ਹੀਰ" ਜਾਂ ਪੀਲੂ ਦੇ "ਮਿਰਜ਼ੇ ਵਿਚ ਅਵੱਲ ਤਾਂ ਇਹ ਰੁਚੀ ਹੈ ਹੀ ਨਹੀਂ ਜੇ ਹੈ ਤਾਂ ਬਹੁਤ ਸੂਖ਼ਮ ਭਾਵ ਨਾਲ ਬਿਆਨ ਹੋਈ ਹੈ। ਪਰੈਤੂ ਪਿਛਲੇ ਕਵੀਆਂ ਵਿਚ ਇਹ ਰੁਚੀ ਬਹੁਤ ਉਜਾਗਰ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਹਰ ਕਿੱਸਾ ਕਵੀ ਕਿਸੇ ਵਿਸ਼ੇਸ਼ ਸਦਾਚਾਰਕ-ਵਿਧਾਨ ਦਾ ਪ੍ਰਚਾਰਕ ਮਾਲੂਮ ਹੁੰਦਾ ਹੈ। ਅਜਿਹੇ ਕਵੀਆਂ ਵੱਲੋਂ ਪੇਸ਼ ਸਦਾਚਾਰਕ ਸਿੱਖਿਆ ਕਿੱਸੇ ਦੇ ਮੂਲ-ਬ੍ਰਿਤਾਂਤ ਵਿਚ ਘੁਲਦੀ-ਮਿਲਦੀ ਵੀ ਨਹੀਂ ਬਲਕਿ ਵੱਖਰੀ ਪਈ ਸਾਫ਼ ਨਜ਼ਰ ਆ ਜਾਂਦੀ ਹੈ।

ਕਿਸੇ ਵੀ ਕਿੱਸਾ ਕਵੀ ਨੇ ਮੁਗ਼ਲ ਖਾਨਦਾਨ ਦੇ ਕਿਸੇ ਰਾਜੇ-ਰਜਵਾੜੇ ਦੀ ਉਸਤਤਿ ਨਹੀਂ ਕੀਤੀ। ਸਿਰਫ਼ ਦਮੋਦਰ ਦੀ ਰਚਨਾ ਵਿਚ ਅਕਬਰ ਦੀ ਕੁਝ ਪ੍ਰਸ਼ੰਸਾ ਹੋਈ ਹੈ ਜਾਂ ਵਾਰਿਸ ਨੇ ਸਿਖਾਂ ਦੀ ਚੜ੍ਹਦੀ ਹੋਈ ਤਾਕਤ ਨੂੰ ਵੇਖ ਕੇ ਕੁਝ ਗਿਲਾ ਕੀਤਾ ਹੈ। ਹੋਰ ਕਿਸੇ ਵੀ ਕਵੀ ਨੇ ਕਿਸੇ ਰਾਜੇ-ਰਜਵਾੜੇ ਦਾ ਜ਼ਿਕਰ ਤਕ ਨਹੀਂ ਕੀਤਾ। ਇਸ ਦਾ ਵੱਡਾ ਕਾਰਨ ਤਾਂ ਇਹੀ ਹੋ ਸਕਦਾ ਹੈ ਕਿ ਪੰਜਾਬੀ ਦੇ ਕਿੱਸਾਕਾਰ ਆਮ ਲੋਕਾਂ ਵਿਚੋਂ ਸਨ ਅਤੇ ਇਨ੍ਹਾਂ ਨੇ ਆਪਣੇ ਆਰਥਿਕ ਮੁਫ਼ਾਦ ਨੂੰ ਮੁੱਖ ਰੱਖ ਕੇ ਥੋੜਾ ਸਮਾਂ ਪਹਿਲਾਂ ਹੀ ਧਰਮ-ਪਰਿਵਰਤਨ ਕੀਤਾ ਸੀ। ਇਸ ਕਾਰਨ ਉਨ੍ਹਾਂ ਦੀ ਹਾਕਮ-ਸ਼੍ਰੇਣੀ ਨਾਲ ਕੋਈ ਸਾਂਝ ਜਾਂ ਸਹਾਨੁਭੂਤੀ ਨਹੀਂ ਸੀ। ਹਾਕਮ ਸ਼੍ਰੇਣੀ, ਪੈਜਾਬੀ ਭਾਸ਼ਾ ਵਿਚ ਲਿਖੇ ਸਾਹਿੱਤ ਨੂੰ ਬਹੁਤਾ ਪੜ੍ਹਦੀ-ਗੌਲਦੀ ਵੀ ਨਹੀਂ ਸੀ। ਕੇਵਲ ਕੁਝ ਸਥਾਨਕ ਜਾਗੀਰਦਾਰ ਲੋਕ ਹੀ ਇਨ੍ਹਾਂ ਕਿੱਸਿਆਂ ਨੂੰ ਸੁਣਦੇ ਅਤੇ ਮਾਣਦੇ ਸਨ। ਇਹ ਲੋਕ ਕੇਵਲ ਮਨੋਰੈਜਨ ਜਾਂ ਦਿਲ-ਪਰਚਾਵੇ ਵਾਸਤੇ ਸਾਹਿੱਤ ਦਾ ਉਪਯੋਗ ਕਰਦੇ ਸਨ। ਇਸ ਲਈ ਕਿੱਸਾ ਸਾਹਿੱਤ ਵਿਚ ਸਮਕਾਲੀ ਰਾਜਨੀਤਕ ਪਰਿਸਥਿਤੀਆਂ ਦਾ ਸਿੱਧਾ ਅਤੇ ਸਪਸ਼ਟ ਵਰਣਨ ਬਹੁਤ ਘੱਟ ਹੋਇਆ ਹੈ।ਪੰਜਾਬੀ ਦੇ ਕੁਝ ਪ੍ਰਮੁੱਖ ਕਿੱਸਾ ਕਵੀਆਂ ਅਤੇ ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਦਮੋਦਰ

ਪੰਜਾਬੀ ਕਿੱਸਾ ਕਾਵਿ ਦਾ ਮੁੱਢ ਦਮੋਦਰ ਨਾਲ ਬੱਝਦਾ ਹੈ। ਉਸ ਨੇ ਆਪਣੇ ਕਿੱਸੇ ਵਿਚ ਹੀਰ-ਰਾਂਝੇ ਦਾ ਬ੍ਰਿਤਾਂਤ ਸਿਰਜਿਆ ਹੈ। ਉਸ ਨੇ ਇਸ ਕਿੱਸੇ ਦੀ ਰਚਨਾ ਅਕਬਰ ਦੇ ਰਾਜ-ਕਾਲ ਸਮੇਂ ਕੀਤੀ ਜਿਸ ਬਾਰੇ ਇਸ ਰਚਨਾ ਵਿਚ ਕਈ ਥਾਂਵਾਂ ਤੇ ਉੱਲੇਖ ਹੋਇਆ ਹੈ :

1. ਪਾਤਸ਼ਾਹੀ ਜੋ ਅਕਬਰ ਸੈਦੀ, ਦਿਨ ਦਿਨ ਚੜ੍ਹੇ ਸਵਾਈ ।
2. ਪਾਤਸ਼ਾਹੀ ਜੋ ਅਕਬਰ ਸੈਦੀ, ਹੀਲ ਨ ਹੁੱਜਤ ਕਾਈ।
3. ਅਕਬਰ ਸ਼ਾਹ ਦਾ ਰਾਜ ਵਡੇਰਾ, ਜੇ ਤੈਨੂੰ ਕਜ਼ਾ ਦਿਤਾਈ ।

ਦਮੋਦਰ ਆਪਣੀ ਇਸ ਰਚਨਾ ਦੀਆਂ ਘਟਨਾਵਾਂ ਨੂੰ ਅੱਖੀਂ ਵੇਖੀਆਂ ਹੋਣ ਦਾ ਦਾਅਵਾ ਕਰਦਾ ਹੈ ਪਰੰਤੂ ਇਹ ਐਵੇਂ ਇਕ ਕਾਵਿ-ਰੂੜ੍ਹੀ ਹੀ ਹੈ। ਦਮੋਦਰ ਨੇ ਇਸ ਕਿੱਸੇ ਦੇ ਆਰੰਭ ਵਿਚ ਲਿਖਿਆ ਹੈ :

ਅੱਖੀਂ ਡਿਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨਾ ਕੋਈ।
ਸ਼ਉੱਕ ਸ਼ਉਂਕ ਉੱਠੀ ਹੈ ਮੈਂਡੀ ਤਾਂ ਦਿਲ ਉਮਕ ਹੋਈ ।
ਅਸਾਂ ਮੂੰਹੋਂ ਅਲਾਇਆ ਉਹੀ ਜੋ ਕੁਝ ਨਜ਼ਰ ਪਇਓਈ !
ਆਖ ਦਮੋਦਰ ਅੱਗੇ ਕਿੱਸਾ ਜੋਈ ਸੁਣੇ ਸਭ ਕੋਈ ।

ਪਰMਤੂ ਅਸਲੀਅਤ ਇਹ ਜਾਪਦੀ ਹੈ ਕਿ ਹੀਰ-ਰਾਂਝੇ ਦੇ ਪ੍ਰੇਮ ਦੀਆਂ ਘਟਨਾਵਾਂ ਬਹੁਤ ਸਮਾਂ ਪਹਿਲਾਂ ਵਾਪਰ ਚੁੱਕੀਆਂ ਸਨ। ਸ਼ਾਹ ਹੁਸੈਨ (1539-1600) ਨੇ ਵੀ ਹੀਰ-ਰਾਂਝੇ ਦੇ ਪ੍ਰੇਮ ਸੰਬਧੀ ਟਿਪਣੀ ਕੀਤੀ ਹੈ :

ਹੀਰੇ ਨੂੰ ਇਸ਼ਕ ਚਰੋਕਾ ਆਹਾ ਜਾ ਆਈ ਦੁਧ ਵਾਤੀ।
ਵਿਚ ਪੰਘੂੜੇ ਦੇ ਪਈ ਤੜਫ਼ੇ ਵੇਦਨ ਕਹੀ ਨ ਜਾਤੀ।

ਇਸੇ ਤਰ੍ਹਾਂ ਭਾਈ ਗੁਰਦਾਸ ਵੀ "ਰਾਂਝਾ ਹੀਰ ਵਖਾਣੀਐ ਉਹ ਪਿਰਮ ਪਰਾਤੀ" ਕਹਿ ਕੇ ਇਸ ਮੋਟਿਫ਼ ਪ੍ਰਤੀ ਆਪਣੀ ਚੇਤਨਤਾ ਦਾ ਪ੍ਰਮਾਣ ਪੇਸ਼ ਕਰਦਾ ਹੈ। ਮੀਆਂ ਮੌਲਾ ਬਖ਼ਸ਼ ਕੁਸ਼ਤਾ ਦਾ ਵਿਚਾਰ ਹੈ ਕਿ ਹੀਰ-ਰਾਂਝੇ ਦੀ ਕਥਾ ਬਹਿਲੋਲ ਲੋਧੀ ਦੇ ਰਾਜ-ਕਾਲ (1450- 1488) ਸਮੇਂ ਵਾਪਰੀ। ਉਹ ਲਿਖਦਾ ਹੈ ਕਿ "ਤਾਰੀਖ ਝੰਗ ਸਿਆਲ" ਵਿਚ ਹੀਰ ਦੇ ਮਰਨ ਦਾ ਸਾਲ 1452 ਈ. ਲਿਖਿਆ ਹੈ। ਇਸ ਪੁਸਤਕ ਅਨੁਸਾਰ ਹੀਰ ਤੇ ਰਾਂਝੇ ਦਾ ਮਿਲਾਪ 1529 ਬ੍ਰਿਕਮੀ ਲਿਖਿਆ ਹੈ। ਇਹ "ਹੀਰ ਦਮੋਦਰ" ਦੇ ਲਿਖਣ ਦਾ ਸਾਲ ਨਹੀਂ ਬਲਕਿ ਇਸ ਵਰ੍ਹੇ ਰਾਂਝੇ ਨੂੰ ਕੋਟ ਕਬੂਲੇ ਦੇ ਅਦਲੀ ਰਾਜੇ ਪਾਸੋ ਹੀਰ ਮਿਲੀ ਸੀ। ਇਕ ਵਿਦਵਾਨ ਪੰਡਿਤ ਚੰਦਰ ਕਾਂਤ ਬਾਲੀ ਦਾ ਕਥਨ ਹੈ ਕਿ ਦਮੋਦਰ ਦੁਆਰਾ ਦਿੱਤਾ ਗਿਆ 1529 ਸੈਮਤ ਅਸਲ ਵਿਚ ਸ਼ਾਲੀਵਾਹਨ ਬਿਕ੍ਰਮੀ ਸ਼ਕ ਸੈਮਤ ਹੈ। ਜੇ ਇਸ ਵਿਚ 90 ਵਰ੍ਹੇ ਹੋਰ ਜੋੜ ਦਿੱਤੇ ਜਾਣ

ਤਾਂ ਸੰਮਤ 1639 ਬਿਕ੍ਰਮੀ ਬਣ ਜਾਂਦਾ ਹੈ। (ਦੇਖੋ ਡਾ. ਧਰਮ ਪਾਲ ਸਿੰਗਲ, ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 207)

ਦਮੋਦਰ ਨੇ ਕੇਵਲ ਇਕ ਹੀ ਕਿੱਸਾ "ਹੀਰ ਦਮੋਦਰ" ਲਿਖਿਆ ਹੈ। ਉਸ ਉਤੇ ਈਰਾਨੀ ਮਸਨਵੀ ਦਾ ਪ੍ਰਭਾਵ ਬਹੁਤ ਘੱਟ ਪਿਆ ਹੈ। ਦਮੋਦਰ ਦੀ ਹੀਰ ਪ੍ਰਸ਼ਨੋਤਰੀ ਢੰਗ ਦੀ ਹੈ। ਉਹ ਆਪਣੇ ਵਲੋਂ "ਕਵੀਓਵਾਚ" ਦੀ ਭਾਰਤੀ ਪਰੰਪਰਾ ਦਾ ਪਾਲਣ ਵੀ ਕਰਦਾ ਹੈ। ਇਹ ਬਣਤਰ ਢੰਗ ਪਹਿਲਾਂ ਬ੍ਰਜਭਾਸ਼ਾ ਵਿਚ ਮੌਜੂਦ ਸੀ ਤੇ 'ਸੁਆਂਗ' ਜਾਂ "ਸਾਂਗ" ਨਾਮ ਨਾਲ ਪ੍ਰਸਿੱਧ ਸੀ। ਡਾ. ਮੋਹਨ ਸਿੰਘ ਅਨੁਸਾਰ ਹੀਰ ਰਾਂਝੇ ਦਾ ਇਕ ਸੁਆਂਗ ਵੀ ਮਿਲਦਾ ਹੈ। (ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਪੰਨਾ 107) ਬਾਵਾ ਬੁੱਧ ਸਿੰਘ ਅਨੁਸਾਰ "ਹੀਰ ਦਮੋਦਰ" ਦੇ ਕੁਲ 990 ਬੰਦ ਸਨ, ਗੈਗਾ ਸਿੰਘ ਬੇਦੀ ਦੁਆਰਾ ਸੈਪਾਦਿਤ "ਹੀਰ ਦਮੋਦਰ" ਵਿਚ 961 ਬੰਦ ਮਿਲਦੇ ਹਨ। "ਹੀਰ ਦਮੋਦਰ" ਪਹਿਲਾ ਪੰਜਾਬੀ ਕਿੱਸਾ ਹੈ ਜਿਸ ਵਿਚ ਸਮਕਾਲੀ ਸਮਾਜ ਦਾ ਚਿਤ੍ਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਜਨਮ, ਮੰਗਣੇ ਅਤੇ ਵਿਆਹ ਦੀਆਂ ਰਸਮਾਂ ਦਾ ਵਰਣਨ ਵਿਸਤਾਰ ਨਾਲ ਹੋਇਆ ਹੈ। ਦਮੋਦਰ ਅਨੁਸਾਰ ਉਸ ਸਮੇ' ਸਮਾਜ ਜ਼ਾਤਾਂ-ਗੋਤਾਂ, ਕਿੱਤਿਆਂ, ਪੇਸ਼ਿਆਂ ਅਤੇ ਜ਼ਿਮੀਦਾਰਾਂ-ਕਾਮਿਆਂ ਵਿਚ ਵੰਡਿਆ ਹੋਇਆ ਸੀ। ਪੰਜਾਬ ਦੇ ਹਿੰਦੂ-ਮੁਸਲਿਮ ਸੁਮੇਲ ਦੇ ਵਾਤਾਵਰਣ ਦੀ ਪੇਸ਼ਕਾਰੀ ਇਸ ਰਚਨਾ ਦਾ ਪ੍ਰਮੁਖ ਲੱਛਣ ਹੈ। ਹਨ। ਵਿਆਹ-ਸ਼ਾਦੀ ਦੀਆਂ ਰਸਮਾਂ ਸਮੇਂ ਕਾਜ਼ੀ ਦੇ ਨਾਲ-ਨਾਲ ਬ੍ਰਾਹਮਣ ਨੂੰ ਵੀ ਸਮਾਨ ਮਹਤਵ ਦਿੱਤਾ ਜਾਂਦਾ ਸੀ।

ਦਮੋਦਰ ਨੇ ਆਪਣੇ ਕਿੱਸੇ ਦਾ ਆਰੰਭ ਮੰਗਲਾਚਰਣ ਨਾਲ ਕੀਤਾ ਹੈ। ਇਹ ਮੰਗਲਾਚਰਣ 'ਸਾਹਿਬ'" ਦਾ ਹੈ, ਹਿੰਦੂ-ਮੁਸਲਮਾਨਾਂ ਦੇ ਸਾਂਝੇ ਰੱਬ ਦਾ। ਇਸ ਪਿਛੋਂ ਹੀਰ ਦੇ ਜਨਮ ਅਤੇ ਪ੍ਰੇਮ ਕਰਨ ਦੇ ਪ੍ਰਸੈਗ ਨੂੰ ਬੜੇ ਸੇਖੇਪ ਪਰ ਵੇਗਮਈ ਢੰਗ ਨਾਲ ਬਿਆਨ ਕੀਤਾ ਹੈ। ਦੇਖੋ :

ਦੋ ਵਰ੍ਹਿਆਂ ਦੀ ਛੋਹਿਰ ਹੋਈ, ਢੁਕ ਰਹੀਆਂ ਕੁੜਮਾਈਆਂ।
ਚੌਹ ਵਰ੍ਹਿਆਂ ਦੀ ਛੋਹਿਰ ਹੋਈ, ਗੱਲਾਂ ਕਰੇ ਸਚਿਆਈਆਂ।
ਛੇਆਂ ਵਰ੍ਹਿਆਂ ਦੀ ਛੋਹਿਰ ਹੋਈ ਤਾਂ ਦਰ ਦਰ ਕੂਕਾਂ ਪਾਈਆਂ।
ਦਸਾਂ ਵਰ੍ਹਿਆਂ ਦੀ ਛੋਹਿਰ ਹੋਈ, ਚਾਰੇ ਨਈਂ ਨਿਵਾਈਆਂ।
ਬਾਰ੍ਹਾਂ ਵਰ੍ਹਿਆਂ ਦੀ ਛੋਹਿਰ ਹੋਈ ਤਾਂ ਰਾਂਝੇ ਅੱਖੀਆਂ ਲਾਈਆਂ।

ਦਮੋਦਰ ਨੇ ਹੀਰ ਰਾਂਝੇ ਦੇ ਇਸ਼ਕ ਨੂੰ ਬੜੇ ਮਨੋਵਿਗਿਆਨਕ ਢੰਗ ਨਾਲ ਪੇਸ਼ ਕੀਤਾ ਹੈ। ਰਾਂਝਾ ਆਪਣੇ ਨਾਲ ਭਰਾਵਾਂ ਵਲੋਂ ਹੋਏ ਦੁਰਵਿਹਾਰ ਤੋਂ ਪਿਛੋ' ਝਨਾਂ ਦੇ ਕੰਢੇ ਪਹੁੰਚ ਜਾਂਦਾ ਹੈ। ਦਰਿਆ ਵਿਚ ਹੀਰ ਦੀ ਸਜੀ ਸਜਾਈ ਕਿਸ਼ਤੀ ਵਿਚ ਲੱਗੀ ਹੀਰ ਦੀ ਸੇਜ ਉਤੇ ਚੜ੍ਹ ਕੇ ਸੌਂ ਜਾਂਦਾ ਹੈ। ਜਦੋਂ' ਹੀਰ ਨੂੰ ਇਸ ਗੱਲ ਦਾ ਪਤਾ ਚਲਦਾ ਹੈ ਤਾਂ ਉਹ ਰਾਂਝੇ ਨੂੰ ਮਾਰਨ

ਵਾਸਤੇ ਆਪਣੀਆਂ ਸਹੇਲੀਆਂ ਨਾਲ ਆਉਂਦੀ ਹੈ। ਰੌਲਾ ਸੁਣ ਕੇ ਰਾਂਝੇ ਨੂੰ ਜਾਗ ਆ ਜਾਂਦੀ ਹੈ ਅਤੇ ਉਹ ਆਪਣੀ ਵੰਝਲੀ ਵਜਾਉਣ ਲੱਗਦਾ ਹੈ। ਵੰਝਲੀ ਦੀ ਧੁਨ ਸੁਣਕੇ ਹੀਰ, ਰਾਂਝੇ ਉਤੇ ਮੋਹਿਤ ਹੋ ਜਾਂਦੀ ਹੈ। ਦਮੋਦਰ ਅਨੁਸਾਰ :

ਤਾਂ ਚੋਰੀ ਵੇਖੇ ਹੀਰ ਸਿਆਲੀ ਮੂੰਹੋਂ ਨ ਕੁਝ ਅਲਾਏ।
ਧਰਤੀ ਉਤੇ ਲੀਕਾਂ ਖੱਟੇ ਆਖ ਨਾ ਮੂੰਹੋਂ ਸੁਣਏ।

ਅੰਦਰ ਗਲ ਹੰਢਾਏ ਨੀਂਗਰ ਦਿਲ ਵਿਚ ਫਿਕਰ ਟਿਕਾਏ।
ਜੇ ਸਚ ਜਾਣਾ ਸਿਰਜਣਹਾਰਾ ਤਾਂ ਪੀਰਾਂ ਇਹ ਪੱਲ ਪਾਏ।

ਹੀਰ ਦੇ ਰਾਂਝੇ ਪ੍ਰਤੀ ਪ੍ਰੇਮ ਨੂੰ ਦਮੋਦਰ ਸੂਫ਼ੀਆਨਾ ਅੰਦਾਜ਼ ਵਿਚ ਵਿਅਕਤ ਕਰਦਾ ਹੈ। ਦਮੋਦਰ ਅਨੁਸਾਰ ਹੀਰ, ਰਾਂਝੇ ਦੇ ਇਸ਼ਕ ਵਿਚ ਪੂਰੀ ਤਰ੍ਹਾਂ ਬੇਸੁੱਧ, ਬੇਖ਼ੁਦ ਹੋ ਜਾਂਦੀ ਹੈ। ਪ੍ਰੇਮ ਦਾ ਭਾਵ ਉਸ ਨੂੰ ਰਾਂਝੇ ਨਾਲ ਇਸ ਕਦਰ ਜੋੜ ਦਿੰਦਾ ਹੈ ਕਿ ਉਹ ਹੋਰ ਰਿਸ਼ਤਿਆਂ-ਨਾਤਿਆਂ ਅਤੇ ਸਾਕ-ਸੰਬੰਧਾਂ ਤੋਂ ਪੂਰੀ ਤਰ੍ਹਾਂ ਅਜਨਬੀ ਹੋ ਜਾਂਦੀ ਹੈ। ਦਮੋਦਰ ਵਲੋਂ ਰੂਪਮਾਨ ਕੀਤਾ ਗਿਆ ਇਹ ਮੰਜ਼ਰ ਬੜਾ ਕਲਾਮਈ ਅਤੇ ਵਿਲੱਖਣ ਹੈ। ਦੇਖੋ :

ਨਾ ਕੋਈ ਆਖਰਹੁ 'ਹੀਰੇ" ਮੈਨੂੰ, ਨਾ ਕੋਈ ਆਖ ਸਲੋਟੀ।
ਜਾਤ ਸਨਾਤ ਪਛਾਣੋਂ ਨਾਹੀਂ, ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ ਪਿਉ ਮੈਂਡਾ ਮੈ ਕਦਣ ਉਨ੍ਹਾਂ ਦੀ ਬੇਟੀ।
ਦਾਵਣ ਆਣ ਲਗੀ ਲੜ ਤੈਂਡੇ ਜੇ ਪਵਾਂ ਕਬੂਲ ਜਟੇਟੀ।

ਦਮੋਦਰ ਨੇ ਹੀਰ ਨੂੰ ਇਕ ਸੂਰਬੀਰ ਅਤੇ ਸੁਦ੍ਰਿੜ੍ਹ ਨਾਰੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਨੂਰੇ ਚੈਧੜ ਨਾਲ ਹੋਈ ਲੜਾਈ ਵਿਚ ਉਹ ਨੂਰੇ ਉਤੇ ਤਲਵਾਰ ਦਾ ਵਾਰ ਏਨੀ ਕੁਸ਼ਲਤਾ ਨਾਲ ਕਰਦੀ ਹੈ ਕਿ ਉਸਦੇ ਧੜ ਨੂੰ ਅਧ-ਵਿਚਕਾਰੋਂ ਚੀਰ ਦਿੰਦੀ ਹੈ। ਇਸੇ ਤਰ੍ਹਾਂ ਇਕ ਵਾਰ ਜਦੋਂ ਕੈਦੋਂ ਚਾਚਾ, ਮੱਕਾਰੀ ਨਾਲ ਰਾਂਝੇ ਤੋਂ ਚੂਰੀ ਲੈ ਕੇ ਹੀਰ ਦੇ ਪਿਤਾ ਨੂੰ ਸਾਰੀ ਹਕੀਕਤ ਦੱਸਣ ਲਈ ਰਵਾਨਾ ਹੁੰਦਾ ਹੈ ਤਾਂ ਉਹ ਉਸਦਾ ਪਿੱਛਾ ਕਰਕੇ ਉਸਨੂੰ ਘੇਰ ਲੈਂਦੀ ਹੈ ਅਤੇ ਉਸਦੀ ਖ਼ੂਬ ਭੁਗਤ ਸੈਵਾਰਦੀ ਹੈ। ਇਨ੍ਹਾਂ ਪ੍ਰਸੰਗਾਂ ਵਿਚ ਦਮੋਦਰ ਦਾ ਬਿਆਨ ਬੀਰਰਸੀ ਹੋ ਜਾਂਦਾ ਹੈ। ਉੱਜ ਉਸਨੇ ਆਪਣੀ ਇਸ ਰਚਨਾ ਵਿਚ ਸ਼ਿੰਗਾਰ, ਕਰੁਣਾ, ਅਦਭੁਤ ਅਤੇ ਹਾਸ ਰਸ ਆਦਿਕ ਦਾ ਬੜਾ ਪ੍ਰਭਾਵਸ਼ਾਲੀ ਸੈਯੋਜਨ ਕੀਤਾ ਹੈ। ਦਮੋਦਰ ਨੇ ਆਪਣੀ ਇਸ ਰਚਨਾ ਦਾ ਅੰਤ ਸੁਖਾਂਤ ਵਿਚ ਕੀਤਾ ਹੈ। ਉਸ ਤੋਂ' ਪਿਛੋਂ ਲਿਖਣ ਵਾਲੇ ਬਹੁਤੇ ਕਿੱਸਾ ਕਵੀਆਂ ਨੇ ਦੁਖਾਂਤ ਦੀ ਸਿਰਜਣਾ ਕੀਤੀ ਹੈ। ਦਮੋਦਰ ਦੇ ਇਸ ਨਿਰਣੇ ਨੂੰ ਕਈ ਆਲੋਚਕ ਉਸਦੀ ਭਾਰਤੀ (ਹਿੰਦੂ) ਮਾਨਸਿਕਤਾ ਨਾਲ ਜੋੜਦੇ ਹਨ। ਭਾਰਤੀ ਪ੍ਰੇਮਾਖਿਆਨਾਂ ਵਿਚ ਸੁਖਾਂਤ ਪਰੈਪਰਾ ਦਾ ਪਾਲਣ ਹੁੰਦਾ ਹੈ, ਸੋ ਦਮੋਦਰ ਨੇ ਵੀ ਇਵੇਂ ਕੀਤਾ। ਉਸ ਤੋਂ' ਪਿਛੋਂ ਹੀਰ-ਕਾਵਿ ਦੀ ਸਿਰਜਣਾ ਮੁਸਲਮਾਨ ਕਵੀਆਂ ਨੇ ਕੀਤੀ ਅਤੇ ਇਸਲਾਮ ਵਿਚ ਦੁਖਾਂਤ-ਪਰੈਪਰਾ ਵਧੇਰੇ ਮਕਬੂਲ ਰਹੀ

ਹੈ। ਪਰ ਦਮੋਦਰ ਏਨਾ ਜ਼ਰੂਰ ਕਰਦਾ ਹੈ ਕਿ ਉਹ ਦੋਵੇਂ' ਪਾਤਰਾਂ ਨੂੰ ਆਪਣੇ ਸਾਕ-ਸੰਬੰਧੀਆਂ ਵਿਚ ਭੇਜਣ ਦੀ ਥਾਂ ਮੱਕੇ ਦੀ ਦਿਸ਼ਾ ਵਲ ਭੇਜ ਦਿੰਦਾ ਹੈ ਜਿਥੇ ਉਹ ਅਜਨਬੀ ਪਰਿਵੇਸ਼ ਅਤੇ ਲੋਕਾਂ ਵਿਚ ਰਹਿੰਦੇ ਹੋਏ ਪਤਾ ਨਹੀਂ ਕਿੰਨਾ ਕੁ ਚਿਰ ਜੀਵਿਤ ਰਹਿੰਦੇ ਹਨ ਅਤੇ ਕਦੋਂ ਤੇ ਕਿਵੇਂ ਮਰਦੇ ਹਨ। ਹੁਣ ਦਮੋਦਰ ਆਪ ਵੀ ਉਨ੍ਹਾਂ ਦਾ ਤਿੰਨ ਕੋਹ ਤੋ ਵੱਧ ਪਿੱਛਾ ਕਰਨ ਦੀ ਜ਼ਰੂਰਤ ਨਹੀਂ ਸਮਝਦਾ। ਇਸ ਤਰ੍ਹਾਂ ਉਹ ਇਸ਼ਕ ਕਰਨ ਵਾਲੇ ਇਨ੍ਹਾਂ ਪਾਤਰਾਂ ਨੂੰ ਸਮਾਜ ਵਿਚੋਂ ਛੇਕਣ ਦੀ ਇਕ ਵੱਖਰੀ ਰਵਾਇਤ ਦੀ ਸਿਰਜਣਾ ਕਰਦਾ ਹੈ। ਦੇਖੋ :

ਆਖ ਦਮੋਦਰ ਮੈ' ਅੱਖੀ ਡਿੱਠਾ ਜੋ ਲੰਮੀ ਤਰਫ਼ ਸਿਧਾਏ।
ਜੇ ਕੋਹ ਤ੍ਰੈ ਗਏ ਅਗੇਰੇ, ਤਾਂ ਅਸੀਂ ਵੀ ਨਾਲੇ ਆਹੇ।

ਦਮੋਦਰ ਨੇ ਆਪਣੇ ਇਸ ਕਿੱਸੇ ਦੀ ਰਚਨਾ ਲਹਿੰਦੀ ਪੰਜਾਬੀ ਦੀ ਇਕ ਉਪਭਾਖਾ ਝਾਂਗੀ ਵਿਚ ਕੀਤੀ ਹੈ। ਹੀਰ ਝੰਗ ਸਿਆਲ ਦੀ ਰਹਿਣ ਵਾਲੀ ਸੀ। ਇਸ ਕਾਰਨ ਇਸ ਬੋਲੀ ਵਿਚ ਪੇਸ਼ ਕੀਤੀ ਗਈ ਇਹ ਰਚਨਾ ਵਧੇਰੇ ਯਥਾਰਥਕ ਪ੍ਰਤੀਤ ਹੁੰਦੀ ਹੈ। ਇਸ ਵੰਨਗੀ ਦੀ ਏਨੀ ਲੰਬੀ ਬ੍ਰਿਤਾਂਤਿਕ ਰਚਨਾ, ਪੰਜਾਬੀ ਸਾਹਿਤ ਵਿਚ ਕੋਈ ਹੋਰ ਨਹੀਂ ਹੈ। ਦਮੋਦਰ ਨੇ ਦਵਈਏ ਛੰਦ ਵਿਚ ਸਮੁੱਚੇ ਮਜ਼ਮੂਨ ਨੂੰ ਨਿਭਾਇਆ ਹੈ। ਪਰ ਉਸਦੇ ਛੰਦ-ਪ੍ਰਯੋਗ ਵਿਚ ਕਾਫ਼ੀ ਕਮਜ਼ੋਰੀਆਂ ਅਤੇ ਊਣਤਾਈਆਂ ਨਜ਼ਰ ਆਉਂਦੀਆਂ ਹਨ। ਹੋਸਕਦਾ ਹੈ ਕਿ ਇਹ ਊਣਤਾਈਆਂ ਇਸ ਰਚਨਾ ਨੂੰ ਗਾਉਣ ਵਾਲਿਆਂ ਜਾਂ ਪ੍ਰਕਾਸ਼ਕਾਂ ਦੀ ਬੇਪਰਵਾਹੀ ਕਾਰਨ ਪੈਦਾ ਹੋ ਗਈਆਂ ਹੋਣ। ਇਹ ਰਚਨਾ ਨਾਟਕੀ- ਅੰਸ਼ਾਂ ਨਾਲ ਭਰਪੂਰ ਹੈ। ਗੋਂਦ ਅਤੇ ਸੰਵਾਦ ਨਾਟਕੀ ਹਨ। ਇਸ ਪ੍ਰਸੰਗ ਵਿਚ ਇਕ ਦ੍ਰਿਸ਼ਟਾਂਤ ਦੇਖੋ, ਹੀਰ ਦੇ ਇਸ਼ਕ ਦੀ ਖ਼ਬਰ ਪੂਰੇ ਪਿੰਡ ਵਿਚ ਫੈਲ ਜਾਣ ਤੇ ਉਸਦੀਆਂ ਸਹੇਲੀਆਂ ਕਹਿੰਦੀਆਂ ਹਨ :

ਹੁੱਲੀ ਹੀਰੇ ਹੁੱਲੀ ਭੈਣੇ ਗੱਲ ਤੁਸਾਡੀ ਹੁੱਲੀ।
ਹੁਣੇ ਤਾਂ ਚੂਚਕ ਬਾਪ ਸੁਣੇਂਦਾ ਤਾਮ ਪੱਕੇ ਨਾ ਚੁਲ੍ਹੀ।
ਚਾਕਾਂ ਨਾਲ ਕਰੇਂ ਅਸ਼ਨਾਈ ਫਿਰਨੀ ਏਂ ਕੇਸੋਂ ਖ਼ੁੱਲ੍ਹੀ।
ਸੁਣ ਤੂੰ ਸਚ ਸਿਆਣੀ ਕੁੜੀਏ ਚਾਕਾਂ ਉਤੇ ਡੁਲ੍ਹੀ।

ਦਮੋਦਰ ਬਾਰੇ ਪਿਛਲੇ ਕਵੀਆਂ ਨੇ ਬਹੁਤ ਘੱਟ ਸੰਕੇਤ ਕੀਤੇ ਹਨ। ਮੀਆਂ ਮੁਹMਮਦ ਬਖਸ਼ ਨੇ 'ਸੈਫ਼ੁਲ ਮਲੂਕ" ਵਿਚ ਜਿਥੇ ਲਗਪਗ ਸਾਰੇ ਪ੍ਰਸਿੱਧ ਕਵੀਆਂ ਦਾ ਜ਼ਿਕਰ ਕੀਤਾ ਹੈ, ਉਥੇ ਦਮੋਦਰ ਬਾਰੇ ਕੁਝ ਨਹੀਂ ਲਿਖਿਆ। ਕੇਵਲ ਗੁਰਦਾਸ ਗੁਣੀ ਨੇ "ਕਥਾ ਹੀਰ ਰਾਂਝਣ ਕੀ" ਵਿਚ ਉਸ ਵੱਲ ਇਸ਼ਾਰਾ ਕੀਤਾ ਹੈ। ਦਮੋਦਰ ਇਕ ਪ੍ਰਤਿਭਾਸ਼ੀਲ ਕਵੀ ਸੀ। ਉਸ ਨੇ ਪੰਜਾਬੀ ਵਿਚ ਸਭ ਤੋਂ ਵੱਧ ਰਚੇ ਜਾਣ ਵਾਲੇ ਕਿਸੇ "ਹੀਰ' ਦਾ ਇਹ ਅਜਿਹਾ ਮਾਡਲ ਤਿਆਰ ਕੀਤਾ ਜਿਸ ਨੂੰ ਉਸ ਦੇ ਪਿਛੋਂ ਆਉਣ ਵਾਲੇ ਕਵੀਆਂ, ਮੁਕਬਲ ਅਤੇ ਵਾਰਿਸ ਨੇ ਬੜੀ ਸਫ਼ਲਤਾ ਨਾਲ ਵਰਤਿਆ।

ਪੀਲੂ

ਪੀਲੂ ਪਿੰਡ ਵੈਰੋਵਾਲ ਜ਼ਿਲਾ ਤਰਨਤਾਰਨ ਦਾ ਵਸਨੀਕ ਸੀ। ਉਹ ਦਮੋਦਰ ਦਾ ਛੋਟਾ ਸਮਕਾਲੀ ਸੀ। ਪੀਲੂ ਦੀ ਸ਼ਖ਼ਸੀਅਤ ਬਾਰੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਉਹ ਦਮੋਦਰ ਵਾਂਗ ਹੀ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ। ਉਸ ਦਾ ਕਿੱਸਾ ਲਿਖਤੀ ਰੂਪ ਵਿਚ ਮੌਜੂਦ ਨਹੀਂ ਸੀ ਅਤੇ ਰਿਚਰਡ ਟੈਂਪਲ ਨੇ ਇਸ ਕਿੱਸੇ ਨੂੰ ਪਹਿਲੀ ਵਾਰ ਸ਼ਬਦਾਂ ਦਾ ਰੂਪ ਦਿੱਤਾ। ਬਾਵਾ ਬੁੱਧ ਸਿੰਘ ਨੇ ਆਪਣੀ ਪੁਸਤਕ 'ਬੈਬੀਹਾ ਬੋਲ" ਵਿਚ ਇਸ ਨੂੰ ਗੁਰਮੁਖੀ ਅੱਖਰਾਂ ਦੁਆਰਾ ਪੇਸ਼ ਕੀਤਾ। ਇਕ ਅਨੁਮਾਨ ਅਨੁਸਾਰ ਪੀਲੂ ਨੇ ਧਾਰਮਿਕ ਵੈਨਗੀ ਦੇ ਕੁਝ ਸਲੋਕਾਂ ਦੀ ਰਚਨਾ ਵੀ ਕੀਤੀ ਸੀ ਅਤੇ ਇਨ੍ਹਾਂ ਸਲੋਕਾਂ ਨੂੰ ਲੈ ਕੇ ਉਹ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਵੀ ਪਹੁੰਚਿਆ ਤਾਂ ਜੋ ਉਸਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੈਕਲਿਤ ਹੋ ਸਕੇ । ਭਾਵੇਂ ਉਸਦੀ ਰਚਨਾ ਇਸ ਮਹਾਨ ਗ੍ਰੰਥ ਵਿਚ ਤਾਂ ਸ਼ਾਮਲ ਨਾ ਹੋ ਸਕੀ ਪਰ ਤਾਂ ਵੀ ਏਨਾ ਜ਼ਰੂਰ ਸਪਸ਼ਟ ਹੋ ਜਾਂਦਾ ਹੈ ਕਿ ਪੀਲੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ । ਪੀਲੂ ਇਕ ਲੋਕਪ੍ਰਿਯ ਕਵੀ ਸੀ ਅਤੇ ਉਸਤੋਂ ਪਿਛੋਂ ਆਉਣ ਵਾਲੇ ਕਿੱਸਾ ਕਵੀਆਂ ਨੇ ਉਸਦਾ ਜ਼ਿਕਰ ਬੜੇ ਸਤਿਕਾਰ ਨਾਲ ਕੀਤਾ ਹੈ। ਦੇਖੋ :

ਯਾਰੋ ਪੀਲੂ ਨਾਲ ਬਰਾਬਰੀ, ਸ਼ਾਇਰ ਭੁੱਲ ਕਰੇਨ ।
ਉਹਨੂੰ ਪੰਜਾਂ ਪੀਰਾਂ ਦੀ ਥਾਪਣਾ, ਕੌਧੀਂ ਦਸਤ ਧਰੇਨ । (ਹਾਂਫਜ਼ ਝਗਸ਼ੁਰਦਾਰ)
ਪੀਲੂ ਨਾਲ ਨ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲਹਿਦੀ ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ। (ਆਹਮਦ ਯਾਰ)

ਪੀਲੂ ਨੇ ਵੀ ਦਮੋਦਰ ਵਾਂਗ ਫ਼ਾਰਸੀ ਮਸਨਵੀ ਦਾ ਪ੍ਰਭਾਵ ਗ੍ਰਹਿਣ ਨਹੀਂ ਕੀਤਾ। ਉਸ ਦੀ "ਸੱਦ" ਭਾਰਤੀ ਪਰੈਪਰਾ ਨੂੰ ਅਪਣਾਉਂਦੀ ਹੈ। ਉਹ ਨਾਇਕ-ਨਾਇਕਾ ਦਾ ਨਖਸ਼ਿਖ ਰਣਨ ਨਹੀਂ ਕਰਦਾ ਸਗੋਂ ਉਨ੍ਹਾਂ ਦੀ ਖ਼ੂਬਸੂਰਤੀ ਦਾ ਬਿਆਨ ਪਰੋਖ ਢੰਗ ਨਾਲ ਕਰਦਾ ਹੈ। ਆਪਣੇ ਕਿੱਸੇ ਦੀ ਨਾਇਕਾ "ਸਾਹਿਬਾਂ" ਦੀ ਸੁੰਦਰਤਾ ਦਾ ਵਰਣਨ ਉਹ ਇਸ ਤਰ੍ਹਾਂ ਕਰਦਾ ਹੈ :

ਸਾਹਿਬਾਂ ਗਈ ਤੇਲ ਨੂੰ ਗਈ ਪਸਾਰੀ ਦੀ ਹੱਟ।
ਫੜ ਨ ਜਾਣੇ ਤੱਕੜੀ ਹਾੜ ਨ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆ ਦਿੱਤਾ ਸ਼ਹਿਦ ਪਲੱਟ
ਵਣਜ ਗਵਾ ਲਏ ਬਾਣੀਆਂ ਬਲਦ ਗਵਾ ਲਏ ਜੱਟ।

ਅਹਿਮਦ ਕੁਰੈਸ਼ੀ ਦਾ ਵਿਚਾਰ ਹੈ ਕਿ ਇਸ ਕਿੱਸੇ ਕਾਰਨ ਪੀਲੂ ਦੀ ਬਹੁਤ ਸ਼ੁਹਰਤ ਹੋਈ ਅਤੇ ਪਿਛੋਂ ਆਉਣ ਵਾਲੇ ਕਵੀਆਂ ਨੇ ਉਸਨੂੰ ਬਹੁਤ ਸਤਿਕਾਰ ਦਿੱਤਾ। ਮੌਲਾ ਬਖ਼ਸ਼ ਕੁਸ਼ਤਾ ਪੀਲੂ ਦੀ ਕਾਵਿ ਕਲਾ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ

ਕਿ ਉਸਦੇ ਕਲਾਮ ਵਿਚ ਬਹੁਤ ਸੋਜ਼ ਅਤੇ ਰਵਾਨੀ ਹੈ। ਉਸਨੇ ਤਸ਼ਬੀਹਾਂ, ਇਸਤਿਆਰੇ ਅਤੇ ਮੁਹਾਵਰੇ ਬਹੁਤ ਸੋਹਣੇ ਵਰਤੇ ਹਨ । (ਪੰਜਾ ਸ਼ਰਏਰਾਂ ਦਾ ਤਜ਼ਕਰਾ, ਪੰਨਾ 58)

"ਮਿਰਜ਼ਾ ਸਾਹਿਬਾਂ" ਦੀ ਕਹਾਣੀ ਦੇ ਕਈ ਰੂਪਾਂਤਰ ਪ੍ਰਾਪਤ ਹੁੰਦੇ ਹਨ। ਸਵਿਨਰਟ ਨੇ ਵਿਚ ਜੋ ਵਾਰਤਾ ਪੇਸ਼ ਕੀਤੀ ਹੈ, ਉਸ ਵਿਚ ਪੀਲੂ ਦਾ ਉੱਲੇਖ ਤਾਂ ਹੈ ਪਰ ਕਹਾਣੀ ਕਾਫ਼ੀ ਵੱਖਰੀ ਹੈ, ਨਾਵਾਂ--ਥਾਵਾਂ ਵਿਚ ਵੀ ਕਾਫ਼ੀ ਫ਼ਰਕ ਹੈ । ਬਾਵਾ ਬੁੱਧ ਸਿੰਘ ਨੇ ਰਿਚਰਡ ਟੈਂਪਲ ਦੀ ਪੁਸਤਕ ਵਿਚੋਂ ਇਸ ਕਿੱਸੇ ਦਾ ਜੋ ਮਤਨ ਉਤਾਰਿਆ ਹੈ, ਉਹ ਕਾਫ਼ੀ ਉਘੜ-ਦੁਘੜਾ ਅਤੇ ਨਾਮੁਕੰਮਲ ਹੈ। ਇਸ ਦੇ ਪਹਿਲੇ ਬੰਦ ਵਿਚ ਥੀਵੇ ਖਾਨ ਦੇ ਘਰ ਸਾਹਿਬਾਂ ਦਾ ਜਨਮ ਦੱਸਿਆ ਗਿਆ ਹੈ, ਦੂਜੇ ਬੈਦ ਵਿਚ ਖਰਲਾਂ ਦੇ ਘਰ ਮਿਰਜ਼ੇ ਦੇ ਜਨਮ ਦੀ ਸੂਚਨਾ ਦਿੱਤੀ ਗਈ ਹੈ ਅਤੇ ਤੀਜੇ ਬੰਦ ਵਿਚ ਮਸੀਤੇ ਪੜ੍ਹਦਿਆਂ ਮਿਰਜ਼ਾ ਅਤੇ ਸਾਹਿਬਾਂ ਦੇ ਪ੍ਰੇਮ ਦਾ ਜ਼ਿਕਰ ਹੈ। ਇਸ ਤਰ੍ਹਾਂ ਪੀਲੂ ਦੀ ਕਹਾਣੀ ਬੜੀ ਤੇਜ਼ ਛੜੱਪੇ ਮਾਰਦੀ ਹੋਈ ਅੱਗੇ ਵਧਦੀ ਜਾਂਦੀ ਹੈ। ਪੀਲੂ ਕਿੱਸਾ ਕਾਵਿ ਦੀ ਪਰੰਪਰਾ ਦਾ ਪਾਲਣ ਕਰਦਿਆਂ ਹੋਇਆਂ ਇਸਤ੍ਰੀ-ਨਿੰਦਾ ਵੀ ਕਰ ਜਾਂਦਾ ਹੈ। ਜਿਵੇਂ :

ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ।
ਹਸ ਹਸ ਲਾਉਂਦੀਆਂ ਯਾਰੀਆਂ, ਰੋ ਕੇ ਦੇਵਣ ਦੱਸ ।
ਜਿਸ ਘਰ ਲਾਈਏ ਦੋਸਤੀ, ਮੂਲ ਨ ਘੱਤੇ ਲੱਤ ।
ਲੱਖੀਂ ਹੱਥ ਨਾ ਆਂਵਦੀ ਦਾਨਸ਼ਮੰਦਾਂ ਦੀ ਪੱਤ ।

pIਲੂ ਦੀ ਕਾਵਿ ਸਮਰੱਥਾ ਬੜੀ ਹੈਰਾਨੀਜਨਕ ਹੈ। ਉਹ ਬੜੇ ਸੂਤਰਬੱਧ ਢੰਗ ਨਾਲ ਘਟਨਾਵਾਂ ਦੀ ਗਤੀ ਨੂੰ ਵਿਉਂਤਬੱਧ ਕਰਦਾ ਹੋਇਆ ਆਪਣੇ ਕਿੱਸੇ ਨੂੰ ਅੱਗੇ ਵਧਾਉਂਦਾ ਹੈ। ਸਾਹਿਬਾਂ ਨੂੰ ਕੱਢ ਕੇ ਲੈ ਜਾਣ ਵਾਸਤੇ ਮਿਰਜ਼ਾ ਆਪਣੀ ਧਰਮ-ਮਾਸੀ ਬੀਬੋ ਦੇ ਘਰ ਪਹੁੰਚ ਕੇ ਉਸ ਤੋਂ ਸਹਾਇਤਾ ਮੰਗਦਾ ਹੈ ਤਾਂ ਉਹ ਬਹਾਨੇ ਨਾਲ ਸਾਹਿਬਾਂ ਨੂੰ ਆਪਣੇ ਘਰ ਬੁਲਾ ਕੇ ਮਿਰਜ਼ੇ ਨਾਲ ਮਿਲਾ ਦਿੰਦੀ ਹੈ। ਪੀਲੂ ਨੇ ਇਸ ਘਟਨਾ ਦਾ ਵਰਣਨ ਬੜੇ ਕਲਾਤਮਕ ਢੰਗ ਨਾਲ ਕੀਤਾ ਹੈ। ਦੇਖੋ :

ਚੀਰੇ ਵਾਲਾ ਛੋਕਰਾ ਬੀਬੋ ਅੰਦਰ ਕੌਣ ਖੜਾ।
ਮਿਰਜ਼ਾ ਫੁੱਲ ਗੁਲਾਬ ਦਾ ਮੇਰੀ ਝੋਲ ਟੁੱਟ ਪਿਆ।

ਇਸ ਰਚਨਾ ਵਿਚ ਅਤਿਸ਼ੋਕਤੀ ਅਲੰਕਾਰ ਦੇ ਮਾਧਿਅਮ ਦੁਆਰਾ ਪੀਲੂ ਨੇ ਮਿਰਜ਼ੇ ਦੇ ਆਤਮ-ਵਿਸ਼ਵਾਸ ਅਤੇ ਸੂਰਮਗਤੀ ਨੂੰ ਬਿਆਨ ਕੀਤਾ ਹੈ । ਪੀਲੂ ਰਚਿਤ ਕਈ ਪੰਕਤੀਆਂ ਪੰਜਾਬੀ ਲੋਕਾਂ ਦੀ ਸੂਰਮਗਤੀ ਦਾ ਇਕ ਸਹਿਜ-ਪ੍ਰਮਾਣ ਬਣ ਗਈਆਂ ਹਨ। ਜਿਵੇਂ : ਕੰ ਲੰਮੇ ਖੁਰ ਪਤਲੇ ਦੁਮ ਬੱਗੀ ਦੀ ਸਿਆਹ।

ਦੇਖ ਕੇ ਇਸ ਦੀ ਤੋਰ ਨੂੰ ਝੋਰੇ ਚਿੱਤ ਨਾ ਪਾ।
ਦਸ ਮਹੀਆਂ ਦਾ ਘਿਉ ਦਿੱਤਾ ਬੱਗੀ ਦੇ ਢਿਡ ਪਾ।

ਬੱਗੀ ਤੋਂ ਡਰਨ ਫਰੇਸ਼ਤੇ, ਮੈਥੋਂ ਡਰੇ ਖੁਦਾ।

ਪੀਲੂ ਨੇ ਜੀਵਨ ਦੀ ਨਾਸ਼ਮਾਨਤਾ ਦੇ ਸੈਦਰਭ ਨਾਲ ਆਪਣੀ ਇਸ ਰਚਨਾ ਦਾ ਅੰਤ ਕੀਤਾ ਹੈ। ਇਹ ਰੁਚੀ ਕਿੱਸਿਆਂ ਦੀ ਟੈਕਸਟ ਨੂੰ ਇਸ਼ਕ ਮਜਾਜ਼ੀ ਦੇ ਭਾਵਾਂ ਤੋਂ ਉਪਰ ਚੁਕ ਕੇ ਇਸ਼ਕ ਹਕੀਕੀ ਦੇ ਜਗਤ ਨਾਲ ਜੋੜਨ ਦੀ ਵਿਧੀ ਦੇ ਪ੍ਰਮਾਣ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਦੇਖੋ :

ਪੀਲੂ ਪੁੱਛੇ ਸ਼ਾਇਰਾਂ ! ਕਿਤ ਵੱਲ ਗਿਆ ਜਹਾਨ ।
ਲਗ ਲਗ ਗਈਆਂ ਮਜਲਸਾਂ ਬਹਿ ਬਹਿ ਗਏ ਦੀਵਾਨ ।
ਮਿਰਜ਼ਾ ਮਾਰਿਆ ਮਲਕੁਲ ਮੌਤ ਨੇ ਕੁਝ ਮਾਰਿਆ ਖ਼ੁਦੀ ਗੁਮਾਨ।
ਵਿਚ ਕਬਰਾਂ ਦੇ ਖਪ ਗਿਆ ਮਿਰਜ਼ਾ ਸੋਹਣਾ ਜੁਆਨ।

pIਲੂ ਨੇ ਆਪਣੀ ਇਸ ਰਚਨਾ ਵਿਚ ਕੇਂਦਰੀ ਪੰਜਾਬੀ ਦਾ ਬੜਾ ਢੁੱਕਵਾਂ ਪਯੋਗ ਕੀਤਾ ਹੈ। ਉਸ ਦੀ ਬੋਲੀ ਉਤੇ ਫ਼ਾਰਸੀ, ਸੰਸਕ੍ਰਿਤ, ਬ੍ਰਜੀ ਜਾਂ ਸਾਧਭਾਖਾ ਦਾ ਕੋਈ ਪ੍ਰਭਾਵ ਨਹੀਂ ਹੈ। ਇਹ ਉਹ ਬੋਲੀ ਹੈ, ਜਿਸ ਨੂੰ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਪਿੰਡਾਂ ਵਿਚ ਲਗਪਗ ਉਸੇ ਤਰ੍ਹਾਂ ਬੋਲਿਆ ਜਾਂਦਾ ਹੈ। ਪੀਲੂ ਦਾ ਪ੍ਰਗਟਾ-ਢੰਗ ਸਿੱਧਾ, ਸਰਲ ਅਤੇ ਸਹਿਜ ਹੈ। ਇਸ ਵਿਚ ਬਣਾਉਟੀਪਣ ਨਹੀਂ। ਪੀਲੂ ਨੇ 'ਸੱਦ' ਵਿਚ ਆਪਣਾ ਇਹ ਕਿੱਸਾ ਰਚਿਆ ਜੋ ਉਸ ਸਮੇਂ ਦਾ ਇਕ ਪ੍ਰਸਿੱਧ ਛੰਦ ਸੀ ਅਤੇ ਪੀਲੂ ਤੋਂ ਵੀ ਬਹੁਤ ਸਮਾਂ ਪਹਿਲਾਂ ਮਧਕਾਲੀਨ ਕਵੀ ਇਸ ਦਾ ਪ੍ਰਯੋਗ ਕਰ ਰਹੇ ਸਨ । ਪੀਲੂ ਦੀ ਇਸ ਰਚਨਾ ਦੇ ਬੰਦ ਆਮ ਕਰਕੇ ਚਾਰ-ਤੁਕੀਏ ਹਨ ਪਰ ਕਿਧਰੇ-ਕਿਧਰੇ ਅਪਵਾਦ ਵੀ ਨਜ਼ਰ ਆ ਜਾਂਦਾ ਹੈ। ਪਹਿਲਾਂ ਰਿਵਾਜ ਚਾਕ ਤੁਕੀਏ ਬੰਦ ਲਿਖਣ ਦਾ ਹੀ ਸੀ ਪਰੰਤੂ ਪਿਛੋਂ ਜਾ ਕੇ ਇਹ ਪਾਬੰਦੀ ਢਿੱਲੀ ਪੈਂਦੀ ਗਈ। ਬੀਰ ਅਤੇ ਕਰੁਣਾ ਰਸ ਦੇ ਨਿਭਾਉ ਲਈ ਇਹ ਛੰਦ ਬੜਾ ਢੁੱਕਵਾਂ ਹੈ। ਇਹ ਇਕ ਦੁਖਾਂਤਿਕ ਰਚਨਾ ਹੈ। ਇਸ ਵਿਚ ਬੀਰ ਰਸ ਦੀ ਪ੍ਰਮੁਖਤਾ ਹੈ। ਉੱਜ ਪ੍ਰਸੈਗਵਸ ਹੋਰ ਰਸ ਵੀ ਪੇਸ਼ ਹੋਏ ਹਨ। ਮਿਰਜ਼ਾ ਸਾਹਿਬਾਂ ਦਾ ਇਹ ਦੁਖਾਂਤ ਉਸ ਸਮੇਂ ਦੇ ਸਮਾਜ ਵਿਚ ਪਿਆਰ ਦਾ ਦੁਖਾਂਤ ਬਣ ਕੇ ਪੇਸ਼ ਹੁੰਦਾ ਹੈ । ਮਿਰਜ਼ੇ ਦੁਆਰਾ ਸਾਹਿਬਾਂ ਨੂੰ ਉਧਾਲਣ ਦੇ ਪਿੱਛੇ ਨਾਇਕ ਦੀ ਸੂਰਮਗਤੀ ਦਾ ਰਵਾਇਤੀ ਸੈਕਲਪ ਕੰਮ ਕਰ ਰਿਹਾ ਸੀ । ਇਸੇ ਕਾਰਨ ਪੰਜਾਬ ਦੇ ਲੋਕਾਂ ਵਿਚ ਇਹ ਕਿੱਸਾ ਬਹੁਤ ਮਕਬੂਲ ਹੋਇਆ ਹੈ । ਮਿਰਜ਼ਾ, ਸਾਹਿਬਾਂ ਨੂੰ ਆਪਣੀ "ਸੰਗ" ਸਮਝ ਕੇ ਉਸ ਨੂੰ ਉਧਾਲਣ ਵਾਸਤੇ ਆਇਆ । ਸਵਿਨਰਟਨ ਦੀ ਕਹਾਣੀ ਵਿਚ ਮਿਰਜ਼ੇ ਦੀ ਮਾਂ ਉਸ ਨੂੰ ਕਹਿੰਦੀ ਹੈ ਕਿ ਮੇਰੀ ਕੁਖ ਤਾਂ ਸਫ਼ਲੀ ਹੋਵੇਗੀ ਜੇ ਤੂੰ ਸਾਹਿਬਾਂ ਨੂੰ ਉਧਾਲ ਕੇ ਲਿਆਵੇਂ ਅਤੇ ਸਿਆਲਾਂ ਦੀ ਜੂਹ ਤੋਂ ਘੱਟੋ ਘੱਟ ਪੇਜ ਕੋਹ ਦੂਰ ਨਿਕਲ ਕੇ ਮਰੇਂ। ਇਸੇ ਤਰ੍ਹਾਂ ਹੋਇਆ ਪਰ ਮਿਰਜ਼ਾ ਮੌਤ ਨੂੰ ਆਪਣੇ ਬਿਲਕੁਲ ਸਾਹਮਣੇ ਖੜੀ ਵੇਖ ਕੇ ਵੀ ਡੋਲਿਆ ਜਾਂ ਘਬਰਾਇਆ ਨਹੀਂ । ਉਹ ਪੰਜਾਬੀ ਚਰਿੱਤਰ ਦੀ ਇਸੇ ਦ੍ਰਿੜ੍ਹਤਾ ਅਤੇ ਨਿਡਰਤਾ ਦਾ ਪ੍ਰਤੀਕ ਸੀ ਅਤੇ ਇਸੇ ਕਾਰਨ ਉਹ ਬਹੁਤ ਦੇਰ ਤਕ ਪੰਜਾਬੀ ਲੋਕਾਂ ਦੇ ਦਿਲਾਂ ਉਪਰ ਰਾਜ ਕਰਦਾ ਰਿਹਾ ਹੈ। ਮਿਰਜ਼ੇ ਦੇ ਏਨੇ ਜਾਨਦਾਰ ਚਰਿੱਤਰ ਨੂੰ ਪੇਸ਼ ਕਰਨਾ ਹੀ ਪੀਲੂ ਦੀ ਕਾਵਿ-ਸਮਰੱਥਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ।

ਪੀਲੂ ਨੇ ਸਾਹਿਬਾਂ ਦੇ ਚਰਿਤਰ ਨੂੰ ਵੀ ਬੜੇ ਅਨੋਖੇ ਅੰਦਾਜ਼ ਵਿਚ ਚਿਤਰਿਆ ਹੈ। ਉਸ ਅਨੁਸਾਰ ਸਾਹਿਬਾਂ ਆਪਣੇ ਮਹਿਬੂਬ ਮਿਰਜ਼ੇ ਨੂੰ ਮਿਲਣ ਵਾਸਤੇ ਚਾਰ-ਚੁਫੇਰੇ ਸੁੰਨ-ਮਸੁੰਨ ਅਤੇ ਨਾਸ਼ਮਾਨਤਾ ਦੀ ਕਲਪਣਾ ਕਰਦੀ ਹੈ। ਇਸ ਪ੍ਰਸੰਗ ਤਿ 'ਚ ਕਵੀ ਦੀਆਂ ਹੇਠ ਲਿਖਤ ਪੰਕਤੀਆਂ ਅੱਜ ਵੀ ਬੜੀਆਂ ਮਕਬੂਲ ਹਨ :

ਹੁਜਰੇ ਸ਼ਾਹ ਮੁਕੀਮ ਦੇ, ਇਕ ਜੱਟੀ ਅਰਜ਼ ਕਰੇ
ਮੈਂ ਬਕਰਾ ਦੇਵਾਂ ਪੀਰ ਦਾ, ਜੇ ਸਿਰ ਦਾ ਕੰਤ ਮਰੇ।
ਪੰਜ ਸੱਤ ਮਰਨ ਗੁਆਂਢਣਾਂ, ਰਹਿੰਦੀਆਂ ਨੂੰ ਤਾਪ ਚੜ੍ਹੇ ।
ਹੱਟੀ ਢਹੇ ਕਰਾੜ ਦੀ, ਜਿੱਥੇ ਦੀਵਾ ਨਿੱਤ ਬਲੇ ।
ਕੁੱਤੀ ਮਰੇ ਫ਼ਕੀਰ ਦੀ, ਜਿਹੜੀ ਚਊਂ-ਚਊਂ' ਨਿਤ ਕਰੇ।
ਗਲੀਆਂ ਹੋਵਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ ।

ਹਾਫ਼ਿਜ਼ ਬਰਖ਼ੁਰਦਾਰ

ਹਾਫ਼ਿਜ਼ ਬਰਖ਼ੁਰਦਾਰ ਸ਼ਾਹ ਜਹਾਨ ਅਤੇ ਔਰੈਂਗਜ਼ੇਬ ਦਾ ਸਮਕਾਲੀ ਸੀ। ਉਸਦਾ ਜਨਮ 1030 ਹਿਜਰੀ ਦੇ ਆਸ-ਪਾਸ ਹੋਇਆ। ਉਸ ਨੇ ਮੁਢਲੀ ਵਿਦਿਆ ਆਪਣੇ ਪਿੰਡ "ਮੁਸਲਮਾਨੀ" (ਨੇੜੇ ਤਖ਼ਤ ਹਜ਼ਾਰਾ) ਵਿਚ ਪ੍ਰਾਪਤ ਕੀਤੀ। ਉਸਦਾ ਗੋਤ ਰਾਂਝਾ ਸੀ ਅਤੇ ਹੋਇਆ ਸੀ। ਉਸਦੀ ਤਮਾਮ ਉਮਰ ਪੜ੍ਹਨ-ਪੜ੍ਹਾਉਣ ਅਤੇ ਕਵਿਤਾਕਾਰੀ ਕਰਦਿਆਂ ਹੋਇਆਂ ਗੁਜ਼ਰੀ । ਹਾਫ਼ਿਜ਼ ਬਰਖ਼ੁਰਦਾਰ ਦੇ ਪ੍ਰਸਿੱਧ ਕਿੱਸਿਆਂ ਦੀ ਸੂਚੀ ਇਸ ਪ੍ਰਕਾਰ ਹੈ : ਸਸੀ ਪੁਨੂੰ, ਮਿਰਜ਼ਾ ਸਾਹਿਬਾਂ ਅਤੇ ਯੂਸਫ ਜ਼ੁਲੈਖਾ। ਇਸ ਤੋਂ ਬਿਨਾਂ ਉਸ ਨੇ ਕੁਝ ਧਾਰਮਿਕ ਵੈਨਗੀ ਦੇ ਸਾਹਿੱਤ ਦੀ ਰਚਨਾ ਵੀ ਕੀਤੀ, ਜੋ " ਅਨਵਾਏ ਬਰਖ਼ੁਰਦਾਰ" ਵਿਚ ਸੈਕਲਿਤ ਹੈ। "ਹਾਫ਼ਿਜ਼ ਬਰਖ਼ੁਰਦਾਰ" ਤੋ ਪਹਿਲਾਂ ਹੋਏ ਕਿੱਸਾ ਕਵੀ ਸਹਿਜ-ਸੁਭਾਵਿਕ ਅੰਦਾਜ਼ ਵਿਚ ਕਵਿਤਾ ਰਚਦੇ ਸਨ ਪਰੰਤੂ ਬਾਅਦ ਵਿਚ ਕਿੱਸਾ ਕਾਵਿ ਦੀਆਂ ਕੁਝ ਰਵਾਇਤਾਂ ਸਥਾਪਿਤ ਹੋ ਗਈਆਂ। ਇਸ ਕਾਰਨ ਬਹੁਤੇ ਕਿੱਸਾ ਕਵੀ ਰਵਾਇਤੀ ਹੋਣ ਲੱਗਦੇ ਹਨ। ਹਾਫ਼ਿਜ਼ ਬਰਖ਼ੁਰਦਾਰ ਦਾ ਅੰਦਾਜ਼ ਵੀ ਰਵਾਇਤੀ ਨਜ਼ਰ ਆਉਂਦਾ ਹੈ। ਰਵਾਇਤੀ ਕਿਸਮ ਦੇ ਕਿੱਸਾ ਕਵੀ ਮੁਸਲਮਾਨ ਜਾਗੀਰਦਾਰਾਂ ਦੇ ਮਨ-ਪਰਚਾਵੇ ਲਈ ਕਿੱਸੇ ਰਚਣ ਲੱਗੇ ਸਨ। ਹਾਫ਼ਿਜ਼ ਬਰਖ਼ੁਰਦਾਰ ਨੇ 1090 ਹਿਜਰੀ ਵਿਚ ਆਪਣਾ ਕਿੱਸਾ 'ਯੂਸਫ ਜ਼ੁਲੈਖਾਂ ਲਿਖਿਆ ਅਤੇ ਨਵਾਬ ਜਾਫ਼ਰ ਖਾਨ ਤੋਂ ਇਨਾਮ ਪ੍ਰਾਪਤ ਕੀਤਾ। ਹਾਫ਼ਿਜ਼ ਬਰਖ਼ੁਰਦਾਰ ਨੇ ਪੀਲੂ ਦੇ ਕਿੱਸੇ "ਮਿਰਜ਼ਾ ਸਾਹਿਬਾਂ" ਨੂੰ ਮੁਕੰਮਲ ਕੀਤਾ ਅਰਥਾਤ ਇਸ ਵਿਚ ਰਹਿ ਗਏ ਕੁਝ ਖੱਪਿਆਂ ਨੂੰ ਪੂਰਿਆ। ਇਸ ਕਰਕੇ ਦੋਹਾਂ ਕਿੱਸਿਆਂ ਦਾ ਬਿਰਤਾਂਤ ਇਕ-ਦੂਜੇ ਵਿਚ ਰਲ-ਮਿਲ ਗਿਆ ਹੈ। ਇਹ ਕਿੱਸਾ, ਲੋਕ-ਕਿੱਸਾਕਾਰੀ ਅਤੇ ਰਵਾਇਤੀ ਕਿੱਸਾਕਾਰੀ ਦਾ ਇਕ ਸੁਮੇਲ ਹੈ, ਜਦੋਂ ਕਿ ਹਾਫ਼ਿਜ਼ ਦੇ ਬਾਕੀ ਕਿੱਸੇ ਰਵਾਇਤੀ ਪ੍ਰਕਾਰ ਦੇ ਹਨ। "ਯੂਸਫ਼ ਜ਼ੁਲੈਖਾ" ਦੀ ਰਚਨਾ ਹੋਣ ਨਾਲ ਪੰਜਾਬੀ ਕਿੱਸਿਆਂ ਉਤੇ ਫ਼ਾਰਸੀ ਪ੍ਰਭਾਵ ਪੈਣ ਲੱਗਦਾ ਹੈ ਅਤੇ ਸਾਡੇ ਕਵੀ ਵਿਸ਼ੇ-ਵਸਤੂ ਤੇ ਰਚਨਾ-ਵਿਧੀ ਦੇ ਪ੍ਰਸੰਗ ਵਿਚ ਫ਼ਾਰਸੀ ਕਿੱਸਾ ਪਰੰਪਰਾ ਦਾ ਭਰਪੂਰ ਪ੍ਰਯੋਗ

ਕਰਨ ਲੱਗਦੇ ਹਨ। ਅਲੰਕਾਰਾਂ ਅਤੇ ਬਿਆਨ ਦੀ ਮੌਲਿਕਤਾ ਲੋਪ ਹੋਣ ਲੱਗਦੀ ਹੈ ਅਤੇ ਕਾਵਿ-ਸ਼ੈਲੀ ਉਤੇ ਰਸਮੀ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਇਸ ਪ੍ਰਸੈਗ ਵਿਚ ਹਾਫ਼ਿਜ਼ ਦੀ ਕਾਵਿ-ਸ਼ੈਲੀ ਦਾ ਇਕ ਨਮੂਨਾ ਵੇਖੋ :

ਸੂਰਤ ਏਸ ਹਿਸਾਬੋਂ ਬਾਹਰ ਕਿਆ ਕਿਆ ਸਿਫਤ ਕਜੀਵੇ
ਮੂੰਹ ਮਹਿਤਾਬ, ਸਨੋਬਰ ਕਾਮਤ, ਅਖੀਂ ਰੋਸ਼ਨ ਦੀਵੇ ।
ਪਲਕਾਂ ਤੀਰ, ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।
ਠੋਡੀ ਸੇਬ, ਅਲਫ਼ ਜੋ ਬੱਤੀ, ਲੌਂਗ ਅਨਾਬ ਸਮਾਵੇ ।
ਗੁਲ ਲਾਲੇ ਤੋਂ ਰੋਗ ਸਵਾਇਆ, ਦੇਖ ਪਰੀ ਸ਼ਰਮਾਵੇ ।

ਹਾਫ਼ਿਜ਼ ਬਰਖ਼ੁਰਦਾਰ ਨਖਸ਼ਿਖ ਵਰਣਨ ਵਿਧੀ ਦਾ ਭਰਪੂਰ ਪ੍ਰਯੋਗ ਕਰਦਾ ਹੈ। ਉਹ ਸੁੰਦਰਤਾ ਦੇ ਕਾਮੁਕ (0000) ਧਰਾਤਲ ਦੀ ਪੇਸ਼ਕਾਰੀ ਵੀ ਬੜੀ ਸਫ਼ਲਤਾ ਨਾਲ ਕਰ ਜਾਂਦਾ ਹੈ। ਸਾਹਿਬਾਂ ਦੀ ਸੁੰਦਰਤਾ ਦਾ ਬਿਆਨ ਕਰਨ ਸਮੇਂ ਉਹ ਨਿਰਸੰਕੋਚ ਹੋ ਕੇ ਉਸਦੇ ਅੰਗ- ਅਗ ਦਾ ਕਾਮੁਕ ਵਰਣਨ ਕਰਦਾ ਹੈ। ਦੇਖੋ :

ਉਹਦੇ ਤਿੱਖੇ ਨੈਣ ਕਟਾਰੀਆਂ, ਦੁਸਰ ਘਾਉ ਕਰੈਨ ।
ਜਿਉਂ ਤੇਜ਼ੀ ਸੂਰਜ ਸਾਹਮਣੇ, ਲਾਟਾਂ ਨੈਣ ਮਚੈਨ ।
ਉਹਦੇ ਪੱਟ ਚੰਦਨ ਦੀਆਂ ਗੈਲੀਆਂ, ਚਿਣਗੇ ਮੁਸ਼ਕ ਛੜੈਨ ।
ਉਹਦੀ ਧੁੰਨੀ ਤੁੰਗ ਸ਼ਰਾਬ ਦੀ, ਆਸ਼ਕ ਘੁੱਟ ਭਰੈਨ ।
ਉਹਦੇ ਸੀਨੇ ਤੇ ਦੋ ਡੱਥੀਆਂ, ਆਸ਼ਕ ਮਸਤ ਕਰੈਨ ।
ਉਪਰ ਭੋਛਣ ਕੱਢਵਾਂ ਵਿਚ ਤਿਲੀਅਰ ਚੋਗ ਚੁਰੀਨ।

ਹਾਫ਼ਿਜ਼ ਬਰਖ਼ੁਰਦਾਰ ਨੇ 'ਸੱਸੀ ਪੁਨੂੰ" (1758 ਈ.) ਦਾ ਕਿੱਸਾ ਵੀ ਲਿਖਿਆ। ਇਹ ਕਿੱਸਾ ਪੂਰਾ ਨਹੀਂ ਹੈ। ਇਸ ਦੇ ਕੁਲ 51 ਬੰਦ ਮਿਲਦੇ ਹਨ । ਹਾਫ਼ਿਜ਼ ਦੀਆਂ ਤਿੰਨ ਸੀਹਰਫ਼ੀਆਂ ਅਤੇ ਇਕ ਬਾਰਾਮਾਹ ਵੀ ਮਿਲਦੇ ਹਨ । ਉਸ ਨੇ ਫ਼ਾਰਸੀ ਮਸਨਵੀ ਦਾ ਡੂੰਘਾ ਪ੍ਰਭਾਵ ਗ੍ਰਹਿਣ ਕੀਤਾ। ਉਸ ਨੇ ਈਰਾਨੀ ਰੰਗ ਵਿਚ ਰੂਪ-ਚਿਤ੍ਰਣ ਦੀ ਪਹਿਲ ਕੀਤੀ ਜਿਸ ਨੂੰ ਉਸ ਤੋਂ ਪਿੱਛੋਂ ਆਉਣ ਵਾਲੇ ਬਹੁਤ ਸਾਰੇ ਕਿੱਸਾ ਕਵੀਆਂ ਨੇ ਨਿਭਾਇਆ। ਉਸ ਨੇ "ਯੂਸਫ਼ ਜ਼ੁਲੈਖਾ" ਕਿੱਸੇ ਦੀ ਉਸਾਰੀ ਜਾਮੀ ਦੇ "ਯੂਸਫ਼ ਜ਼ੁਲੈਖਾ" ਅਨੁਸਾਰ ਕੀਤੀ। ਡਾ. ਮੋਹਨ ਸਿੰਘ, ਹਾਫ਼ਿਜ਼ 'ਬਰਖ਼ੁਰਦਾਰ ਨੂੰ ਮਹਾਨ ਸਾਹਿੱਤਕਾਰ ਮੰਨਦਾ ਹੈ ਜਿਸ ਨੇ ਸ਼ਹਿਜ਼ਾਦਿਆਂ ਤੇ ਕਿਰਸਾਣਾਂ, ਅਨਪੜ੍ਹ ਲੋਕਾਂ ਅਤੇ ਵਿਦਵਾਨ ਮੌਲਾਣਿਆਂ ਉਤੇ ਇਕ-ਸਮਾਨ ਪ੍ਰਭਾਵ ਪਾਇਆ। ਉਸਨੇ ਪੰਜਾਬੀ ਭਾਸ਼ਾ ਦੇ ਮਾਧਿਅਮ ਦੁਆਰਾ ਸਾਹਿਤ ਪ੍ਰਚਾਰ ਅਤੇ ਧਰਮ ਪ੍ਰਚਾਰ ਕੀਤਾ। ਉਸਨੂੰ ਇਸਲਾਮੀ

ਧਰਮ ਤੇ ਫ਼ਿਕਹ ਦਾ ਪੂਰਾ ਗਿਆਨ ਸੀ ਅਤੇ ਉਸ ਨੇ ਆਪਣੇ ਸਾਹਿਤਿਕ ਬਲ ਨਾਲ ਇਕ ਤੋਂ ਪਿਛੋਂ ਦੂਜੀ ਰਚਨਾ ਕਰਕੇ ਪੰਜਾਬੀ ਸਾਹਿੱਤ ਦੇ ਭੰਡਾਰ ਨੂੰ ਭਰਪੂਰ ਕੀਤਾ। ਇਹ ਕਵੀ ਔਰੰਗਜ਼ੇਬ ਦੇ ਕਾਲ ਵਿਚ ਹੋਇਆ। ਇਸ ਨੇ ਪਹਿਲੀ ਵਾਰ "ਕਿੱਸਾ ਹੀਰ ਰਾਂਝਾ" ਬੈਂਤ ਛੰਦ ਵਿਚ ਲਿਖਿਆ। ਅਹਿਮਦ ਹੁਸੈਨ ਕੁਰੈਸ਼ੀ ਅਨੁਸਾਰ ਕਿੱਸਾ ਕਾਵਿ ਦੀ ਜਿਹੜੀ ਪਰੰਪਰਾ ਹਾਫ਼ਿਜ਼ ਬਰਖ਼ੁਰਦਾਰ ਨਾਲ ਸ਼ੁਰੂ ਹੋਈ, ਉਹ ਅਹਿਮਦ ਦੇ ਕਿੱਸੇ "ਹੀਰ ਰਾਂਝਾ" ਨਾਲ ਆਪਣੇ ਸਿਖਰ ਉਤੇ ਪਹੁੰਚਦੀ ਹੈ ਅਤੇ ਪਿਛੋਂ ਆਉਣ ਵਾਲੇ ਕਵੀਆਂ ਲਈ ਮੀਲ- ਪੱਥਰ ਦਾ ਕੰਮ ਕਰਦੀ ਹੈ। ਅਹਿਮਦ ਨੇ ਆਪਣਾ ਇਹ ਕਿੱਸਾ 1692 ਈ. ਵਿਚ ਸੰਪੂਰਨ ਕੀਤਾ। ਮੁਕਬਲ ਅਤੇ ਵਾਰਿਸ ਨੇ ਇਸੇ ਕਿੱਸੇ ਦੀ ਨੀਂਹ ਉਤੇ ਹੀ ਸੁੰਦਰ ਭਵਨ ਉਸਾਰੇ। ਇਨ੍ਹਾਂ ਦੋਹਾਂ ਕਵੀਆਂ ਨੇ ਅਹਿਮਦ ਦੇ ਕਿੱਸੇ ਦੀ ਕਥਾ-ਵਸਤੂ ਦਾ ਖੁਲ੍ਹਾ ਪ੍ਰਯੋਗ ਕੀਤਾ। ਅਹਿਮਦ ਦਾ ਵਾਰਿਸ ਉਤੇ ਏਨਾ ਪ੍ਰਭਾਵ ਸੀ ਕਿ ਦੋਹਾਂ ਦੇ ਕਲਾਮ ਵਿਚ ਬਹੁਤ ਤੁਕਾਂ ਮਿਲਦੀਆਂ- ਜੁਲਦੀਆਂ ਹਨ। ਅਹਿਮਦ ਨੇ ਦਮੋਦਰ ਦੀ ਪਰੰਪਰਾ ਦਾ ਅਨੁਸਰਣ ਕਰਦਿਆਂ ਹੋਇਆਂ ਹੀਰ ਤੇ ਰਾਂਝੇ ਨੂੰ ਮੱਕੇ ਵੱਲ ਜਾਂਦਿਆਂ ਵਿਖਾਇਆ ਹੈ, ਜਦੋਂ ਕਿ ਮੁਕਬਲ ਅਤੇ ਵਾਰਿਸ ਦੁਖਾਂਤ ਦੀ ਸਿਰਜਣਾ ਕਰਦੇ ਹਨ। ਅਹਿਮਦ ਆਪਣੇ ਕਿੱਸੇ ਦਾ ਅੰਤ ਕਰਦਾ ਹੋਇਆ ਲਿਖਦਾ ਹੈ :

ਡਿੱਠੇ ਹਾਜੀਆਂ ਮੱਕੇ ਦੇ ਰਾਹ ਤਿੰਨੇ, ਰਾਂਝਾ, ਹੀਰ ਤੇ ਨਾਲ ਸੀ ਮੱਝ ਬੂਰੀ।
ਰਾਂਝਾ ਰਾਹ ਵਖਾਂਵਦਾ ਹਾਜੀਆਂ ਨੂੰ, ਹੀਰ ਵੈਂਡਦੀ ਲੰਗਰ ਦੇ ਵਿਚ ਚੂਰੀ।

ਅਹਿਮਦ ਗੁੱਜਰ ਨੇ ਆਪਣੇ ਕਿੱਸੇ ਹੀਰ-ਰਾਂਝਾ ਵਿਚ ਬਹੁਤ ਸਾਰੇ ਨਾਟਕੀ ਦ੍ਰਿਸ਼ਾਂ ਦੀ ਸਿਰਜਣਾ ਕੀਤੀ ਹੈ। ਜਦੋਂ ਰਾਂਝਾ ਜੋਗੀ ਦਾ ਰੂਪ ਧਾਰਨ ਕਰਕੇ ਹੀਰ ਦੇ ਸਹੁਰੇ ਪਿੰਡ ਰੰਗਪੁਰ ਖੇੜੇ ਜਾਂਦਾ ਹੈ ਤਾਂ ਉਸਦੀ ਖ਼ੂਬਸੂਰਤੀ ਨੂੰ ਦੇਖ ਕੇ ਉਥੋਂ ਦੀਆਂ ਕੁੜੀਆਂ ਅਚੰਭਿਤ ਹੋ ਜਾਂਦੀਆਂ ਹਨ ਅਤੇ ਉਹ ਜੋਗੀ ਬਣੇ ਰਾਂਝੇ ਨੂੰ ਮੋਹਿਤ ਕਰਨ ਲਈ ਬੜੇ ਕਾਮੁਕ ਅਤੇ ਉਤੇਜਨਾਮਈ ਸੰਕੇਤ ਕਰਦੀਆਂ ਹਨ। ਅਹਿਮਦ ਗੁਜਰ ਕਾਮੁਕ (੪੦੦੦) ਪ੍ਰਸੰਗਾਂ ਦੀ ਪੇਸ਼ਕਾਰੀ ਵਿਚ ਵੀ ਪੂਰੀ ਤਰ੍ਹਾਂ ਨਿਪੁੰਨ ਹੈ। ਇਕ ਪ੍ਰਮਾਣ ਦੇਖੋ :

ਨਜ਼ਰਬਾਜ਼ ਫਿਰਦਾ ਵਿਚ ਖੇੜਿਆਂ ਦੇ, ਜਾਏ ਅੱਤਣੀਂ ਪਾਉਂਦਾ ਝਾਤੀਆਂ ਨੀ।
ਇਕ ਹਸਦੀਆਂ ਖੇਡਦੀਆਂ ਗਾਉਂਦੀਆਂ ਨੇ, ਇਕ ਬੈਠੀਆਂ ਚੁੱਪ ਚੁਪਾਤੀਆਂ ਨੀ।
ਇਕ ਨਜ਼ਰ ਛੁਪਾ ਕੇ ਵੇਖਦੀਆਂ, ਇਕ ਜ਼ਾਹਰਾ ਮਾਰਦੀਆਂ ਝਾਤੀਆਂ ਨੀ।
ਇਕ ਕੱਢ ਘੁੰਗਟ ਸ਼ਰਮਾਉਂਦੀਆਂ ਨੀ, ਇਕ ਖੋਲ੍ਹ ਦਿਖਾਉਂਦੀਆਂ ਛਾਤੀਆਂ ਨੀ।

ਅਹਿਮਦ ਨੇ ਹੀ ਚੌਤੁਕੀਆ ਬੈਂਤ ਛੰਦ ਦੀ ਪਰੰਪਰਾ ਨੂੰ ਤੋੜਿਆ ਜਾਪਦਾ ਹੈ। ਉਸ ਨੇ ਕਈ ਵਾਰ ਇਕ-ਇਕ ਬੰਦ ਵਿਚ ਵੀਹ-ਵੀਹ ਤੁਕਾਂ ਲਿਖੀਆਂ। ਮਨਮਰਜ਼ੀ ਦੇ ਬੰਦ ਲਿਖਣ ਦੀ ਇਹ ਪਰੰਪਰਾ ਬਾਅਦ ਵਿਚ ਵਾਰਿਸ ਸ਼ਾਹ ਵਰਗੇ ਮਹਾਨ

ਕਵੀਆਂ ਦੇ ਬਹੁਤ ਕੌਮ ਆਈ। ਸਦੀਕ ਲਾਲੀ ਅਤੇ ਹਾਮਦ ਸਦੀਕ ਲਾਲੀ ਨੇ "ਯੂਸਫ਼ ਜ਼ੁਲੈਖਾ" (1138 ਹਿਜਰੀ) ਦੀ ਰਚਨਾ ਕੀਤੀ। ਉਹ ਇਕ ਧਰਮ-ਪ੍ਰਚਾਰਕ ਸੀ ਅਤੇ ਉਸ ਨੇ ਆਪਣਾ ਕਿੱਸਾ ਇਸਲਾਮ ਦੇ ਪ੍ਰਚਾਰ ਅਤੇ ਵਿਆਖਿਆ ਵਾਸਤੇ ਲਿਖਿਆ। ਉਹ ਮੁਹੈਮਦ ਸ਼ਾਹ ਦੇ ਰਾਜ-ਕਾਲ ਸਮੇਂ ਹੋਇਆ। ਹਾਮਦ ਸ਼ਾਹ ਅਬਾਸੀ ਨੇ 'ਕਿੱਸਾ ਹੀਰ ਰਾਂਝਾ" ਦੀ ਉਥਾਨਕਾ ਵਿਚ ਆਪਣੇ ਤੋਂ' ਪਹਿਲਾਂ ਹੋ ਚੁੱਕੇ ਕਿੱਸਾ ਕਵੀਆਂ ਅਹਿਮਦ, ਮੁਕਬਲ, ਬਾਗਾ ਕਾਦਰੀ, ਰਾਮਾ ਅਤੇ ਗੁਰਦਾਸ ਦੇ ਨਾਮ ਗਿਣਵਾਏ ਹਨ। "ਹੀਰ ਹਾਮਦ" 1191 ਹਿਜਰੀ ਵਿਚ ਸੰਪੂਰਨ ਹੋਈ। ਇਸ ਕਿੱਸੇ ਨੂੰ ਗਾਉਣ ਵਾਲਿਆਂ ਦੀ ਮੰਦੀ ਹਾਲਤ ਉੱਪਰ ਟਿੱਪਣੀ ਕਰਦਾ ਹੋਇਆ ਉਹ ਲਿਖਦਾ ਹੈ :

ਮੈਨੂੰ ਜ਼ਿਦ ਮੁੱਢੋਂ ਹੀਰ ਰਾਂਝੇ ਦੀ ਸੀ, ਬੁਰੀ ਬੋਲਦਾ ਨਿੱਤ ਜ਼ਬਾਨ ਮੀਆਂ।
ਜੱਟੀ ਜੱਟ ਉਧਾਲ ਲੈ ਗਿਆ ਸੀ ਜੀ, ਮੰਦੇ ਕੌਮ ਸੀ ਵਿਚ ਜਹਾਨ ਮੀਆਂ।
ਕਿਤੇ ਸਾਰੈਗੀ ਖੋਹ ਕੇ ਦੂਰ ਕੀਤੀ, ਗਾਵਣ ਵਾਲੜਾ ਪਕੜ ਖਰਾਬ ਕੀਤਾ।
ਕਿਤੇ ਵੰਝਲੀ ਖੋਹ ਕੇ ਧਰਤ ਮਾਰੀ, ਕਿੱਸਾ ਪੜ੍ਹਦੇ ਨੂੰ ਕਿਤੇ ਬੇਆਬ ਕੀਤਾ।
ਹੂਰੇ ਮੁਕੀਆਂ ਮਾਰ ਕੇ ਗਾਉਂਦੇ ਨੂੰ , ਪਕੜ ਪਸਲੀਆਂ ਜਿਗਰ ਕਬਾਬ ਕੀਤਾ।
ਬਾਈ ਵਰ੍ਹੇ ਬਾਅਦ ਏਸੇ ਹਾਲ ਸੇਤੀ, ਬਹੁਤ ਬਹੁਤ ਸਵਾਲ ਜਵਾਬ ਕੀਤਾ।

ਦੂਜਾ ਦੌਰ (ਅਠਾਰ੍ਹਵੀਂ ਸਦੀ)

ਕਿੱਸਾ ਕਾਵਿ ਪਰੰਪਰਾ ਦਾ ਦੂਜਾ ਦੌਰ ਅਠਾਰ੍ਹਵੀਂ ਸਦੀ ਤੋਂ' ਸ਼ੁਰੂ ਹੁੰਦਾ ਹੈ। ਇਸ ਦੌਰ ਦੇ ਕੁਝ ਪ੍ਰਮੁੱਖ ਕਵੀਆਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਸ਼ਾਹ ਜਹਾਨ ਮੁਕਬਲ

ਸ਼ਾਹ ਜਹਾਨ ਮੁਕਬਲ ਦੇ ਜੀਵਨ ਸੰਬੰਧੀ ਬਹੁਤੀ ਜਾਣਕਾਰੀ ਨਹੀਂ ਮਿਲਦੀ। ਉਸ ਦੀ ਬੋਲੀ ਤੋਂ ਜ਼ਰੂਰ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਕੇਂਦਰੀ ਪੰਜਾਬ ਦਾ ਵਸਨੀਕ ਹੋਵੇਗਾ। ਜੰਗਨਾਮਾ, ਹੀਰ ਮੁਕਬਲ ਅਤੇ ਇਕ ਸੀਹਰਫ਼ੀ ਉਸ ਦੀਆਂ ਪ੍ਰਸਿੱਧ ਰਚਨਾਵਾਂ ਹਨ। ਉਸਦੇ ਨੇਤਰਹੀਣ ਹੋਣ ਬਾਰੇ ਵੀ ਪਤਾ ਚਲਦਾ ਹੈ। ਉਹ ਲਿਖਦਾ ਹੈ :

ਤਖਲੱਸ ਏਸ ਫਕੀਰ ਦਾ ਮੁਕਬਲ ਹੈ ਮਸ਼ਹੂਰ

ਇਹ ਆਜਜ਼ ਹੈ ਭਾਈਓ, ਅੱਖੀਂ ਥੀ ਮਜਬੂਰ।

ਮੁਕਬਲ ਨੇ ਸਭ ਤੋਂ ਪਹਿਲਾਂ "ਕਿੱਸਾ ਹੀਰ ਰਾਂਝਾ", ਉਸ ਤੋ' ਪਿੱਛੋਂ "ਜੈਗਨਾਮਾ' ਅਤੇ ਅੰਤ ਵਿਚ ਸੀਹਰਫ਼ੀ ਦੀ ਰਚਨਾ ਕੀਤੀ। ਉਸ ਦੇ "ਕਿੱਸਾ ਹੀਰ ਰਾਂਝਾ" ਦੇ ਕੁਲ 533 ਬੰਦ ਹਨ। ਮੁਕਬਲ ਦੀ ਬੋਲੀ ਬੜੀ ਠੇਠ, ਸ਼ੁੱਧ ਅਤੇ ਮੁਹਾਵਰੇ ਭਰਪੂਰ ਹੈ। ਇਸ ਰਚਨਾ ਦੇ ਪਹਿਲੇ ਬੰਦ ਵਿਚ ਖ਼ੁਦਾ ਦੀ ਸਿਫ਼ਤ ਕੀਤੀ ਗਈ ਹੈ, ਦੂਜੇ ਬਦ ਵਿਚ ਇਸ਼ਕ ਦੀ ਸ਼ੋਭਾ ਅਤੇ ਆਸ਼ਕਾਂ ਵਲੋਂ ਮੁਕਬਲ ਨੂੰ ਇਹ ਕਿੱਸਾ ਰਚਣ ਦੀ ਬੇਨਤੀ ਅੰਕਿਤ ਹੋਈ ਹੈ। ਤੀਜੇ ਵਿਚ ਉਹ ਇਸ ਬੇਨਤੀ ਨੂੰ ਕਬੂਲ ਕਰਦਾ ਦੱਸਿਆ ਗਿਆ ਹੈ ਅਤੇ ਚੌਥੇ ਵਿਚ ਰਬ, ਰਸੂਲ ਅਤੇ ਯਾਰ ਯਾਰਾਂ (ਅਬੂਬਕਰ, ਉਮਰ, ਉਸਮਾਨ ਅਤੇ ਅਲੀ) ਤੋਂ ਆਸ਼ੀਰਵਾਦ ਮੰਗਿਆ ਗਿਆ ਹੈ। ਮੁਕਬਲ ਦਾ ਬਿਆਨ ਬਹੁਤ ਸੰਖੇਪ ਅਤੇ ਸੂਤਰਬੱਧ ਹੈ। ਉਹ ਬਹੁਤੇ ਵਿਸਤਾਰ ਵਿਚ ਜਾਣ ਦੀ ਕੋਸ਼ਿਸ਼ ਨਹੀਂ ਕਰਦਾ। ਉਹ ਆਪਣੀ ਇਸ ਰਚਨਾ ਦਾ ਆਰੈਭ ਇਸ ਪ੍ਰਕਾਰ ਕਰਦਾ ਹੈ :

ਮੌਜੂ ਜੱਟ ਦਾ ਲਾਡਲਾ ਨਾਮ ਧੀਦੋ ਵਿਚ ਤਖਤ ਹਜ਼ਾਰੇ ਦੇ ਵੱਸਦਾ ਏ।
ਮੂੰਹੋਂ ਝੜਨ ਗੁਲਾਬ ਦੇ ਫੁਲ ਤਾਜ਼ੇ ਜਦੋਂ ਖੁਲ੍ਹ ਕੇ ਸੋਹਣਾ ਹੱਸਦਾ ਏ।
ਨੈਣੀਂ ਹੀਰ ਖੁਆਬ ਵਿਚ ਜ਼ਿਬਹ ਹੋਇਆ ਭੇਤ ਮੁਲ ਨ ਕਿਸੇ ਨੂੰ ਦੱਸਦਾ ਏ।
ਦਿਨੇ ਰਾਤ ਮਾਸ਼ੂਕ ਦੇ ਦੇਖਣੇ ਨੂੰ ਪਿਆ ਮੁਕਬਲੇ ਵਾਂਗ ਤਰਸਦਾ ਏ।

ਮੁਕਬਲ ਇਸ ਰਚਨਾ ਵਿਚ ਪੰਜ ਪੀਰਾਂ ਵਾਲੀ ਕਥਾ-ਰੂੜ੍ਹੀ ਦਾ ਪ੍ਰਯੋਗ ਕਰਦਾ ਹੈ। ਪੰਜ ਪੀਰ ਰਾਂਝੇ ਦੀ ਵੈਝਲੀ ਉਤੇ ਮਸਤ ਹੋ ਜਾਂਦੇ ਹਨ ਅਤੇ ਆਪਣੀ ਕਰਾਮਾਤ ਨਾਲ ਬੂਰੀ ਮੱਝ ਦਾ ਦੁੱਧ ਕੱਢ ਕੇ ਰਾਂਝੇ ਨੂੰ ਪਿਆਉਂਦੇ ਹਨ। ਰਾਂਝੇ ਨੂੰ ਹੀਰ ਦੀ ਬਖਸ਼ਿਸ਼ ਕਰਕੇ ਉਹ ਅੱਗੇ ਤੁਰ ਜਾਂਦੇ ਹਨ। ਰਾਂਝੇ ਦਾ ਹੀਰ ਦੇ ਪਲੰਘ ਤੇ ਸੌਣ ਵਾਲਾ ਬ੍ਰਿਤਾਂਤ ਮੁਕਬਲ ਨੇ ਵੀ ਪੇਸ਼ ਕੀਤਾ ਹੈ। ਇਸ ਤੋ' ਬਾਅਦ ਹੀਰ, ਰਾਂਝੇ ਨੂੰ ਆਪਣੀਆਂ ਮੱਝਾਂ ਦਾ ਚਾਕ ਬਣਾ ਕੇ ਘਰ ਰੱਖ ਲੈਂਦੀ ਹੈ। ਇਸ਼ਕ ਵਿਚ ਲੀਨ ਹੋਣ ਤੋਂ ਪਹਿਲਾਂ ਰਾਂਝਾ, ਹੀਰ ਤੋਂ ਸਿਦਕਵਾਨ ਹੋਣ ਦਾ ਇਕਰਾਰ ਲੈਂਦਾ ਦੱਸਿਆ ਗਿਆ ਹੈ। ਉਹ ਹੀਰ ਨੂੰ ਵੰਗਾਰ ਕੇ ਕਹਿੰਦਾ ਹੈ :

ਰਾਂਝਾ ਆਖਦਾ ਰੈਨਾਂ ਥੋਂ ਨਫ਼ਾ ਨਾਹੀਂ, ਰੈਨਾਂ ਨਾਲ ਨ ਦੋਸਤੀ ਲਾਈਏ ਜੀ।
ਮਰਦਾਂ ਸੱਚਿਆਂ ਨੂੰ ਚਾ ਕਰਨ ਝੂਠੇ, ਵਾਰੇ ਰੈਨਾਂ ਦੇ ਮੂਲ ਨਾ ਜਾਈਏ ਜੀ।
ਹੀਰ ਆਖਦੀ ਰੈਨਾਂ ਨੂੰ ਨਿੰਦ ਨਾਹੀਂ, ਮੀਆਂ ਸਭ ਰੈਨਾਂ ਬੁਰਿਆਰ ਨਾਹੀਂ।

ਮੁਕਬਲ ਆਪਣੇਂ ਬਿਆਨ ਨੂੰ ਸਰੋਦੀ ਅਤੇ ਭਾਵ ਭਿੰਨਾ ਬਣਾਉਣ ਲਈ ਬੜੇ ਮੌਲਿਕ ਅਤੇ ਸੱਜਰੇ ਸਮਾਸਾਂ ਦਾ ਪ੍ਰਯੋਗ ਕਰਦਾ ਹੈ। ਇਸ ਪ੍ਰਸੰਗ ਵਿਚ ਕਈ ਵਾਰ ਉਸਦੀ ਕਾਵਿ ਕਲਾ ਵਾਰਿਸ ਸ਼ਾਹ ਵਰਗੀਆਂ ਬੁਲੰਦੀਆਂ ਛੋਹਣ ਲੱਗਦੀ ਹੈ। ਦੇਖੋ : ਤੇਰੀਆਂ ਅੱਖੀਆਂ ਬਿਰਹੋਂ ਦੀਆਂ ਕਾਨੀਆਂ ਨੇ ਲਟ-ਬਾਉਰੀ ਤੇ ਅਲਬੇਲੀਏ ਨੀ । ਨੇਹੁ ਲਾਇਕੇ ਸੋਹਿਰ ਤੋਂ ਨੱਸ ਗਈਓ', ਗਲ ਖਾਸ ਹੈ ਅੰਗ-ਸਹੇਲੀਏ ਨੀ ।

ਮੈਨੂੰ ਪੱਛ ਕੇ ਲੂਣ ਛੁਹਾਇਓ ਨੇ, ਮਾਨ-ਮੱਤੀਏ ਗਰਤ-ਸਹੇਲੀਏ ਨੀ।

ਰੋਂਦਾ ਛੱਡ ਕੇ ਖੇੜਿਆਂ ਨਾਲ ਗਈਏ' , ਮੁਕਬਲ ਆਪਣੇ ਥੀਂ ਅਠਖੇਲੀਏ ਨੀ !

ਮੁਕਬਲ ਨੇ "ਹੀਰ ਰਾਂਝਾ" ਕਿੱਸੇ ਦੇ ਹਰ ਬੇਦ ਦੀਆਂ ਚਾਰ ਤੁਕਾਂ ਰੱਖੀਆਂ ਹਨ। ਇਸ ਲਈ ਉਸ ਨੂੰ ਚੌਕਲੀਏ ਬੈਂਤਾਂ ਦਾ ਰਚਣਹਾਰਾ ਵੀ ਕਿਹਾ ਜਾਂਦਾ ਹੈ। ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ, ਮੁਕਬਲ ਨੇ ਵਾਰਿਸ ਵਾਂਗ ਬਿਆਨ ਦੇ ਵਿਸਤਾਰ ਵੱਲ ਧਿਆਨ ਨਹੀਂ ਦਿੱਤਾ, ਸਿਰਫ਼ ਕਹਾਣੀ ਨੂੰ ਪੇਸ਼ ਕੀਤਾ ਹੈ। ਬਿਆਨ ਦਾ ਅੰਦਾਜ਼ ਅਹਿਮਦ ਵਾਲਾ ਹੈ। ਇੰਜ ਜਾਪਦਾ ਏ, ਅਹਿਮਦ ਨੇ ਹੀਰ ਦਾ ਖ਼ਾਕਾ ਡੌਲਿਆ, ਮੁਕਬਲ ਨੇ ਉਸ ਖ਼ਾਕੇ ਨੂੰ ਪੱਕਾ ਕੀਤਾ ਤੇ ਵਾਰਿਸ ਨੇ ਉਸ ਵਿਚ ਰੰਗ ਭਰ ਕੇ ਸਜਾ-ਬਣਾ ਦਿੱਤਾ। ਮੁਕਬਲ ਦੇ ਸ਼ੇਅਰਾਂ ਵਿਚ ਸਾਦਗੀ, ਬਿਆਨ ਵਿਚ ਰਵਾਨੀ ਤੇ ਜ਼ੋਰ ਏ। ਹਰ ਬੰਦ ਦੀ ਅੰਤਲੀ ਤੁਕ ਕਿਸੇ ਨਾ ਕਿਸੇ ਅਟੱਲ ਸਚਾਈ ਨੂੰ

ਪੇਸ਼ ਕਰਦੀ ਹੈ। ਦੇਖੋ :

ਤਦੋਂ ਆਂਵਦੀ ਮੁਕਬਲਾ ਯਾਦ ਅੰਮਾਂ।

ਮੁਕਬਲ ਨੇ ਹੀਰ ਰਾਂਝੇ ਦੀ ਕਹਾਣੀ ਦਾ ਪਲਾਟ ਬੜਾ ਸੁਗਠਿਤ ਬਣਾ ਦਿੱਤਾ ਹੈ। ਉਸ ਨੇ ਦਮੋਦਰ ਦੁਆਰਾ ਪੇਸ਼ ਕੁਝ ਫਾਲਤੂ ਵੇਰਵਿਆਂ ਨੂੰ ਕਹਾਣੀ ਵਿਚੋਂ ਛਾਂਗ ਦਿੱਤਾ ਹੈ। ਉਸਨੇ ਕਿਧਰੇ-ਕਿਧਰੇ ਕੁਝ ਨਾਂ-ਥਾਂ ਵੀ ਬਦਲੇ ਹਨ। ਉਸ ਨੇ "ਕਵੀਓਵਾਚ' ਰਾਹੀਂ ਸਦਾਚਾਰਕ ਕਥਨ ਅੰਕਿਤ ਕੀਤੇ ਹਨ। ਉਸਦੀ ਰਚਨਾ ਵਿਚ ਲਹਿੰਦੀ ਭਾਸ਼ਾ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਨੇ ਹੀਰ ਤੇ ਰਾਂਝੇ ਦੇ ਪਾਤਰਾਂ ਨੂੰ ਆਦਰਸ਼ਕ ਬਣਾ ਕੇ ਪੇਸ਼ ਕੀਤਾ ਹੈ। ਮੀਆਂ ਮੁਕਬਲ ਦੇ ਬੈਂਤ ਕਿਸੇ ਗੱਲ ਵਿਚ ਘੱਟ ਨਹੀਂ (ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 110) ਅਹਿਮਦ ਯਾਰ, ਮੁਕਬਲ ਦੀ ਮਕਬੂਲੀਅਤ ਵੱਲ ਸੈਕੇਤ ਕਰਦਾ ਹੋਇਆ ਖਦਾ ਹੈ :

ਮੁਕਬਲ ਵੀ ਹੋ ਚੁੱਕਾ ਮੁਕਬਲ ਆਪਣੇ ਵਿਚ ਜ਼ਮਾਨੇ।

ਵਾਰਿਸ ਸ਼ਾਹ

ਵਾਰਿਸ ਸ਼ਾਹ ਕਿੱਸਾ ਕਾਵਿ ਪਰੰਪਰਾ ਦਾ ਸ਼ਿਰੋਮਣੀ ਹਸਤਾਖਰ ਹੈ। ਡਾ. ਮੋਹਨ ਸਿੰਘ ਦੀਵਾਨਾ ਉਸਦੀ ਕਾਵਿ-ਕੀਰਤੀ ਬਾਰੇ ਚਰਚਾ ਕਰਦਾ ਹੋਇਆ ਲਿਖਦਾ ਹੈ ਕਿ ਵਾਰਿਸ ਨੂੰ ਕਿੱਸਾ "ਹੀਰ ਰਾਂਝਾ" ਲਿਖਣ ਕਾਰਨ ਅਜਿਹੀ ਰਸ਼ਕ ਵਾਲੀ ਮਾਨਤਾ ਹਾਸਿਲ ਹੋਈ ਜਿਹੜੀ ਕਿ ਉਸਦੇ ਸਮਕਾਲੀ ਸੂਫ਼ੀ ਸ਼ਾਇਰ ਬੁਲ੍ਹੇ ਸ਼ਾਹ ਨੂੰ ਜਾਂ ਉਸ ਤੋਂ ਪਹਿਲਾਂ ਗੁਰੂ ਨਾਨਕ ਕਾਲ ਵਿਚ ਸ਼ਾਹ ਹੁਸੈਨ ਨੂੰ ਪ੍ਰਾਪਤ ਹੋਈ ਸੀ। 'ਐਨਸਾਈਕਲੋਪੇਡੀਆ ਆਫ ਲਿਟਰੇਚਰ" ਵਿਚ ਲਿਖਿਆ ਹੈ ਕਿ ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਅਤੇ ਹੀਰ ਉਸਦੀ ਬੇਹਤਰੀਨ ਤਖ਼ਲੀਕ ਹੈ। (ਸ਼ਿਪਲੇ, 1, ਪੰਨਾ 254) ਪਰੰਤੂ ਏਨੀ ਸ਼ੋਭਾ ਦੇ ਬਾਵਜੂਦ ਵਾਰਿਸ ਦੇ ਜਨਮ-ਮਰਨ ਦੀਆਂ ਮਿਤੀਆਂ ਅਤੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ

ਪ੍ਰਾਪਤ ਹੁੰਦੀ ਹੈ। ਬਾਵਾ ਬੁੱਧ ਸਿੰਘ ਅਨੁਸਾਰ ਵਾਰਿਸ ਦੀ ਜਨਮ ਭੂਮੀ ਡੱਬੀਪੁਰ (ਤਹਿਸੀਲ ਕਸੂਰ) ਹੈ। ਲਾਲਾ ਰਾਮ ਸਰਨ ਦਾਸ, ਐਡਵੋਕੇਟ ਅਤੇ ਮੌਲਾ ਬਖਸ਼ ਕੁਸ਼ਤਾ ਨੇ ਵੀ ਇਸੇ ਸਥਾਨ ਨੂੰ ਵਾਰਿਸ ਦੀ ਜਨਮ-ਭੂਮੀ ਮੰਨਿਆ ਹੈ। ਪਰੰਤੂ ਵਾਰਿਸ ਸ਼ਾਹ ਆਪ, ਆਪਣਾ ਪਿੰਡ ਜੰਡਿਆਲਾ ਦੱਸਦਾ ਹੈ। ਅਹਿਮਦ ਯਾਰ ਨੇ ਵੀ ਵਾਰਿਸ ਦਾ ਪਿੰਡ ਜੈਡਿਆਲਾ ਹੀ ਮੰਨਿਆ ਹੈ :

ਵਾਰਿਸ ਸ਼ਾਹ ਵਸਨੀਕ ਜੋਡਿਆਲੜੇ ਦਾ,
ਤੇ ਸ਼ਾਗਿਰਦ ਮਖ਼ਦੂਮ ਕਸੂਰ ਦਾ ਈ। (ਵਾਰਿਸ ਸ਼ਾਹ)
ਵਾਰਿਸ ਸ਼ਾਹ ਜੰਡਿਆਲੇ ਵਾਲੇ,
ਵਾਹ ਵਾਹ ਹੀਰ ਬਣਾਈ। (ਅਹਿਮਦ ਯਾਰ)

ਇਸੇ ਤਰ੍ਹਾਂ ਵਾਰਿਸ ਦੀ ਵਲਦੀਅਤ ਬਾਰੇ ਵੀ ਕਈ ਭਰਮ-ਭੁਲੇਖੇ ਪਏ ਹੋਏ ਹਨ। ਬਹੁਤੇ ਖੋਜੀ ਇਸ ਗੱਲ ਉਤੇ ਇਤਫ਼ਾਕ ਰੱਖਦੇ ਹਨ ਕਿ ਉਸਦੇ ਵਾਲਿਦ ਦਾ ਨਾਮ ਸਯਦ ਕੁਤਬ ਸ਼ਾਹ ਸੀ ਅਤੇ ਇਹ ਸਿੱਟਾ ਵਾਰਿਸ ਦੇ ਇਸ ਮਿਸਰੇ ਤੋਂ ਕੱਢਿਆ ਗਿਆ ਹੈ :

ਬਿਨਾਂ ਅਮਲ ਦੇ ਨਹੀਂ ਨਜਾਤ ਤੇਰੀ।

ਮਾਰਿਆ ਜਾਏਂਗਾ ਕੁਤਬ ਦੇ ਬੇਟਿਆ ਓਇ।

ਹਾਲਾਂਕਿ "ਕੁਤਬ" ਦਾ ਲਫ਼ਜ਼ ਵਾਰਿਸ ਨੇ ਮੁਹਾਵਰੇ ਦੇ ਤੌਰ ਤੇ ਵਰਤਿਆ ਹੈ ਪਰ ਪ੍ਰੋ. ਜ਼ੀਆ ਮੁਹੈਮਦ, ਬਾਵਾ ਬੁੱਧ ਸਿੰਘ, ਮੌਲਾਬਖਸ਼ ਕੁਸ਼ਤਾ, ਡਾ. ਸੁਰਿੰਦਰ ਸਿੰਘ ਕੋਹਲੀ, ਅਹਿਮਦ ਹੁਸੈਨ ਕੁਰੈਸ਼ੀ ਅਤੇ ਅਬਦੁਲ ਗਫ਼ੂਰ ਕੁਰੈਸ਼ੀ ਆਦਿਕ ਨੇ 'ਕੁਤਬ' ਨੂੰ ਵਾਰਿਸ ਸ਼ਾਹ ਦਾ ਪਿਤਾ ਬਣਾ ਦਿੱਤਾ। ਐਸ.ਐਸ. ਅਮੋਲ ਅਤੇ ਪ੍ਰੋ. ਸੈਤ ਸਿੰਘ ਸੇਖੋ' ਨੇ ਵਾਰਿਸ ਦੇ ਪਿਤਾ ਦਾ ਨਾਮ ਗੁਲਸ਼ੇਰ ਸ਼ਾਹ ਦੱਸਿਆ ਹੈ। (ਹੀਰ ਵਾਰਿਸ, ਪੰਨਾ 12 ਅਤੇ ਪ੍ਰਸਿੱਧ ਪੰਜਾਬੀ ਕਵੀ) ਸੱਯਦਾਂ ਵਿਚ ਸ਼ਜਰਾ-ਇ-ਨਸਬ ਰਖਣ ਦਾ ਪੱਕਾ ਰਿਵਾਜ ਹੈ ਅਤੇ ਇਸ ਸ਼ਜਰੇ ਵਿਚ ਵਾਰਿਸ ਦੇ ਵਾਲਿਦ ਦਾ ਨਾਮ ਗੁਲਸ਼ੇਰ ਸ਼ਾਹ ਹੀ ਲਿਖਿਆ ਹੈ। ਵਾਰਿਸ ਦੇ ਜਨਮ ਵਰ੍ਹੇ ਬਾਬਤ ਵੀ ਕਈ ਤਰ੍ਹਾਂ ਦੇ ਵਿਚਾਰ ਪ੍ਰਚਲਿਤ ਹਨ। ਸਿਬਤੁਲ ਹਸਨ ਜ਼ੈਗਮ ਨੇ ਇਸ ਵਿਸ਼ੇ ਬਾਰੇ ਭਰਪੂਰ ਵਿਸ਼ਲੇਸ਼ਣ ਕਰਕੇ ਇਹ ਸਿੱਟਾ ਕਢਿਆ ਹੈ ਕਿ ਉਸਦਾ ਜਨਮ 1720 ਈ. ਵਿਚ ਹੋਇਆ ਅਤੇ ਉਸ ਨੇ ਕਿੱਸਾ ਹੀਰ ਵਾਰਿਸ 1766-67 ਵਿਚ ਸੰਪੂਰਨ ਕੀਤਾ। ਜ਼ੈਗਮ ਅਨੁਸਾਰ ਵਾਰਿਸ ਦੀ ਮੌਤ 29 ਜੁਲਾਈ 1792 ਈ. ਵਿਚ ਹੋਈ। ਜੰਡਿਆਲਾ ਸ਼ੇਰ ਖਾਂ ਵਿਚ ਇਸੇ ਤਾਰੀਖ਼ ਨੂੰ ਵਾਰਿਸ ਦਾ ਉਰਸ ਮਨਾਇਆ ਜਾਂਦਾ ਹੈ। (ਪੰਜਾਬੀ ਕਿੱਸਾ ਤੇ ਬੀਰ ਕਾਵਿ, ਗੁ.ਨਾ.ਦੇ.ਯੂ., ਪੰਨੇ 59-74) ਵਾਰਿਸ ਦੇ ਰਚਨਾ ਸੈਸਾਰ ਬਾਰੇ ਗੱਲ ਕਰਦਿਆਂ ਡਾ. ਮੋਹਨ ਸਿੰਘ ਦੀਵਾਨਾ ਨੇ "ਹੀਰ ਵਾਰਿਸ" ਤੋਂ ਬਿਨਾਂ ਉਸਦੀ ਲਿਖੀ ਹੋਈ ਇਕ "ਸੀਹਰਫ਼ੀ" ਅਤੇ "ਸੱਸੀ" ਬਾਰੇ ਵੀ ਜ਼ਿਕਰ

ਕੀਤਾ ਹੈ, ਪੰਜਾਬ ਦੇ ਇਕ ਪ੍ਰਸਿੱਧ ਇਤਿਹਾਸਕਾਰ ਗਣੇਸ਼ ਦਾਸ ਵਡੇਹਰਾ ਵੀ ਵਾਰਿਸ ਦੀ 'ਸੀਹਰਫ਼ੀ" ਦਾ ਜ਼ਿਕਰ ਕਰਦਾ ਹੈ। (ਚਹਾਰ ਬਾਜਗ, ਪੰਜਾਬ, ਪੰਨਾ 262) ਉਰਦੂ ਜ਼ਬਾਨ ਦੇ ਪ੍ਰਸਿੱਧ ਖੋਜੀ ਹਾਫਿਜ਼ ਮਹਿਮੂਦ ਸ਼ੀਰਾਨੀ ਨੇ ਆਪਣੀ ਪ੍ਰਸਿੱਧ ਪੁਸਤਕ 'ਪੰਜਾਬ ਮੇ' ਉਰਦੂ" ਵਿਚ ਵਾਰਿਸ ਸ਼ਾਹ ਦੀ ਇਕ ਉਰਦੂ ਗ਼ਜ਼ਲ ਵੀ ਪੇਸ਼ ਕੀਤੀ ਹੈ। ਇਸ ਗ਼ਜ਼ਲ ਦੇ ਕੁਝ ਅਸ਼ਆਰ ਵੇਖੋ :

ਗ਼ਜ਼ਲ

ਜਿਸ ਦਿਨ ਦੇ ਸਾਜਨ ਬਿਛੜੇ ਹੈ, ਤਿਸ ਦਿਨ ਕਾ ਦਿਲ ਬੀਮਾਰ ਹੋਯਾ।
ਅਬ ਕਠਿਨ ਬਨਾ ਕਿਆ ਫ਼ਿਕਰ ਕਰੂੰ, ਘਰ ਬਾਰ ਸਭੀ ਬੇਜ਼ਾਰ ਹੋਯਾ।
ਵੋਹ ਸਾਕੀ ਸਾਹਿਬਿ ਜਾਮ ਨਹੀਂ, ਅਬ ਪੀਨਾ ਮੈਅ ਦੁਸ਼ਵਾਰ ਹੋਯਾ !
ਜੂੰ ਮਾਹੀ ਬਾਹਿਰ ਆਬ ਭਈ, ਨਿਤ ਰੋਵਣ ਸਾਥ ਬੈਪਾਰ ਹੋਯਾ।
ਜਬ ਵਾਰਿਸ ਸ਼ਾਹ ਕਹਿਲਾਯਾ ਨੇ, ਰੂਹ ਸੋ ਰੂਹ ਮਿਲਾਯਾ ਨੇ,
ਤਬ ਸਹਿਜ ਸੁਹਾਗ ਸੁਲਾਯਾ ਨੇ, ਜਿਉਂ ਜਾਂ ਮਖ਼ਜ਼ਨ ਅਸਰਾਰ ਹੋਯਾ।

ਵਾਰਿਸ ਸ਼ਾਹ ਦੀ ਰਚਨਾ "ਹੀਰ" ਵਿਚ ਉਸ ਸਮੇਂ ਦੇ ਸਮਾਜ ਅਤੇ ਸਭਿਆਚਾਰ ਦੀ ਆਲੋਚਨਾਤਮਕ ਤਫ਼ਸੀਲ ਪੇਸ਼ ਹੋਈ ਹੈ। ਉਸ ਦੀ ਇਸ ਰਚਨਾ ਵਿਚ ਜੱਟ-ਸ਼੍ਰੇਣੀ ਨੂੰ ਬਹੁਤ ਫਿਟਕਾਰ ਪਾਈ ਗਈ ਹੈ। ਉਹ ਕਹਿੰਦਾ ਹੈ ਕਿ ਜੱਟ ਦਾ ਕਦੇ ਇਤਬਾਰ ਨਹੀਂ ਕਰਨਾ ਚਾਹੀਦਾ, ਉਸਦਾ ਚੱਜ-ਆਚਾਰ ਨਖਿੱਧ ਹੈ, ਉਹ ਸਿਰ ਤੋਂ ਪੱਗ ਲਾਹ ਕੇ ਬੈਠਣ ਵਾਸਤੇ ਆਪਣੇ ਹੇਠ ਰੱਖ ਲੈਂਦਾ ਹੈ। ਉਸ ਨੂੰ ਰੂੜੀਆਂ ਤੇ ਬਹਿ ਕੇ ਹੀ ਅਕਲ ਆਉਂਦੀ ਹੈ, ਜੱਟ ਆਪਣੀਆਂ ਧੀਆਂ ਮੁਸਾਫਰਾਂ ਨੂੰ ਦੇ ਦਿੰਦੇ ਹਨ ਅਤੇ ਵਿਆਹੀਆਂ ਨੂੰ ਹੋਰਨਾਂ ਪਾਸ ਵੇਚ ਦਿੰਦੇ ਹਨ। ਸੁਨਿਆਰਿਆਂ ਅਤੇ ਕਸਾਈਆਂ ਵਾਂਗ ਜੱਟਾਂ ਦਾ ਵੀ ਕੋਈ ਵਿਸ਼ਵਾਸ ਨਹੀਂ। ਉਹ ਖ਼ੁਦ ਅਤੇ ਉਨ੍ਹਾਂ ਦੇ ਨਾਇਕ ਵੀ ਠੱਗ, ਚੋਰ ਤੇ ਲੁਟੇਰੇ ਹਨ। ਉਨ੍ਹਾਂ ਦੇ ਪੈਂਚ ਵੀ ਕੇਵਲ ਦਿੱਖ ਵਿਚ ਇਜ਼ਤਦਾਰ ਹਨ। ਉਹ ਦਾੜ੍ਹੀ ਸ਼ੇਖ ਵਾਲੀ ਅਤੇ ਛੁਰੀ ਕਸਾਈ ਵਾਲੀ ਰੱਖਦੇ ਹਨ। ਉਹ ਆਪਣੀਆਂ ਧੀਆਂ ਨੂੰ ਮਾਰ ਦਿੰਦੇ ਹਨ । ਨੇਕ ਬੰਦਿਆਂ ਦਾ ਮਜ਼ਾਕ ਉਡਾਉਂਦੇ ਹਨ, ਇਨਸਾਫ਼ ਅਤੇ ਨੇਕੀ ਤੋਂ ਬੇਲਾਗ ਰਹਿੰਦੇ ਹਨ। ਛਲ-ਕਪਟ ਤੇ ਢੁੱਚਰਬਾਜ਼ੀ ਵਰਤਦੇ ਹਨ । ਜੱਟ ਜਿੰਨਾ ਵਸੀਲੇ ਵਾਲਾ ਹੈ, ਉਨਾ ਹੀ ਹੰਕਾਰੀ ਤੇ ਹੂੜ੍ਹ ਮਤ ਹੈ। ਉਨ੍ਹਾਂ ਦੀ ਜੇ ਕੋਈ ਚੰਗੀ ਖਾਸੀਅਤ ਹੈ ਤਾਂ ਉਹ ਸਿਰਫ਼ ਕਬੀਲੇ, ਖਾਨਦਾਨ ਜਾਂ ਪਰਿਵਾਰ ਦੇ ਸਨਮਾਨ ਦੀ ਭਾਵਨਾ ਹੈ। (ਦੇਖੋ, ਡਾ. ਜੇ.ਐਸ. ਗਰੇਵਾਲ, "ਵਾਰਿਸ ਦਾ ਜਗਤ", ਪੰਜਾਬੀ ਕਿੱਸਾ ਤੇ ਬੀਰ ਕਾਵਿ, ਪੰਨਾ 19)

ਵਾਰਿਸ ਸ਼ਾਹ ਦੀ ਜੱਟਾਂ ਦੀ ਨਿਖੇਧੀ ਕਰਨ ਦਾ ਇਹ ਕਾਰਨ ਨਹੀਂ ਸੀ ਕਿ ਉਨ੍ਹਾਂ ਵਿਚੋਂ ਕੁਝ ਦੇਸ਼ ਦੇ ਸਰਦਾਰ ਬਣ ਗਏ ਹਨ ਬਲਕਿ ਉਸ ਨੂੰ ਇਹ ਤਬਦੀਲੀ ਰਾਸ ਨਹੀਂ ਸੀ ਆ ਰਹੀ ਜਿਸ ਨਾਲ ਉਪਰਲੇ ਵਰਗ ਹੇਠਾਂ ਨੂੰ ਅਤੇ ਹੇਠਲੇ ਵਰਗ

ਉਪਰ ਨੂੰ ਜਾ ਰਹੇ ਸਨ। ਆਪਣੇ ਆਪ ਨੂੰ ਦੇਸ਼ ਦੇ ਸਮਾਜਿਕ-ਧਾਰਮਿਕ-ਪਤਵੰਤਿਆਂ ਦੀ ਸ੍ਰੇਣੀ ਸ਼ਾਮਲ ਕਰਦਾ ਹੋਇਆ ਵਾਰਿਸ ਸ਼ਾਹ ਲੋਪ ਹੋ ਚੁੱਕੀ ਹਾਕਮ ਜਮਾਤ ਨਾਲ ਰਿਸ਼ਤਾ ਜੋੜਨ ਦਾ ਚਾਹਵਾਨ ਸੀ। "ਹੀਰ ਵਾਰਿਸ" ਵਿਚ ਮੁਸਲਮਾਨਾਂ ਦੇ ਸੁੰਨੀ ਫਿਰਕੇ ਦਾ ਨਜ਼ਰੀਆ ਬੜੀ ਚੰਗੀ ਤਰ੍ਹਾਂ ਅੰਕਿਤ ਹੋਇਆ ਹੈ। ਵਾਰਿਸ ਅਨੁਸਾਰ ਜਿਹੜੀ ਗੱਲ ਸ਼ੱਰ੍ਹਾ ਦੇ ਅਨੁਸਾਰ ਹੈ, ਉਸ ਦੀ ਪਾਲਣਾ ਕਰਨੀ ਲਾਜ਼ਮੀ ਹੈ ਅਤੇ ਜੋ ਗੱਲ, ਸ਼ਰ੍ਹਾ ਦੇ ਵਿਰੁੱਧ ਹੈ, ਉਸ ਤੋਂ ਬਚਣਾ ਚਾਹੀਦਾ ਹੈ। ਵਾਰਿਸ ਦੀ ਸੂਫ਼ੀ ਮਤ ਪ੍ਰਤੀ ਅਕੀਦਤ ਨੂੰ ਸਮਝਣ ਤੋਂ ਬਗੈਰ "ਹੀਰ ਵਾਰਿਸ" ਨੂੰ ਸਮਝਣਾ ਸੰਭਵ ਨਹੀਂ। ਉਸ ਨੇ ਆਪਣੇ ਕਿੱਸੇ ਦੇ ਅੰਤ ਵਿਚ ਹੀਰ ਨੂੰ ਰੂਹ ਅਤੇ ਰਾਂਝੇ ਨੂੰ ਕਲਬੂਤ ਦਾ ਪ੍ਰਤੀਕ ਬਣਾ ਕੇ ਆਪਣੇ ਸੂਫ਼ੀਆਨਾ ਅਨੁਭਵ ਦਾ ਪ੍ਰਗਟਾਵਾ ਕੀਤਾ ਹੈ। ਭਾਵੇਂ ਉਹ ਇਸ ਕਿੱਸੇ ਨੂੰ "ਤਮਸੀਲ" (81੦੦੧) ਦਾ ਰੂਪ ਦੇਣ ਵਿਚ ਪੂਰਨ ਭਾਂਤ ਸਫ਼ਲ ਨਹੀਂ ਹੋ ਸਕਿਆ ਲੇਕਿਨ ਉਸ ਨੇ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦੇ ਮਰਤਬੇ ਤਕ ਪੁਚਾਉਣ ਦਾ ਬੜਾ ਸਫ਼ਲ ਯਤਨ ਕੀਤਾ ਹੈ।

ਵਾਰਿਸ ਸ਼ਾਹ ਦੀ ਚੇਤਨਾ ਇਸ ਗੱਲੋਂ ਭਲੀ ਭਾਂਤ ਪ੍ਰਮਾਣਿਤ ਹੋ ਜਾਂਦੀ ਹੈ ਕਿ ਉਸਦੇ ਕਾਵਿ-ਜਗਤ ਵਿਚ ਹਰ ਤਰ੍ਹਾਂ ਦਾ ਵਰਗ, ਫ਼ਿਰਕਾ ਅਤੇ ਕਬੀਲਾ ਦ੍ਰਿਸ਼ਟਮਾਨ ਹੋ ਗਿਆ ਹੈ। ਉਸ ਦੇ ਕਿੱਸੇ ਵਿਚ ਵੈਰਾਗੀ, ਸੰਨਿਆਸੀ, ਰਾਮਾਨੰਦੀ, ਕ੍ਰਿਸ਼ਨ ਪੰਥੀ, ਕਬੀਰ ਪੰਥੀ, ਕਾਦਰੀ, ਨਕਸ਼ਬੰਦੀ ਅਤੇ ਸ਼ੀਆ ਆਦਿਕ ਹਰ ਧਾਰਮਿਕ ਗੁਟ ਦੇਖਿਆ ਜਾ ਸਕਦਾ ਹੈ। ਪੰਜਾਬ ਦੇ ਲੋਕਾਂ ਵਿਚ ਪ੍ਰਚਲਿਤ ਮਿਥਾਂ ਅਤੇ ਦੇਤ-ਕਥਾਵਾਂ ਵੱਲ ਵੀ ਵਾਰਿਸ ਨੇ ਪੂਰਾ ਧਿਆ ਦਿੱਤਾ ਹੈ। ਉਸਦੀ ਰਚਨਾ ਵਿਚ ਇਤਿਹਾਸਕ ਮਿਥਿਹਾਸਕ ਪਾਤਰਾਂ ਦਾ ਜ਼ਿਕਰ ਬੜੇ ਵਿਸ਼ਵਾਸਯੋਗ ਢੰਗ ਨਾਲ ਹੋਇਆ ਹੈ। ਫ਼ਾਰਸੀ ਸਾਹਿੱਤ ਵਿਚੋਂ ਸਾਅਦੀ ਅਤੇ ਹਾਫਿਜ਼ ਦੇ, ਯੂਨਾਨੀ ਇਤਿਹਾਸ ਵਿਚੋਂ ਅਫ਼ਲਾਤੂਨ, ਅਰਸਤੂ ਅਤੇ ਸਿਕੰਦਰ ਦੇ, ਪੈਗ਼ੰਬਰਾਂ ਵਿਚੋਂ ਆਦਮ, ਜ਼ਕਰੀਆ, ਖਲੀਲ, ਯੂਨਸ, ਇਸਮਾਈਲ ਅਤੇ ਮੂਸਾ ਦੇ ਹਵਾਲੇ ਆਏ ਹਨ। ਪੰਜਾਬੀ ਪਰੰਪਰਾ ਵਿਚੋਂ ਰਾਜਾ ਰਸਾਲੂ, ਰਾਜਾ ਭੋਜ, ਰਾਵਣ , ਕੁੰਭਕਰਣ , ਰਾਮਚੰਦਰ, ਸੀਤਾ, ਲਛਮਣ , ਦਰੋਪਦੀ ਅਤੇ ਭੀਸ਼ਮ ਦੇ ਹਵਾਲੇ ਮਿਲਦੇ ਹਨ। ਇਸ ਪ੍ਰਕਾਰ ਵਾਰਿਸ ਪੰਜਾਬ ਦੀ ਪਰੰਪਰਾ ਦੇ ਹਿੰਦੂ ਅਤੇ ਮੁਸਲਿਮ ਅੰਸ਼ਾਂ ਬਾਰੇ ਬਰਾਬਰ ਦੀ ਜਾਣਕਾਰੀ ਦਾ ਪ੍ਰਗਟਾਵਾ ਕਰਦਾ ਹੈ। ਵਾਰਿਸ ਦੀ ਹੀਰ ਦੇ ਕੁਲ 611 ਬੈਂਦ ਹਨ ਜਿਨ੍ਹਾਂ ਨੂੰ ਵਧਾ-ਚੜ੍ਹਾ ਕੇ ਸੰਪਾਦਕਾਂ ਅਤੇ ਪ੍ਰਕਾਸ਼ਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਾ ਦਿੱਤਾ। ਮੀਆਂ ਹਦਾਇਤੁੱਲਾ ਨੇ 1192 ਮਿਸਰੇ, ਪੀਰਾਂ ਦਿੱਤਾ ਤਰੱਗੜ ਨੇ 50 ਮਿਸਰੇ ਅਤੇ ਮੌਲਵੀ ਮਹਿਬੂਬ ਆਲਮ ਨੇ 750 ਮਿਸਰੇ ਵਧਾਏ। ਇਨ੍ਹਾਂ ਤੋਂ ਬਿਨਾਂ ਮੀਆਂ ਮੁਹੰਮਦ ਦੀਨ ਸ਼ੋਖਤਾ, ਮੌਲਵੀ ਸਰਫ਼ ਅਲੀ ਗਿਲਿਆਣਵੀ ਅਤੇ ਮੁਨਸ਼ੀ ਤਾਜੁਦੀਨ ਤਾਜ ਨੇ ਵੀ ਹੀਰ ਵਾਰਿਸ ਵਿਚ ਕਾਫ਼ੀ ਵਾਧਾ ਕਰ ਦਿੱਤਾ। ਵਾਰਿਸ ਸ਼ਾਹ ਦੇ ਬੈਂਦਾਂ ਵਿਚ ਤੁਕਾਂ ਦੀ ਗਿਣਤੀ ਚਾਰ ਤੋਂ ਵੱਧ ਹੈ। ਉਹ ਨਾਟਕੀ ਮੌਕਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਉਸਾਰਦਾ ਹੈ। ਉਹ ਸੰਬਾਦ-ਕਲਾ ਦਾ ਉਸਤਾਦ ਹੈ। ਉਸ ਨੇ ਸ਼ਿੰਗਾਰ, ਕਰੁਣ, ਰੌਦਰ, ਬੀਰ, ਹਾਸ ਅਤੇ ਅਦਭੁਤ ਆਦਿਕ ਰਸਾਂ ਦਾ ਪ੍ਰਯੋਗ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤਾ ਹੈ। ਵਿਸ਼ਵਕੋਸ਼ੀ ਗਿਆਨ ਵਾਰਿਸ ਸ਼ਾਹ ਦੀ ਇਕ ਹੋਰ ਵੱਡੀ ਖ਼ੂਬੀ ਹੈ। ਜੀਵਨ ਦੀ ਹਰ ਸਥਿਤੀ ਬਾਰੇ ਉਸਦਾ ਗਿਆਨ ਹੈਰਾਨ ਕਰ ਦੇਣ ਦੀ ਹੱਦ ਤਕ ਫੈਲਿਆ ਹੋਇਆ ਹੈ।

ਵਾਰਿਸ ਸ਼ਾਹ ਦੇ ਕਿੱਸੇ ਵਿਚ ਇਸ਼ਕ ਦੇ ਸੈਕਲਪ ਨੂੰ ਬਹੁਤ ਵਿਸਤਾਰ ਅਤੇ ਯਥਾਰਥਵਾਦੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕਵੀ ਪਹਿਲੀ ਨਜ਼ਰੇ ਹੋ ਜਾਣ ਵਾਲੇ ਇਸ਼ਕ ਨੂੰ ਬਿਆਨ ਕਰਦਾ ਹੈ। ਲੁੱਡਣ ਮਲਾਹ ਦੀ ਬੇੜੀ ਵਿਚ ਹੀਰ ਅਤੇ ਰਾਂਝੇ ਦੀ ਪ੍ਰਥਮ ਮਿਲਣੀ ਨੂੰ ਵਾਰਿਸ ਸ਼ਾਹ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ ।

ਰਾਂਝੇ ਉੱਠ ਕੇ ਆਖਿਆ "ਵਾਹ ਸੱਜਣ", ਹੀਰ ਹੱਸ ਕੇ ਤੇ ਮਿਹਰਬਾਨ ਹੋਈ ।

ਰਾਂਝੇ ਨੂੰ ਆਪਣੇ ਕਰੀਬ ਰੱਖਣ ਦੀ ਖ਼ਾਹਿਸ਼ ਅਧੀਨ ਹੀਰ, ਉਸਨੂੰ ਆਪਣੇ ਘਰ ਲੈ ਆਉਂਦੀ ਹੈ ਅਤੇ ਮਾਤਾ-ਪਿਤਾ ਨੂੰ ਕਹਿੰਦੀ ਹੈ ਕਿ ਉਸ ਨੇ ਮੱਝਾਂ ਸਾਂਭਣ ਲਈ ਇਕ 'ਚਾਕ" ਦਾ ਪ੍ਰਬੋਧ ਕਰ ਲਿਆ ਹੈ। ਹੌਲੀ-ਹੌਲੀ ਹੀਰ ਅਤੇ ਰਾਂਝੇ ਦੇ ਪ੍ਰੇਮ ਦੀ ਕਹਾਣੀ ਪੂਰੇ ਝੰਗ ਸਿਆਲ ਵਿਚ ਫੈਲ ਜਾਂਦੀ ਹੈ। ਮਾਂ ਹੀਰ ਨੂੰ ਸਮਝਾਉਂਦੀ ਹੈ, ਪਿਤਾ ਡਾਂਟਦਾ ਹੈ ਅਤੇ ਭਰਾ ਡਰਾਉਂਦੇ- ਧਮਕਾਉਂਦੇ ਹਨ ਪਰ ਹੀਰ, ਇਸ਼ਕ ਪ੍ਰਤੀ ਉਸ ਦੀ ਇਸ ਵਚਨਬੱਧਤਾ ਨੂੰ ਵਾਰਿਸ ਸ਼ਾਹ ਨੇ ਬੜੇ ਕਲਾਤਮਕ ਅਤੇ ਵਿਸ਼ਵਾਸਯੋਗ ਢੰਗ ਨਾਲ ਬਿਆਨ ਕੀਤਾ ਹੈ। ਦੇਖੋ :

ਅੰਮਾਂ ਬਸ ਕਰ ਗਾਲ੍ਹੀਆਂ ਦੇ ਨਹੀਂ, ਗਾਲ੍ਹੀਂ ਦਿਤਿਆਂ ਵਡਣਾ ਪਾਪ ਆਵੇ।

ਵਾਰਿਸ ਸ਼ਾਹ ਨਾ ਮੁੜਾਂ ਰੈਂਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ ।

ਵਾਰਿਸ ਸ਼ਾਹ ਮੰਜ਼ਰ-ਨਿਗਾਰੀ ਅਤੇ ਨਖਸ਼ਿਖ ਵਰਣਨ ਵਿਚ ਲਾਸਾਨੀ ਹੈ। ਉਸ ਨੇ

ਪੰਜਾਬੀ ਜਨ-ਜੀਵਨ ਦੇ ਵੇਰਵਿਆਂ ਨਾਲ ਸੰਬੰਧਿਤ ਬਹੁਤ ਸਾਰੇ ਖ਼ੂਬਸੂਰਤ ਦ੍ਰਿਸ਼ਾਂ ਦੀ ਪੇਸ਼ਕਾਰੀ ਕੀਤੀ ਹੈ। ਦੇਖੋ :

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ,

ਪਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ।

ਹੋਈ ਸੁਬਹ ਸਾਦਿਕ ਜਦੋਂ ਆਣ ਰੋਸ਼ਨ

ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।

ਸੈਆਂ ਭੁੰਇ ਨੂੰ ਜਿਨ੍ਹਾਂ ਨੇ ਲਾਣੀਆਂ ਨੀ।

ਘਰਬਾਰਨਾਂ ਚੱਕੀਆਂ ਝੋਤੀਆਂ ਨੀ,

ਜਿਨ੍ਹਾਂ ਤੌਣਾਂ ਗੁੰਨ੍ਹ ਪਕਾਣੀਆਂ ਨੀ।

ਹੀਰ ਦੀ ਸੁੰਦਰਤਾ ਦਾ ਬਿਆਨ ਕਰਨ ਸਮੇਂ 'ਵਾਰਿਸ ਸ਼ਾਹ ਈਰਾਨ ਦੇ ਅੰਗ-ਪ੍ਰਤਿਅੰਗ ਵਰਣਨ ਦੀ ਪਰੈਪਰਾ ਦਾ ਪ੍ਰਯੋਗ ਕਰਦਾ ਹੈ। ਦੇਖੋ :

ਠੋਡੀ ਸੇਬ ਵਲਾਇਤੀ ਸਾਰ ਵਿਚੋਂ ।
ਨਕ ਅਲਫ਼ ਹੁਸੈਨੀ ਦਾ ਪਿਪਲ੍ਹਾ ਜੀ,
ਜ਼ੁਲਫਾਂ ਨਾਗ ਖ਼ਜ਼ਾਨੇ ਦੀ ਬਾਰ ਵਿਚੋਂ ।
ਦੇਦ ਚੰਬੇ ਦੀ ਲੜੀ ਕਿ ਹੰਸ ਮੋਤੀ,
ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਲੱਕ ਚੀਨ ਕਸ਼ਮੀਰ ਤਸਵੀਰ ਜੱਟੀ,
ਕੱਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ ।

ਵਾਰਿਸ ਸ਼ਾਹ ਦੀਆਂ ਅਨੇਕ ਤੁਕਾਂ ਲੋਕੋਕਤੀਆਂ ਦਾ ਰੂਪ ਧਾਰਣ ਕਰ ਗਈਆਂ ਹਨ । ਉਸਦਾ ਜੀਵਨ ਅਨੁਭਵ ਏਨਾ ਵਿਸ਼ਾਲ ਅਤੇ ਡੂੰਘਾ ਸੀ ਕਿ ਉਸਦੇ ਕਾਵਿ-ਕਥਨਾਂ ਨੂੰ ਪੰਜਾਬ ਦੇ ਲੋਕਾਂ ਨੇ ਆਪਣੇ ਮਾਰਗ-ਦਰਸ਼ਕ ਦੇ ਰੂਪ ਵਿਚ ਅਪਣਾਇਆ ਹੋਇਆ ਹੈ। ਇਸ ਪ੍ਰਸੰਗ ਵਿਚ ਉਸ ਦੇ ਕੁਝ ਇਕ ਕਥਨ ਦੇਖੋ :

1. ਵਾਰਿਸ ਸ਼ਾਹ ਇਕ ਜੱਟ ਫ਼ਕੀਰ ਹੋਇਆ, ਨਹੀਂ ਹੁੰਦੀਆਂ ਗਧੇ ਤੋਂ ਪੀਰੀਆਂ ਨੇ।
2. ਵਾਰਿਸ ਸ਼ਾਹ ਛੁਪਾਈਏ ਖ਼ਲਕ ਕੋਲੋ ਭਾਵੇਂ ਆਪਣਾ ਹੀ ਗੁੜ ਖਾਈਏ ਜੀ।
3. ਕੱਖਾਂ ਵਿਚ ਨਾ ਕਦੀ ਐਗਾਰ ਛੁਪਣ, ਲੱਗੀ ਅੱਗ ਨਾ ਛੁਪਦੀ ਛੰਨ ਹੀਰੇ।
4. ਜਿਹੜੀਆਂ ਲੈਣ ਉਡਾਰੀਆਂ ਨਾਲ ਬਾਜ਼ਾਂ, ਉਹ ਬੁਲਬੁਲਾਂ ਠੀਕ ਮਰੀਂਦੀਆਂ ਨੇ ।
5. ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ।

ਅਹਿਮਦ ਕੁਰੈਸ਼ੀ ਵਾਰਿਸ ਦੀ ਹੀਰ ਦਾ ਮੁਲਾਂਕਣ ਕਰਦਾ ਹੋਇਆ ਲਿਖਦਾ ਹੈ ਕਿ ਇਹ ਰਚਨਾ ਪੰਜਾਬੀ ਅਦਬ ਦਾ ਉਹ ਸ਼ਾਹਕਾਰ ਹੈ, ਜਿਸਦਾ ਜਵਾਬ ਅਜੇ ਤਕ ਪੈਦਾ ਨਹੀਂ ਹੋ ਸਕਿਆ। (ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼, ਪੰਨਾ 83) ਨਿਰਸੰਦੇਹ ਵਾਰਿਸ ਦੀ "ਹੀਰ" ਪੰਜਾਬੀ ਸਾਹਿੱਤ ਦੀ ਇਕ ਮਹਾਨ ਰਚਨਾ ਅਤੇ ਇਤਿਹਾਸਕ ਯਾਦਗਾਰ ਹੈ ਜਿਸ ਨੇ ਅਠਾਰਵੀਂ ਸਦੀ ਦੇ ਕਿੱਸਾ-ਸਾਹਿੱਤ ਨੂੰ ਸੋਨ-ਸੁਨਹਿਰੀ ਯੁਗ ਅਖਵਾਉਣ ਦਾ ਅਵਸਰ ਬਖਸ਼ਿਆ ਹੈ। ਪੰਜਾਬੀ ਸਾਹਿੱਤ ਵਿਚ ਵਾਰਿਸ ਦਾ ਨਾਮ ਅਮਰ ਹੈ ਅਤੇ ਉਸਦੀ ਕਵਿਤਾ ਸਦਾ ਰੌਸ਼ਨ ਹੈ। ਉਤਰਵਰਤੀ ਕਵੀਆਂ ਨੇ ਉਸ ਬਾਰੇ ਠੀਕ ਹੀ ਲਿਖਿਆ ਹੈ :

ਰਿਸ ਸ਼ਾਹ ਸੁਖਨ ਦਾ ਵਾਰਿਸ, ਕਿਤੇ ਨਾ ਅਟਕਿਆ ਵਲਿਆ। (ਅਹਿਮਦ ਯਾਰ)
ਵਾਰਿਸ ਸ਼ਾਹ ਸੁਖਨ ਦਾ ਵਾਰਿਸ ਨਿੰਦੇ ਕੌਣ ਉਨ੍ਹਾਂ ਨੂੰ ।
ਹਰਫ਼ ਉਹਦੇ ਤੇ ਉਂਗਲ ਧਰਨੀ ਨਾਹੀਂ ਕਦਰ ਅਸਾਨੂੰ । (ਮੀਆਂ ਮੁਹੈਮਦ ਬਖ਼ਸ਼)

ਤੀਜਾ ਦੌਰ (ਉਨ੍ਹੀਵੀਂ ਸਦੀ)

ਉਨ੍ਹੀਵੀਂ ਸਦੀ ਵਿਚ ਵੀ ਕਿੱਸਾ ਕਾਵਿ ਪਰੈਪਰਾ ਪੰਜਾਬੀ ਸਾਹਿੱਤ ਦੀ ਇਕ ਬਲਵਾਨ ਅਤੇ ਲੋਕਪਿਅ ਕਾਵਿ ਪਰੈਪਰਾ ਬਣੀ ਰਹੀ।ਇਸ ਸਦੀ ਕਿ ਚ ਬਹੁਤ ਸਾਰੇ ਕਿੱਸਾ ਕਵੀ ਹੋਏ ਜਿਨ੍ਹਾਂ ਨੇ ਮੁਕਬਲ ਅਤੇ ਵਾਰਿਸ ਦੁਆਰਾ ਵਰੋਸਾਈ ਇਸ ਕਾਕਿ ਪਰੈਪਰਾ ਵਿਚ ਹੋਰ ਸੈਭਾਵਨਾਵਾਂ ਪੈਦਾ ਕੀਤੀਆਂ। ਇਸ ਸਦੀ ਦੇ ਪ੍ਰਮੁੱਖ ਕਿੱਸਾ ਕਵੀਆਂ ਵਿਚ ਹਾਸ਼ਮ, ਅਹਿਮਦ ਯਾਰ, ਇਮਾਮ ਬਖ਼ਸ਼, ਕਾਦਰ ਯਾਰ, ਫਜ਼ਲ ਸ਼ਾਹ, ਮੀਆਂ ਮੁਹੰਮਦ ਬਖ਼ਸ਼, ਕਿਸ਼ਨ ਸਿੰਘ ਆਰਿਫ਼ ਅਤੇ ਭਗਵਾਨ ਸਿੰਘ ਆਦਿਕ ਦਾ ਨਾਮ ਲਿਆ ਜਾ ਸਕਦਾ ਹੈ।

ਹਾਸ਼ਮ (1752-1821)

ਹਾਸ਼ਮ ਦਾ ਜਨਮ ਪਿੰਡ ਜਗਦੇਉ ਕਲਾਂ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹਾਜੀ ਮੁਹੈਮਦ ਸ਼ਰੀਫ਼ ਦੇ ਘਰ 1752 ਈ. ਵਿਚ ਹੋਇਆ। ਉਹ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਸਭ ਤੋਂ ਸ੍ਰੇਸ਼ਠ ਕਿੱਸਾ ਕਵੀ ਸੀ। ਉਸ ਦੇ ਕਿੱਸਿਆਂ 'ਸੋਹਣੀ ਮਹੀਂਵਾਲ", "ਹੀਰ ਰਾਂਝੇ" ਕੀ ਬਿਰਤੀ", "ਸੱਸੀ ਪਨੂੰ" ਤੇ 'ਸ਼ੀਰੀ ਫ਼ਰਹਾਦ ਕੀ ਬਾਰਤਾ" ਵਿਚ ਕੇਵਲ ਪ੍ਰੀਤ-ਕਹਾਣੀਆਂ ਦਾ ਵਰਣਨ ਅਤੇ ਬ੍ਰਿਤਾਂਤ ਹੀ ਨਹੀਂ ਬਲਕਿ ਉਹ ਸਾਰੇ ਸਰੋਕਾਰ ਸਮਾਏ ਹੋਏ ਹਨ ਜਿਹੜੇ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਪ੍ਰਾਪਤੀ ਸਨ। ਹਾਸ਼ਮ ਦਾ ਸਮਾਂ ਸਿਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਸਮਾਜਿਕ ਪੱਖੋਂ ਸਾਮੈਤੀ ਸਮਾਜ ਦਾ ਸਮਾਂ ਹੈ। ਅਜਿਹੇ ਸਮਾਜ ਵਿਚ ਪਿਆਰ ਦੀ ਸੁਤੰਤਰਤਾ ਦੇ ਰਾਹ ਵਿਚ ਰੁਕਾਵਟਾਂ ਪਰਿਵਾਰ, ਕਬੀਲਾ ਅਤੇ ਉਸ ਦੇ ਆਗੂ ਹੀ ਮੁਖ ਤੌਰ ਤੇ ਬਣਦੇ ਹਨ।

"ਕਿੱਸਾ ਸੱਸੀ ਪੁਨੂੰ" ਹਾਸ਼ਮ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਬਾਵਾ ਬੁੱਧ ਸਿੰਘ ਨੇ ਆਪਣੀ ਪੁਸਤਕ 'ਬੰਬੀਹਾ ਬੋਲ" ਵਿਚ ਲਿਖਿਆ ਹੈ, "ਹਾਸ਼ਮ ਨੇ ਸੱਸੀ ਕਾਹਦੀ ਆਖੀ, ਘਰ ਘਰ ਬਿਰਹਾ ਦਾ ਮੁਆਤਾ ਲਾ ਦਿੱਤਾ। ਪ੍ਰੇਮ ਦਾ ਭਾਂਬੜ ਬਾਲ, ਮਾਰੂਥਲ ਜਗਮਗ ਕਰ ਦਿੱਤਾ।"

ਇਸ ਕਿੱਸੇ ਵਿਚ 126 ਛੰਦ ਹਨ ਅਤੇ ਕਵੀ ਨੇ ਦਵਈਆ ਛੰਦ ਦੀ ਵਰਤੋ' ਕੀਤੀ ਹੈ। ਹਰ ਕਾਵਿ ਬੰਦ ਦੀਆਂ ਚਾਰ ਤੁਕਾਂ ਹਨ। ਨਾ ਸਿਰਫ਼ 'ਸੱਸੀ ਹਾਸ਼ਮ ਵਿਚ ਬਲਕਿ ਆਪਣੀ ਸਮੁੱਚੀ ਰਚਨਾ ਵਿਚ ਹੀ ਉਸ ਨੇ ਸੰਜਮ ਅਤੇ ਸੰਖੇਪਤਾ ਨੂੰ ਸਰਵੋਪਰ ਰੱਖਿਆ ਹੈ। ਇਸ ਰਚਨਾ ਦਾ ਮੀਰੀ ਗੁਣ ਕਾਮਲ ਇਸ਼ਕ ਦਾ ਵਰਣਨ ਹੈ ਜਿਸ ਦੇ ਬਾਰੇ ਵਿਚ ਉਸ ਨੇ ਆਪ ਵੀ ਇਸ ਰਚਨਾ ਦੇ ਆਰੰਭ ਵਿਚ ਸੰਕੇਤ ਕਰ ਦਿੱਤਾ ਹੈ :

ਹੁਸਨ ਕਲਾਮ ਜੋ ਸ਼ਾਇਰ ਕਰਦੇ, ਸੁਖਨ ਨ ਸਾਥੀਂ ਆਇਆ।

ਜੇਹਾ ਅਕਲ ਸ਼ਊਰ ਅਸਾਡਾ, ਅਸਾਂ ਭੀ ਆਖ ਸੁਣਾਇਆ।
ਸੁਣ ਸੁਣ ਹੋਤ ਸੱਸੀ ਦੀਆਂ ਬਾਤਾਂ, ਕਾਮਲ ਇਸ਼ਕ ਕਮਾਇਆ।
ਹਾਸ਼ਮ ਜੋਸ਼ ਤਬੀਅਤ ਕੀਤਾ, ਵਹਿਮ ਇਤੇ ਵੱਲ ਆਇਆ।

ਕਿੱਸਾ ਸੱਸੀ ਪੁਨੂੰ ਹਾਸ਼ਮ ਦਾ ਸ਼ਾਹਕਾਰ ਹੈ। ਹਾਸ਼ਮ ਤੋਂ ਪਹਿਲਾਂ ਹਾਫ਼ਿਜ਼ ਬਰਖ਼ੁਰਦਾਰ ਅਤੇ ਸੁੰਦਰ ਦਾਸ ਨੇ ਵੀ ਇਸ ਕਿੱਸੇ ਨੂੰ ਕਾਵਿਬੱਧ ਕੀਤਾ ਸੀ ਪਰ ਜੋ ਸ਼ੋਹਰਤ ਤੇ ਮਾਨਤਾ ਹਾਸ਼ਮ ਦੇ ਕਿੱਸੇ ਨੂੰ ਪ੍ਰਾਪਤ ਹੋਈ ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਨਾਟਕੀ ਸ਼ੈਲੀ ਨੇ ਇਸ ਰਚਨਾ ਵਿਚ ਕਥਾ-ਵਸਤੂ ਦੇ ਵਿਸਤਾਰ ਦੀ ਘਾਟ ਨੂੰ ਪੂਰਾ ਕਰ ਦਿੱਤਾ ਹੈ। ਕਵੀ ਕਿਧਰੇ ਵੀ ਕਹਾਣੀ ਦੀ ਗਤੀ ਨੂੰ ਧੀਮਾ ਨਹੀਂ ਹੋਣ ਦਿੰਦਾ। ਹਰ ਬੰਦ ਦੀ ਆਖਰੀ ਤੁਕ ਵਿਚ ਵਾਰਿਸ ਵਾਂਗ ਕਿਸੇ-ਨਾ-ਕਿਸੇ ਅਟੱਲ ਸਚਾਈ ਨੂੰ ਬਿਆਨ ਕਰਦਾ ਹੈ। ਅਲੰਕਾਰਾਂ ਦਾ ਮੌਲਿਕ ਅਤੇ ਸੁੰਦਕ ਪ੍ਰਯੋਗ ਹਾਸ਼ਮ ਦੇ ਲਿਸ ਕਿੱਸੇ ਦਾ ਇਕ ਮੀਕੀ ਗੁਣ ਹੈ। ਦੇਖੋ :

ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਮਾਰੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬਦਲੀਂ, ਡਰਦਾ ਲਿਸ਼ਕ ਨ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ ਸਿਦਕੋਂ ਮੂਲ ਨਾ ਹਾਰੇ।

ਹਾਸ਼ਮ ਨੇ "ਸੋਹਣੀ ਮਹੀਂਵਾਲ" ਦੇ ਕਿੱਸੇ ਦੀ ਵੀ ਰਚਨਾ ਕੀਤੀ। ਹਾਸ਼ਮ ਨੇ ਇਹ ਕਿੱਸਾ ਹੋਰ ਸਭ ਕਿੱਸਾਕਾਰਾਂ ਤੋਂ ਪਹਿਲਾਂ ਰਚਣ ਦਾ ਦਾਅਵਾ ਕੀਤਾ ਹੈ। ਦੇਖੋ :

ਇਕ ਦਿਨ ਸ਼ੌਕ ਸਮੇਂ ਜਗਦੇਈਂ, ਬੈਠਿਆਂ ਵਿਚ ਮਸੀਤੀ।
ਯਾਰਾਂ ਦਰਦਮੰਦਾਂ ਫਰਮਾਇਸ਼, ਨਾਲ ਮੁਹੱਬਤ ਕੀਤੀ।
ਸੋਹਣੀ ਤੇ ਮਹੀਂਵਾਲ ਬਣਾਉ, ਨਾਲ ਉਨ੍ਹਾਂ ਜੋ ਬੀਤੀ।
ਹਾਸ਼ਮ ਕੌਣ ਕਿਥਾਉਂ ਆਹੇ, ਕਿਸੇ ਨ ਜ਼ਾਹਿਰ ਕੀਤੀ।

ਪਿਆਰਾ ਸਿੰਘ ਪਦਮ ਅਨੁਸਾਰ, ਸੱਸੀ ਦੀ ਨਿਸਬਤ ਸੋਹਣੀ ਵਿਚ ਅਸਚਰਜਤਾ ਦਾ ਅੰਸ਼ ਘੱਟ ਹੈ ਅਤੇ ਸਾਦਗੀ ਵਧੇਰੇ ਹੈ। ਇਸ ਵਿਚ ਕਵੀ ਉਹ ਚਮਕ ਤੇ ਰਸ ਨਹੀਂ ਭਰ ਸਕਿਆ ਜੋ ਉਸ ਦੁਆਰਾ ਰਚਿਤ 'ਸੱਸੀ ਪੁਨੂੰ" ਵਿਚ ਹੈ। ਜੋ ਕਹਾਣੀ ਪਹਿਲਾਂ ਲਿਖੀ ਗਈ ਹੋਵੇ, ਉਸ ਵਿਚ ਰਸ, ਲੈਅ ਅਤੇ ਚਮਕ ਪੈਦਾ ਕਰਨ ਦੀ ਗੁੰਜਾਇਸ਼ ਵਧੇਰੇ ਹੁੰਦੀ ਹੈ। (ਹਾਸ਼ਮ ਰਚਨਾਵਲੀ, ਪੰਨਾ 34) ਇਸ ਕਿੱਸੇ ਵਿਚ ਹਾਸ਼ਮ ਨੇ ਸੋਹਣੀ ਦੇ ਦੁੱਖ ਦਾ ਬਿਆਨ ਬੜੇ ਪ੍ਰਭਾਵਸ਼ਾਲੀ ਢੰਗ

ਨਾਲ ਕੀਤਾ ਹੈ। ਹੋਣੀ, ਦੁੱਖ ਅਤੇ ਮੌਤ ਦੇ ਸਾਹਮਣੇ ਉਸ ਦੀ ਲਾਚਾਰੀ ਨੂੰ ਬੜੀ ਸੁੰਦਰਤਾ ਨਾਲ ਸਾਮਰਤੱਖ ਕੀਤਾ ਹੈ। ਇਸ ਰਚਨਾ ਵਿਚ ਹਾਸ਼ਮ ਨੇ ਸੱਸੀ ਦੇ ਸਿਦਕ ਅਤੇ ਇਸ਼ਕ ਦੀ ਭਰਪੂਰ ਪ੍ਰਸ਼ੈਸਾ ਕੀਤੀ ਹੈ। ਦੇਖੋ :

1. ਹਾਸ਼ਮ ਸਿਦਕ ਸੋਹਣੀ ਦੇ ਉਤੋ' ਵਾਰੀ ਲੱਖ ਕਰੋੜੀ ।

2. ਹਾਸ਼ਮ ਇਸ਼ਕ ਅਕਲ ਦਾ ਦੁਸ਼ਮਣ ਦੇਵੇ ਦੀਨ ਗਵਾਈ।

ਹਾਸ਼ਮ ਦੀ ਰਚਨਾ 'ਸ਼ੀਰੀਂ ਫ਼ਰਹਾਦ" ਬਾਰੇ ਅਹਿਮਦ ਯਾਰ ਅਤੇ ਮੁਹੈਮਦ ਬਖ਼ਸ਼ ਨੂੰ ਇਹ ਸ਼ਿਕਾਇਤ ਹੈ ਕਿ ਉਸ ਨੇ ਇਹ ਕਹਾਣੀ ਕਾਫ਼ੀ ਬਦਲ ਦਿੱਤੀ ਹੈ :

ਸ਼ੀਰੀਂ ਖ਼ੁਸਰੋ ਦਾ ਜੋ ਕਿੱਸਾ, ਅਸਾਂ ਵਿਚ ਕਿਤਾਬਾਂ ਪੜ੍ਹਿਆ।
ਹਾਸ਼ਮ ਹੋਰ ਤਰ੍ਹਾਂ ਕੁਝ ਲਿਖਿਆ, ਸਾਡੀ ਨਜ਼ਰ ਨਾ ਚੜ੍ਹਿਆ।
ਇਸ਼ਕ ਸ਼ੀਰੀਂ ਫਰਿਹਾਦੇ ਵਾਲੀ, ਗੱਲ ਵਟਾ ਸੁਣਾਈਉਸ ।

"ਸ਼ੀਰੀਂ ਫਰਹਾਦ" ਵਿਚ ਮੰਗਲਾਚਰਣ ਖਾਲਸ ਪੰਜਾਬੀ ਹੈ। ਸੁਰਖ਼ੀਆਂ ਫ਼ਾਰਸੀ ਦੀ ਥਾਂ ਹਿੰਦੀਨੁਮਾ ਭਾਸ਼ਾ ਵਿਚ ਹਨ ਅਤੇ ਇਸ ਦਾ ਨਾਮ ਵੀ 'ਸ਼ੀਰੀਂ ਫਰਹਾਦ ਕੀ ਬਾਰਤਾ" ਹੈ।

ਪ੍ਰਿਥੇ ਉਸਤਤਿ ਸਾਹਿਬ ਦੀ ਲਿਖੀ ਹੈ। ਹਾਸ਼ਮ ਦਾ ਇਕ ਹੋਰ ਕਿੱਸਾ "ਹੀਰ ਹਾਸ਼ਮ" (ਹੀਰ ਰਾਂਝੇ ਕੀ ਬਿਰਤੀ) ਹੈ। ਇਸ "ਬਿਰਤੀ" ਦੀ ਲਿਖਣ ਸ਼ੈਲੀ, ਬੋਲੀ ਅਤੇ ਬਿਆਨ ਢੰਗ ਹਾਸ਼ਮ ਦੇ ਹੋਰ ਕਿੱਸਿਆਂ ਤੋਂ ਵੱਖਰਾ ਹੈ। ਇਸ ਕਿੱਸੇ ਦੀ ਰਚਨਾ ਕਰਨ ਸਮੇ ਉਸ ਨੇ ਮੁਕਬਲ ਦੇ ਮਾਡਲ ਨੂੰ ਸਾਹਮਣੇ ਰੱਖਿਆ ਹੈ। ਇਨ੍ਹਾਂ ਕਿੱਸਿਆਂ ਤੋਂ' ਬਿਨਾਂ ਉਸ ਦੇ ਦੋਹੜੇ (ਦਰਿਆਇ ਹਕੀਕਤ), ਡਿਉਢਾਂ, ਬਾਰਾਮਾਹ, ਅਤੇ ਰੀਜਿ ਅਸਰਾਰ ਆਦਿ ਵੀ ਕਾਫ਼ੀ ਪ੍ਰਸਿੱਧ ਹਨ । ਮੀਆਂ ਮੁਹੰਮਦ ਬਖ਼ਸ਼ ਨੇ ਹਾਸ਼ਮ ਦੀ ਕਾਵਿ-ਪ੍ਰਤਿਭਾ ਬਾਰੇ ਬਿਲਕੁਲ ਠੀਕ ਲਿਖਿਆ ਹੈ :

ਹਾਸ਼ਮ ਸ਼ਾਹ ਦੀ ਹਸ਼ਮਤ ਬਰਕਤ, ਗਿਣਤਰ ਵਿਚ ਨਾ ਆਵੇ
ਦੁਰਿ-ਯਤੀਮ ਜਵਾਹਰ ਲੜੀਆਂ, ਜ਼ਾਹਿਰ ਕੱਢ ਲਿਆਵੇ !
ਉਹ ਭੀ ਮੁਲਕਿ ਸੁਖਨ ਦੇ ਅੰਦਰ, ਰਾਜਾ ਸੀ ਸਰਕਰਦਾ।
ਜਿਸ ਕਿੱਸੇ ਦੀ ਚੜ੍ਹੇ ਮੁਹਿੰਮੇ, ਸੋਈਓ ਸੀ ਸਰ ਕਰਦਾ । (ਸ਼ੈਫ਼ਲ ਮਲੂਕ)

ਅਹਿਮਦ ਯਾਰ (1768-1848 ਈ.)

ਮੌਲਵੀ ਅਹਿਮਦ ਯਾਰ ਦਾ ਜਨਮ ਪਿੰਡ ਮੁਰਾਲਾ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਖੇ 1768 ਈ. ਵਿਚ ਹੋਇਆ। ਕੁਝ ਸਮਾਂ ਬਾਅਦ ਉਹ ਆਪਣਾ ਜੱਦੀ ਪਿੰਡ ਛੱਡ ਕੇ ਕਿਲ੍ਹਾ ਇਸਲਾਮ ਗੜ੍ਹ ਵਿਖੇ ਆ ਟਿਕਿਆ। ਮੀਆਂ ਮੌਲਾ ਬਖ਼ਸ਼ ਕੁਸ਼ਤਾ

ਅਨੁਸਾਰ ਜਵਾਨੀ ਵਿਚ ਉਸਦਾ 'ਰਾਣੀ" ਨਾਮ ਦੀ ਇਕ ਸੁੰਦਰ ਲੜਕੀ ਨਾਲ ਪ੍ਰੇਮ ਪੈ ਗਿਆ। ਉਹ ਜ਼ੈਰਕੌਮ ਦੀ ਕੁੜੀ ਸੀ। ਇਸ ਲਈ ਘਰ ਵਾਲਿਆਂ ਨੇ ਇਨ੍ਹਾਂ ਦੇ ਇਸ ਰਿਸ਼ਤੇ ਨੂੰ ਪ੍ਰਾਨ ਨਾ ਕੀਤਾ। ਸਿੱਟੇ ਵਜੋਂ ਇਕ ਵਾਰ ਫੇਰ ਘਰ-ਬਾਰ ਛੱਡਣਾ ਪੈ ਗਿਆ। ਅਹਿਮਦ ਯਾਰ ਨੇ ਗਿਣਤੀ ਵਿਚ ਸਭ ਤੋਂ ਵੱਧ ਕਿੱਸੇ ਲਿਖੇ ਹਨ। ਇਸ ਪ੍ਰਸੈਗ ਵਿਚ ਉਸਦਾ ਇਕ ਸ੍ਵੈਕਥਨ ਹੈ :

ਜਿਤਨੇ ਕਿੱਸੇ ਅਤੇ ਕਿਤਾਬਾਂ, ਉਮਰ ਸਾਰੀ ਮੈ' ਜੋੜੇ।
ਕਿਸੇ ਇਕ ਬਣਾਇਆ ਹੋਸੀ, ਯਾ ਦੋ, ਕਿੱਸੇ ਰਸਾਲੇ।
ਚਾਲੀ ਬਰਸ ਹੋਏ ਮੈਂ ਲਿਖਦਿਆਂ ਕਾਗਜ਼ ਕਰਦਿਆਂ ਕਾਲੇ।

ਅਹਿਮਦ ਯਾਰ ਦੁਆਰਾ ਲਿਖੇ ਕੁਝ ਪ੍ਰਸਿੱਧ ਕਿੱਸਿਆਂ ਦੇ ਨਾਮ ਇਸ ਪ੍ਰਕਾਰ ਹਨ :

ਕਿੱਸਾ ਤਿਤੱਰ, ਹੀਰ ਰਾਂਝਾ, ਸੱਸੀ ਪੁਨੂੰ, ਲੈਲਾ ਮਜਨੂੰ, ਸੋਹਣੀ ਮਹੀਂਵਾਲ, ਕਾਮਰੂਪ, ਅਹਿਸਨੁਲਕਸਿਸ (ਯੂਸਫ਼ ਜ਼ੁਲੈਖਾ), ਚੈਦਰ ਬਦਨ, ਰਾਜ ਬੀਬੀ ਅਤੇ ਸੈਫ਼ੁਲ ਮਲੂਕ ਆਦਿ। ਉਹ "ਕਿੱਸਾ ਹੀਰ ਰਾਂਝਾ" ਨੂੰ ਆਪਣੀ ਸ਼ਿਰੋਮਣੀ ਰਚਨਾ ਮੰਨਦਾ ਹੈ। ਹੁਸਨ-ਇਸ਼ਕ ਦੇ ਇਨ੍ਹਾਂ ਕਿੱਸਿਆਂ ਤੋਂ' ਬਿਨਾਂ ਉਸ ਨੇ ਕੁਝ ਇਸਲਾਮੀ ਰਚਨਾਵਾਂ ਵੀ ਲਿਖੀਆਂ। ਅਹਿਮਦ ਯਾਰ ਇਕ ਦਾਵਾਨ ਵਿਅਕਤੀ ਸੀ। ਉਸ ਨੂੰ ਫ਼ਾਰਸੀ ਅਤੇ ਅਰਬੀ ਆਦਿਕ ਭਾਸ਼ਾਵਾਂ ਦਾ ਚੋਗਾ ਗਿਆਨ ਸੀ। ਇਸ ਤੋਂ ਬਿਨਾਂ ਉਸ ਨੂੰ ਇਸਲਾਮ ਬਾਰੇ ਵੀ ਭਰਪੂਰ ਜਾਣਕਾਰੀ ਸੀ। ਆਪਣੇ ਗਿਆਨ ਦਾ ਪ੍ਰਗਟਾਵਾ ਕਰਦਾ ਹੋਇਆ ਉਹ ਲਿਖਦਾ ਹੈ :

ਚੌਦਾਂ ਇਲਮ ਦਿੱਤੇ ਰੱਬ ਮੈਨੂੰ ਚੌਦਾਂ ਖ਼ਤ ਮੈਂ ਲਿਖੇ।

ਉਸਤਾਦਾਂ ਥੀਂ ਮਿੰਨਤ ਕਰਕੇ ਹਰਫ਼ ਸਚਾਵੇਂ' ਸਿਖੇ।

ਅਹਿਮਦ ਯਾਰ ਨੇ ਭਾਵੇਂ ਬਹੁਤ ਵੱਡੀ ਗਿਣਤੀ ਵਿਚ ਕਿੱਸੇ ਲਿਖੇ ਪਰੰਤੂ ਸਾਹਿੱਤ ਦੇ ਇਤਿਹਾਸਕਾਰਾਂ ਅਨੁਸਾਰ ਉਸ ਦੇ ਕਿੱਸਿਆਂ ਦਾ ਪੱਧਰ ਬਹੁਤਾ ਉੱਚਾ ਨਹੀਂ ਹੈ। ਡਾ. ਮੋਹਨ ਸਿੰਘ ਅਨੁਸਾਰ ਅਹਿਮਦ ਯਾਰ ਪਾਸ ਠੇਠ ਮੁਹਾਵਰਾ, ਸ਼ਬਦਾਵਲੀ, ਬਿੰਬਾਵਲੀ ਤੇ ਫ਼ਾਰਸੀ ਸ਼ਬਦ-ਭੰਡਾਰ ਤਾਂ ਅਮੁੱਕ ਹੈ ਪਰ ਉਸ ਵਿਚ ਵਿਸ਼ੈ ਦੀ ਮੌਲਿਕਤਾ ਨਹੀਂ ਹੈ। ਇਸ ਲਈ ਉਹ ਉਨ੍ਹਾਂ ਬਣੇ ਕਵੀਆਂ ਤੋਂ' ਉਤਾਂਹ ਨਹੀਂ ਉੱਠ ਸਕਿਆ, ਜਿਨ੍ਹਾਂ ਦੇ ਸਾਹਮਣੇ ਕੇਵਲ ਰਚਨਾਵਾਂ ਦੀ ਬਹੁਤਾਤ ਕਾਰਨ ਉਹ ਚਾਨਣ-ਮੁਨਾਰਾ ਬਣਨਾ ਚਾਹੁੰਦਾ ਸੀ। ਪਰ ਉਹ ਇਕ ਬਹੁ- ਵਿਸਤਾਰੀ ਕਵੀ ਹੈ। ਬੇਸ਼ਕ ਉਹ ਅਨੁਕਰਣਚੀ ਹੈ ਪਰ ਉਸਦੀ ਰਚਨਾ ਵਿਚ ਰੈਗੀਨੀ ਅਤੇ ਵੈਨ-ਸੁਵੈਨਾਪਣ ਹੈ। ਉਸ ਦੀਆਂ ਰਚਨਾਵਾਂ ਵਿਚੋਂ ਲਹਿੰਦੀ ਦੇ ਭਾਵਪੂਰਨ ਮੁਹਾਵਰਿਆਂ ਦਾ ਇਕ ਮਹਾਨ ਕੋਸ਼ ਤਿਆਰ ਕੀਤਾ ਜਾ ਸਕਦਾ ਹੈ। ਉਸ ਦੀ ਕਲਪਣਾ ਸਚਿਤਰ ਹੈ।

ਮੀਆਂ ਮੌਲਾ ਬਖ਼ਸ਼ ਕੁਸ਼ਤਾ ਅਹਿਮਦ ਯਾਰ ਦੀ ਕਾਵਿ ਕਲਾ ਦਾ ਪ੍ਰਸ਼ੈਸਕ ਹੈ। ਉਸ ਅਨੁਸਾਰ, ਅਹਿਮਦ ਯਾਰ ਦੇ ਸ਼ੇਅਰਾਂ ਵਿਚ ਰਵਾਨੀ, ਬਿਆਨ ਵਿਚ ਜ਼ੋਰ, ਖਿਆਲ ਵਿਚ ਉਡਾਰੀ, ਜ਼ਬਾਨ ਵਿਚ ਰਸ ਤੇ ਲੋਚ ਢੇਰ ਏ। ਉਹ ਕਵਿਤ੍ਾ ਨੂੰ ਕਿਧਰੇ ਨੰਗਿਆਂ ਨਹੀਂ ਹੋਣ ਦਿੰਦਾ। (ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ 147) ਬਾਵਾ ਬੁੱਧ ਸਿੰਘ ਦਾ ਵਿਚਾਰ ਹੈ ਕਿ "ਇਨ੍ਹਾਂ ਦੀ ਬੋਲੀ ਠੇਠ ਹੈ ਪਰ ਫ਼ਾਰਸੀ ਦਾ ਵੀ ਜ਼ੋਰ ਜ਼ਰੂਰ ਹੈ। ਇਹ ਕਹਾਣੀ ਨੂੰ ਚੰਗੀ ਤਰ੍ਹਾਂ ਕਵਿਤਾ ਵਿਚ ਦੱਸ ਸਕਦੇ ਹਨ ਪਰ ਰਚਨਾ ਦੇ ਚਮਤਕਾਰ ਦੱਸਣ ਤੋਂ' ਕੋਰੇ ਹੀ ਹਨ। ਇਨ੍ਹਾਂ ਨੇ ਕਵਿਤਾ ਵਿਚ ਮੁਬਾਲਗਾ ਅਰ ਇਸਤਿਆਰੇ ਤਸ਼ਬੀਹਾਂ ਤੋਂ ਕੰਮ ਘੱਟ ਲਿਆ ਹੈ। ਪਰ ਲਿਖਤ ਦੀ ਸਾਦਗੀ ਨਾਲ ਕਵਿਤਾ ਦਾ ਰੈਗ ਵੀ ਜ਼ਰੂਰ ਕਿਧਰੇ-ਕਿਧਰੇ ਦੱਸਿਆ ਹੈ।"

"ਕਿੱਸਾ ਹੀਰ ਰਾਂਝਾ! ਲਿਖਣ ਲਈ ਉਸ ਨੇ ਵਾਰਿਸ ਸ਼ਾਹ ਦੀ ਰਚਨਾ ਨੂੰ ਆਪਣੇ ਸਾਹਮਣੇ ਰੱਖਿਆ। ਉਸ ਦੀ ਰੀਸ ਕਰਨਾ ਉਹ ਇਕ ਮਾਨ ਵਾਲੀ ਗੱਲ ਸਮਝਦਾ ਹੈ ਪਰ ਉਹ ਇਸ ਗੱਲ ਨੂੰ ਮੰਨਦਾ ਹੈ ਕਿ ਉਹ ਵਾਰਿਸ ਦੀ ਬਰਾਬਰੀ ਨਹੀਂ ਕਰ ਸਕਦਾ :

ਰਿਸ ਸ਼ਾਹ ਜੈਡਿਆਲੇ ਵਾਲੇ, ਵਾਹ ਵਾਹ ਹੀਰ ਬਣਾਈ।  
ਮੈਂ ਭੀ ਰੈਸ ਉਸੇ ਦੀ ਕਰਕੇ, ਲਿਖੀ ਤੋੜ ਨਿਭਾਈ ।  
ਜੋ ਅਟਕਲ ਮਜ਼ਮੂਨ ਬੰਨ੍ਹਣ ਦੀ ਉਸ, ਸੋ ਮੈਂ ਨਹੀਂ ਆਈ ।  
ਵਡਾ ਤਅੱਜੁਬ ਆਵੇ ਯਾਰੋ, ਵੇਖ ਉਸਦੀ ਵਡਿਆਈ ।

ਅਹਿਮਦ ਯਾਰ ਨੇ "ਕਿੱਸਾ ਹੀਰ ਰਾਂਝਾ" ਮਸਨਵੀ ਰੂਪ ਵਿਚ ਰਚਿਆ। ਦੂਜੇ ਕਿੱਸੇ ਵੀ ਇਸੇ ਕਾਵਿ-ਰੂਪ ਵਿਚ ਲਿਖੇ ਹਨ। ਕੇਵਲ 'ਸੱਸੀ ਪਨੂੰ" ਬੈਂਤਾਂ ਵਿਚ ਲਿਖਿਆ ਹੈ। ਉਸ ਦੁਆਰਾ ਲਿਖੀ ਹੀਰ ਦੀ ਕਹਾਣੀ ਵਾਰਿਸ ਦੇ ਕਥਾਨਕ ਉਪਰ ਚੱਲਦੀ ਹੈ। ਅੰਤ ਵੀ ਦੁਖਾਂਤ ਵਿਚ ਕੀਤਾ ਹੈ। ਇਸ ਰਚਨਾ ਵਿਚ ਉਸਦੀ ਕਾਵਿ-ਕਲਾ ਕਾਫ਼ੀ ਚੰਗੀ ਤਰ੍ਹਾਂ ਉਘੱੜੀ ਹੈ।

ਇਸ ਰਚਨਾ ਵਿਚੋਂ ਇਕ ਅੰਸ਼ ਦੇਖੋ :  
ਸੁਣ ਵੇ ਵੀਰਾ ! ਗੁਣੀ ਗਹੀਰਾ, ਆਖਦੀਆਂ ਭਰਜਾਈਆਂ।  
ਅਸੀਂ ਤੇਰੇ ਤੋਂ ਹਾਂ ਸਿਰ ਸਦਕੇ, ਸਾਰੀਆਂ ਘੋਲ ਘੁਮਾਈਆਂ।  
ਵਾਰ ਵਾਰ ਇਕੱਠੀਆਂ ਤੇਰੀਆਂ, ਲਈਏ ਵੰਡ ਬਲਾਈਆਂ।  
ਅਹਿਮਦ ਯਾਰ ਸਾਨੂੰ ਦੱਸ ਵੇਦਣ, ਹਾਜ਼ਰ ਹਾਂ ਸਣ ਭਾਈਆਂ।  
ਇਮਾਮ ਬਖ਼ਸ਼ (1778-1863 ਈ.)

ਇਮਾਮ ਬਖ਼ਸ਼ ਦਾ ਜਨਮ ਪਿੰਡ ਪੱਸੀਆਂ ਵਾਲਾ (ਜ਼ਿਲਾ ਸਿਆਲਕੋਟ) ਵਿਚ 1778 ਈ. ਨੂੰ ਹੋਇਆ। ਉਹ ਜ਼ਾਤ ਦਾ ਕੁਰੈਸ਼ੀ ਅਤੇ ਤਰਖਾਣਾ ਕੰਮ ਕਰਦਾ ਸੀ। ਇਸ ਦੇ ਨਾਲ ਉਹ ਬੱਚਿਆਂ ਨੂੰ ਕੁਰਾਨ ਮਜੀਦ ਦੀ ਸਿਖਿਆ ਵੀ ਦਿੰਦਾ ਸੀ। ਉਹ ਮੀਆਂ ਵੱਡਾ ਲਾਹੌਰੀ ਦਾ ਸ਼ਾਗਿਰਦ ਸੀ। ਆਪਣਾ ਪਰਿਚਯ ਕਰਵਾਉਂਦਾ ਹੋਇਆ ਉਹ ਲਿਖਦਾ ਹੈ :

ਇਮਾਮ ਬਖ਼ਸ਼ ਵਿਚ ਪੱਸੀਆਂ ਵਾਲੇ, ਬੈਠਾ ਜੋਸ਼ ਖਰੋਸ਼ ਵਿਖਾਲੇ ।

ਪੜ੍ਹ ਪੜ੍ਹ ਹਾਫ਼ਿਜ਼ ਹੋਣ ਸੁਖਾਲੇ, ਮਿਲੇ ਬਦਲਾ ਨੇਕ ਕਾਰੀਦਾ।

ਮੌਲਾ ਬਖਸ਼ ਕੁਸ਼ਤਾ ਅਨੁਸਾਰ ਇਮਾਮ ਬਖਸ਼ ਤੇਰ੍ਹਵੀਂ ਸਦੀ ਹਿਜਰੀ (ਉਨ੍ਹੀਵੀਂ ਸਦੀ) ਦੇ ਮਸ਼ਹੂਰ ਪੰਜਾਬੀ ਸ਼ਾਇਰਾਂ ਵਿਚੋਂ ਸੀ। ਉਸ ਦੇ ਸ਼ੇਅਰਾਂ ਵਿਚ ਸਾਦਗੀ ਤੇ ਰਵਾਨੀ, ਬੋਲੀ ਮਨ-ਖਿੱਚਵੀਂ ਅਤੇ ਰਸਭਰਪੂਰ ਸੀ। ਮੀਆਂ ਮੁਹੰਮਦ ਬਖ਼ਸ਼ ਉਸਦੇ ਸ਼ੇਅਰਾਂ ਵਿਚ ਸਾਬਣ" ਵਰਗੀ ਤਾਸੀਰ ਵੇਖਦਾ ਹੈ।

ਮੀਆਂ ਹਿਕ ਇਮਾਮ ਬਖ਼ਸ਼, ਰਹਿੰਦਾ ਪੱਸੀਆਂ ਵਾਲੇ ।

ਸ਼ੇਅਰ ਉਹਦਾ ਵੀ ਵਾਂਗ ਸਬੂਣੇ, ਮੈਲ ਦਿਲਾਂ ਤੋਂ ਲਾਹੇ । (ਸੈਫਲ ਮਲੂਕ, ਪੰਨਾਂ 657)

ਇਮਾਮ ਬਖ਼ਸ਼ ਦੇ ਪ੍ਰਸਿੱਧ ਕਿੱਸਿਆਂ ਦੇ ਨਾਮ ਇਸ ਪ੍ਰਕਾਰ ਹਨ : ਸ਼ਾਹ ਬਹਿਰਾਮ ਜਾਂ ਬਹਿਰਾਮ ਗੌਰ, ਕਿੱਸਾ ਲੈਲਾ ਮਜਨੂੰ, ਕਿੱਸਾ ਗੁਲ ਸਨੋਬਰ, ਕਿੱਸਾ ਚੰਦਰ ਬਦਨ, ਕਿੱਸਾ–ਬਦੀਅ-ਉਲ-ਜਮਾਲ ਅਤੇ ਕਿੱਸਾ ਗੁਲਬਦਨ । ਬਾਵਾ ਬੁੱਧ ਸਿੰਘ ਇਮਾਮ ਬਖ਼ਸ਼ ਦੇ ਕਿੱਸਿਆਂ ਦਾ ਵਿਸ਼ਲੇਸ਼ਣ ਕਰਦਾ ਹੋਇਆ ਲਿਖਦਾ ਹੈ ਕਿ ਉਸ ਦੀ ਕਵਿਤਾ ਸਿੱਧੀ-ਸਾਦੀ ਹੈ। ਕੋਈ ਡੂੰਘੀ ਸੋਚ ਜਾਂ ਉਚੇ ਖ਼ਿਆਲ ਦਾ ਚਮਤਕਾਰ ਨਹੀਂ । ਪਰ ਕਿੱਸੇ ਚੰਗੇ ਲਿਖੇ, ਕਹਾਣੀ ਚੈਗੀ ਨਿਭਾਈ। ਨਕਸ਼ਾ ਚੰਗਾ ਖਿੱਚਦਾ ਹੈ। ਉਸ ਦੀ ਮਸ਼ਹੂਰੀ 'ਬਹਿਰਾਮ ਗੋਰ" ਦੇ ਕਿੱਸੇ ਨੇ ਚੰਗੀ ਕੀਤੀ ।

ਇਮਾਮ ਬਖ਼ਸ਼ ਦਾ ਕਿੱਸਾ 'ਸ਼ਾਹ ਬਹਿਰਾਮ" ਲੱਖਾਂ ਦੀ ਗਿਣਤੀ ਵਿਚ ਛਪ ਕੇ ਵਿਕ ਚੁਕਾ ਹੈ। ਕੁਸ਼ਤਾ ਅਨੁਸਾਰ ਸ਼ਾਇਦ ਹੀ ਕੋਈ ਘਰਾਣਾ ਹੋਵੇ ਜਿਥੇ ਇਹ ਕਿੱਸਾ ਨਾ ਪੁੱਜਾ ਹੋਵੇ। ਇਸ ਤੋ ਪਹਿਲਾਂ ਵਾਰਿਸ ਦੀ "ਹੀਰ" ਅਤੇ ਪਿਛੋਂ ਫ਼ਜ਼ਲ ਸ਼ਾਹ ਦੀ "ਸੋਹਣੀ" ਏਨੀਆਂ ਮਕਬੂਲ ਹੋਣ ਵਾਲੀਆਂ ਰਚਨਾਵਾਂ ਹਨ। (ਪੰਜਾਬ ਦੇ ਹੀਰੇ, ਪੰਨਾ 119) ਲੈਲਾ ਮਜਨੂੰ ਨੂੰ ਕਵੀ ਆਪਣਾ ਦੀਵਾਨ ਆਖਦਾ ਹੈ। ਇਹ ਕਿਤਾਬ ਉਸਨੇ ਨਿਜ਼ਾਮੀ ਅਤੇ ਅਮੀਰ ਖੁਸਰੋ ਦੀ ਫ਼ਾਰਸੀ ਰਚਨਾ _ ਨੂੰ ਮੁੱਖ ਰੱਖ ਕੇ ਲਿਖੀ। 'ਸ਼ਾਹ ਬਹਿਰਾਮ" ਦੀ ਕਹਾਣੀ ਫਿਰਦੌਸੀ ਦੇ ਸ਼ਾਹਨਾਮੇ" ਵਿਚੋ ਲਈ ਗਈ ਹੈ। ਇਸ ਵਿਚ ਕਵੀ ਨੇ ਦਵਈਆ ਛੰਦ ਦਾ ਪ੍ਰਯੋਗ ਕੀਤਾ ਹੈ। ਇਸ ਕਿੱਸੇ ਵਿਚ ਉਸ ਦੀ ਦ੍ਰਿਸ਼ ਵਰਣਨ ਕਲਾ ਖ਼ੂਬ ਉੱਭਰੀ ਹੈ। ਦੇਖੋ :

ਖੁਸ਼-ਆਵਾਜ਼ ਜਨਾਵਰ ਬੋਲਣ, ਉੱਪਰ ਹਰ ਹਰ ਡਾਲੋਂ ।
ਵੇਖ ਬਹਾਰ ਚਮਨ ਦੀ ਪੜ੍ਹਦੇ, ਸਿਫ਼ਤ ਖੁਦਾਵੰਦ ਤਾਰੇ ।

ਸਾਇਆਦਾਰ ਦਰਖਤਾਂ ਵਿਚੋਂ, ਵਗਣ ਸਰਦ ਹਵਾਈਂ।
ਰੈਗ ਮਹਲ ਸੁਨਹਿਰੀ ਕੈਧਾਂ, ਵਾਂਗ ਬਹਿਸ਼ਤ ਬਣਾਈਂ ।

"ਚੰਦਨ ਬਦਨ ਤੇ ਮਈਆਰ" ਦੀ ਕਥਾ ਨਵੀਂ ਹੈ। ਇਹ ਕਿੱਸਾ 1869 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ ਕਵੀ ਨੇ ਚੰਦਰ ਬਦਨ ਦੇ ਹੁਸਨ ਦਾ ਵਰਣਨ ਬੜੇ ਕਲਾਮਈ ਢੰਗ ਨਾਲ ਕੀਤਾ ਹੈ :

ਉਸ ਦੇ ਹੁਸਨ ਦੀ ਸਿਫ਼ਤ ਕੀ ਆਖ ਦੱਸਾਂ,
ਜਿਸ ਦੀ ਤਰਫ਼ ਉਹ ਸਾਹਮਣੇ ਤੱਕਦੀ ਸੀ ।
ਜਾਂਦੇ ਸੁਰਤ ਸਾਰੇ ਭੁੱਲ ਆਦਮੀ ਦੇ,
ਤਾਬ ਹੁਸਨ ਦੀ ਝੱਲ ਨਾ ਸਕਦੀ ਸੀ।

ਕਾਦਰ ਯਾਰ (1802-1892 ਈ.)

ਕਾਦਰ ਯਾਰ ਦਾ ਅਸਲ ਨਾਮ ਕਾਦਰ ਬਖ਼ਸ਼ ਸੀ ਅਤੇ ਉਹ ਜ਼ਾਤ ਦਾ ਸੰਧੂ ਜੱਟ ਸੀ। ਉਸਦਾ ਜਨਮ ਪਿੰਡ ਮਾਛੀਕੇ (ਨੇੜੇ ਏਮਨਾਬਾਦ) ਜ਼ਿਲਾ ਗੁਜਰਾਂਵਾਲਾ ਵਿਚ 1802 ਈ. ਵਿਚ ਹੋਇਆ। ਕਾਦਰ ਯਾਰ ਇਕ ਸਾਧਾਰਨ ਪੇਂਡੂ ਵਿਅਕਤੀ ਸੀ। ਉਹ ਆਪਣੇ ਆਪ ਨੂੰ ਬੇਇਲਮ ਦਹਿਕਾਨ ਕਹਿੰਦਾ ਹੈ :

ਜੋੜ ਮਿਅਰਾਜ ਮੁਰੱਤਬ ਕੀਤਾ, ਜੋ ਕੁਝ ਸਾਥੋ' ਸਰਿਆ।

ਮੈਂ ਦਹਿਕਾਨ ਬੇਇਲਮ ਵਿਚਾਰਾ, ਦੋਸ ਨ ਚਾਹੀਏ ਧਰਿਆ।

ਕਾਦਰ ਯਾਰ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ : ਰੋਜ਼ਾਨਾਮਾ, ਮਿਅਰਾਜ ਨਾਮਾ, ਪੂਰਨ ਭਗਤ, ਵਾਰ ਰਾਜਾ ਰਸਾਲੂ, ਕਿੱਸਾ ਸੋਹਣੀ ਮਹੀਂਵਾਲ, ਵਾਰ ਰਾਣੀ ਕੋਕਿਲਾਂ ਅਤੇ ਵਾਰ ਹਰੀ ਸਿੰਘ ਨਲੂਆ। ਪੂਰਨ ਭਗਤ, ਰਾਜਾ ਰਸਾਲੂ ਤੇ ਸੋਹਣੀ ਮਹੀਂਵਾਲ ਦੇ ਕਿੱਸੇ ਕਾਦਰ ਯਾਰ ਨੇ ਸਭ ਤੋਂ ਪਹਿਲਾਂ ਲਿਖੇ। ਬਾਵਾ ਬੁੱਧ ਸਿੰਘ ਇਸ ਦੀ ਪ੍ਰੋੜ੍ਹਤਾ ਕਰਦਾ ਹੋਇਆ ਲਿਖਦਾ ਹੈ ਕਿ ਸਭ ਤੋਂ ਪਹਿਲਾਂ ਕਾਦਰ ਯਾਰ ਨੇ ਬੈਂਤਾਂ ਵਿਚ 'ਪੂਰਨ ਭਗਤ" ਲਿਖਿਆ। ਜਿਸ ਉਤੇ ਪ੍ਰਸੈਨ ਹੋ ਕੇ ਇਕ ਸਰਦਾਰ ਨੇ ਉਸ ਨੂੰ ਇਕ ਖੂਹ ਇਨਾਮ ਵਿਚ ਦਿੱਤਾ । (ਬੈਬੀਹਾ ਬੋਲ, ਪੰਨਾ 163) ਡਾ. ਮੋਹਨ ਸਿੰਘ ਕਾਦਰ ਯਾਰ ਨੂੰ ਪੰਜਾਬ ਦੇ ਲੋਕ-ਨਾਇਕਾਂ ਦਾ ਕਵੀ ਕਹਿੰਦਾ ਹੈ।

ਕਾਦਰ ਯਾਰ ਦੇ ਲੋਕ-ਨਾਇਕਾਂ ਵਿਚ ਉਹ ਸਾਰੇ ਗੁਣ ਤੇ ਵਸਫ਼ ਮੌਜੂਦ ਹਨ ਜਿਹੜੇ ਕਿਸੇ ਮਹਾਨ ਲੋਕ-ਨਾਇਕ ਵਿਚ ਹੋਣੇ ਚਾਹੀਦੇ ਹਨ। (ਐਨ ਇਨਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ, ਪੰਨਾ 154-159) ਜਿਵੇਂ ਵਾਰਿਸ ਦਾ ਸ਼ਾਹਕਾਰ "ਕਿੱਸਾ ਹੀਰ ਰਾਂਝਾ" ਹੈ, ਹਾਸ਼ਮ ਦੀ ਸ਼ਿਰੋਮਣੀ ਰਚਨਾ "ਸਸੀ ਹਾਸ਼ਮ" ਹੈ, ਉਸੇ ਤਰ੍ਹਾਂ ਕਾਦਰ ਯਾਰ ਦਾ

ਸ਼ਾਹਕਾਰ "ਕਿੱਸਾ ਪੂਰਨ ਭਗਤ" ਹੈ। ਇਸ ਦਾ ਕਾਵਿ-ਰੂਪ ਸੀਹਰਫ਼ੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਕਿੱਸੇ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਲਿਖਿਆ ਹੈ ਕਿ ਉਸਨੇ ਇਹ ਕਿੱਸਾ ਸਮਕਾਲੀ ਜੱਟ ਸਰਦਾਰਾਂ ਨੂੰ ਇਖ਼ਲਾਕੀ ਤੌਰ ਤੇ ਉੱਚਾ ਉਠਾਉਣ ਦੇ ਆਸ਼ੇ ਨਾਲ ਲਿਖਿਆ ਸੀ। ਜਗੀਰਦਾਰੀ ਸਮਾਜ ਵਿਚ ਜਿਹੜੀਆਂ ਬੁਰਿਆਈਆਂ ਅਤੇ ਭੈੜ ਹੋ ਸਕਦੇ ਸਨ, ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਵੀ ਮੌਜੂਦ ਸਨ। ਮਹਾਰਾਜਾ ਰਣਜੀਤ ਸਿੰਘ ਖ਼ੁਦ ਇਕ ਕਾਮੀ ਅਤੇ ਵਿਲਾਸੀ ਰਾਜਾ ਸੀ। ਰਣਜੀਤ ਸਿੰਘ ਬਾਰੇ ਲਿਖੀ ਇਕ "ਸੀਹਰਫ਼ੀ ਸਰਕਾਰ ਕੀ" ਵਿਚ ਕਵੀ ਕਾਦਰ ਯਾਰ ਮਹਾਰਾਜੇ ਦੇ ਚਰਿਤਰ ਬਾਰੇ ਇਸ ਤਰ੍ਹਾਂ ਲਿਖਦਾ ਹੈ :

ਫੇ-- ਫੇਰ ਆਇਆ ਇਕ ਵਹਿਮ ਮੈਨੂੰ, ਕਰਾਂ ਇਸ਼ਕ ਦੇ ਵੱਲ ਧਿਆਨ ਸਾਰਾ।
ਰਾਜਾ ਆਸ਼ਕਾਂ ਦੇ ਵਿਚ ਹੈਗ ਆਸ਼ਕ, ਜੈਂਦਾ ਇਸ਼ਕ ਦੇ ਵੱਲ ਧਿਆਨ ਸਾਰਾ।
ਮੋਰਾਂ ਨਾਲ ਜੋ ਯਾਰੀਆਂ ਲਾਈਆਂ ਨੀ, ਜਾਣੇ ਪਿਥਵੀ ਜੱਗ ਜਹਾਨ ਸਾਰਾ।
ਕਾਦਰ ਯਾਰ ਰਣਜੀਤ ਸਿੰਘ ਆਸ਼ਕਾਂ ਥੀ', ਉਹ ਭੀ ਆਸ਼ਕਾਂ ਵਿਚ ਜਹਾਨ ਭਾਰਾ।

ਕਾਦਰ ਯਾਰ ਨੇ ਆਪਣੇ ਕਿੱਸੇ ਵਿਚ "ਪੂਰਨ ਭਗਤ' ਮਾਂ ਦੀ ਮਮਤਾ ਦੇ ਗੌਰਵ ਅਤੇ ਮਹਿਮਾ ਨੂੰ ਬਿਆਨ ਕੀੜਾ ਹੈ। ਉਸ ਨੇ ਪੂਰਨ ਭਗਤ ਦੀ ਮਤਰੇਈ ਮਾਂ 'ਲੂਣਾ' ਨੂੰ ਕਾਮ ਦੀ ਪੁਤਲੀ ਅਤੇ ਇਕ ਵਿਭਚਾਰਣ ਇਸਤ੍ਰੀ ਬਣਾ ਕੇ ਪੇਸ਼ ਕੀਤਾ ਹੈ। ਉਹ ਰਾਜੇ ਸਲਵਾਨ ਦੀ ਪ੍ਰਸ਼ੈਸਾ ਨਹੀਂ ਕਰਦਾ। ਇਸ ਕਿੱਸੇ ਦੀ ਇਕ ਹੋਰ ਇਸਤੀ ਪਾਤਰ 'ਸੁੰਦਰਾਂ" ਦੇ ਕਿਰਦਾਰ ਨੂੰ ਵੀ ਉਸ ਨੇ ਸਾਕਾਰਾਤਮਕ ਰੂਪ ਵਿਚ ਰੂਪਮਾਨ ਕੀਤਾ ਹੈ। ਕਾਦਰ ਯਾਰ ਦੀ ਇਸ ਰਚਨਾ ਨੇ ਵੀਹਵੀਂ ਸਦੀ ਦੇ ਕਈ ਪ੍ਰਸਿੱਧ ਲੇਖਕਾਂ ਨੂੰ ਆਪਣੇ ਵੱਲ ਆਕ੍ਰਸ਼ਿਤ ਕੀਤਾ। ਪ੍ਰੋ. ਪੂਰਨ ਸਿੰਘ ਨੇ ਇਸ ਬ੍ਰਿਤਾਂਤ ਨੂੰ ਪੜ੍ਹ ਕੇ ਇਕ ਲੰਬੀ ਕਵਿਤਾ "ਪੂਰਨ ਨਾਥ ਜੋਗੀ" ਦੀ ਰਚਨਾ ਕੀਤੀ, ਸ਼ਿਵ ਕੁਮਾਰ ਨੇ ਆਪਣੇ ਖੰਡ-ਕਾਵਿ ਲੂਣਾ ਦੀ ਸਿਰਜਣਾ ਕੀਤੀ, ਇਕਬਾਲ ਰਾਮੂਵਾਲੀਆ ਦੀ "ਪਲੰਘ-ਪੰਘੂੜਾ" ਪ੍ਰਕਾਸ਼ਿਤ ਹੋਈ ਅਤੇ ਆਤਮਜੀਤ ਨੇ ਇਕ ਨਾਟਕ ਪੂਰਨ" ਲਿਖਿਆ। ਇਸ ਰਚਨਾ ਵਿਚ ਫਰਾਇਡ ਦੇ ਸਿੱਧਾਂਤ "ਉਡੀਪਸ ਕੰਪਲੈਕਸ" ਦੇ ਰੇਸ਼ੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਕਿੱਸਾ ਕਾਵਿ ਦੀਆਂ ਪ੍ਰਚਲਿਤ ਰਵਾਇਤਾਂ ਅਨੁਸਾਰ ਕਾਦਰ ਯਾਰ ਨੂੰ ਜਿੱਥੇ-ਕਿਤੇ ਮੌਕਾ ਮਿਲਦਾ ਹੈ, ਉਹ ਇਸਤ੍ਰੀ-ਨਿੰਦਾ, ਜੀਵਨ ਦੀ ਨਾਸ਼ਮਾਨਤਾ ਅਤੇ ਪ੍ਰਭੂ ਦੀ ਬੈਦਗੀ ਆਦਿਕ ਵਿਸ਼ੇ ਛੋਹ ਲੈਂਦਾ ਹੈ। ਦੇਖੋ :

ਫੇ--ਫੇਰ ਖਲੋਇਕੇ ਸਿਫ਼ਤ ਕਰਨਾ, ਇਨ੍ਹਾਂ ਤੀਮਤਾਂ ਖਾਨ ਨਿਵਾ ਦਿੱਤੇ।
ਰਾਜੇ ਭੋਜ ਤੇ ਚੜ੍ਹ ਅਸਵਾਰ ਹੋਈਆਂ, ਮਾਰ ਅੱਡੀਆਂ ਅਕਲ ਬੁਲਾ ਦਿੱਤੇ।
ਪੂਰਨ ਭਗਤ ਵਿਚਾਰਾ ਸੀ ਕੌਣ ਕੋਈ, ਯੂਸਫ਼ ਜੇਹੇ ਵੀ ਕੈਦ ਕਰਾ ਦਿੱਤੇ।
ਕਾਦਰ ਯਾਰ ਤ੍ਰੀਮਤਾਂ ਜਾਤ ਡਾਢੀ, ਦਹਿਸਿਰ ਜੇਹੇ ਵੀ ਏਨ੍ਹਾਂ ਮਰਵਾ ਦਿੱਤੇ।

ਪੰਜਾਬੀ ਦੇ ਪਾਠਕਾਂ ਵਿਚ ਕਾਦਰ ਯਾਰ ਦੀ ਇਸ ਰਚਨਾ ਦੇ ਉਹ ਬੰਦ ਵਧੇਰੇ ਮਕਬੂਲ ਹੋਏ ਹਨ, ਜਿਨ੍ਹਾਂ ਵਿਚ ਮਾਤਾ ਇੱਛਰਾਂ ਅਤੇ ਪੁੱਤਰ ਪੂਰਨ ਦੇ ਵਾਤਸਲ-ਪ੍ਰੇਮ ਦਾ ਨਿਰੂਪਣ ਹੋਇਆ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਸੀਹਰਫ਼ੀ ਵੇਖੋ : ਲਾਮ-- ਲਈ ਆਵਾਜ਼ ਪਹਿਚਾਣ ਮਾਤਾ, ਆਖੇ ਦੱਸ ਬੇਟਾ ਕਿਥੋਂ ਆਇਆ ਏਂ। ਕਿਹੜਾ ਮੁਲਕ ਤੇਰਾ, ਪੁਤਰ ਕਿਸ ਦਾ ਏ', ਕਿਸ ਮਾਂ ਕਰਮਾਂਵਾਲੀ ਜਾਇਆ ਏਂ ।

ਅੱਖੀਂ ਦਿਸੇ ਤਾ ਸ਼ਕਲ ਪਛਾਣ ਲੈਸਾਂ, ਬੋਲੀ ਵੱਲੋਂ ਮੈ' ਪੁੱਤ ਅਜ਼ਮਾਇਆ ਏਂ।

ਕਾਦਰ ਯਾਰ ਆਖੇ ਦਸੀਂ ਸਾਰ ਮੈਨੂੰ, ਜਾਣੇ ਭਾਲ ਮੈਂ' ਪੁੱਤ ਮਿਲਾਇਆ ਏਂ ।

"ਸੋਹਣੀ ਮਹੀਂਵਾਲ" ਵਿਚ ਕਾਦਰ ਯਾਰ ਦੀ ਕਾਵਿ ਕਲਾ ਵਧੇਰੇ ਨਿਖਰੀ ਹੈ। ਕਿੱਸੇ ਵਿਚ ਬਿਰਹਾ ਦਾ ਵਰਣਨ, ਬੋਲਾਂ ਦੀ ਮਿਠਾਸ ਅਤੇ ਸ਼ੈਲੀ ਦੀ ਰਵਾਨੀ ਪ੍ਰਤੱਖ ਨਜ਼ਰ ਆਉਂਦੇ ਹਨ। ਉਹ ਪ੍ਰਕ੍ਰਿਤੀ ਦੇ ਵੱਖ-ਵੱਖ ਦ੍ਰਿਸ਼ਾਂ ਨੂੰ ਸ਼ਬਦ-ਚਿਤਰਾਂ ਦੁਆਰਾ ਰੂਪਮਾਨ ਕਰਨ ਦੀ ਕਲਾ ਵਿਚ ਪਰਿਪੱਕ ਨਜ਼ਰ ਆਉਂਦਾ ਹੈ। ਦੇਖੋ :

ਪਾਣੀ ਇਸ਼ਕ ਝਨਾਂ ਦਾ ਜਾਦੂਗੀਰ ਵਹੇ ।

ਸਭ ਆਸ਼ਕ ਇਸ ਦੇ ਬਾਲਕੇ, ਕੰਢੇ ਉਪਰ ਰਹੇ ।

ਇਸ਼ਕ ਝਨਾਉਂ' ਲੱਭਦਾ, ਜੇ ਕੋਈ ਮੁੱਲ ਲਏ ।

ਕਾਦਰ ਯਾਰ ਰਚਿਤ 'ਰਾਜਾ ਰਸਾਲੂ" ਵੀ ਬਹੁਤ ਪ੍ਰਸਿੱਧ ਰਚਨਾ ਹੈ। ਇਸ ਨੂੰ "ਰਾਣੀ ਕੋਕਿਲਾ ਦੀ ਵਾਰ" ਵੀ ਕਿਹਾ ਗਿਆ ਹੈ। ਇਹ ਕਿੱਸਾ ਮਾਨੋ ਗੀਤਾਂ ਦਾ ਇਕ ਸੰਗ੍ਰਹਿ ਹੈ ਅਤੇ ਇਸ ਵਿਚੋਂ ਬਹੁਤ ਸਾਰੇ ਗੀਤ ਰਿਚਰਡ ਟੈਂਪਲ ਨੇ 'ਲੇਜੈਂਡਜ਼ ਆਵ ਦ ਪੰਜਾਬ" ਵਿਚ ਦਿੱਤੇ ਹਨ। ਉਦਾਹਰਣ ਦੇਖੋ :

ਅੰਬ ਸੁਕੇ ਸੁਕ ਡਾਲੀਆਂ, ਤਰਸੇਗਾ ਤੇਰਾ ਤੇ ਸਾਡਾ ਜੀ, ਰਾਜਾ ਜੀ !
ਅੰਬ ਪਕੇ ਰਸ ਚੋ ਪਏ, ਚੂਪਣ ਵਾਲਾ ਰਸੀਆ ਦੂਰ
ਭਰ ਜੋਬਨ ਦੀਆਂ ਖਾਰੀਆਂ, ਹੋਕਾ ਸ਼ਹਿਰ ਬਾਜ਼ਾਰ
ਜਿਨ੍ਹਾਂ ਦੇ ਪੱਲੇ ਮੁੱਲ ਹੈ, ਵੇ ਰਾਜਾ ਜੀ !
ਆਇ ਚੁਕਾਵੇ ਸਾਡਾ ਭਾਉ, ਰਾਜਾ ਜੀ !

ਗ਼ੁਲਾਮ ਰਸੂਲ (1849-1892 ਈ.)

ਗ਼ੁਲਾਮ ਰਸੂਲ ਦਾ ਕਿੱਸਾ "ਅਹਿਸਨੁਲਕਸਿਸ" ਬਹੁਤ ਪ੍ਰਸਿੱਧ ਹੋਇਆ। ਇਸ ਵਿਚ "ਗੋਜਰਨਾਮਾ" ਆਦਿਕ ਕਿੱਸਿਆਂ ਅਤੇ "ਨਾਮਾ-ਸਾਹਿਤ" ਦੀ ਰਚਨਾ ਵੀ ਕੀਤੀ। 'ਸੱਸੀ ਪੁਨੂੰ" ਵਿਚ ਕਵੀ ਲਿਖਦਾ ਹੈ :

ਲਿਖਾਂ ਮੈਂ ਦਰਦ ਦਾ ਆਮਣੇ ਫ਼ਸਾਨਾ।

ਸੱਸੀ ਪੁਨੂੰ ਦਾ ਕਿੱਸਾ ਕਰ ਬਹਾਨਾ। ਸੱਯਦ ਫ਼ਜ਼ਲ ਸ਼ਾਹ (1827-1890 ਈ.)

ਫ਼ਜ਼ਲ ਸ਼ਾਹ ਦੀ ਰਚਨਾ 'ਸੋਹਣੀ ਮਹੀਂਵਾਲ" ਪੰਜਾਬੀ ਕਿੱਸਾ ਕਾਵਿ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਮੁਹੰਮਦ ਸਰਵਰ, ਫ਼ਜ਼ਲ ਸ਼ਾਹ ਦੀ ਸੋਹਣੀ ਨੂੰ ਉਸਦਾ ਸ਼ਾਹਕਾਰ ਮੰਨਦਾ ਹੈ ਅਤੇ ਇਸ ਨੂੰ ਵਾਰਿਸ ਸ਼ਾਹ ਦੀ ਹੀਰ ਵਾਂਗ ਮਕਬੂਲ ਕਹਿੰਦਾ ਹੈ। ਡਾ. ਮੋਹਨ ਸਿੰਘ ਇਸਨੂੰ ਵਾਰਿਸ ਸ਼ਾਹ ਦੀ ਹੀਰ ਵਾਂਗ ਮਕਬੂਲ ਕਹਿੰਦਾ ਹੈ। ਡਾ. ਮੋਹਨ ਸਿੰਘ ਨੇ ਉਸ ਨੂੰ ਸ਼ਬਦ ਅਲੰਕਾਰਾਂ ਦਾ ਮਾਹਿਰ ਕਵੀ ਮੰਨਿਆ ਹੈ। ਉਸ ਨੇ "ਸੀਹਰਫ਼ੀਆਂ", "ਹਰੀ ਰਾਂਝਾ", "ਲੈਲਾ ਮਜਨੂੰ" ਅਤੇ "ਯੂਸਫ਼ ਜ਼ੁਲੈਖਾ" ਆਦਿਕ ਕਿੱਸਿਆਂ ਦੀ ਰਚਨਾ ਵੀ ਕੀਤੀ। ਉਹ ਵਾਰਿਸ ਸ਼ਾਹ ਦੀ ਤੁਲਣਾ ਵਿਚ ਆਪਣੇ ਰਚਨਾਵਾਂ ਦੀ ਵਕਾਲਤ ਇਸ ਪ੍ਰਕਾਰ ਕਰਦਾ ਹੈ :

ਵਾਰਿਸ ਸ਼ਾਹ ਹਸਾਇਆ ਜਗ ਆਮ ਖਾਸਾਂ,
ਤੁਸਾਂ ਰੁਵਾਵਣਾ ਜ਼ਾਰ ਪਿਆਰੇ।
ਹੱਸਣ ਵਾਲਿਆਂ ਤੇ ਹੱਸਣ ਲੋਕ ਦਾਨੇ,
ਅਤੇ ਰੋਂਦਿਆਂ ਕਰਨ ਪਿਆਰ ਪਿਆਰੇ ! ਮੀਆਂ ਮੁਹੈਮਦ ਬਖ਼ਸ਼ (1830-1904 ਈ.)

"ਸੈਫੁਲ ਮਲੂਕ" (ਸਫ਼ਰਲ ਇਸ਼ਕ) ਕਵੀ ਦੀ ਪ੍ਰਸਿੱਧ ਰਚਨਾ ਹੈ। ਇਹ ਕਿੱਸਾ ਕਵੀ ਨੇ ਆਪਣੇ ਭਰਾ ਦੇ ਕਹਿਣ ਉੱਪਰ ਲਿਖਿਆ। ਉਸ ਨੇ ਕਵੀ ਨੂੰ ਕੋਈ ਸ਼ਾਹਕਾਰ ਰਚਨਾ ਲਿਖਣ ਦੀ ਪ੍ਰੇਰਨਾ ਦਿੱਤੀ :

ਨਿਕੰਮੇ ਕਿੱਸੇ ਬਹੁਤ ਸੀਹਰਫ਼ੀਆਂ, ਕੀ ਹੋਇਆ ਤੁਧ ਲਿਖੇ।
ਐਸੇ ਸ਼ਿਅਰ ਅਸ਼ਆਰ ਬਹੁਤ ਸੇ ਸ਼ਾਇਰ ਅਜਕਲ੍ਹ ਸਿਖੇ।
ਕਿੱਸੇ ਅੰਦਰ ਕਸਰ ਨਾ ਛੱਡੀਂ, ਹੋਵੇ ਰਮਜ਼ ਫ਼ਕਰ ਦੀ।
ਸਨਅੱਤ ਵੀ ਵਿਚ ਥੋੜੀ ਬਹੁਤੀ, ਚੱਲੇ ਲੱਜ਼ਤ ਕਰਦੀ।

ਇਹ ਕਿੱਸਾ ਬਹੁਤ ਲੰਬਾ ਹੈ। ਇਸ ਦੇ ਕੁਲ 9128 ਬੈਂਤ ਹਨ। ਇਹ ਰਚਨਾ ਪੰਜਾਬੀ ਦਾ ਸ਼ਬਦ-ਕੋਸ਼ ਹੋਣ ਦੇ ਨਾਲ-ਨਾਲ ਕਾਵਿ ਕਲਾ ਤੇ ਉਚ-ਕਲਪਣਾ ਦੇ ਉੱਤਮ ਨਮੂਨਿਆਂ ਦਾ ਭੰਡਾਰ ਹੈ। ਇਹ ਕਿੱਸਾ ਬਹੁਤ ਦੇਰ ਤਕ ਫ਼ਾਰਸੀ ਅੱਖਰਾਂ ਵਿਚ ਹੀ ਛਪਦਾ ਰਿਹਾ । ਭਾਸ਼ਾ ਵਿਭਾਗ ਪੰਜਾਬ ਨੇ 1961 ਈ. ਵਿਚ ਇਸ ਨੂੰ ਗੁਰਮੁਖੀ ਵਿਚ ਪ੍ਰਕਾਸ਼ਿਤ ਕੀਤਾ। 'ਸੈਫ਼ਲ ਮਲੂਕ" ਦਾ ਆਧਾਰ 'ਅਲਿਫ਼-ਲੈਲਾ" (ਹਜ਼ਾਰ ਰਾਤ) ਦੀ ਇਕ ਕਹਾਣੀ ਹੈ। ਇਹ ਮਸਨਵੀ ਵਿਚ ਰਚਿਆ ਗਿਆ ਹੈ। ਇਹ ਕਾਵਿ ਰੂਪ ਵਿਚ ਬੈਂਤ ਜਾਂ ਦੋਤੁਕੇ ਜੁੱਟ ਦਾ ਹੁੰਦਾ ਹੈ। ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਜਾਂਦਾ ਹੈ। ਮੀਆਂ ਮੁਹੇਮਦ ਨੇ ਹਾਸ਼ਮ ਵਾਲਾ ਪ੍ਰਸਿੱਧ ਛੰਦ ਦਵਈਆ ਚੁਣਿਆ ਅਤੇ ਇਹੀ ਹਾਸ਼ਮ ਵਾਂਗ ਉਸ ਦੀ ਪ੍ਰਸਿੱਧੀ ਦਾ ਕਾਰਨ ਬਣਿਆ। ਮੁਹੈਮਦ ਬਖ਼ਸ਼ ਤੋਲ-ਤੁਕਾਂਤ ਦੇ ਸਹੀ ਅਤੇ ਸ਼ੁੱਧ ਪ੍ਰਯੋਗ ਵਿਚ ਕਿਧਰੇ ਨਹੀਂ ਥਿੜਕਿਆ। ਉਹ ਪਹਿਲਾ ਪੰਜਾਬੀ ਕਿੱਸਾ ਕਵੀ ਹੈ, ਜਿਸਨੇ ਫ਼ਾਰਸੀ ਦੇ ਪ੍ਰਸਿੱਧ ਮਸਨਵੀਗੀ ਸ਼ਾਇਰਾਂ ਨਿਜ਼ਾਮੀ, ਖ਼ੁਸਰੋ, ਰੂਮੀ, ਜਾਮੀ ਆਦਿ ਦੀ ਕਾਵਿ ਕਲਾ, ਰੂਪਕ ਸੌਂਦਰਯ ਤੇ ਅਲੰਕਾਰ-ਜੜ੍ਹਤ ਦਾ ਸਫ਼ਲ ਤੇ ਕਲਾਮਈ ਪ੍ਰਯੋਗ ਕੀਤਾ । ਮੀਆਂ ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਪੋਠੋਹਾਰਵਿਚ ਸੈਫ਼ੁਲ ਮਲੂਕ ਨੂੰ ਉਹੋ ਦਰਜਾ ਹਾਸਲ ਹੈ, ਜੋ ਵਾਰਿਸ ਸ਼ਾਹ ਦੇ ਕਿੱਸਾ ਹੀਰ ਰਾਂਝਾ ਨੂੰ ਪ੍ਰਾਪਤ ਹੈ। ਇਹ ਰਚਨਾ ਪੰਜਾਬੀ ਮਸਨਵੀ ਕਾਵਿ ਰੂਪ ਦਾ ਸ਼ਾਹਕਾਰ ਹੈ। ਇਸ ਨੇ ਉਨੀਵੀਂ ਸਦੀ ਨੂੰ ਕਿੱਸਾ ਕਾਵਿ ਦੀ ਸੁਨਹਿਰੀ ਸਦੀ ਬਨਾਉਣ ਵਿਚ ਮਹੱਤਵਪੂਰਨ ਯੋਗਦਾਨ ਧਾਇਆ।

ਇਸ ਕਾਲ ਦੇ ਕੁਝ ਹੋਰ ਕਿੱਸਾ ਕਵੀਆਂ ਵਿਚ ਨੂਰ ਮੁਹੰਮਦ (ਕਿੱਸਾ ਚੰਦਰ ਬਦਨ), ਸ਼ਾਹ ਮੁਹੌਮਦ (ਕਿੱਸਾ ਸੱਸੀ ਪੁਨੂੰ, ਜੈਗਨਾਮਾ), ਮੁਹੰਮਦ ਮੁਸਲਿਮ (ਗੁਲਜ਼ਾਰੇ ਆਦਮ, ਗੁਲਜ਼ਾਰੇ ਮੂਸਾ, ਗੁਲਜ਼ਾਰੇ ਸਿਕੰਦਰੀ, ਗੁਲਜ਼ਾਰੇ ਮੁਹੰਮਦੀ), ਮੌਲਵੀ ਗੁਲਾਮ ਮੁਸਤਫ਼ਾ (ਸੀਹਰਫ਼ੀਆਂ), ਮੌਲਵੀ ਅਬਦੁੱਸਤਾਰ (ਯੂਸਫ਼ ਜ਼ੁਲੈਖਾ) ਆਦਿ ਹੋਏ ਹਨ । ਕਿੱਸਾ ਕਾਵਿ ਦੀ ਇਹ ਗੌਰਵਮਈ ਪਰੈਪਰਾ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ (ਅੰਗ੍ਰੇਜ਼ੀ ਰਾਜ ਦਾ ਕਾਲ) ਅਤੇ ਵੀਹਵੀਂ ਸਦੀ ਦੇ ਵਿਚ ਵੀ ਗਤੀਸ਼ੀਲ ਰਹੀ। ਇਸ ਕਾਲ ਵਿਚ ਕਿਸ਼ਨ ਸਿੰਘ ਆਰਿਫ਼, ਭਾਈ ਭਗਵਾਨ ਸਿੰਘ ਅਤੇ ਸਦਾ ਰਾਮ ਦੇ ਨਾਮ ਵਿਸ਼ੇਸ਼ ਰੂਪ ਵਿਚ ਲਏ ਜਾ ਸਕਦੇ ਹਨ। ਇਹ ਪਰੈਪਰਾ ਕਾਫ਼ੀ ਸਮਾਂ ਆਧੁਨਿਕ ਪੰਜਾਬੀ ਕਾਵਿ ਦੇ ਸਮਾਨਾਂਤਰ ਵੀ ਚੱਲਦੀ ਰਹੀ । ਇਸ ਕਾਲ ਵਿਚ ਕਿੱਸਾ ਕਵੀਆਂ ਨੂੰ "ਕਵੀਸ਼ਰ" ਕਿਹਾ ਜਾਣ ਲੱਗਾ ਸੀ। ਇਨ੍ਹਾਂ ਕਵੀਸ਼ਰਾਂ ਨੇ ਵੀ ਪੰਜਾਬੀ ਸਮਾਜ ਅਤੇ ਸਭਿਆਚਾਰ ਦੀਆਂ ਪ੍ਰਮੁੱਖ ਰਵਾਇਤਾਂ ਨੂੰ ਕਾਵਿਬੱਧ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

# ਵਾਰਿਸ ਸ਼ਾਹ:ਹੀਰ

**ਆਰੰਭਿਕਾ :**

ਪਿਆਰੇ ਵਿਦਿਆਰਥੀਓ, ਇਸ ਆਧਿਆਇ 'ਚ ਆਪ ਨੂੰ ਵਾਰਿਸ ਸ਼ਾਹ ਦੇ ਰਚਿਤ ਕਿੱਸੇ 'ਹੀਰ' ਬਾਰੇ ਜਾਣਕਾਰੀ ਦਿੱਤੀ ਜਾਵੇਗੀ।

1.2 **ਵਾਰਿਸ ਸ਼ਾਹ** (1722-1798)

ਵਾਰਿਸ ਸ਼ਾਹ ਮੱਧਕਾਲੀ ਕਿੱਸਾ-ਕਾਵਿ ਪਰੰਪਰਾ ਦਾ ਸਿਰਮੌਰ ਸ਼ਾਇਰ ਹੈ। ਉਨ੍ਹਾਂ ਦਾ ਜਨਮ ਅਜੋਕੇ ਪਾਕਿਸਤਾਨੀ ਪੰਜਾਬ ਦੇ ਜੰਡਿਆਲਾ ਸ਼ੇਰ ਖਾਨ ਵਿਚ ਸੱਯਦ ਪਰਿਵਾਰ ਵਿਚ ਹੋਇਆ। ਆਪ ਦੇ ਮਾਤਾ-ਪਿਤਾ ਦਾ ਛੋਟੀ ਉਮਰ ਵਿਚ ਹੀ ਦੇਹਾਂਤ ਹੋ ਗਿਆ ਸੀ। ਇਨ੍ਹਾਂ ਦਾ ਪੂਰਾ ਪਰਿਵਾਰ ਸ਼ਰ੍ਹਾ ਦਾ ਪਾਬੰਦ ਸੀ ਜਿਸ ਕਾਰਣ ਵਾਰਿਸ ਸ਼ਾਹ ਵੀ ਪੰਜ ਵਕਤੀ ਨਮਾਜ਼ੀ ਬਣ ਗਏ। ਆਪ ਪੰਜਾਬੀ ਸੂਫ਼ੀ ਸ਼ਾਇਰ ਦੇ ਤੌਰ 'ਤੇ ਚਿਸ਼ਤੀ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਹਨ। ਵਾਰਿਸ਼ ਨੇ ਮੁੱਢਲੀ ਸਿੱਖਿਆ ਕਸੂਰ ਦੇ ਇਕ ਉਸਤਾਦ ਤੋਂ ਪ੍ਰਾਪਤ ਕੀਤੀ ਤੇ ਬਾਰ੍ਹਾਂ ਵਰ੍ਹਿਆਂ ਦੀ ਉਮਰ ਤਕ ਇਨ੍ਹਾਂ ਨੇ ਕੁਰਾਨ ਸ਼ਰੀਫ਼ ਨੂੰ ਕੰਠ ਕਰਕੇ ਉਪਦੇਸ਼ ਦੇਣ ਦਾ ਕਾਰਜ ਵੀ ਆਰੰਭ ਕਰ ਦਿੱਤਾ ਸੀ। ਜਦੋਂ ਆਪ 14 ਵਰ੍ਹਿਆਂ ਦੇ ਹੋਏ ਤਾਂ ਆਪ ਨੇ ਪਸਤੋ, ਬਲੋਚੀ, ਸਿੰਧੀ ਸਿਖਣ ਮਗਰੋਂ ਹਿੰਦੀ ਭਾਸ਼ਾ ਸਿਖਣ ਦਾ ਖਿਆਲ ਆਇਆ ਤਾਂ ਇਹ ਮਥੁਰਾ ਗਏ ਤੇ ਪੰਡਤ ਵਿਸ਼ਵਾ ਨਾਥ ਕੋਲੋ ਸੰਸਕ੍ਰਿਤ ਤੇ ਹਿੰਦੀ ਸਿਖੀ। ਇਸ ਉਪਰੰਤ ਆਪ ਨੇ ਵੇਦਾਂ ਦਾ ਅਧਿਐਨ ਵੀ ਕੀਤਾ। ਇਸ ਤੋਂ ਬਾਅਦ ਉਹ ਪਾਕਪਟਨ ਦੇ ਨੇੜੇ ਇਕ ਪਿੰਡ ਮਲਕਾ ਹੰਸ ਵਿਚ ਚਲੇ ਗਏ। ਇੱਥੇ ਆਪ ਇਕ ਇਤਿਹਾਸਕ ਮਸੀਤ ਦੇ ਨਾਲ ਲੱਗਦੇ ਇਕ ਕਮਰੇ ਵਿਚ ਰਹੇ। ਹੁਣ ਇਹ ਮਸੀਤ ਮਸਜਿਦ ਵਾਰਿਸ ਸ਼ਾਹ ਦੇ ਨਾਂ ਨਾਲ ਪ੍ਰਸਿੱਧ ਹੈ। ਆਪ ਚੰਗੇ ਪੜ੍ਹੇ ਲਿਖੇ ਵਿਦਵਾਨ ਸਨ, ਜਿਸ ਦੀ ਮਿਸਾਲ ਇਸ ਕਿੱਸੇ ਵਿਚ ਥਾਂ-ਥਾਂ 'ਤੇ ਮੌਜੂਦ ਹੈ। ਉਨ੍ਹਾਂ ਦੇ ਗਿਆਨ ਦਾ ਘੇਰਾ ਕਾਫ਼ੀ ਵਿਸ਼ਾਲ ਸੀ। ਉਹ ਹਿਕਮਤ, ਜੋਗ, ਰਾਜਨੀਤੀ, ਧਰਮ, ਕਾਨੂੰਨ, ਰਾਗ, ਭੂਗੋਲ, ਇਤਿਹਾਸ ਆਦਿ ਪੱਖਾਂ ਬਾਰੇ ਚੰਗੀ ਜਾਣਕਾਰੀ ਰੱਖਦੇ ਸਨ। ਉਨ੍ਹਾਂ ਨੂੰ ਪੰਜਾਬੀ ਦੇ ਇਲਾਵਾ ਅਰਬੀ, ਫ਼ਾਰਸੀ ਤੇ ਹੋਰ ਭਾਸ਼ਾਵਾਂ ਦਾ ਵੀ ਚੰਗਾ ਗਿਆਨ ਸੀ। ਜਿਸ ਦੀ ਵਰਤੋਂ ਨਵੇਂ ਸ਼ਬਦ ਸਿਰਜਣ ਜਾਂ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਪੰਜਾਬੀ ਰੂਪ ਦੇਣ ਵਿਚ ਕਦੀ ਚੂਕਦੇ ਨਹੀਂ ਸਨ। ਵਾਰਿਸ਼ ਨੂੰ ਸੰਗੀਤ ਕਲਾ, ਚਿੱਤਰਕਾਰੀ, ਬੁੱਤ ਤਰਾਸੀ ਤੇ ਵੇਲਾਂ ਬੂਟਿਆਂ ਦੀ ਘਾੜਤ ਦਾ ਵੀ ਕਾਫ਼ੀ ਸ਼ੌਕ ਸੀ।

**ਕਥਾ ਸਾਰ :**

ਪਿਆਰੇ ਵਿਦਿਆਰਥੀਓ ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਆਪ ਦੇ ਪਾਠਕ੍ਰਮ ਵਿਚ ਇਸ ਕਿੱਸੇ ਦੇ ਕੁਝ ਮਹੱਤਵਪੂਰਨ ਅੰਸ਼ ਹੀ ਤਜ਼ਵੀਜ਼ ਕੀਤੇ ਗਏ ਹਨ। ਇਸ ਚੋਣ ਵੇਲੇ ਰਚਨਾ ਦੀ ਨਿਰੰਤਰਤਾ ਨੂੰ ਧਿਆਨ ਵਿਚ ਰਖਿਆ ਗਿਆ ਹੈ ਤਾਂ ਜੋ ਵਿਦਿਆਰਥੀਆਂ ਦੀ ਕਿੱਸੇ ਨਾਲ ਸਾਂਝ ਬਣ ਸਕੇ। ਇਸੀ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਕਿੱਸੇ ਦੇ ਕਥਾ ਸਾਰ ਨੂੰ ਸੰਖੇਪ ਰੂਪ ਵਿਚ ਇਥੇ ਅੰਕਿਤ ਕੀਤਾ ਜਾ ਰਿਹਾ ਹੈ। ਵਾਰਿਸ ਸ਼ਾਹ ਨੇ ਇਸ ਕਿੱਸੇ ਰਾਹੀਂ ਹੀਰ-ਰਾਂਝੇ ਦੀ ਪ੍ਰੀਤ ਨੂੰ ਸੰਸਾਰਕ ਦੇ ਨਾਲ-ਨਾਲ ਅਧਿਆਤਮਕ ਅਰਥ ਵਿਚ ਵੀ ਪੇਸ਼ ਕੀਤਾ ਹੈ। ਇਸ ਨੇ ਕਿੱਸੇ ਦਾ ਆਰੰਭ ਮੰਗਲਾਚਰਣ ਲਿਖਦਿਆਂ ਕਰਦਿਆਂ ਇਸ਼ਕ ਦੇ ਪਵਿੱਤਰ ਜਜ਼ਬੇ ਨੂੰ ਰੱਬੀ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ। ਜੋ ਇਸ ਕਿੱਸੇ ਨੂੰ ਸਮਾਜ ਵਿਚ ਪ੍ਰਚਲਿਤ ਪ੍ਰੀਤ-ਕਥਾਵਾਂ ਨੂੰ ਕਹਿਣ-ਸੁਣਨ ਦੀ ਸੀਮਾ ਦੇ ਦਾਇਰੇ ਤੋਂ ਬਾਹਰ ਘਰ-ਘਰ ਪ੍ਰਵਾਨਗੀ ਦਵਾਉਣ ਲਈ ਇਕ ਜੁਗਤ ਦੇ ਤੌਰ 'ਤੇ ਵਰਤਿਆ ਹੈ। ਸਿਰਫ ਇਹੀ ਨਹੀਂ ਕਿੱਸੇ ਵਿਚ ਜਦੋਂ ਹੀਰ-ਰਾਂਝੇ ਦੇ ਇਸ਼ਕ ਨੂੰ ਪੀਰਾਂ ਦੀ ਹਮਾਇਤ ਮਿਲਦੀ ਹੈ ਤਾਂ ਇਹ ਉਨ੍ਹਾਂ ਦੇ ਪ੍ਰੇਮ ਸੰਬੰਧਾਂ ਨੂੰ ਨਿਰੋਲ ਸੰਸਾਰਕ ਪੱਧਰ ਦਾ ਨਹੀਂ ਰਹਿਣ ਦਿੰਦਾ ਸਗੋਂ ਇਸ ਨੂੰ

ਅਧਿਆਤਮਕ ਪੱਧਰ ਤੱਕ ਲੈ ਜਾਂਦਾ ਹੈ। ਇਸ ਦੇ ਨਾਲ ਹੀ ਵਾਰਿਸ ਸ਼ਾਹ ਨੇ ਕਿੱਸੇ ਵਿਚ ਸਮਕਾਲੀ ਸਮਾਜਕ-ਸਭਿਆਚਾਰ ਦਾ ਵਰਨਣ ਵੀ ਕਾਫੀ ਡੂੰਘਾਈ ਨਾਲ ਕੀਤਾਹੈ। ਕਿੱਸੇ ਵਿਚ ਧੀਦੋ 'ਰਾਂਝਾ' ਤਖ਼ਤ ਹਜ਼ਾਰਾ ਪਿੰਡ ਦੇ ਮੌਜੂ ਚੌਧਰੀ ਦਾ ਸਭ ਤੋਂ ਛੋਟਾ ਅਠਵਾਂ ਪੁੱਤਰ ਸੀ। ਮੌਜੂ ਚੌਧਰੀ ਦੀ ਮੌਤ ਦੇ ਬਾਅਦ ਉਸ ਦੇ ਵੱਡੇ ਭਰਾ ਉਸ ਦਾ ਹੱਕ ਮਾਰਣ ਦਾ ਯਤਨ ਕਰਦੇ ਹਨ ਤੇ ਉਸ ਦੀਆਂ ਭਰਜਾਈਆਂ ਵੀ ਇਸ ਵਿਚ ਆਪਣੇ ਪਤੀਆਂ ਦਾ ਪੂਰਾ ਸਾਥ ਦਿੰਦੀਆਂ ਹਨ। ਸਿਰਫ਼ ਇਹੀ ਨਹੀਂ ਉਸ ਦੀਆਂ ਭਰਜਾਈਆਂ ਰਾਂਝੇ ਨੂੰ ਸਿਆਲਾਂ ਦੀ ਹੀਰ ਨੂੰ ਵਿਆਹ ਲਿਆਉਣ ਲਈ ਤਾਨੇ ਦਿੰਦੀਆਂ ਹਨ। ਇਸ ਸਭ ਤੋਂ ਪਰੇਸ਼ਾਨ ਹੋ ਰਾਂਝਾ ਤਖ਼ਤ ਹਜ਼ਾਰਾ ਛੱਡਣ ਦਾ ਫੈਸਲਾ ਕਰ, ਘਰੋਂ ਨਿਕਲ ਜਾਂਦਾ ਹੈ। ਸਿਆਲਾਂ ਤੱਕ ਪਹੁੰਚਣ ਦੇ ਰਾਹ ਵਿਚ ਵੀ ਰਾਂਝੇ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਮਲਾਹ ਅੱਬਾ ਅੱਗੇ ਨਦੀ ਪਾਰ ਲੰਘਾਉਣ ਦੀ ਬੇਨਤੀ ਕਰਦਾ ਹੈ। ਰਾਂਝੇ ਦੀ ਇਸਅਰਜ਼ ਨੂੰ ਪ੍ਰਵਾਨ ਕਰਦਾ ਮਲਾਹ ਉਸ ਨੂੰ ਸਿਆਲ ਪਹੁੰਚਾ ਦਿੰਦਾ ਹੈ। ਇੱਥੇ ਪਹੁੰਚ ਜਦ ਉਸ ਦਾ ਸਿਆਲਾਂ ਦੀ 'ਹੀਰ'ਜੋ ਚੂਚਕ ਚੌਧਰੀ ਦੀ ਧੀ ਸੀ ਉਸ ਨਾਲ ਮੇਲ ਹੁੰਦਾ ਹੈ ਤਾਂ ਹੀਰ-ਰਾਂਝਾ ਇਕ ਦੂਜੇ ਦੇ ਆਸ਼ਿਕ ਹੋ ਜਾਂਦੇ ਹਨ। ਇਸ ਦੇ ਬਾਅਦ 'ਹੀਰ' ਆਪਣੇ ਪਿਤਾ ਦੀਆਂ ਮਿੰਨਤਾਂ ਕਰਕੇ ਰਾਂਝੇ ਨੂੰ ਮੱਝੀਆਂ ਚਰਾਉਣ ਲਈ ਰਖਵਾ ਲੈਂਦੀ ਹੈ। ਦੋਵਾਂ ਦਾ ਪ੍ਰੇਮ ਦਿਨੋ-ਦਿਨ ਵੱਧਦਾ ਜਾਂਦਾ ਹੈ ਤੇ ਪੰਜ ਪੀਰਾਂ ਵੱਲੋਂ ਵੀ ਇਨ੍ਹਾਂ ਦੇ ਇਸ਼ਕ ਨੂੰ ਪ੍ਰਵਾਨਗੀ ਮਿਲਦੀ ਹੈ ਤੇ ਉਨ੍ਹਾਂ ਦੁਆਰਾ ਇਨ੍ਹਾਂ ਦਾ ਨਿਕਾਹ ਪੜ੍ਹ ਦਿੱਤਾ ਜਾਂਦਾ ਹੈ ਪਰ ਇਸ ਨੂੰ ਨਾ ਸਮਾਜ ਪ੍ਰਵਾਨ ਕਰਦਾ ਹੈ ਤੇ ਨਾ ਹੀ ਹੀਰ ਦੇ ਮਾਂਪਿਉ ਇਸ ਵਿਆਹ ਨੂੰ ਮੰਜ਼ੂਰੀ ਦਿੰਦੇ ਹਨ। ਇਸ ਦੇ ਬਾਅਦ ਸਮਾਜਕ ਦਬਾਅ ਵਿਚ ਆਇਆ ਚੂਚਕ ਚੌਧਰੀ ਹੀਰ ਦਾ ਵਿਆਹ ਰੰਗਪੁਰ ਖੇੜਿਆਂ ਦੇ ਅੱਜੂ ਚੌਧਰੀ ਦੇ ਪੁੱਤਰ ਸੈਦੇ ਨਾਲ ਤੈਅ ਕਰਣ ਲਈ ਆਪਣੇ ਭਰਾਵਾਂ ਨਾਲ ਸਲਾਹ ਕਰਦਾ ਹੈ ਤੇ ਚੰਗਾ ਖਾਨਦਾਨ ਦੇਖ ਹੀਰ ਦਾ ਨਿਕਾਹ ਪਕਾ ਕਰ ਦਿੱਤਾ ਜਾਂਦਾ ਹੈ। ਉਸ ਦੀ ਮਰਜ਼ੀ ਦੇ ਖਿਲਾਫ਼ ਤੈਅ ਹੋਏ ਇਸ ਵਿਆਹ ਤੋਂ ਬਚਣ ਲਈ 'ਹੀਰ' 'ਰਾਂਝੇ' ਨੂੰ ਉਸ ਨਾਲ ਨੱਸ ਜਾਣ ਦੀ ਸਲਾਹ ਦਿੰਦੀ ਹੈ। ਪਰ 'ਰਾਂਝਾ' ਉਧਾਲ ਕੇ ਇਸ ਵਿਆਹ ਕਰਨ ਦੇ ਖਿਲਾਫ਼ ਹੁੰਦਾ ਹੈ ਤੇ ਉਸ ਨੂੰ ਇਹ ਆਪਣੇ ਇਸ਼ਕ ਦੀ ਤੌਹੀਨ ਲੱਗਦੀ ਹੈ। ਇਸ ਤੋਂ ਬਾਅਦ 'ਹੀਰ' ਦਾ ਸੈਦੇ ਨਾਲ ਵਿਆਹ ਤਾਂ ਹੋ ਜਾਂਦਾ ਹੈ ਪਰ ਉਹ ਖੇੜੇ ਜਾ ਕੇ ਸੈਦੇ ਨਾਲ ਕੋਈ ਵੀ ਸੰਬੰਧ ਰੱਖਣ ਤੋਂ ਸਾਫ਼ ਇਨਕਾਰ ਕਰ ਦਿੰਦੀ ਹੈ। ਦੂਜੇ ਪਾਸੇ 'ਰਾਂਝਾ' ਬਾਲਨਾਥ ਦਾ ਚੇਲਾ ਬਣ ਜਾਂਦਾ ਹੈ ਤੇ ਜੋਗੀ ਦੇ ਭੇਸ ਵਿਚ ਖੇੜੇ ਪਹੁੰਚਦਾ ਹੈ। ਖੇੜਿਆਂ ਵਿਚਹੀਰ ਦੀ ਨਨਾਣ ਸਹਿਤੀ ਜੋ ਖੁਦ ਵੀ ਮੁਰਾਦ ਦੇ ਇਸ਼ਕ ਵਿਚ ਰੰਗੀ ਹੁੰਦੀ ਹੈ ਉਹ 'ਹੀਰ' ਦੀ ਪੀੜ ਨੂੰ ਸਮਝਦੀ, ਉਸ ਨੂੰ ਰਾਂਝੇ ਨਾਲ ਮਿਲਾਉਣ ਵਿਚ ਮਦਦ ਕਰਦੀ ਹੈ। ਇਕ ਰਾਤ 'ਹੀਰ-ਰਾਂਝਾ' ਤੇ ਸਹਿਤੀ-ਮਰਾਦ ਘਰੋਂ ਨੱਸ ਜਾਂਦੇ ਹਨ। ਸਹਿਤੀ ਜੋ ਖੇੜਿਆਂ ਦੀ ਧੀ ਹੈ, ਉਨ੍ਹਾਂ ਨੂੰ ਸਹਿਤੀ ਦੇ ਨੱਸਣ ਨਾਲੋਂ 'ਹੀਰ' ਦੇ ਘਰੋਂ ਜਾਣ ਦਾ ਦੁੱਖ ਜ਼ਿਆਦਾ ਹੁੰਦਾ ਹੈ। ਉਹ ਹੀਰ-ਰਾਂਝੇ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਫੜ੍ਹ ਲੈਂਦੇ ਹਨ। ਇਸ ਦੇ ਬਾਅਦ ਜਦੋਂ ਉਹ ਨਿਆਂ ਲਈ ਕਬੂਲ ਸ਼ਹਿਰ ਦੇ ਰਾਜਾ ਕੋਲ ਜਾਂਦੇ ਹਨ ਤਾਂ ਰਾਜਾ ਦੋਵਾਂ ਪੱਖਾਂ ਦੀ ਗੱਲ ਸੁਣ ਕੇ ਫੈਸਲਾ 'ਰਾਂਝੇ' ਦੇ ਹੱਕ ਵਿਚ ਦਿੰਦਾ ਹੈ। ਜੋ ਰਾਜਾ ਦੇ ਨਿਆਂ-ਪਸੰਦ ਵਿਅਕਤਿਤਵ ਵੱਲ ਸੰਕੇਤ ਕਰਦਾ ਹੈ। ਇਸ ਨਿਆਂ ਦੇ ਬਾਅਦ ਦੋਵੇਂ ਸਿਆਲਾਂ ਨੂੰ ਪਰਤ ਜਾਂਦੇ ਹਨ। ਇੱਥੇ 'ਰਾਂਝਾ' 'ਹੀਰ' ਨੂੰ ਛੱਡ ਕੇ ਆਪਣੇ ਪਿੰਡ ਤਖ਼ਤ ਹਜ਼ਾਰੇ ਚਲਾ ਜਾਂਦਾ ਹੈ ਤਾਂ ਜੋ ਹੀਰ ਨੂੰ ਵਿਆਹ ਕੇ ਲਿਆਉਣ ਲਈ ਜੰਝ ਦੀ ਤਿਆਰੀ ਕਰ ਸਕੇ। ਇਧਰ ਚੂਚਕ ਕੇ ਘਰ ਵਿਚ 'ਹੀਰ' ਨੂੰ ਜ਼ਹਿਰ ਖੁਆ ਕੇ ਮਾਰ ਦਿਤਾ ਜਾਂਦਾ ਹੈ ਤੇ ਇਹ ਖ਼ਬਰ ਜਦ ਰਾਂਝੇ ਨੂੰ ਮਿਲਦੀ ਹੈ ਤਾਂ ਉਹ ਵੀ ਆਪਣੇ ਪ੍ਰਾਣ ਤਿਆਗ ਦਿੰਦਾ ਹੈ। ਵਾਰਿਸ ਸ਼ਾਹ ਨੇ ਇਨ੍ਹਾਂ ਦੋਵਾਂ ਦੇ ਮਰਨ ਦੇ ਬਾਅਦ ਇਨ੍ਹਾਂ ਦਾ ਮੇਲ ਰੂਹਾਨੀ ਦੁਨੀਆਂ ਵਿਚ ਕਰਵਾਇਆ, ਜੋ ਸਦੀਵੀ ਹੈ। ਇਵੇਂ ਪ੍ਰੀਤ-ਕਥਾ ਦੁਨੀਆਵੀ ਤੌਰ 'ਤੇ ਤਾਂ ਦੁਖਾਂਤਕ ਪ੍ਰਤੀਤ ਹੁੰਦੀ ਹੈ ਪਰ ਰੂਹਾਨੀ ਧਰਾਤਲ 'ਤੇ ਇਹ ਵੱਖਰੇ ਹੀ ਅਰਥ ਗ੍ਰਹਿਣ ਕਰ ਜਾਂਦੀ ਹੈ।

# ਕਿੱਸਾ 'ਹੀਰ' ਦਾ ਵਿਚਾਰਧਾਰਾਈ ਅਧਿਐਨ

ਵਾਰਿਸ ਸ਼ਾਹ ਦਾ ਕਿੱਸਾ 'ਹੀਰ' ਪੰਜਾਬੀ ਸਾਹਿਤ ਦੀ ਕਾਫ਼ੀ ਚਰਚਿਤ ਰਚਨਾ ਹੈ। ਇਸ ਸ਼ਾਇਰ ਨੇ ਪੰਜਾਬ ਦੀ ਪ੍ਰਸਿੱਧ ਅਤੇ ਪਰੰਪਰਕ ਲੋਕ-ਕਥਾ 'ਹੀਰ-ਰਾਂਝੇ' ਨੂੰ ਕਿੱਸੇ ਰੂਪ ਵਿਚ ਲਿਖ ਕੇ ਪੰਜਾਬੀ ਸਾਹਿਤ ਸਿਰਜਣਾ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਹੀਰ ਦੀ ਇਸ ਪ੍ਰੀਤ ਕਥਾ ਨੂੰ ਹੋਰ ਕਈ ਪ੍ਰਸਿੱਧ ਸ਼ਾਇਰਾਂ ਜਿਵੇਂ ਦਮੋਦਰ, ਮੁਕਬਲ ਅਤੇ ਅਹਿਮਦ ਗੁੱਜਰ ਆਦਿ ਨੇ ਵੀ ਕਿੱਸੇ ਰੂਪ ਵਿਚ ਲਿਖਿਆ ਹੈ। ਪਰ ਇਨ੍ਹਾਂ ਸਭ ਵਿਚੋਂ ਵਾਰਿਸ ਦੀ 'ਹੀਰ' ਹੀ ਸਭ ਤੋਂ ਵੱਧ ਮਕਬੂਲ ਹੋਈ। ਜਿਸ ਨੇ ਵਾਰਿਸ ਸ਼ਾਹ ਨੂੰ ਸ਼ਿਰੋਮਣੀ ਕਿੱਸਾਕਾਰ ਦੇ ਤੌਰ 'ਤੇ ਸਥਾਪਿਤ ਕੀਤਾ। ਉਸ ਦੀ ਇਸ ਰਚਨਾ ਨੂੰ ਮਹਾਂ-ਕਾਵਿ ਦਾ ਦਰਜਾ ਹਾਸਲ ਹੈ। ਇਸ ਕਿੱਸੇ ਵਿਚ ਵਾਰਿਸ ਸ਼ਾਹ ਨੇ ਆਪਣੇ ਸਮੇਂ ਦੇ ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ ਅਤੇ ਇਤਿਹਾਸਕ ਜੀਵਨ ਦੀ ਪੇਸ਼ਕਾਰੀ ਬੜੀ ਕਲਾਤਮਕਤਾ ਨਾਲ ਕੀਤੀ ਹੈ। ਵਾਰਿਸ ਸ਼ਾਹ ਨੇ ਇਸ ਕਿੱਸੇ ਵਿਚ ਹੀਰ-ਰਾਂਝੇ ਦੀ ਪ੍ਰੀਤ-ਕਥਾ ਨੂੰ ਦੁਨੀਆਵੀ ਅਰਥਾਂ ਦੇ ਨਾਲ-ਨਾਲ ਅਧਿਆਤਮਕ ਰੰਗਣ ਦੇਣ ਦੀ ਕੋਸ਼ਿਸ਼ ਕੀਤੀ ਹੈ ਅਰਥਾਤ ਉਹ ਇਸ਼ਕ ਮਿਜ਼ਾਜੀ ਤੋਂ ਇਸ਼ਕ ਹਕੀਕੀ ਤੱਕ ਆਪਣੀ ਰਚਨਾ ਨੂੰ ਲੈ ਜਾਂਦਾ ਹੈ। ਉਸ ਨੇ ਇਸ ਕਿੱਸੇ ਰਾਹੀਂ ਸਮਾਜ ਵਿਚ ਪ੍ਰੇਮ-ਕਥਾਵਾਂ ਕਹਿਣ-ਸੁਣਨ 'ਤੇ ਲੱਗੀਆਂ ਬੰਦਸ਼ਾਂ ਨੂੰ ਤੋੜਦਿਆਂ ਇਸ ਨੂੰ ਘਰ-ਘਰ ਪ੍ਰਵਾਨਗੀ ਦਵਾਉਣ ਦਾ ਯਤਨ ਕੀਤਾ। ਕਿੱਸੇ ਦੇ ਆਰੰਭ ਵਿਚ 'ਹਮਦ' ਸ਼ਬਦ ਦੀ ਵਰਤੋਂ ਪਰਮਾਤਮਾ ਦੀ ਵਡਿਆਈ ਅਤੇ ਆਪਣੇ ਕਾਰਜ ਦੀ ਪ੍ਰਵਾਨਗੀ ਲੈਣ ਲਈ 'ਮੰਗਲਾਚਰਣ' ਦੀ ਜੁਗਤ ਦੀ ਵਰਤੋਂ ਇਕ ਸਾਹਿਤਕ ਵਿਧਾ ਹੈ ਜੋ ਕਿ ਰਚਨਾ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ ਪਰਮਾਤਮਾ ਦੀ ਮਿਹਰ ਦੀ ਮੰਗ ਦਾ ਸੰਕੇਤ ਹੈ। ਇਸ ਤੋਂ ਅੱਗੇ ਉਸ ਨੇ ਹੀਰ-ਰਾਂਝੇ ਦੇ ਇਸ਼ਕ ਨੂੰ ਪੰਜ ਪੀਰਾਂ ਦੀ ਪ੍ਰਵਾਨਗੀ ਮਿਲਣ ਦੀ ਗੱਲ ਆਖ ਕੇ ਇਨ੍ਹਾਂ ਦੇ ਪ੍ਰੇਮ-ਸੰਬੰਧਾਂ ਨੂੰ ਨਿਰੋਲ ਜਿਸਮਾਨੀ ਪ੍ਰੇਮ-ਸੰਬੰਧਾਂ ਦੇ ਬਿਆਨ ਤੋਂ ਅੱਗੇ ਅਧਿਆਤਮਕ ਪੱਧਰ ਤੱਕ ਲੈ ਜਾਣ ਦਾ ਯਤਨ ਕੀਤਾ ਹੈ। ਹੀਰ ਵਾਰਿਸ ਮੱਧਕਾਲੀਨ ਪੰਜਾਬੀ ਸਾਹਿਤ ਸਭਿਆਚਾਰ ਦੀ ਮਹੱਤਵਪੂਰਣ ਪ੍ਰਾਪਤੀ ਹੈ। ਇਹ ਪੰਜਾਬੀ ਦੀ ਇਕ ਲੋਕ ਪ੍ਰਸਿੱਧ ਦੰਤ ਕਥਾ ਹੀਰ ਤੇ ਰਾਂਝੇ ਦੀ ਪ੍ਰੀਤ ਕਹਾਣੀ ਉਪਰ ਆਧਾਰਿਤ ਹੈ। ਹੀਰ ਰਾਂਝੇ ਦੀ ਕਹਾਣੀ ਜਿਸ ਸਮਾਜਕ ਪਿਛੋਕੜ ਵਿਚ ਵਿਚਰਦੀ ਹੈ, ਉਸ ਵਿਚ ਇਸ਼ਕ ਵਰਤਾਰੇ ਦਾ ਹੱਲ ਹੀਰ ਤੇ ਰਾਂਝੇ ਦੀ ਮੌਤ ਹੈ, ਜੋ ਹੀਰ ਰਾਂਝੇ ਦੇ ਇਸ ਕਿੱਸੇ ਵਿਚ ਵਾਪਰਦਾ ਹੈ। ਇਸ਼ਕ ਮੱਧਕਾਲੀ ਸਮਾਜਕ ਸਭਿਆਚਾਰਕ ਕਦਰਾਂ-ਕੀਮਤਾਂ ਇਸ਼ਕ ਵਿਰੋਧੀ ਹੋਣ ਕਾਰਨ ਪ੍ਰੇਮੀ ਪ੍ਰੇਮਿਕਾ ਨੂੰ ਗਲਤ ਕਰਾਰ ਦਿੰਦੀਆਂ ਹਨ ਅਤੇ ਅਜਿਹੀ ਪ੍ਰੀਤ ਦਾ ਹਸ਼ਰ ਮੱਧਕਾਲੀ ਸਮੇਂ ਦੌਰਾਨ ਰਚੇ ਗਏ ਕਿੱਸਿਆਂ ਦੇ ਪਾਠ ਰਾਹੀਂ ਸਹਿਜੇ ਹੀ ਹੋ ਜਾਂਦਾ ਹੈ। ਹੀਰ ਤੇ ਰਾਂਝੇ ਦਾ ਇਹ ਪ੍ਰੇਮ ਇਸ ਕਰਕੇ ਸਫ਼ਲ ਨਹੀਂ ਹੋ ਪਾਉਂਦਾ ਕਿਉਂਕਿ ਵੇਲੇ ਦੇ ਸਮਾਜ ਵਿਚ ਇਸ਼ਕ ਨੂੰ ਅਪ੍ਰਵਾਨਿਤ ਤੇ ਨੈਤਿਕ ਮਰਯਾਦਾ ਦੇ ਉਲਟ ਮੰਨਿਆ ਜਾਂਦਾ ਸੀ। ਵਾਰਿਸ ਦੀ ਹੀਰ ਦੇ ਸਮਾਜਕ-ਸਭਿਆਚਾਰਕ ਵਰਤਾਰੇ ਵਿਚ ਜਾਤ, ਗੋਤ, ਸਾਕਾਚਾਰੀ, ਭਾਈਚਾਰਾ, ਸ਼ਰੀਕਾ ਆਦਿ ਸ਼ਬਦ ਕਾਫ਼ੀ ਅਰਥਪੂਰਣ ਸਨ। ਕਿੱਸੇ ਵਿਚ ਹੀਰ ਦੇ ਪਿੰਡ ਝੰਗ ਤੇ ਰਾਂਝੇ ਦੇ ਪਿੰਡ ਤਖ਼ਤ ਹਜ਼ਾਰੇ ਦੀ ਸਮਾਜਕ ਸਰੰਚਨਾ ਦਾ ਵਰਣਨ ਖ਼ੂਬਸੂਰਤੀ ਨਾਲ ਹੋਇਆ ਮਿਲਦਾ ਹੈ। ਰਾਂਝਾ ਤਖਤ ਹਜ਼ਾਰੇ ਦੇ ਮੌਜੂ ਚੋਧਰੀ ਦੇ ਅੱਠ ਪੁੱਤਰਾਂ ਤੇ ਦੋ ਧੀਆਂ ਵਾਲੇ ਪਰਿਵਾਰ ਵਿਚੋਂ ਸਭ ਤੋਂ ਛੋਟਾ ਹੈ। ਇਸ ਕਥਾ ਵਿਚ 18 ਵੀਂ ਸਦੀ ਦੇ ਪੇਂਡੂ ਇਸਲਾਮੀ ਸਮਾਜ ਨੂੰ ਪੇਸ਼ ਕੀਤਾ ਗਿਆ ਹੈ। ਉਸ ਸਮੇਂ ਪੰਜਾਬ ਵਿਚ ਮੁਸਲਮਾਨੀ ਸੰਸਕਾਰ ਹੀ ਦੇਖਣ ਨੂੰ ਮਿਲਦੇ ਸਨ। ਇਸ ਕਿੱਸੇ ਦੇ ਮੁੱਖ ਪਾਤਰ ਹੀਰ, ਧੀਦੋ ਤੇ ਸੈਦਾ ਤਿੰਨੋਂ ਮੁਸਲਮਾਨ ਪਰਿਵਾਰਾਂ ਹੀਰ ਸਿਆਲ ਤੇ ਰਾਂਝਾ ਤਖ਼ਤ ਹਜ਼ਾਰੇ ਤੇ ਸੈਦਾ ਖੇੜਿਆ ਨਾਲ ਸੰਬੰਧਿਤ ਹਨ। ਵਾਰਿਸ ਸ਼ਾਹ ਦੇ ਸਮੇਂ ਦੀ ਸਭਿਅਤਾ ਪੇਂਡੂ ਸਭਿਅਤਾ ਸੀ। ਉਸ ਸਮੇਂ ਜਾਗੀਰਦਾਰੀ ਪ੍ਰਥਾ ਦਾ ਬਹੁਤ ਪ੍ਰਭਾਵ ਸੀ ਕਿਉਂਕਿ ਪੈਦਾਵਾਰੀ ਦੇ ਸਾਧਨ ਜ਼ਮੀਨ ਹੋਣ ਕਰਕੇ, ਜ਼ਮੀਨ ਦੀ ਮਾਲਕੀਅਤ ਨੂੰ ਹੀ ਸਭ ਪਾਸੇ ਸਰਵ-ਸ਼੍ਰੇਸ਼ਟ ਮੰਨਿਆ ਜਾਂਦਾ ਸੀ। ਵੱਡੇ ਜਾਗੀਰਦਾਰ ਤੇ ਭੂਮੀਪਤੀ ਹੀ ਰਾਜਨੀਤੀ ਤੇ ਸਮਾਜਕ ਪ੍ਰਬੰਧ ਚਲਾਉਂਦੇ ਸਨ। ਵਾਰਿਸ ਸ਼ਾਹ ਜਾਗੀਰਦਾਰੀ ਸਮਾਜ ਦੀਆਂ ਇਨ੍ਹਾਂ ਸਾਰੀਆਂ ਸਥਿਤੀਆਂ, ਭਾਈਚਾਰੇ, ਸ਼ਰੀਕਾਚਾਰੀ ਸਭ ਤੋਂ ਭਲੀ ਭਾਂਤ ਜਾਣੂ ਸੀ ਜਿਸ ਦੀ ਝਲਕ ਉਸ ਦੇ ਕਿੱਸੇ ਵਿਚ ਥਾਂ-ਥਾਂ ਦੇਖਣ ਨੂੰ ਮਿਲਦੀ ਹੈ। ਕਿੱਸੇ ਵਿਚ ਤਿੰਨ ਪਰਿਵਾਰ ਸਿਆਲ, ਖੇੜੇ ਤੇ ਰਾਂਝੇ ਜ਼ਿਮੀਦਾਰ ਸਨ। ਚੂਚਕ ਤੇ ਖੇੜੇ ਵੱਡੇ ਜਾਗੀਰਦਾਰ ਹਨ ਪਰ ਰਾਂਝਾ ਬੇਸ਼ਕ ਜੱਟ ਸੀ ਪਰ ਇਨ੍ਹਾਂ ਨੂੰ ਸਿਆਲਾਂ ਦੇ ਰਾਜਪੂਤਾਂ

ਨਾਲੋਂ ਘਟ ਸਮਝਿਆ ਜਾਂਦਾ ਸੀ। ਮੌਜੂ ਪਿੰਡ ਦਾ ਚੋਧਰੀ ਤੇ ਇੱਜ਼ਤ ਵਾਲਾ ਮੰਨਿਆ ਪ੍ਰਮੰਨਿਆ ਆਦਮੀ ਹੈ, ਪਰ ਉਸ ਦੀ ਮੌਤ ਪਿਛੋਂ ਘਰ ਦੀ ਜ਼ਮੀਨ ਦੀ ਵੰਡ ਪੈਂਦੀ ਹੈ ਤੇ ਇੱਕਜੁਟਤਾ ਟੁੱਟ ਜਾਂਦੀ ਹੈ। ਰਾਂਝੇ ਦੇ ਭਰਾ ਪਿੰਡ ਦੇ ਪੰਚਾਂ ਨਾਲ ਮਿਲ ਕੇ ਤੇ ਰਿਸ਼ਵਤ ਆਦਿ ਦੇ ਕੇ ਸਾਰੀ ਚੰਗੀ ਜ਼ਮੀਨ ਆਪ ਲੈ ਜਾਂਦੇ ਹਨ ਤੇ ਰਾਂਝੇ ਨੂੰ ਬੰਜਰ ਜ਼ਮੀਨ ਦੇ ਕੇ ਇਕ ਤਰ੍ਹਾਂ ਨਾਲ ਆਪਣੇ ਪਰਿਵਾਰ ਵਿਚੋਂ ਹੀ ਬੇਦਖ਼ਲ ਕਰ ਦਿੰਦੇ ਹਨ। ਕਿੱਸੇ ਵਿਚ ਰਾਂਝੇ ਦਾ ਜ਼ਮੀਨ ਕਰਕੇ ਆਪਣੇ ਭਰਾ ਭਰਜਾਈਆਂ ਨਾਲ ਟਕਰਾਓ ਦੇਖਣ ਨੂੰ ਮਿਲਦਾ ਹੈ:

ਰਾਂਝਾ ਆਖਦਾ, ਭਾਬੀਓ ਵੈਰਨੋ ਨੀ, ਤੁਸਾਂ ਭਾਈਆਂ ਨਾਲੋ ਵਿਛੋੜਿਆ ਜੇ।

ਖ਼ੁਸ਼ੀ ਰੂਹ ਨੂੰ ਬਹੁਤ ਦਿਲਗੀਰ ਕੀਤਾ, ਨਵਾਂ ਫੁੱਲ ਗੁਲਾਬ ਦਾ ਤੋੜਿਆ ਜੇ।

ਭਾਈਆਂ ਸਕਿਆਂ ਨਾਲੋਂ ਵਿਛੋੜ ਮੈਨੂੰ, ਕੰਡਾ ਵਿਚ ਕਲੇਜੇ ਦੇ ਪੋੜਿਆ ਜੇ।

ਭਾਈ ਜਿਗਰ ਤੇ ਜਾਨ ਸਾਂ ਅਸੀਂ ਅੱਠੇ, ਵਖੋ ਵਖ ਕਰ ਚਾਇ ਵਿਛੋੜਿਆ ਜੇ। 1

ਹੀਰ ਵਾਰਿਸ ਦੀ ਸਮਾਜਕ ਸੰਰਚਨਾ ਵਿਚ ਭਰਾ-ਭਰਾ ਦਾ ਸ਼ਰੀਕ ਵੀ ਹੈ ਤੇ ਔਖੇ ਵੇਲੇ ਦਾ ਸਾਥੀ ਵੀ। ਵੱਧ ਭਰਾ, ਘਰ ਦੀ ਵੱਡੀ ਤਾਕਤ ਮੰਨੇ ਜਾਂਦੇ ਸਨ। ਖੁਸ਼ੀ ਗਮੀ ਹਰ ਮੌਕਾ ਭਰਾਵਾਂ ਦੀ ਸ਼ਿਰਕਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ, ਸਿਰਫ਼ ਇਹੀ ਨਹੀਂ ਹਰ ਮੌਕੇ ’ਤੇ ਉਨ੍ਹਾਂ ਦੀ ਸਲਾਹ ਲਈ ਤੇ ਮੰਨੀ ਜਾਂਦੀ ਹੈ। ਸਮਾਜਕ ਭਾਈਚਾਰੇ ਵਿਚ ਭਰਾ ਇਕ ਦੂਜੇ ਦੀਆਂ ਬਾਹਵਾਂ ਹੁੰਦੇ ਹਨ। ਭਰਾਵਾਂ ਬਿਨਾ ਜੱਗ ਜਹਾਨ ਵਿਚ ਤੁਹਾਨੂੰ ਕੋਈ ਨਹੀਂ ਪਛਾਣਦਾ। ਅਜਿਹੇ ਪਰਿਵਾਰਕ ਵਰਤਾਰੇ ਦਾ ਵਰਣਨ ਵਾਰਿਸ ਸ਼ਾਹ ਨੇ ਆਪਣੇ ਇਸ ਕਿੱਸੇ ਵਿਚ ਕੀਤਾ ਹੈ। ਕਿੱਸੇ ਵਿਚ ਚੂਚਕ ਨੂੰ ਜਦੋਂ ਹੀਰ ਤੇ ਰਾਂਝੇ ਦੇ ਸੰਬੰਧ ਬਾਰੇ ਪਤਾ ਲੱਗਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਆਪਣੇ ਭਰਾਵਾਂ ਨਾਲ ਹੀਰ ਤੇ ਰਾਂਝੇ ਦੇ ਰਿਸ਼ਤੇ ਨੂੰ ਜੋੜਨ ਦੀ ਸਲਾਹ ਕਰਦਾ ਹੈ। ਜਿਸ ਦਾ ਬਿਆਨ ਇਨ੍ਹਾਂ ਸਤਰਾਂ ਵਿਚ ਮਿਲਦਾ ਹੈ:

ਚੂਚਕ ਸੱਦ ਭਾਈ ਪਰ੍ਹਾ ਲਾਇ ਬੈਠਾ, ਕਿਤੇ ਹੀਰ ਨੂੰ ਚਾਇ ਪਰਣਾਈਏ ਜੀ।

ਆਖੋ ਰਾਂਝੇ ਦੇ ਨਾਲ ਵਿਆਹ ਦੇਵਾਂ, ਇਕੇ ਬੰਨੜੇ ਕਿਸੇ ਮੰਗਾਈਏ ਜੀ।

ਹੱਥੀਂ ਆਪਣੀ ਕਿਸੇ ਸਮਾਨ ਕੀਚੈ, ਜਾਣ ਬੁਝ ਕੇ ਲੀਕ ਨਾ ਲਾਈਏ ਜੀ।

ਭਾਈਆਂ ਆਖਿਆ, ਚੂਚਕਾ! ਇਹ ਮਸਲਤਿ, ਅਸੀਂ ਖੋਲ੍ਹਕੇ ਚਾਇ ਸੁਣਾਈਏ ਜੀ।

ਵਾਰਿਸ ਸ਼ਾਹ ਫ਼ਕੀਰ ਹੈ ਪ੍ਰੇਮ ਸ਼ਾਹੀ, ਹੀਰ ਓਸ ਤੋਂ ਪੁੱਛ ਮੰਗਵਾਈਏ ਜੀ। 2

ਵਾਰਿਸ ਦੇ ਇਸ ਕਿੱਸੇ ਅੰਦਰ ਲੋਕ-ਧੰਦਿਆਂ ਦਾ ਵਰਣਨ ਮਿਲਦਾ ਹੈ। ਇਸ ਵਿਚ ਖੇਤੀ ਦੇ ਧੰਦੇ ਨਾਲ ਹੀ ਪਿੰਡ ਦੇ ਬਾਕੀ ਕਾਰੋਬਾਰ ਜੁੜੇ ਹੋਏ ਸਨ। ਪਸ਼ੂ ਪਾਲਣਾ ਉਸ ਸਮੇਂ ਦਾ ਪ੍ਰਮੁੱਖ ਕਿੱਤਾ ਸੀ। ਰਾਂਝਾ ਆਪ ਵੀ ਹੀਰ ਦਾ ਇਸ਼ਕ ਕਮਾਉਣ ਖਾਤਿਰ ਮੱਝੀਆਂ ਚਰਾਉਂਦਾ ਹੈ। ਕਿੱਸੇ ਵਿਚ ਤਰਖਾਣ, ਲੁਹਾਰ, ਘੁਮਿਆਰ, ਚੂਹੜਾ, ਠਠਿਆਰਾ, ਨਾਈ, ਮੋਚੀ, ਤੇਲੀ, ਕਲਾਲ, ਡੋਗਰ, ਮਲਾਹ, ਜੁਲਾਹਾ, ਡੂਮ, ਸੁਨਿਆਰ ਆਦਿ ਦਾ ਵੀ ਜ਼ਿਕਰ ਆਉਂਦਾ ਹੈ। ਕਿੱਸੇ ਵਿਚ ਪੰਜ ਪੀਰ ਜਦੋਂ ਹੀਰ ਰਾਂਝੇ ਨੂੰ ਅਸ਼ੀਰਵਾਦ ਦੇਣ ਆਉਂਦੇ ਹਨ ਤਾਂ ਉਨ੍ਹਾਂ ਦੇ ਬੋਲਾਂ ਵਿਚੋਂ ਵੀ ਪਸ਼ੂ ਪਾਲਣ ਤੇ ਖੇਤੀਬਾੜੀ ਦੇ ਇਸ ਕਿੱਤੇ ਨਾਲ ਲੋਕਾਂ ਦੇ ਜੁੜੇ ਹੋਣ ਦਾ ਪ੍ਰਮਾਣ ਮਿਲਦਾ ਹੈ। ਸਿਰਫ਼ ਇਹੀ ਨਹੀਂ ਜਦੋਂ ਰਾਂਝਾ ਖੇਤਾਂ ਵਿਚ ਮੱਝੀਆਂ ਚਰਾਉਂਦਾ ਹੈ ਤਾਂ ਉਦੋਂ ਹੀਰ ਆਪ ਉਸ ਦੇ ਲਈ ਚੂਰੀ ਬਣ ਕੇ ਲਿਆਉਂਦੀ ਸੀ। ਜਿਵੇਂ ਖੇਤੀਬਾੜੀ ਕਰਨ ਵਾਲੇ ਕਾਮਿਆਂ ਦੀਆਂ ਤੀਵੀਆਂ ਆਪਣੇ ਮਰਦਾਂ ਲਈ ਖੇਤ ਵਿਚ ਭੱਤਾ ਲੈ ਕੇ ਜਾਂਦੀਆਂ ਹੁੰਦੀਆਂ ਸਨ। ਬੱਚਾ, ਖਾਹ ਚੂਰੀ, ਚੋਇ ਮਝ ਬੂਰੀ, ਜ਼ਰਾ ਜੀਉ ਨੂੰ ਨਹੀਂ ਡੁਲਾਵਣਾ ਈ। 3

ਮਹੀਂ ਛਡ ਮਾਹੀ ਉਠ ਜਾਇ ਭੁੱਖਾ, ਉਹਦੇ ਖਾਣੇ ਦੀ ਖ਼ਬਰ ਨਾ ਕਿਸੇ ਲੀਤੀ।

ਭੱਤਾ ਫੇਰ ਨਾ ਅਸਾਂ ਲਿਆਉਣਾ ਏਂ, ਏਦੂੰ ਪਿਛਲੀ ਬਾਬਲਾ! ਸਮਝ ਬੀਤੀ। 4

ਵਾਰਿਸ ਸ਼ਾਹ ਨੇ ਤ੍ਰਿੰਞਣਾਂ ਵਿਚ ਬੈਠੀਆਂ ਚਰਖਾ ਕੱਤਦੀਆਂ ਔਰਤਾਂ ਦਾ ਵਰਨਣ ਕਰਦਿਆਂ ਵੇਲੇ ਦੀ ਸਭਿਆਚਾਰਕ ਰੰਗਣ ਨੂੰ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਤ੍ਰੀਮਤਾਂ ਜਿੱਥੇ ਕੰਮਕਾਰ ਤੋਂ ਵਿਹਲੀਆਂ ਹੋ, ਜਦੋਂ ਇਕੱਠੀਆਂ ਬੈਠ ਕੇ ਆਪਣੇ ਦਿਲ ਦੇ ਵੱਲਵਲੇ ਨੂੰ ਤ੍ਰਿੰਜਣਾਂ ਵਿਚ ਸਾਂਝੇ ਕਰਦੀਆਂ ਹਨ। ਇਸ ਦਾ ਬਿਆਨ ਕਿੱਸੇ ਵਿਚ ਸਹਿਤੀ ਦੁਆਰਾ ਉਦੋਂ ਕੀਤਾ ਜਾਂਦਾ ਹੈ ਜਦੋਂ ਉਹ ਹੀਰ ਨੂੰ ਰਾਂਝੇ ਜੋਗੀ ਬਾਰੇ ਦੱਸਦੀ ਕਹਿੰਦੀ ਹੈ ਕਿ:

ਹੀਰੇ, ਕਿਸੇ ਰਜਵੰਸ ਦਾ ਓਹ ਪੁੱਤਰ, ਰੂਪ ਤੁਧ ਥੀਂ ਦੂਣ ਸਵਾਇਆ ਨੀ।

ਵਿਚ ਤ੍ਰਿੰਞਣਾਂ ਗਾਉਂਦਾ ਫਿਰੇ ਭੌਂਦਾ, ਅੰਤ ਓਸ ਦਾ ਕਿਸੇ ਨਾ ਪਾਈਆ ਨੀ। 5

ਮੱਧਕਾਲੀ ਸਮਾਜ ਦੇ ਖਾਸ ਕਰਕੇ ਉਪਰਲੇ ਤਬਕੇ ਦੇ ਲੋਕਾਂ ਦੇ ਜਾਗੀਰਦਾਰੀ ਜੀਵਨ ਨੂੰ ਵੀ ਵਾਰਿਸ ਸ਼ਾਹ ਨੇ ਬੜੇ ਵਿਸਤਾਰ ਨਾਲ ਪੇਸ਼ ਕੀਤਾ ਹੈ। ਖਾਸ ਕਰਕੇ ਹੀਰ ਦੇ ਮਾਂਪਿਓ ਤੇ ਪਰਿਵਾਰਕ ਪਹਿਲੂਆਂ ਨੂੰ ਕਿੱਸਾਕਾਰ ਨੇ ਇਸ ਦ੍ਰਿਸ਼ਟੀ ਤੋਂ ਬਹੁਤ ਹੀ ਦਿਲਚਸਪੀ ਨਾਲ ਉਭਾਰਿਆ ਹੈ। ਜ਼ਮੀਨਾਂ ਤੇ ਨਹਿਰਾਂ ਤੋਂ ਉਪਰੰਤ ਇਹ ਜਾਗੀਰਦਾਰ ਲੋਕ ਕਈ ਪ੍ਰਕਾਰ ਮਾਲ-ਡੰਗਰ ਰੱਖਣ ਦੇ ਵੀ ਸ਼ੌਕੀਨ ਹਨ। ਇਸ ਦੇ ਨਾਲ ਹੀ ਵਾਰਿਸ ਨੇ ਜਾਗੀਰਦਾਰਾਨਾ ਵਿਆਹ ਦੇ ਠਾਠ ਦਾ ਜ਼ਿਕਰ ਵੀ ਕਿੱਸੇ ਵਿਚ ਕੀਤਾ ਹੈ:

ਤੇਉਰਾਂ ਬਉਰਾਂ ਨਾਲ ਜੜਾਊ ਗਹਿਣੇ, ਦਮ ਦੌਲਤਾਂ ਨਿਆਮਤਾਂ ਹੋਰ ਮੀਆਂ।

ਟਮਕ ਮਹੀਂ ਅਤੇ ਨਾਲ ਊਠ ਘੋੜੇ, ਗਹਣਾਂ ਕੱਪੜਾ ਢੱਗੜਾ ਢੋਰ ਮੀਆਂ। 6

ਕਿਸੇ ਵੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਪ੍ਰਗਟਾਅ ਵਿਅਕਤੀ ਦੇ ਪਹਿਰਾਵੇ ਤੋਂ ਸਪੱਸ਼ਟ ਹੋ ਜਾਂਦਾ ਹੈ। ਵਾਰਿਸ ਸ਼ਾਹ ਨੇ ਉਸ ਸਮੇਂ ਦੇ ਪ੍ਰਚਲਿਤ ਪਹਿਰਾਵੇਂ ਵਿਚੋਂ ਚੀਰਾ, ਟੋਪੀ, ਸੇਲੀ, ਖੇਮ, ਫੁੱਲਕਾਰੀ, ਲੁੰਗੀਆਂ, ਕੁੜਤੀ, ਸਾਲੂ, ਲਾਲ ਘਗਰੇ, ਚੁੰਨੀ, ਪੱਗ, ਚੋਲੀ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਗਹਿਣੇ ਕੇਵਲ ਸ਼ਿੰਗਾਰ ਲਈ ਨਹੀਂ ਹੁੰਦੇ, ਸਗੋਂ ਕੌਮ ਦਾ ਵਿਰਸਾ ਹੁੰਦੇ ਹਨ। ਇਨ੍ਹਾਂ ਨਾਲ ਉਥੋਂ ਦੀ ਸਭਿਅਤਾ ਰਹਿਣ ਸਹਿਣ, ਜੀਵਨ ਦੇ ਹਰ ਪੱਖ ਬਾਰੇ ਜਾਣਕਾਰੀ ਹਾਸਲ ਹੁਮਦਿ ਹੈ। ਕਿੱਸੇ ਵਿਚ ਹੀਰ ਦੇ ਪਏ ਗਹਿਣਿਆਂ ਦਾ ਵਰਨਣ ਇਨ੍ਹਾਂ ਸਤਰਾਂ ਵਿਚ ਹੁੰਦਾ ਹੈ:

ਬੁਕ ਮੋਤੀਆਂ ਦੇ ਕੰਨੀ ਝਮਕਦੇ ਨੇ, ਕੋਈ ਹੂਰ ਤੇ ਪਰੀ ਦੀ ਸ਼ਾਹ ਦੀ ਜੀ।

ਕੁੜਤੀ ਸੂਹੀ ਜੋ ਹਿੱਕ ਦੇ ਨਾਲ ਫੱਬੀ, ਹੋਸ਼ ਰਹੀ ਨਾ ਜ਼ਿਮੀਂ ਅਸਮਾਨ ਦੀ ਜੀ।

ਸੋਹੇ ਨੱਕ ਬੁਲਾਕ ਜਿਉਂ ਕੁਤਬ ਤਾਰਾ, ਜੋਬਨ ਭਿੰਨੜੀ ਕਹਿਰ ਤੂਫਾਨ ਦੀ ਜੀ। 7

ਕਿੱਸੇ ਵਿਚ ਹੀਰ ਦੇ ਵਿਆਹ ਦੀ ਗੱਲ ਜਦੋਂ ਤੁਰਦੀ ਹੈ ਤਾਂ ਚੂਚਕ ਦੀ ਬਰਾਦਰੀ ਹੀਰ ਨੂੰ ਖੇੜਿਆਂ ਦੇ ਮੰਗਣ ਦੀ ਸਲਾਹ ਦਿੰਦੀ ਹੈ ਕਿਉਂਕਿ ਉਸ ਸਮੇਂ ਵਿਆਹ ਲਈ ਚੋਣ ਦਾ ਪ੍ਰਮੁੱਖ ਆਧਾਰ ਜਾਤ ਤੇ ਚੰਗੀ ਸਾਖ ਸੀ। ਕਿੱਸੇ ਵਿਚ ਵੀ ਖੇੜਿਆਂ ਦੀ ਚੰਗੀ ਸ਼ਾਖ ਹੀ ਸੈਦੇ ਦੇ ਹੀਰ ਨਾਲ ਵਿਆਹ ਦਾ ਆਧਾਰ ਸੀ। ਜਿਸ ਦੀ ਸਲਾਹ ਚੂਚਕ ਨੂੰ ਉਸ ਦੇ ਭਾਈਆਂ ਨੇ ਦਿੱਤੀ :

ਨਾਲ ਖੇੜਿਆਂ ਦੇ ਏਹੁ ਸਾਕ ਕੀਚੇ, ਦਿੱਤੀ ਮਸਲਹਿਤ ਸਭਨਾਂ ਭਾਈਆਂ ਉਏ।

ਭਾਲਿਆਂ ਸਾਕਾਂ ਦੇ ਨਾਲ ਚਾ ਸਾਕ ਕੀਚੇ, ਵੱਡੇ ਘਰਾਂ ਨੂੰ ਚਾਇ ਵਧਾਇਆਂ ਉਏ। 8

ਮੱਧਕਾਲ ਕਦਰਾਂ-ਕੀਮਤਾਂ ਤਹਿਤ ਵਿਆਹ ਦਾ ਆਧਾਰ ਧਨ ਦੌਲਤ, ਜ਼ਮੀਨ ਜਾਇਦਾਦ ਹੀ ਰਹਿੰਦਾ ਹੈ, ਕੁੜੀ ਦਾ ਰਿਸ਼ਤਾ ਉਸ ਘਰ ਮਾਂ ਪਿਓ ਬੜੀ ਖੁਸ਼ੀ ਨਾਲ ਤੈਅ ਕਰ ਦਿੰਦੇ ਸਨ ਜਿੱਥੇ ਧਨ ਸੰਪਤੀ ਦੀ ਭਰਮਾਰ ਹੁੰਦੀ ਸੀ। ਇਉਂ ਇਹ ਵਸਤੂਪਰਕ ਸੋਚ ਨਾਰੀ ਹੋਂਦ ਨੂੰ ਕਮਜ਼ੋਰ ਕਰਨ ਵਿਚ ਅਹਿਮ ਰੋਲ ਅਦਾ ਕਰਦੀ ਹੈ। ਇਸ ਦੇ ਨਾਲ ਹੀ ਮਾਂਪਿਓ ਦੇ ਮਨ ਵਿਚ ਕੁੜੀ ਮੁੰਡੇ ਦਾ ਵਿਆਹ ਆਪਣੇ ਮਨਪਸੰਦ ਘਰਾਂ ਵਿਚ ਕਰਕੇ ਚੰਗੇ ਰਿਸ਼ਤੇਦਾਰਾਂ ਨਾਲ ਸੰਬੰਧ ਬਣਾਉਣ ਦੀ ਖਿੱਚ ਰਹਿੰਦੀ। ਜੇਕਰ ਚੰਗੇ ਰੱਜੇ ਪੁੱਜੇ ਘਰ ਦਾ ਰਿਸ਼ਤਾ ਹੈ ਤਾਂ ਉਸ ਦੇ ਕਈ ਨਾਪਸੰਦ ਪੱਖਾਂ ਨੂੰ ਵੀ ਦੇਖ ਕੇ ਅਣਡਿੱਠਾ ਕਰ ਦਿੱਤਾ ਜਾਂਦਾ ਸੀ। ਜਿਵੇਂ ਖੇੜਿਆ ਨੂੰ ਪਤਾ ਹੈ ਕਿ ਸਿਆਲਾਂ ਦੀ ਜਾਈ ਹੀਰ ਦਾ ਆਪਣੇ ਚਾਕ ਨਾਲ ਪ੍ਰੇਮ ਚੱਲ ਰਿਹਾ ਹੈ ਪਰ ਉਹ ਇਹ ਕੜਵਾਹਟ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਉਨ੍ਹਾਂ ਅਨੁਸਾਰ ਹੀਰ ਨੂੰ ਦੁਬਾਰਾ ਪੇਕੇ ਨਾ ਭੇਜਣਨਾਲ ਸਾਰਾ ਮਸਲਾ ਠੀਕ ਹੋ ਜਾਵੇਗਾ। ਵਾਰਿਸ ਦੀ ਹੀਰ ਵਿਚ ਕਾਜ਼ੀ ਦਾ ਜੋ ਰੂਪ ਸਾਹਮਣੇ ਆਇਆ, ਉਸ ਅਨੁਸਾਰ ਉਹ ਪੈਸੇ ਵਾਲੇ, ਵੱਡੀ ਦੇਣ ਵਾਲੇ ਜਾਂ ਪਿੰਡ ਦੇ ਰੱਜੇ-ਪੁੱਜੇ ਲੋਕਾਂ ਦੇ ਨਾਲ ਹੈ। ਉਸ ਸਮੇਂ ਦੇ ਸਮਾਜ ਵਿਚ ਕਾਜ਼ੀ ਹਰ ਕਾਰਜ ਦੇ ਕਰਤਾ-ਧਰਤਾ ਹੁੰਦੇ ਸਨ। ਪਰ ਇਸ ਆਦਰਸ਼ ਮਨੁੱਖ ਦਾ ਅਸਲੀ ਰੂਪ ਕੀ ਹੈ? ਇਸ ਨੂੰ ਵਾਰਿਸ ਨੇ ਹੀਰ ਦੇ ਮੂੰਹੋਂ ਨੰਗਿਆ ਕਰਵਾਇਆ ਹੈ। ਲੋਕਾਂ ਦੇ ਕਹਿਣ ਤੇ ਹੀਰ ਦੇ ਮਾਂਪਿਓ ਉਸ ਦਾ ਵਿਆਹ ਜ਼ਬਰਦਸਤੀ ਖੇੜਿਆਂ ਨਾਲ ਪੱਕਾ ਕਰ ਦਿੰਦੇ ਹਨ। ਜਦ ਕਾਜ਼ੀ ਨਿਕਾਹ ਦੀ ਰਸਮ ਪੂਰੀ ਕਰਨ ਲਈ ਹੀਰ ਕੋਲ ਆਉਂਦਾ ਹੈ ਤਾਂ ਹੀਰ ਇਸ ਵਿਆਹ ਨੂੰ ਕਬੂਲਣ ਤੋਂ ਨਾਂਹ ਕਰ ਦਿੰਦੀ ਹੈ ਤਾਂ ਕਾਜ਼ੀ ਉਸ ਨੂੰ ਸਮਝਾਉਂਦਾ, ਸਰ੍ਹਾਂ ਦੇ ਡਰਾਵੇ ਦੇ ਕੇ ਜ਼ਬਰਦਸਤੀ ਵਿਆਹ ਕਰ ਦੇਣ ਦੀ ਧਮਕੀ ਦਿੰਦਾ ਹੈ। ਪਰ ਹੀਰ ਆਪਣੇ ਇਸ਼ਕ ਦੇ ਰਾਹ ਤੇ ਅੜੀ ਹੋਈ ਉਸ ਦਾ ਪੂਰਾ ਮੁਕਾਬਲਾ ਕਰਦੀ ਹੋਈ ਉਸ ਦੀਆਂ ਕਰਤੂਤਾਂ ਨੂੰ ਉਸ ਦੇ ਸਾਹਮਣੇ ਪੇਸ਼ ਕਰਦੀ ਹੈ:

ਰਲੇ ਦਿਲਾਂ ਨੂੰ ਪਕੜ ਵਿਛੋੜ ਦੇਂਦੇ, ਬੁਰੀ ਬਾਣ ਹੈ ਇਨ੍ਹਾਂ ਹਤਿਆਰਿਆਂ ਨੂੰ।

ਖਾਵਣ ਵੱਢੀਆਂ ਨਿੱਤ ਈਮਾਨ ਵੇਚਣ, ਏਹੁ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ।

ਰੱਬ ਦੋਜ਼ਖਾਂ ਨੂੰ ਭਰੇ ਪਾਇ ਬਾਲਣ, ਕੇਹਾ ਦੋਸ਼ ਹੈ ਇਨ੍ਹਾਂ ਵਿਚਾਰਿਆਂ ਨੂੰ।

ਵਾਰਿਸ ਸ਼ਾਹ ਮੀਆਂ ਬਣੀ ਬਹੁਤ ਔਖੀ, ਨਹੀਂ ਜਾਣਦੀ ਸਾਂ ਇਨ੍ਹਾਂ ਕਾਰਿਆਂ ਨੂੰ। 9

ਇਸ ਸਭ ਦੇ ਬਾਅਦ ਵੀ ਕਾਜ਼ੀ ਹੀਰ ਦੇ ਇਨਕਾਰ ਦੀ ਪ੍ਰਵਾਹ ਕੀਤੇ ਬਗ਼ੈਰ ਉਸਦੇ ਵਿਆਹ ਤੇ ਆਪਣੀ ਮੁਹਰ ਲਾ ਦਿੰਦਾ ਹੈ। ਮੱਧਕਾਲ ਵਿਚ ਜੋਗ ਮੱਤ ਸਿਖਰਾਂ 'ਤੇ ਸੀ। ਹੀਰ ਵਾਰਿਸ ਦੇ ਸਮਾਜ ਵਿਚ ਜੋਗੀਆਂ ਤੇ ਫਕੀਰਾਂ ਵਿਚ ਲੋਕਾਂ ਦਾ ਵਿਸ਼ਵਾਸ ਹੈ। ਬਾਲ ਨਾਥ ਦੇ ਟਿੱਲੇ ਤੇ ਰਾਂਝਾ ਵੀ ਹੀਰ ਨੂੰ ਮਿਲਣ ਖਾਤਿਰ ਜੋਗੀ ਬਣਨ ਜਾਂਦਾ ਹੈ। ਜੋਗੀ ਬਣ ਕੇ ਉਹ ਜੋਗਮਤ ਦੇ ਅਸੂਲਾਂ ਤੇ ਚਲਣ ਦਾ ਵਾਅਦਾ ਨਹੀਂ ਕਰਦਾ, ਵਾਰਿਸ ਨੇ ਕਈ ਥਾਵਾਂ ਤੇ ਢੋਗੀਂ ਜੋਗੀਆਂ ਦੇ ਉਲਟ ਸਹਿਤੀ ਦੇ ਮੂੰਹੋ ਜੋਗੀ ਬਣੇ ਰਾਂਝੇ ਦੀ ਅਵਸਥਾ ਦਾ ਬਿਆਨ ਕਰਵਾਇਆ ਹੈ:

ਕੰਨੀ ਓਸਦੇ ਦਰਸ਼ਨੀ ਮੁੰਦਰਾਂ ਨੇ, ਗਲ ਮੇਖਲਾ ਅਜਬ ਸੁਹਾਇਆ ਨੀ।

ਫਿਰੇ ਢੂੰਡਦਾ ਵਿਚ ਹਵੇਲੀਆਂ ਦੇ, ਕੋਈ ਓਸ ਨੇ ਨਾਲ ਗਵਾਇਆ ਨੀ।

ਨਾਲੇ ਗਾਉਂਦਾ ਤੇ ਨਾਲੇ ਰੋਂਵਦਾ ਏ, ਵਡਾ ਓਸ ਨੇ ਰੰਗ ਮਚਾਇਆ ਨੀ।

ਕਾਈ ਆਖਦੀ ਪ੍ਰੇਮ ਦੀ ਚਾਟ ਲੱਗੀ, ਤਾਹੀਓਂ ਓਸ ਨੇ ਸੀਸ ਮੁਨਾਇਆ ਨੀ।

ਕਾਈ ਆਖਦੀ, ਹੁਸਨ ਦਾ ਚੋਰ ਫਿਰਦਾ, ਤਾਹੀਂ ਓਸ ਨੇ ਭੇਸ ਵਟਾਇਆ ਨੀ।

ਕਾਈ ਆਖਦੀ ਕਿਸੇ ਦੇ ਇਸ਼ਕ ਪਿਛੇ, ਬੁੰਦੇ ਲਾਹ ਕੇ ਕੰਨ ਪੜਵਾਇਆ ਨੀ।

ਕਹਿਣ ਤਖ਼ਤ ਹਜ਼ਾਰੇ ਦਾ ਇਹ ਰਾਂਝਾ, ਬਾਲ ਨਾਥ ਤੋਂ ਜੋਗ ਲੈ ਆਇਆ ਨੀ। 10

ਇਸ ਦੇ ਨਾਲ ਹੀ ਕਿੱਸੇ ਵਿਚ ਰਾਂਝੇ ਨੂੰ ਜੋਗੀ ਹੋਣ ਕਾਰਣ ਕਰਾਮਾਤੀ ਸ਼ਕਤੀ ਵਾਲਾ ਵੀ ਦਰਸਾਇਆ ਗਿਆ ਹੈ। ਰਾਂਝੇ ਦੀ ਆਹ ਨਾਲ ਸ਼ਹਿਰ ਵਿਚ ਅੱਗ ਲਗ ਜਾਂਦੀ ਹੈ। ਉਹ ਸੱਪ ਦੇ ਕੱਟੇ ਦਾ ਇਲਾਜ ਕਰਨ ਲਈ ਮਸ਼ਹੂਰ ਤੇ ਆਪ ਵੀ ਬਹੁਤ ਸਾਰੀਆਂ ਬੀਮਾਰੀਆਂ ਨੂੰ ਠੀਕ ਕਰਨ ਦਾ ਦਾਅਵਾ ਕਰਦਾ ਹੈ। ਵਾਰਿਸ ਆਪਣੀ ਰਚਨਾ ਵਿਚ ਲਿਖਦਾ ਹੈ ਕਿ ਹੀਰ ਨੂੰ ਮਿਲਣ ਲਈ ਰਾਂਝਾ ਜੋਗੀ ਬਣ ਜਾਂਦਾ ਹੈ। ਲੋਕਾਂ ਦਾ ਪਰਾਭੌਤਿਕ ਸ਼ਕਤੀਆਂ, ਪੀਰਾਂ ਫਕੀਰਾਂ ਵਿਚ ਵਿਸ਼ਵਾਸ ਹੀ ਸੀ, ਜਿਸ ਕਾਰਣ ਵਾਰਿਸ ਸ਼ਾਹ ਹੀਰ ਰਾਂਝੇ ਦੇ ਸਮਾਜ ਵਿਚ ਅਪ੍ਰਵਾਨਿਤ ਪਿਆਰ ਸੰਬੰਧਾਂ ਦੀ ਪੰਜ ਪੀਰਾਂ ਵੱਲੋਂ ਪ੍ਰਵਾਨਗੀ ਤੇ ਸਹਾਇਤਾ ਦਾ ਜ਼ਿਕਰ ਕਰਦਾ ਹੈ। ਰਾਂਝੇ ਦੀ ਵੰਝਲੀ ਤੋਂ ਖੁਸ਼ ਹੋ ਕੇ ਪੰਜ ਪੀਰ ਉਸ ਨੂੰ ਹੀਰ ਦੀ ਬਖਸ਼ੀਸ ਕਰਦੇ ਹਨ ਤੇ ਹਰ ਔਖੀ ਘੜੀ ਵਿਚ ਉਹ ਇਨ੍ਹਾਂ ਪ੍ਰੇਮੀਆਂ ਦੀ ਸਹਾਇਤਾ ਵੀ ਕਰਦੇ ਹਨ:

ਅੱਠੇ ਪਹਿਰ ਖ਼ੁਦਾ ਦੀ ਯਾਦ ਅੰਦਰ, ਤੁਸਾਂ ਜ਼ਿਕਰ ਤੇ ਖ਼ੈਰ ਕਮਾਵਣਾ ਈ।

ਵਾਰਿਸ ਸ਼ਾਹ, ਪੰਜਾਂ ਪੀਰਾਂ ਹੁਕਮ ਕੀਤਾ, ਬੱਚਾ ਇਸ਼ਕ ਨੂੰ ਲਾਜ ਨਾ ਲਾਵਣਾ ਈ।

ਹਾਜ਼ੀ ਹੋਇ ਪੰਜਾ ਪੀਰਾਂ ਹੁਕਮ ਕੀਤਾ, ਬੱਚਾ! ਮੰਗ ਦੁਆਇ ਜੋ ਮੰਗਣੀ ਹੈ।

ਅੱਜ ਹੀਰ ਜੱਟੀ ਤੈਨੂੰ ਬਖ਼ਸ਼ ਦਿਤੀ, ਰੰਗਣ ਸ਼ੌਕ ਦੇ ਨਾਲ ਜੋ ਰੰਗਣੀ ਹੈ।

ਤੈਨੂੰ ਲਾਇ ਭਬੂਤ ਮਲੰਗ ਕਰੀਏ, ਬੱਚਾ, ਉਹ ਭੀ ਤੇਰੀ ਮਲੰਗਣੀ ਹੈ।

ਵਾਰਿਸ ਸ਼ਾਹ, ਨਾ ਸੋਹੇ ਉਧਾਲ ਜੱਟੀ, ਨਹੀਂ ਮਾਪਿਆਂ ਦੇ ਘਰ ਲੰਘਣੀ ਹੈ। 12

ਵਾਰਿਸ ਸ਼ਾਹ ਦਾ ਇਸ਼ਕ ਦੇ ਜਜ਼ਬੇ ਲਈ ਦ੍ਰਿਸ਼ਟੀਕੋਣ ਸੂਫੀਆਤਮਕ ਹੈ ਜਿਸ ਦੇ ਕਾਰਣ ਉਹ ਇਸ਼ਕ ਨੂੰ ਸੰਸਾਰ ਦਾ ਮੂਲ ਮੰਨਦਾ ਹੈ ਜਿਸ ਤੋਂ ਪੈਗੰਬਰ ਵੀ ਬਚ ਨਹੀਂ ਸਕਦੇ। ਸੂਫ਼ੀ ਮੱਤ ਅਨੁਸਾਰ ਇਸ਼ਕ ਹੀ ਪਰਮਾਤਮਾ ਨੂੰ ਮਿਲਣ ਦਾ ਇਕੋ ਇਕ ਵਸੀਲਾ ਹੈ। ਇਸ ਰਚਨਾ ਵਿਚ ਵਾਰਿਸ ਨੇ ਹੀਰ ਤੇ ਰਾਂਝੇ ਜੋ ਜੀਉਂਦੇ ਜਾਗਦੇ ਹੱਡ ਮਾਸ ਦੇ ਪਾਤਰ ਹਨ ਇਨ੍ਹਾਂ ਦੀ ਇਸ਼ਕ ਮਜਾਜੀ ਰਾਹੀਂ ਇਸ਼ਕ ਹਕੀਕੀ ਦੇ ਜਜ਼ਬੇ ਨੂੰ ਬਿਆਨ ਕਰਨ ਦਾ ਯਤਨ ਕੀਤਾ ਹੈ। ਜਿਸ ਦੀ ਸਪਸ਼ਟ ਉਦਾਹਰਣ ਕਿੱਸੇ ਦੇ ਅੰਤ ਵਿਚ ਮਿਲਦੀ ਹੈ:

ਹੀਰ ਰੂਹ ਤੇ ਚਾਕ ਕਲਬੂਤ ਜਾਣੋਂ, ਬਾਲਨਾ ਇਹ ਪੀਰ ਬਣਾਇਆ ਈ।

ਪੰਜ ਪੀਰ ਨੀ ਪੰਜ ਹਵਾਸ ਤੇਰੇ, ਜਿਨ੍ਹਾਂ ਥਾਪਨਾ ਤੁਧ ਨੂੰ ਲਾਇਆ ਈ।

ਅਦਲੀ ਰਾਜਾ ਨੇ ਨੇਕ ਆਮਾਲ ਤੇਰੇ, ਜਿਸ ਹੀਰ ਇਮਾਨ ਦਿਵਾਇਆ ਈ।

ਵਾਰਿਸ ਸ਼ਾਹ ਮੀਆਂ, ਬੇੜਾ ਪਾਰ ਤੇਰਾ, ਕਲਮਾ ਪਾਕ ਜ਼ਬਾਨ ਤੇ ਆਇਆ ਈ। 13

ਪਰ ਵਾਰਿਸ ਦੀ ਹੀਰ ਵਿਚ ਹੀਰ ਤੇ ਰਾਂਝਾ ਕਿਸੇ ਅਧਿਆਤਮਕ ਹੱਲ ਦੀ ਤਲਾਸ਼ ਵਿਚ ਪਾਰਗਾਮੀ ਨਹੀਂ ਬਣਦੇ। ਸਗੋਂ ਉਹ ਆਪ ਸਾਧਾਰਣ ਲੋਕਾਂ ਦੀ ਤਰ੍ਹਾਂ ਘਰ ਵਸਾ ਕੇ ਰਾਂਝੇ ਦੇ ਪਿੰਡ ਵਿਚ ਵਸਣਾ ਲੋਚਦੇ ਹਨ ਤੇ ਸਮਾਜ ਵਿਚ ਵਸੇਬੇ ਲਈ ਸਮਾਜ ਦੀ ਪ੍ਰਵਾਨਗੀ ਜ਼ਰੂਰੀ ਹੋ ਜਾਂਦੀ ਹੈ। ਹੀਰ ਤੇ ਰਾਂਝੇ ਦੀ ਮੁੜ ਸਮਾਜ ਦਾ ਹਿੱਸਾ ਬਣ ਕੇ ਜੀਉਣ ਦੀ ਤਾਂਘ ਉਨ੍ਹਾਂ ਦੀ ਮੌਤ ਦਾ ਕਾਰਣ ਬਣਦੀ ਹੈ ਕਿਉਂਕਿ ਇਕ ਵਾਰ ਸਮਾਜ ਦੀਆਂ ਰਸਮਾਂ ਤੋੜ ਕੇ ਭੱਜੀ ਹੋਈ ਨੂੰਹ, ਧੀ ਨੂੰ ਮੁੜ ਸਮਾਜ

ਸਵੀਕਾਰ ਨਹੀਂ ਕਰਦਾ ਅਤੇ ਉਸ ਦਾ ਸਮਾਜਕ ਰੁੱਤਬਾ ਤਹਿਸ ਨਹਿਸ ਹੋ ਜਾਂਦਾ ਹੈ। ਇਵੇਂ ਹੀਰ ਵਾਰਿਸ ਦੀ ਲੋਕਪ੍ਰਿਅਤਾ ਦਾ ਵੱਡਾ ਕਾਰਣ ਇਸ ਕਿੱਸੇ ਵਿਚ ਪੰਜਾਬੀ ਸੰਸਕ੍ਰਿਤੀ ਦੀ ਬਹੁਤ ਹੀ ਬਰੀਕੀ ਤੇ ਗਹਿਰਾਈ ਨਾਲ ਪੇਸ਼ਕਸ਼ ਬਣਦੀ ਹੈ।

## 'ਹੀਰ ਵਾਰਿਸ' ਕਿੱਸੇ ਦਾ ਕਲਾਤਮਕ ਪੱਖ

ਵਾਰਿਸ ਸ਼ਾਹ ਦੇ ਕਿੱਸੇ ਦੇ ਕਲਾਤਮਕ ਪੱਖ ਦੀ ਜੇ ਗੱਲ ਕਰੀਏ ਤਾਂ ਇਹ ਕਲਾਤਮਕਤਾ ਉਸ ਦੀ ਭਾਸ਼ਾ, ਪਾਤਰਉਸਾਰੀ, ਨਾਟਕੀ ਬਿਆਨ, ਮਨੋਵਿਗਿਆਨਕ ਅੰਸ਼ ਆਦਿ ਵਿਚੋਂ ਸਪੱਸ਼ਟ ਝਲਕਦੀ ਹੈ। ਵਾਰਿਸ ਦੀ ਕਿੱਸਾਕਾਰੀ ਦੀ ਵੱਡੀ ਖ਼ੂਬੀ ਉਸ ਦੀ ਭਾਸ਼ਾ ਦੀ ਕਲਾਕਾਰੀ ਹੈ। ਉਹ ਜਿੱਥੇ ਵੱਡੇ ਖ਼ਿਆਲਾਂ ਨੂੰ ਥੋੜ੍ਹੇ ਸ਼ਬਦਾਂ ਵਿਚ ਬਿਆਨ ਕਰਨ ਦੀ ਸਮਰੱਥਾ ਰੱਖਦਾ ਹੈ, ਉੱਥੇ ਨਾਲ ਹੀ ਛੋਟੀ ਜਿਹੀ ਘਟਨਾ ਨੂੰ ਵਿਸਤਾਰ ਨਾਲ ਪੇਸ਼ ਕਰਨ ਵਿਚ ਵੀ ਉਸ ਨੂੰ ਮੁਹਾਰਤ ਹਾਸਿਲ ਹੈ। ਉਸ ਦੁਆਰਾ ਵਰਤੀ ਗਈ ਬੋਲੀ ਮੁਹਾਵਰੇਦਾਰ, ਸਰਲ ਅਤੇ ਠੇਠ ਹੋਣ ਦੇ ਨਾਲ-ਨਾਲ ਹਰ ਕੋਮਲ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਉਣ ਦੇ ਸਮਰੱਥ ਵੀ ਹੈ:

ਹੀਰ ਆਖਦੀ ਜੋਗੀਆ! ਝੂਠ ਆਖੇ, ਕੌਣ ਰੁੱਠੜੇ ਯਾਰ ਮਿਲਾਂਵਦਾ ਈ।

ਐਸਾ ਕੋਈ ਨਾ ਡਿਠਾ ਮੈਂ ਢੂੰਢ ਥਕੀ, ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ।

ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ, ਜਿਹੜਾ ਜੀਉ ਦਾ ਰੋਗ ਗਵਾਂਵਦਾ ਈ।

ਭਲਾ ਦੱਸ ਤਾਂ ਚਿਰੀਂ ਵਿਛੁੰਨਿਆਂ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ।

ਇਕ ਬਾਜ਼ ਤੋਂ ਕਾਉਂ ਨੇ ਕੂੰਜ ਖੋਹੀ, ਵੇਖਾਂ ਚੁਪ ਹੈ ਕਿ ਕੁਰਲਾਂਵਦਾ ਈ।

ਇਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਣ ਕੇ ਕਦੋਂ ਬੁਝਾਂਵਦਾ ਈ।

ਦੇਵਾਂ ਚੂਰੀਆਂ ਘਿਉ ਦੇ ਬਾਲ ਦੀਵੇ, ਵਾਰਿਸ ਸ਼ਾਹ, ਜੇ ਸੁਣਾਂ ਮੈਂ ਆਂਵਦਾ ਈ। 14

ਕਿੱਸਾਕਾਰ ਨੇ ਪਾਤਰਾਂ ਦੇ ਮਨੋਭਾਵਾਂ ਨੂੰ ਵੀ ਕਿੱਸੇ ਵਿਚ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਕਿੱਸੇ ਵਿਚ ਜਦੋਂ ਰਾਂਝਾ ਆਪਣੀਆਂ ਭਾਬੀਆਂ ਨਾਲ ਝਗੜ ਕੇ ਸਿਆਲਾਂ ਵੱਲ ਤੁਰਦਾ ਹੈ ਤਾਂ ਉਹ ਬੇੜੀ ਦਾ ਮਲਾਹ ਉਸ ਨੂੰ ਨਾਲ ਲਿਜਾਉਣ ਲਈ ਤਿਆਰ ਨਹੀਂ ਹੁੰਦਾ। ਕਿੱਸੇ ਮੁਤਾਬਿਕ ਇਸ ਮੌਕੇ ਤੇ ਉਹ ਆਪਣੀ ਮਨੋਦਸ਼ਾ ਉਸ ਮਲਾਹ ਨਾਲ ਸਾਂਝੀ ਕਰਦਾ ਹੈ। ਇੰਝਵਾਰਿਸ ਸ਼ਾਹ ਆਪਣੀ ਰਚਨਾ ਰਾਹੀਂ ਰਾਂਝੇ ਦੀ ਮਨੋਵੇਦਨਾ ਨੂੰ ਇਵੇਂ ਪੇਸ਼ ਕਰਦਾ ਹੈ ਜਿਵੇਂ ਉਹ ਕੋਈ ਪ੍ਰਤੱਖ ਦ੍ਰਿਸ਼ਟਾਂਤ ਸਾਡੇ ਸਾਹਮਣੇ ਪੇਸ਼ ਕਰ ਰਿਹਾ ਹੋਵੇ।

ਰਾਂਝੇ ਆਖਿਆ, ਪਾਰ ਲੰਘਾਇ ਅੱਬਾ, ਮੀਆਂ ਚਾੜ੍ਹ ਲੈ ਰੱਬ ਦੇ ਵਾਸਤੇ ਤੇ।

ਅਸਾਂ ਰਿਸਕ ਕਮਾਵਣਾ ਨਾਲ ਹੀਲੇ, ਬੇੜੀ ਖਿੱਚ ਦੇ ਢੱਬ ਦੇ ਵਾਸਤੇ ਤੇ।

ਹਥ ਜੋੜ ਕੇ ਮਿੰਨਤਾਂ ਕਰੇ ਰਾਂਝਾ, ਤਰਲਾ ਕਰਾਂ ਮੈਂ ਝਬ ਦੇ ਵਾਸਤੇ ਤੇ।

ਰੁੱਸ ਆਇਆ ਹਾਂ ਨਾਲ ਮੈਂ ਭਾਈਆਂ ਦੇ, ਝੱਟ ਕਰਾਂ ਸਬੱਬ ਦੇ ਵਾਸਤੇ ਤੇ। 15

ਇਵੇਂ ਹੀ ਹੀਰ ਵਾਰਿਸ ਵਿਚ ਵਾਰਤਾਲਾਪੀ ਰੰਗਣ ਵੀ ਕਾਫ਼ੀ ਗੂੜਾ ਹੈ। ਇਹ ਪੜ੍ਹਦਿਆਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸਾਡੇ ਸਾਹਮਣੇ ਕੋਈ ਨਾਟਕ ਪੇਸ਼ ਹੋ ਰਿਹਾ ਹੋਵੇ। ਰਾਂਝੇ ਨੂੰ ਮਿਲਾਉਣ ਦੀ ਖਾਤਿਰ ਸਹਿਤੀ, ਜੋ ਹੀਰ ਦੀ ਨਣਾਨ ਹੈ ਉਸ ਦੀ ਹੀਰ ਨਾਲ ਹੋਈ ਗੱਲਬਾਤ ਇਸ ਦੀ ਵਧੀਆ ਉਦਾਹਰਣ ਹੈ:

ਆਉ ਸਹਿਤੀਏ! ਵਾਸਤਾ ਰੱਬ ਦਾ ਈ, ਨਾਲ ਭਾਬੀਆਂ ਦੇ ਮਿਠੜਾ ਬੋਲੀਏ ਨੀ।

ਤੇਰੇ ਜਹੀ ਨਣਾਨ ਹੋਇ ਮੇਲ ਕਰਨੀ, ਜੀਉ ਜਾਨ ਵੀ ਓਸ ਤੋਂ ਘੋਲੀਏ ਨੀ।

ਜੋਗੀ ਚੱਲ ਮਨਾਈਏ ਬਾਗ ਵਿਚੋਂ, ਹਥ ਬੰਨ੍ਹ ਕੇ ਮਿਠੜਾ ਬੋਲੀਏ ਨੀ।

ਜੋ ਕੁਝ ਕਹੇ ਸੋ ਸਿਰ ਤੇ ਮੰਨ ਲਈਏ, ਗ਼ਮੀਂ ਸ਼ਾਦੀਓਂ ਮੂਲ ਨਾ ਡੋਲੀਏ ਨੀ।

ਚੱਲ ਨਾਲ ਮੇਰੇ, ਤੂੰ ਤਾਂ ਭਾਗ ਭਰੀਏ, ਮੇਲ ਕਰਨੀਏਂ, ਵਿਚ ਵਿਚੋਲੀਏ ਨੀ।

ਕਿਵੇਂ ਮੇਰੇ ਤੇ ਰਾਂਝੇ ਦਾ ਮੇਲ ਹੋਵੇ, ਖੰਡ ਦੁਧ ਦੇ ਵਿਚ ਚਾਇ ਘੋਲੀਏ ਨੀ। 16

ਵਾਰਿਸ ਨੇ ਆਪਣੀ ਇਸ ਰਚਨਾ ਵਿਚ ਵੱਖ-ਵੱਖ ਰਸਾਂ ਦੀ ਵਰਤੋਂ ਵੀ ਕੀਤੀ ਹੈ। ਭਾਰਤੀ ਕਾਵਿ-ਸ਼ਾਸਤ੍ਰੀਆਂ ਨੇ ਰਸ ਨੂੰ ਕਾਵਿ ਦੀ ਆਤਮਾ ਕਿਹਾ। ਇਨ੍ਹਾਂ ਰਸਾਂ ਦੀ ਵਰਤੋਂ ਰਾਹੀਂ ਕਵੀ ਆਪਣੀ ਕਵਿਤਾ ਵਿਚ ਭਿੰਨ-ਭਿੰਨ ਕਿਸਮ ਦੇ ਭਾਵਾਂ ਦਾ ਸੰਚਾਰ ਕਰਦਾ ਹੈ। ਵਾਰਿਸ ਨੇ ਵੀ ਆਪਣੀ ਰਚਨਾ ਵਿਚ ਸਿੰਗਾਰ ਰਸ, ਕਰੁਣਾ-ਰਸ, ਬੀਰ-ਰਸ, ਹਾਸ-ਰਸ ਆਦਿ ਦੀ ਵਰਤੋਂ ਬੜੇ ਵਧੀਆ ਢੰਗ ਨਾਲ ਕੀਤੀ ਹੈ। ਕਿੱਸੇ ਵਿਚ ਹੀਰ ਜਦੋਂ ਜਬਰਨ ਖੇੜਿਆਂ ਦੇ ਵਿਆਹ ਕੇ ਜਾਂਦੀ ਹੈ ਤਾਂ ਇਸ ਸਮੇਂ ਵਾਰਿਸ ਜਿਹੜੇ ਬੋਲ ਹੀਰ ਦੇ ਮੂੰਹੋਂ ਕੱਢਵਾਉਂਦਾ ਹੈ ਉਨ੍ਹਾਂ ਵਿਚੋਂ ਕਰੁਣਾ ਰਸ ਬਿਲਕੁਲ ਸਪੱਸ਼ਟ ਹੁੰਦਾ ਹੈ:

ਲੈ ਵੇ ਰਾਂਝਿਆ, ਵਾਹ ਮੈਂ ਲਾਇ ਰਹੀਆਂ, ਮੇਰੇ ਵੱਸ ਥੀਂ ਗੱਲ ਬੇਵੱਸ ਹੋਈ।

ਕਾਜ਼ੀ ਮਾਪਿਆਂ ਭਾਈਆਂ ਬੰਨ੍ਹ ਟੋਰੀ, ਸਾਡੀ ਤੈਂਡੜੀ ਦੋਸਤੀ ਭੱਸ ਹੋਈ।

ਘਰਿ ਖੇੜਿਆਂ ਦੇ ਨਹੀਂ ਵਸਣਾ ਮੈਂ, ਸਾਡੀ ਉਨ੍ਹਾਂ ਦੇ ਨਾਲ ਖੜਖੱਸ ਹੋਈ।

ਜਾਹ ਜੀਵਾਂਗੇ ਮਿਲਾਂਗੇ ਰੱਬ ਮੇਲੇ, ਹਾਲ ਸਾਲ ਤਾਂ ਦੋਸਤੀ ਬੱਸ ਹੋਈ। 17

ਇਸ ਕਿੱਸੇ ਦੀ ਬਿੰਬਾਵਲੀ ਨੂੰ ਦੇਖੀਏ ਤਾਂ ਵਾਰਿਸ ਨੇ ਕਿੱਸੇ ਵਿਚ ਆਪਣੇ ਤੋਂ ਪਹਿਲਾਂ ਪ੍ਰਚਲਿਤ ਬਿੰਬਾਵਲੀ ਨੂੰ ਪੂਰਨ ਤੌਰ ’ਤੇ ਗ੍ਰਹਿਣ ਕੀਤਾ ਹੈ। ਉਸ ਨੇ ਦ੍ਰਿਸ਼ਤਾਂਤ ਬਿੰਬ, ਇੰਦਰੀਆਵੀ ਬਿੰਬ, ਰਸਾਤਮਕ ਬਿੰਬ, ਲਕੋਕਤੀ ਬਿੰਬ ਆਦਿ ਦੀ ਵਰਤੋਂ ਇਸ ਰਚਨਾ ਵਿਚ ਕੀਤੀ ਹੈ। ਕਿੱਸੇ ਵਿਚ ਜਦੋਂ ਵਾਰਿਸ ਹੀਰ ਦੀ ਸੁੰਦਰਤਾ ਦਾ ਵਰਨਣ ਕਰਦਾ ਹੈ ਤਾਂ ਉੱਥੇ ਦ੍ਰਿਸ਼ਟਾਂਤ ਬਿੰਬ ਦੀ ਵਰਤੋਂ ਹੋਈ ਮਿਲਦੀ ਹੈ:

ਬੁਕ ਮੋਤੀਆਂ ਦੇ ਕੰਨੀ ਝਮਕਦੇ ਨੇ, ਕੋਈ ਹੂਰ ਤੇ ਪਰੀ ਦੀ ਸ਼ਾਨ ਦੀ ਜੀ।

ਕੁੜਤੀ ਸੂਹੀ ਜੋ ਹਿੱਕ ਦੇ ਨਾਲ ਫੱਬੀ, ਹੋਸ਼ ਰਹੀ ਨਾ ਜ਼ਿਮੀਂ ਅਸਮਾਨ ਦੀ ਜੀ।

ਸੋਹੇ ਨੱਕ ਬੁਲਾਕ ਜਿਉਂ ਕੁਤਬ ਤਾਰਾ, ਜੋਬਨ ਭਿੰਨੜੀ ਕਹਿਰ ਤੂਫਾਨ ਦੀ ਜੀ।

‘ਆਇ ਬੁੰਦਿਆਂ ਵਾਲੀਏ ਟਲੀਂ, ਮੋਈਏ, ਅੱਗੇ ਗਈ ਕੇਤੀ ਤੰਬੂ ਤਾਣ ਦੀ ਜੀ।

ਵਾਰਿਸ ਸ਼ਾਹ ਮੀਆਂ ਜੱਟੀ ਲੋਹੜ ਲੁਟੀ, ਭਰੀ ਕਿਬਰ ਹੰਕਾਰ ਤੇ ਮਾਨ ਦੀ ਜੀ। 18 ਵਾਰਿਸ ਦੀ ਛੰਦ ਪ੍ਰਬੰਧ ਵਿਚ ਨਿਪੁੰਨਤਾ ਕਿੱਸੇ ਵਿਚ ਥਾਂ-ਥਾਂ ਦੇਖਣ ਨੂੰ ਮਿਲਦੀ ਹੈ। ਉਸ ਨੇ ਇਹ ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ। ਵਾਰਿਸ ਦੀ ਇਸ ਪੱਖੋਂ ਵਿਸ਼ੇਸ਼ਤਾ ਇਹ ਹੈ ਕਿ ਉਹ ਸਿਰਫ਼ ਬੈਂਤ ਛੰਦ ਵਿਚਲੀ ਸੰਗੀਤਕਤਾ ਤੋਂ ਵਾਕਫ਼ ਨਹੀਂ ਸਗੋਂ ਉਹ ਤੇ ਇਸ ਦੀ ਸੰਪੂਰਣ ਸੰਰਚਨਾ ਵਲੋਂ ਸੁਚੇਤ ਸੀ। ਜਿਸ ਦੀ ਇਕ ਉਦਾਹਰਣ ਇਨ੍ਹਾਂ ਸਤਰਾਂ ਚੋਂ ਮਿਲਦੀ ਹੈ:

ਲਿਆਉ ਹੀਰ ਸਿਆਲ ਜੋ ਦੀਦ ਕਰੀਏ, ਆ ਜਾਹ, ਓ ਦਿਲਬਰਾ ਵਾਸਤਾ ਈ।

ਜਾ ਕੇ ਆਖ, ਰਾਂਝਾ ਤੈਨੂੰ ਅਰਜ਼ ਕਰਦਾ, ਘੁੰਡ ਲਾਹ, ਓ ਦਿਲਬਰਾ ਵਾਸਤਾ ਈ।

ਸਾਨੂੰ ਮਿਹਰ ਦਾ ਨਾਲ ਵਿਖਾ ਸੂਰਤ, ਮੁਖ ਮਾਹ, ਓ ਦਿਲਬਰਾ ਵਾਸਤਾ ਈ।

ਜੁਲਫ਼ ਨਾਗ ਵਾਂਗੂੰ ਚੱਕਰ ਘੱਤ ਬੈਠੀ, ਗਲੋਂ ਲਾਹ, ਓ ਦਿਲਬਰਾ ਵਾਸਤਾ ਈ। 19

ਇੰਝ ਕਲਾ ਪੱਖ ਤੋਂ ਵਾਰਿਸ ਦੀ ਹੀਰ ਸਿਖਰਾਂ ਨੂੰ ਛੋਂਹਦੀ ਰਚਨਾ ਹੈ ਜਿਥੇ ਸ਼ਬਦਾਵਲੀ, ਬਿੰਬ, ਦ੍ਰਿਸ਼ ਸਿਰਜਣਾ, ਸ਼ਬਦ ਸੰਜਮਤਾ ਲੈਆਤਮਕਤਾ ਆਦਿ ਨੂੰ ਇਕ ਸੂਤਰ ਵਿਚ ਬੰਨਿਆ ਗਿਆ ਹੈ।

**ਪ੍ਰਸੰਗ ਸਹਿਤ ਵਿਆਖਿਆ :**

ਚਿੜੀ ਚੂਹਕਦੀ ਨਾਲ ਜਾ ਟੁਰੇ ਪਾਂਧੀ, ਪਈਆਂ ਦੁਧਾਂ ਦੇ ਵਿਚ ਮਧਾਣੀਆਂ ਨੇ।

ਉਠ ਨ੍ਹਾਵਣੇਂ ਵਾਸਤੇ ਜੁਆਨ ਦੌੜੇ, ਸੇਜਾਂ ਜਿਨ੍ਹਾਂ ਨੇ ਰਾਤ ਨੂੰ ਮਾਣੀਆਂ ਨੇ।

ਰਾਂਝੇ ਕੂਚ ਕੀਤਾ ਆਇਆ ਨਦੀ ਉਤੇ, ਪਾਰ ਲੱਦਿਆ ਸਾਥ ਮੁਹਾਣੀਆਂ ਨੇ।

ਵਾਰਿਸ ਸ਼ਾਹ ਮੀਆਂ ਲੁੱਡਣ ਬੜਾ ਬੁੱਲਣ, ਕੁੱਪਾ ਸ਼ਹਿਦ ਦਾ ਲੱਦਿਆ ਬਾਣੀਆਂ ਨੇ।

**ਪ੍ਰਸੰਗ :** ਇਹ ਕਾਵਿ-ਸਤਰਾਂ ਸਾਡੀ ਪਾਠ ਪੁਸਤਕ 'ਮੱਧਕਾਲੀ ਬਿਰਤਾਂਤਕ ਕਾਵਿ', ਰਵਿੰਦਰ ਸਿੰਘ (ਡਾ.) ਦੁਆਰਾ ਸੰਪਾਦਿਤ ਪੁਸਤਕ ਵਿਚ ਦਰਜ 'ਕਿੱਸਾ ਹੀਰ : ਵਾਰਿਸ ਸ਼ਾਹ' ਵਿਚੋਂ ਲਈਆ ਗਈਆਂ ਹਨ। ਕਿੱਸਾਕਾਰ ਇਸ ਕਾਵਿ-ਬੰਦ ਰਾਹੀਂ ਪਿੰਡ ਅੰਦਰ ਪੰਜਾਬੀ ਸਭਿਆਚਾਰ ਦੀ ਜੀਵੰਤ ਤਸਵੀਰ ਨੂੰ ਪੇਸ਼ ਕਰਦਾ ਹੈ। ਪਿੰਡ ਵਿਚ ਸਵੇਰ ਵੇਲੇ, ਤੜਕ ਸਾਰ ਹਰ ਕੋਈ ਆਪੋ ਆਪਣੇ ਕਾਰੇ ਲੱਗਾ ਹੋਇਆ ਨਜ਼ਰ ਆਉਂਦਾ ਹੈ।

**ਵਿਆਖਿਆ :** ਵਾਰਿਸ ਸ਼ਾਹ ਆਪਣੀ ਰਚਨਾ ਕਿੱਸਾ ਹੀਰ ਰਾਹੀਂ ਜਿੱਥੇ ਹੀਰ ਦੀ ਤ੍ਰਾਸਦੀ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ, ਉੱਥੇ ਉਹ ਇਸ ਲੋਕ ਕਿੱਸੇ ਦੀ ਪੇਸ਼ਕਸ਼ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਦਾ ਦ੍ਰਿਸ਼ ਵੀ ਸਿਰਜਦਾ ਹੈ। ਇਸ ਕਾਵਿ-ਬੰਦ ਵਿਚ ਪਿੰਡ ਵਿਚਲੇ ਸਵੇਰ ਦੇ ਮਾਹੌਲ ਨੂੰ ਸਿਰਜਿਆ ਗਿਆ ਹੈ। ਸਵੇਰੇ ਸੂਰਜ ਦੇ ਉਗਣ ਨਾਲ ਜਿੱਥੇ ਪ੍ਰਕਿਰਤੀ ਦੇ ਵਿਚ ਚਿੜੀਆਂ ਦੀ ਚਹਿਕ ਅਤੇ ਰਾਹਗੀਰਾਂ ਦੀ ਆਮਦ ਹੁਮਦਿ ਹੈ, ਉੱਥੇ ਘਰਾਂ ਦੇ ਅੰਦਰ ਸਵਾਣੀਆਂ ਤੜਕਸਾਰ ਦੁੱਧ ਕੱਢਦੀਆਂ, ਲੱਸੀ ਰਿੜਕਦੀਆਂ ਨਜ਼ਰ ਪੈਂਦੀਆਂ ਹਨ। ਕਿਤੇ-ਕਿਤੇ ਨਾਉਣ ਲਈ ਜਵਾਨ ਇਧਰ-ਉਧਰ ਭੱਜਦੇ ਨਜ਼ਰ ਆਉਂਦੇ ਹਨ। ਰਾਤ ਦੀ ਚੰਗੀ ਨੀਂਦ ਲੈਣ ਮਗਰੋਂ ਸਵੇਰੇ ਹਰ ਕੋਈ ਆਪੋ-ਆਪਣੇ ਕੰਮ ਵਿਚ ਰੁਝਿਆ ਨਜ਼ਰ ਆਉਂਦਾ ਹੈ। ਇਸ ਰਚਨਾ ਦਾ ਨਾਇਕ ਰਾਂਝਾ ਭਾਬੀਆਂ ਦੇ ਤਾਨੇ ਮਿਹਣੇ ਕਾਰਣ ਤਖ਼ਤ ਹਜ਼ਾਰੇ ਨੂੰ ਛੱਡ ਮਸੀਤ ਵਿਚ ਡੇਰਾ ਪਾ ਲੈਂਦਾ ਹੈ। ਘਰੋਂ ਬੇਘਰ ਰਾਂਝਾ ਦਰਿਆ ਪਾਰ ਕਰਨ ਲਈ ਮੀਆਂ ਲੁੱਡਣ ਦੀਆਂ ਮਿੰਨਤਾਂ ਕਰਦਾ ਹੈ। ਰਾਂਝਾ ਰਿਜਕ ਕਮਾਉਣ ਖਾਤਿਰ ਆਪਣਾ ਪਿੰਡ ਤਖ਼ਤ ਹਜ਼ਾਰਾ ਛੱਡ ਝੰਗ ਸਿਆਲ ਪਹੁੰਚ ਜਾਂਦਾ ਹੈ। ਜਿਸ ਲਈ ਉਸ ਕੋਲ ਮਲਾਹ ਨੂੰ ਦੇਣ ਵਾਸਤੇ ਪੈਸੇ ਜਾਂ ਕੋਈ ਵਸਤ ਨਹੀਂ ਹੈ ਤੇ ਉਹ ਉਸ ਨੂੰ ਤਰਲਾ ਕਰਦਾ ਹੈ ਕਿ ਉਹ ਬੇੜੀ ਖਿੱਚ ਕੇ ਉਸ ਨੂੰ ਪਾਰ ਲੰਘਾ ਦੇਵੇ ਤਾਂ ਜੋ ਉਹ ਆਪਣੇ ਰਿਜਕ ਲਈ ਕੋਈ ਸਬੱਬ ਬਣਾ ਸਕੇ। ਇੰਝ ਇਸ ਕਾਵਿ-ਬੰਦ ਅੰਦਰ ਕੇਵਲ ਪਿੰਡ ਦੀ ਸਵੇਰ ਦਾ ਸਭਿਆਚਾਰਕ ਰੂਪ ਹੀ ਨਹੀਂ ਸਿਰਜਿਆ ਗਿਆ ਸਗੋਂ ਇਥੇ ਕਿੱਸਾਕਾਰ ਵਾਰਿਸ ਸ਼ਾਹ ਰਾਂਝੇ ਦੀ ਪਰਿਵਾਰਕ ਸਥਿਤੀ ਨੂੰ ਵੀ ਪੇਸ਼ ਕਰਦਾ, ਸਾਕਾਚਾਰੀ ਪ੍ਰਬੰਧ ਦੀ ਸ਼ਰੀਕੇਬਾਜੀ ਵਾਲੀ ਮਾਨਸਿਕਤਾ ਨੂੰ ਵੀ ਪਾਠਕਾਂ ਨਾਲ ਸਾਂਝਾ ਕਰਦਾ ਹੈ।

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ, ਕਿੱਸਾ ਹੀਰ ਦਾ ਨਵਾਂ ਬਣਾਈਏ ਜੀ।

ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ, ਜਿਹਵਾ ਸੋਹਣੀ ਨਾਲ ਸੁਣਾਈਏ ਜੀ।

ਨਾਲ ਅਜਬ ਬਹਾਰ ਦੇ ਸ਼ਿਅਰ ਕਹਿ ਕੇ, ਰਾਂਝੇ ਹੀਰ ਦਾ ਮੇਲ ਮਿਲਾਈਏ ਜੀ।

ਯਾਰਾਂ ਨਾਲ ਮਜਾਲਸਾਂ ਵਿਚ ਬਹਿ ਕੇ, ਮਜ਼ਾ ਹੀਰ ਕੇ ਇਸ਼ਕ ਦਾ ਪਾਈਏ ਜੀ।

**ਪ੍ਰਸੰਗ** : ਇਹ ਕਾਵਿ-ਸਤਰਾਂ ਸਾਡੀ ਪਾਠ ਪੁਸਤਕ 'ਮੱਧਕਾਲੀ ਬਿਰਤਾਂਤਕ ਕਾਵਿ', ਰਵਿੰਦਰ ਸਿੰਘ (ਡਾ.) ਦੁਆਰਾ

ਸੰਪਾਦਿਤ ਪੁਸਤਕ ਵਿਚ ਦਰਜ 'ਕਿੱਸਾ ਹੀਰ : ਵਾਰਿਸ ਸ਼ਾਹ' ਵਿਚੋਂ ਲਈਆ ਗਈਆਂ ਹਨ। ਵਾਰਿਸ ਦੀ ਰਚਨਾ ਹੀਰ ਦਾ ਇਹ ਕਾਵਿ ਬੰਦ ਲੋਕ ਕਥਾ 'ਤੇ ਆਧਾਰਿਤ ਕਿੱਸਾ ਹੀਰ-ਰਾਂਝਾ ਨੂੰ ਵੱਖਰੇ ਢੰਗ ਨਾਲ ਪੇਸ਼ ਕਰਨ ਦੀ ਗੱਲ ਕਰਦਾ ਹੈ। ਇੱਥੇ ਮੂਲ ਕਿੱਸਾ ਤਾਂ ਲੋਕ ਪਰੰਪਰਾ ਵਿਚ ਪ੍ਰਚਲਨ ਦੇ ਆਧਾਰ ਉਪਰ ਹੀ ਹੈ ਪਰ ਵਾਰਿਸ ਸ਼ਾਹ ਆਪਣੀ ਪ੍ਰਤਿਭਾ ਤੇ ਰਚਨਾਤਮਕ ਸ਼ੈਲੀ ਕਾਰਣ ਇਸ ਨੂੰ ਹੁਣ ਤਕ ਸਿਰਜੇ ਗਏ ਕਿੱਸਿਆਂ ਵਿਚੋਂ ਵੱਖਰੀ ਨੁਹਾਰ ਪ੍ਰਦਾਨ ਕਰਨ ਕਰਕੇ ਵੱਧ ਮਕਬੂਲੀਅਤ ਹਾਸਿਲ ਕਰਦਾ ਹੈ।

**ਵਿਆਖਿਆ :** ਵਾਰਿਸ ਸ਼ਾਹ ਆਪਣੀ ਰਚਨਾ ਹੀਰ ਦਾ ਆਗ਼ਾਜ ਜਿੱਥੇ ਮੰਗਲਾਚਰਣ ਭਾਵ ਇਸ਼ਟ ਅਰਾਧਨਾ ਤੋਂ ਕਰਦਾ ਹੈ ਉੱਥੇ ਉਹ ਰਚਨਾ ਦੇ ਆਰੰਭ ਵਿਚ ਹੀ ਇਸ ਦੇ ਵੱਖਰੇ ਅੰਦਾਜ਼ ਦੀ ਗੱਲ ਵੀ ਕਰਦਾ ਹੈ। ਰਚਨਾਕਾਰ ਸੰਬੋਧਨੀ ਸ਼ੈਲੀ ਰਾਹੀਂ ਯਾਰਾਂ ਦੋਸਤਾ ਕੋਲੋ ਇਹ ਸਵਾਲ ਕਰਾਉਂਦਾ ਹੈ ਕਿ ਹੀਰ ਦੀ ਗੱਲ ਨੂੰ ਨਵੇਂ ਢੰਗ ਨਾਲ ਕਿਵੇਂ ਬਿਆਨ ਕੀਤਾ ਜਾਵੇ। ਇਸ ਪ੍ਰੀਤ ਕਿੱਸੇ ਨੂੰ ਉਹ ਲੋਕ ਬੋਲੀ ਵਿਚ ਸਰਲ ਤੇ ਸੁੱਚਜੀ ਸ਼ਬਦਾਵਲੀ ਰਾਹੀਂ ਪਾਠਕਾਂ ਤਕ ਪਹੁੰਚਣ ਦੀ ਗੱਲ ਕਰਦਾ ਹੈ ਤਾਂ ਜੋ ਹਰ ਕੋਈ ਇਸ ਕਿੱਸੇ ਨੂੰ ਮੰਤਰ ਮੁਗਧ ਹੋ ਕੇ ਪੜ੍ਹ ਸੁਣ ਸਕੇ। ਇਸ ਦੇ ਨਾਲ ਹੀ ਉਹ ਆਪਣੀ ਇਸ ਰਚਨਾ ਵਿਚ ਹੀਰ ਤੇ ਰਾਂਝੇ ਦੇ ਮੇਲ ਦੇ ਨੁਕਤੇ ਨੂੰ ਪੇਸ਼ ਕਰਕੇ ਪੂਰਵਲੀਆਂ ਰਚਨਾਵਾਂ ਨਾਲੋਂ ਵੱਖਰਾ ਤੇ ਨਿਵੇਕਲਾ ਬਣਾਉਣ ਦੀ ਗੱਲ ਕਹਿੰਦਾ ਹੈ। ਕਿੱਸਾਕਾਰ ਹੈਰਾਨ ਤੇ ਆਕਰਸ਼ਿਤ ਕਰਨ ਵਾਲੀ ਭਾਸ਼ਾ ਸ਼ੈਲੀ ਰਾਹੀਂ ਹੀਰ-ਰਾਂਝੇ ਦੇ ਕਿੱਸੇ ਨੂੰ ਸਿਰਜਣ ਦੀ ਵਿਉਂਤਕਾਰੀ ਕਰਦਾ ਹੈ। ਇੰਝ ਇਸ ਕਾਵਿ ਬੰਦ ਦੇ ਆਖਿਰ 'ਤੇ ਕਵੀ ਵਾਰਿਸ ਸ਼ਾਹ ਲੋਕਾਂ ਵਿਚ ਬੈਠ ਕੇ ਹੀਰ ਵਾਰਿਸ ਦੇ ਕਿੱਸੇ ਦਾ ਆਨੰਦ ਮਾਣਨ ਦੀ ਗੱਲ ਕਰਦਾ ਹੈ।

## ਪ੍ਰਸ਼ਨ ਉੱਤਰ :

1. ਵਾਰਿਸ ਸ਼ਾਹ ਰਚਿਤ 'ਹੀਰ' ਦੇ ਕਿੱਸੇ ਦਾ ਸਾਰ ਪੇਸ਼ ਕਰੋ।

2. 'ਹੀਰ ਰਾਂਝੇ' ਦੇ ਕਿੱਸੇ ਦੇ ਸਮਾਜਕ-ਸਭਿਆਚਾਰਕ ਪੱਖ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਓ।

3. 'ਹੀਰ' ਵਾਰਿਸ ਵਿਚ ਪੰਜ ਪੀਰਾਂ ਦਾ ਕੀ ਮਹੱਤਵ ਹੈ?

4. ਵਾਰਿਸ ਸ਼ਾਹ ਦੇ ਕਿੱਸੇ 'ਹੀਰ ਰਾਂਝੇ' ਦੇ ਆਧਾਰ 'ਤੇ ਉਸ ਦੇ ਕਲਾ ਪੱਖ ਉੱਤੇ ਚਾਨਣਾ ਪਾਓ।

5. 'ਹੀਰ ਵਾਰਿਸ ਸ਼ਾਹ' ਦੇ ਕਿੱਸੇ ਵਿਚ ਮੰਗਲਾਚਰਣ ਦੇ ਮਹੱਤਵ ਬਾਰੇ ਜਾਣਕਾਰੀ ਦਿਓ।

## ਹਵਾਲੇ


1. ਰਵਿੰਦਰ ਸਿੰਘ (ਡਾ.) (ਸੰਪਾ.), ਮੱਧਕਾਲੀ ਬਿਰਤਾਂਤਕ ਕਾਵਿ, ਪੰ.30

2. ਉਹੀ, ਪੰ.33

3. ਉਹੀ, ਪੰ.32

4. ਉਹੀ, ਪੰ.33

5. ਉਹੀ, ਪੰ.35

6. ਉਹੀ, ਪੰ.34

7. ਉਹੀ, ਪੰ.32

8. ਉਹੀ, ਪੰ.33

9. ਉਹੀ, ਪੰ.34

10. ਉਹੀ, ਪੰ.35

11. ਉਹੀ, ਪੰ.32

12. ਉਹੀ, ਪੰ.33

13. ਉਹੀ, ਪੰ.39

14. ਉਹੀ, ਪੰ.36-37

15. ਉਹੀ, ਪੰ.31

16. ਉਹੀ, ਪੰ.37

17. ਉਹੀ, ਪੰ.35

18. ਉਹੀ, ਪੰ.32

19. ਉਹੀ, ਪੰ.38

# ਗੁਰੂ ਗੋਬਿੰਦ ਸਿੰਘ : ਚੰਡੀ ਦੀ ਵਾਰ

**ਆਰੰਭਿਕਾ :**

ਪਿਆਰੇ ਵਿਦਿਆਰਥੀਓ, ਇਸ ਆਧਿਆਇ 'ਚ ਆਪ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਚੰਡੀ ਦੀ ਵਾਰ' ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## 1.5 ਗੁਰੂ ਗੋਬਿੰਦ ਸਿੰਘ ਜੀ (1666–1708)

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਤੇ ਮਹਾਨ ਅਧਿਆਤਮਕ ਆਗੂ ਹੋਣ ਦੇ ਨਾਲ-ਨਾਲ ਬੀਰ ਸੈਨਾਪਤੀ ਤੇ ਸਾਹਿਤਕਾਰ ਵੀ ਸਨ। ਆਪ ਦਾ ਜਨਮ 22, ਦਸੰਬਰ, 1666 ਈ. ਨੂੰ ਪਟਨਾ, ਬਿਹਾਰ ਵਿਖੇ ਹੋਇਆ। ਇਨ੍ਹਾਂ ਦਾ ਬਚਪਨ ਵਿਚ ਨਾਂ ਗੋਬਿੰਦ ਰਾਏ ਸੀ ਤੇ ਆਪ ਦੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਸਨ। ਪਟਨਾ ਵਿਚ ਜਿੱਥੇ ਆਪ ਜੀ ਦਾ ਬਚਪਨ ਬੀਤਿਆ, ਉਸ ਥਾਂ 'ਤੇ ਅੱਜ ਤਖ਼ਤ ਸ੍ਰੀ ਪਟਨਾ ਸਾਹਿਬ ਹੈ। ਗੋਬਿੰਦ ਰਾਏ ਦੀ ਉਮਰ ਉਸ ਵੇਲੇ ਨੌਂ ਵਰ੍ਹਿਆਂ ਦੀ ਸੀ ਜਦੋਂ ਗੁਰੂ ਤੇਗ਼ ਬਹਾਦਰ ਜੀ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕਰ ਗਏ ਸਨ। ਇਨ੍ਹਾਂ ਦੀ ਸ਼ਹਾਦਤ ਦੇ ਬਾਅਦ 1676 ਈ. ਵਿਚ ਬੈਸਾਖੀ ਵਾਲੇ ਦਿਨ, ਗੁਰੂ ਗੋਬਿੰਦ ਸਿੰਘ ਨੂੰ ਗੁਰੂਗੱਦੀ 'ਤੇ ਬਿਰਾਜਮਾਨ ਕੀਤਾ ਗਿਆ। ਚੱਕ ਨਾਨਕ (ਅਨੰਦਪੁਰ ਸਾਹਿਬ) ਵਿਚ ਆਪ ਨੇ ਸਾਹਬ ਚੰਦ ਪਾਸੋਂ ਪੰਜਾਬੀ ਅਤੇ ਕਾਜ਼ੀ ਪੀਰ ਮੁਹੰਮਦ ਕੋਲੋਂ ਫ਼ਾਰਸੀ ਦੀ ਸਿਖਿਆ ਲਈ। ਫ਼ਾਰਸੀ ਤੇ ਸੰਸਕ੍ਰਿਤ ਦੀ ਸਿਖਿਆ ਦੇ ਨਾਲ-ਨਾਲ ਉਨ੍ਹਾਂ ਨੇ ਸ਼ਸਤਰ ਸਿਖਿਆ ਵੀ ਹਾਸਿਲ ਕੀਤੀ। ਗੁਰੂ ਸਾਹਿਬ ਨੇ ਆਪਣਾ ਜ਼ਿਆਦਾਤਰ ਸਾਹਿਤਕ ਕਾਰਜ, ਯਮਨਾ ਨਦੀ ਦੇ ਕੰਢੇ ਪਉਂਟਾ ਸ਼ਹਿਰ ਵਿਖੇ ਕੀਤਾ। ਇੱਥੇ ਹੀ ਆਪ ਨੇ ਘੋੜ-ਸਵਾਰੀ, ਤੈਰਾਕੀ ਤੇ ਤੀਰ-ਅੰਦਾਜ਼ੀ ਵੀ ਸਿਖੀ। ਸਮਾਜਕ ਤੇ ਰਾਜਸੀ ਖੇਤਰ ਵਿਚ ਦਲੇਰੀ ਨਾਲ ਵਿਚਰਨ ਲਈ, ਜੀਵਨ ਵਿਚ ਸਵੈ-ਅਧੀਨਤਾ ਤੇ ਸਨਮਾਨ ਪ੍ਰਾਪਤ ਕਰਨ ਲਈ ਇਕ ਬੰਨੇ ਜਿੱਥੇ ਜ਼ੁਲਮ ਵਿਰੁੱਧ ਖੜ੍ਹਨ ਦੀ ਲੋੜ ਸੀ, ਉੱਥੇ ਹੀ ਮਾਨਸਿਕ, ਬੋਧਿਕ ਅਤੇ ਦਾਰਸ਼ਨਿਕ ਤੌਰ 'ਤੇ ਸ਼ਸਤਰ-ਬੱਧ ਹੋਣਾ ਵੀ ਜ਼ਰੂਰੀ ਸੀ। ਸਮੇਂ ਦੀ ਇਸ ਜ਼ਰੂਰਤ ਨੂੰ ਗੁਰੂ ਸਾਹਿਬ ਦੁਆਰਾ ਰਚੇ ਗਏ ਸਾਹਿਤ ਨੇ ਪੂਰਾ ਕੀਤਾ। ਉਨ੍ਹਾਂ ਦਾ ਮਨੋਰਥ ਸਾਧਾਰਨ ਮਨੁੱਖ ਨੂੰ ਆਤਮਿਕ, ਸਰੀਰਕ, ਸਮਾਜਕ ਤੇ ਬੌਧਿਕ ਪੱਖ ਤੋਂ ਉਚਿਆਉਣਾ ਸੀ। ਇਸ ਲਈ ਆਪ ਜੀ ਦੁਆਰਾ ਰਚੇ ਸਾਹਿਤ ਵਿਚ ਇਹ ਸਾਰੇ ਗੁਣ ਮਿਲਦੇ ਹਨ। ਇਨ੍ਹਾਂ ਨੇ ਜਿੱਥੇ ਜਾਪੁ ਸਾਹਿਬ ਅਤੇ ਅਕਾਲ-ਉਸਤਤਿ ਵਿਚ ਅਕਾਲ ਪੁਰਖ ਦੇ ਪਰਮ-ਸਰੂਪ ਤੋਂ ਜਾਣੂ ਕਰਵਾਇਆ ਹੈ, ਉੱਥੇ ਸ਼ਸਤਰ ਨਾਮਾ, ਬਚਿੱਤ੍ਰ ਨਾਟਕ ਤੇ ਵਾਰ ਸ੍ਰੀ ਭਗਉਤੀ ਜੀ ਕੀ ਵਿਚ ਬੀਰਤਾ ਨੂੰ ਜਗਾਇਆ ਗਿਆ ਹੈ। ਅਸਲ ਵਿਚ ਉਨ੍ਹਾਂ ਰਾਹੀਂ ਰਚੇ ਇਸ ਸਾਹਿਤ ਵਿਚੋਂ ਪਰਮ ਮਨੁੱਖ ਦੇ ਅਮਲੀ ਜੀਵਨ ਦੀ ਝਲਕ ਮਿਲਦੀ ਹੈ, ਜੋ ਇਸ ਨੂੰ ਸਦਾ ਲਈ ਨਰੋਆ ਰੱਖਣ ਵਿਚ ਸਹਾਈ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਜੋਤ ਦੇ ਧਾਰਨੀ ਗੁਰੂ ਗੋਬਿੰਦ ਸਿੰਘ ਜੀ ਨੇ ਤਤਕਾਲੀ ਹਾਲਾਤ ਦਾ ਸਾਹਮਣਾ ਕਰਨ ਲਈ 1699 ਨੂੰ ਅਨੰਦਪੁਰ ਸਾਹਿਬ ਵਿਖੇ, ਬੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਵੇਲੇ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਉਸ ਦੇ ਜ਼ੁਲਮਾਂ ਦੀ ਹਕੀਕਤ ਦੱਸਣ ਲਈ ਇਕ ਪੱਤਰ ਲਿਖਿਆ, ਜੋ ਜ਼ਫ਼ਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਪੱਤਰ ਦਾ ਔਰੰਗਜ਼ੇਬ 'ਤੇ ਇੰਨਾ ਪ੍ਰਭਾਵ ਪਿਆ ਕਿ ਉਸ ਨੇ ਗੁਰੂ ਸਾਹਿਬ ਨਾਲ ਮੁਲਕਾਤ ਕਰਨ ਲਈ ਸੱਦਾ ਭੇਜਿਆ। ਪਰ ਇਸ ਦੇ ਬਾਅਦ ਹੀ ਔਰੰਗਜ਼ੇਬ ਦੀ ਮੌਤ ਹੋ ਗਈ ਸੀ ਜਿਸ ਦੀ ਖ਼ਬਰ ਗੁਰੂ ਸਾਹਿਬ ਨੂੰ ਰਾਜਸਥਾਨ ਦੇ ਬਘੋਰ ਸ਼ਹਿਰ ਪੁੱਜਣ ਤੇ ਮਿਲੀ।

**ਕਥਾ ਸਾਰ :**

ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਚੰਡੀ ਦੀ ਵਾਰ' ਲਿਖਣ ਦਾ ਮਨੋਰਥ ਹਿੰਦੁਸਤਾਨ ਦੇ ਲੋਕਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨਾ ਸੀ ਤਾਂ ਜੋ ਇਹ ਲੋਕ ਵੇਲੇ ਦੀ ਹਕੂਮਤ ਮੁਗ਼ਲਾਂ ਦਾ ਮੁਕਾਬਲਾ ਕਰਨ ਦੇ ਸਮਰਥ ਬਣ ਸਕਣ। ਇਹ ਵਾਰ ਦਰਅਸਲ ਦੇਵਤਿਆਂ ਅਤੇ ਰਾਖ਼ਸ਼ਾਂ ਵਿਚਕਾਰ ਹੋਏ ਯੁੱਧ ਦੀ ਮਿਥਿਹਾਸਕ ਕਥਾ ਉਪਰ ਆਧਾਰਿਤ ਹੈ। ਦੈਂਤ ਜਿਨਾ ਨੇ

ਸਵਰਗ ਦੇ ਰਾਜੇ ਇੰਦਰ ਨੂੰ ਉੱਥੋਂ ਭੱਜਾਂ ਕੇ ਉਨ੍ਹਾਂ ਦੇ ਸਿੰਘਾਸਨ 'ਤੇ ਰਾਜ ਕਰ ਲਿਆ ਸੀ। ਉਹ ਮਦਦ ਲਈ ਉਜੈਨ ਦੀ ਮਹਾ ਸ਼ਕਤੀਸ਼ਾਲੀ ਰਾਣੀ ਦੁਰਗਾ ਕੋਲ ਬੇਨਤੀ ਲੈ ਕੇ ਪਹੁੰਚਦੇ ਹਨ। ਰਾਣੀ ਦੁਰਗਾ ਯੁੱਧ ਕਲਾ ਵਿਚ ਨਿਪੁੰਨ ਸੀ ਅਤੇ ਸ਼ੇਰ ਦੀ ਸਵਾਰੀ ਕਰਦੀ ਸੀ। ਉਹ ਦੇਵਤਿਆਂ ਦੀ ਬੇਨਤੀ ਸਵੀਕਾਰ ਕਰਦੀ ਉਨ੍ਹਾਂ ਦੀ ਸਹਾਇਤਾ ਲਈ ਤਿਆਰ ਹੋ ਜਾਂਦੀ ਹੈ। ਇਸ ਤੋਂ ਅੱਗੇ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਦੇਵਤਿਆਂ ਤੇ ਰਾਖ਼ਸ਼ਾਂ ਵਿਚ ਭਿਅੰਕਰ ਯੁੱਧ ਦਾ ਵਰਣਨ ਕੀਤਾ, ਜੋ ਕਾਫੀ ਲੰਮੇ ਸਮੇਂ ਤਕ ਚੱਲਦਾ ਹੈ। ਦੁਰਗਾ ਅਰਥਾਤ ਚੰਡੀ ਨੇ ਰਾਖ਼ਸ਼ਾਂ ਦੇ ਵੱਡੇ-ਵੱਡੇ ਮਹਾ ਬਲੀਆਂ ਜਿਵੇਂ ਰਕਤ ਬੀਜ, ਸਰਣਵਤ ਬੀਜ, ਸੁੰਭ ਤੇ ਨਿਸੁੰਭ ਦਾ ਸੰਘਾਰ ਕੀਤਾ। ਇਸ ਯੁੱਧ ਵਿਚ ਦੈਂਤਾਂ ਦੇ ਨਾਲ-ਨਾਲ ਬਹੁਤ ਸਾਰੇ ਦੇਵਤੇ ਵੀ ਮਾਰੇ ਗਏ ਸਨ। ਆਖਿਰ ਵਿਚ ਰਾਖ਼ਸ਼ਾਂ ਦਾ ਸੈਨਾਪਤੀ ਮਹਿਖ਼ਾਸੁਰ ਰਣ-ਭੂਮੀ ਵਿਚ ਆਉਂਦਾ ਹੈ। ਚੰਡੀ ਉਸ ਨੂੰ ਵੀ ਮੌਤ ਦੇ ਘਾਤ ਉਤਾਰ ਦਿੰਦੀ ਹੈ। ਰਾਖ਼ਸ਼ਾਂ ਨੂੰ ਹਰਾਉਣ ਦੇ ਬਾਅਦ ਦੇਵਤੇ ਚੰਡੀ ਦਾ ਗੁਣਗਾਨ ਕਰਨ ਲੱਗਦੇ ਹਨ। ਇਸ ਉਪਰੰਤ ਚੰਡੀ ਇੰਦਰ ਨੂੰ ਗੱਦੀ 'ਤੇ ਮੁੜ ਬਿਠਾਉਂਦੀ ਹੈ ਤੇ ਰਾਜ ਤਿਲਕ ਕਰਨ ਦੇ ਬਾਅਦ ਅਸ਼ਟਮੀ ਵਾਲੇ ਦਿਨ ਉਜੈਨ ਪਰਤ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਰ ਵਿਚ ਯੋਧਿਆਂ ਦੀ ਲੜਾਈ ਦਾ ਵਰਣਨ ਨਿਰਪੱਖਤਾ ਨਾਲ ਕਰਦਿਆਂ, ਦੋਵਾਂ ਧਿਰਾਂ ਦੀ ਬਹਾਦਰੀ ਦਾ ਵਰਨਣ ਨਾਲ ਕੀਤਾ ਹੈ। ਇਸ ਬੀਰ ਰਸੀ ਵਾਰ ਵਿਚ ਯੁੱਧ ਦੇ ਮੈਦਾਨ ਦਾ ਪੂਰਾ ਦ੍ਰਿਸ਼ ਪੇਸ਼ ਕੀਤਾ ਹੈ ਜਿਸ ਵਿਚ ਇਨਸਾਨ ਘਾਣ ਕਾਰਣ ਲਹੂ-ਲੁਹਾਨ ਲੋਥਾਂ ਤੇ ਥਾਂ-ਥਾਂ ਖਿਲਰੇ ਮਾਨਵੀ ਅੰਗਾਂ ਦੇ ਦ੍ਰਿਸ਼ਾਂ ਨੂੰ ਢੁੱਕਵੇਂ ਰਸ ਤੇ ਅਲੰਕਾਰਾਂ ਰਾਹੀਂ ਬਿਆਨ ਕੀਤਾ ਹੈ। ਗੁਰੂ ਸਾਹਿਬ ਨੇ ਲੋਕਾਂ ਦੇ ਮਨ ਵਿਚੋਂ ਗ਼ੁਲਾਮੀ ਦੇ ਕਾਰਣ ਪੈਦਾ ਹੋਏ ਭੈਅ ਤੇ ਉਦਾਸੀ ਦੇ ਭਾਵਾਂ ਨੂੰ ਖਤਮ ਕਰਨ ਲਈ ਭਾਰਤੀ ਮਿਥਿਹਾਸ ਦੇ ਜ਼ੋਸ਼ੀਲੇ ਹਵਾਲਿਆਂ ਨੂੰ ਨਵੇਂ ਅਰਥ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਖ਼ੂਬਸੂਰਤ ਉਪਰਾਲਾ ਕੀਤਾ ਹੈ।

**'ਚੰਡੀ ਦੀ ਵਾਰ'ਦਾ ਵਿਚਾਰਧਾਰਾਈ ਅਧਿਐਨ:**

ਪਿਆਰੇ ਵਿਦਿਆਰਥੀਓ 'ਚੰਡੀ ਦੀ ਵਾਰ' ਰਚਨਾ ਇਕ ਬੀਰ ਰਸ ਪ੍ਰਧਾਨ ਰਚਨਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੀ ਇਸ ਰਚਨਾ ਰਾਹੀਂ ਇਕ ਵੱਖਰੀ ਕਿਸਮ ਦਾ ਪ੍ਰਯੋਗ ਕਰਦੇ ਹਨ ਜੋ ਕਿ ਅਧਿਆਤਮਕ ਵਾਰ ਤੇ ਸੰਸਾਰਕ ਵਾਰ ਦੀ ਸੰਰਚਨਾ ਤੋਂ ਵੱਖਰਾ ਹੈ। ਅਧਿਆਤਮਕ ਵਾਰ ਤੇ ਸੰਸਾਰਕ ਵਾਰ ਦੀ ਸੰਰਚਨਾ ਤੋਂ ਵੱਖਰਾ ਹੈ। ਅਧਿਆਤਮਕ ਵਾਰ ਦਾਕੇਂਦਰ ਬ੍ਰਹਮ ਹੈ ਅਤੇ ਸੰਸਾਰਕ ਵਾਰ ਦਾ ਕੇਂਦਰ ਮਨੁੱਖ ਹੈ ਜਦੋਂ ਕਿ ਇਸ ਵਾਰ ਦਾ ਕੇਂਦਰ ਦੈਵੀ ਸ਼ਕਤੀ ਹੈ ਭਾਵ ਦੇਵੀ ਦੁਰਗਾ ਹੈ, ਕਈ ਵਾਰ ਇਸ ਵਾਰ ਨੂੰ 'ਵਾਰ ਦੁਰਗਾ ਕੀ' ਵੀ ਕਹਿ ਲਿਆ ਜਾਂਦਾ ਹੈ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਅਜਿਹੀ ਸਿਰਜਣਾ ਪਿੱਛੇ ਕੀ ਮਕਸਦ ਹੈ ਜਦੋਂ ਕਿ ਉਹ ਤਾਂ ਆਪ ਨਿਰਗੁਣ ਸਰੂਪ ਦੇ ਉਪਾਸਕ ਸਨ ਫਿਰ ਮਿਥਿਹਾਸਕ ਪਾਤਰ ਦੁਰਗਾ ਦੇਵੀ ਦੇ ਇਰਧ-ਗਿਰਧ ਇਸ ਰਚਨਾ ਦਾ ਮਨੋਰਥ ਕੀ ਹੈ? ਬੱਚਿਓ ਰਚਨਾਕਾਰ ਇਸ ਰਚਨਾ ਰਾਹੀਂ ਮਿੱਥ ਦਾ ਇਤਿਹਾਸਕ ਚੇਤਨਾ ਦ੍ਰਿਸ਼ਟੀ ਤੋਂ ਰੂਪਾਂਤਰਣ ਸਿਰਜਦੇ ਹਨ। ਇਸ ਗੱਲ ਦਾ ਸਪਸ਼ਟੀਕਰਨ ਇਸ ਪਾਠ (ਠਣਣਟ) ਦੀ ਪੜ੍ਹਤ ਉਪਰਾਂਤ ਹੁੰਦਾ ਹੈ। ਇਸ ਵਾਰ ਦੀਆਂ 55 ਪਉੜੀਆਂ ਹਨ ਅਤੇ ਮੰਗਲਾਚਰਨ ਵਾਂਗ ਹੀ ਇਸ ਦੀ ਪਹਿਲੀ ਪਉੜੀ ਰਚੀ ਗਈ ਹੈ। ਗੁਰੂ ਸਾਹਿਬ ਆਪਣੀ ਰਚਨਾ ਦੀ ਮੂਲ ਕਥਾ ਨੂੰ ਆਰੰਭ ਕਰਨ ਤੋਂ ਪਹਿਲਾਂ ਅਕਾਲਪੁਰਖ ਅਤੇ ਨੌਂ ਸਿੱਖ ਗੁਰੂ ਸਾਹਿਬਾਨਾਂ ਨੂੰ ਨਤਮਸਤਕ ਹੁੰਦੇ ਉਨ੍ਹਾਂ ਕੋਲ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਇਸ ਰਚਨਾ ਕਾਰਜ ਵਿਚ ਸਭ ਸਹਾਈ ਹੋ ਕੇ ਇਸ ਨੂੰ ਪੂਰਨ ਕਰਨ ਵਿਚ ਮਦਦ ਕਰਨ। ਇਥੇ ਆਪਣੀ ਸੋਚ ਗੁਰੂ ਸਾਹਿਬ ਮੁੱਢ ਵਿਚ ਹੀ ਸਪਸ਼ਟ ਕਰ ਦਿੰਦੇ ਹਨ ਕਿ ਉਹ ਸ੍ਰਿਸ਼ਟੀ ਦੇ ਸਿਰਜਕ ਦੀ ਅਰਾਧਨਾ ਕਰਦੇ ਹਨ। ਇਸ ਵਾਰ ਵਿਚ ਸੁਰ ਅਤੇ ਅਸੁਰ ਦਾ ਯੁੱਧ ਕੇਂਦਰ ਵਿਚ ਹੈ ਫਲਰੂਪ ਰਾਜਾ ਇੰਦਰ ਦੇਵੀ ਦੁਰਗਾ ਅੱਗੇ ਬੇਨਤੀ ਕਰਦਾ ਹੈ ਕਿ ਦੇਵੀ ਦੁਰਗਾ ਆਪਣੀ ਕਿਰਪਾ ਰਾਹੀਂ ਦੈਂਤਾਂ ਤੋਂ ਉਨ੍ਹਾਂ ਦਾ ਰਾਜ ਭਾਗ ਵਾਪਿਸ ਮੋੜ ਲਿਆਉਣ। ਗੁਰੂ ਸਾਹਿਬ ਇਸ ਪੌਰਾਣਿਕ ਘਟਨਾ ਨੂੰ ਆਧਾਰ ਬਣਾ ਕੇ ਮੁਗਲ ਹਕੂਮਤ ਦੇ ਜ਼ਬਰ ਖਿਲਾਫ਼ ਜੰਗ ਕਰ ਰਹੇ ਸਿੱਖਾਂ ਨੂੰ ਹੱਲਾਸ਼ੇਰੀ ਦਿੰਦੇ ਹਨ। ਜੰਗ ਦਾ ਦ੍ਰਿਸ਼ ਸਿਰਜ ਕੇ ਰਚਨਾਕਾਰ ਲੋਕਾਂ ਅੰਦਰ ਨਵਾਂ ਜੋਸ਼ ਭਰ ਰਹੇ ਸਨ ਤਾਂ ਜੋ ਉਹ ਕਮਜੋਰ ਨਾ ਪੈਣ ਅਤੇ ਆਪਣੀ ਜੰਗ ਨੂੰ ਹੋਰ ਵੱਧ ਉਤਸ਼ਾਹ ਨਾਲ ਲੜਨ ਦੀ ਹਿੰਮਤ ਕਰਨ। ਗੁਰੂ ਸਾਹਿਬ ਇਕ ਨਵੀਂ ਸ਼ਕਤੀ, ਉਰਜਾ ਦਾ ਨਿਰਮਾਣ ਕਰਕੇ ਇਕ ਅਜਿਹੀ ਕੌਮ ਤਿਆਰ ਕਰਨ ਦਾ ਇਤਿਹਾਸਕ ਉਪਰਾਲਾ ਕਰਦੇ ਹਨ ਜੋ ਜ਼ੁਲਮ ਦੇ

ਖਿਲਾਫ਼ ਟੱਕਰ ਲੈਣ ਦੀ ਜੁਰੱਰਤ ਕਰ ਸਕੇ। ਆਪਣੀ ਰਚਨਾ ਦਾ ਮੁਖ ਪਾਤਰ ਇਕ ਦੇਵੀ ਨੂੰ ਬਣਾ ਕੇ ਗੁਰੂ ਸਾਹਿਬ ਵੇਲੇ ਦੇ ਸਮਾਜ ਨੂੰ ਇਹ ਸੁਨੇਹਾ ਦਿੰਦੇ ਹਨ ਕਿ ਨਾਰੀ ਕਿਵੇਂ ਜ਼ਬਰ ਦੇ ਵਿਰੁੱਧ ਸੰਘਰਸ਼ ਕਰਦੀ ਹੈ। ਇਸ ਦ੍ਰਿਸ਼ ਸਿਰਜਨਾ ਰਾਹੀਂ ਕਲਮਕਾਰ ਨੇ ਲੋਕਾਂ ਅੰਦਰ ਜ਼ੋਸ਼ ਭਰਨ ਦਾ ਹੀ ਕਾਰਜ ਨਹੀਂ ਕੀਤਾ ਸਗੋਂ ਉਨਾਂ ਅੰਦਰ ਬੀਰ ਰਸੀ ਭਾਵ ਵਾਲੀ ਚੇਤਨਾ ਦਾ ਸੰਚਾਰ ਕਰ ਲੋਕਾਂ ਨੂੰ ਆਪਣੇ ਹੱਕ ਖਾਤਰ ਜੂਝਣ ਦੀ ਪ੍ਰੇਰਨਾ ਵੀ ਦਿੱਤੀ :

ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰ ਉਪਾਇਆ।

ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤੀ ਦਾ ਖੇਲੁ ਬਣਾਇਆ।

ਚਉਦਹ ਤਬਕ ਬਣਾਇਕੈ, ਕੁਦਰਤੀ ਦਾ ਖੇਲ ਦਿਖਾਇਆ।

ਸਿੰਧ ਪਰਬਤ ਮੇਦਿਨੀ, ਬਿਨੁ ਥੰਮ੍ਹਾਂ ਗਗਨਿ ਰਹਾਇਆ।

ਰਚਨਾਕਾਰ ਉਪਰੋਕਤ ਤੁਕਾਂ ਨਾਲ ਰਚਨਾ ਦੇ ਮੁਢ ਵਿਚ ਹੀ ਮਿਥਿਕ ਪਾਤਰਾਂ ਦੇ ਹਵਾਲੇ ਰਾਹੀਂ ਯੁੱਧ ਦਾ ਵਰਣਨ ਕਰਦੇ ਸਮਕਾਲੀ ਸਮਾਜ ਨੂੰ ਜੁਝਾਰੂ ਹੋਣ ਦਾ ਪੈਗ਼ਾਮ ਦਿੰਦੇ ਹਨ। ਯੁੱਧ ਦੁਰਗਾ ਅਤੇ ਦੈਂਤਾਂ ਵਿਚਕਾਰ ਹੀ ਨਹੀਂ ਹੋ ਰਿਹਾ ਸਗੋਂ ਉਨਾਂ ਦੀਆਂ ਫੋਜਾਂ ਤੇ ਮੁਗਲਾਂ ਦਰਮਿਆਨ ਵੀ ਹੋ ਰਿਹਾ ਹੈ। ਇਸ ਮਿੱਥ ਤੋਂ ਮਿੱਥ ਰੂਪਾਤਰਣ ਦੀ ਇਹ ਸਾਰੀ ਪ੍ਰਕ੍ਰਿਆ ਆਮ ਵਿਅਕਤੀ ਦੀ ਮਾਨਸਿਕਤਾ ਨੂੰ ਟੁੰਬਦੀ ਹੈ। ਗੁਰੂ ਸਾਹਿਬ ਉਸ ਭਾਰਤੀ ਮਿੱਥ ਨੂੰ ਲੈਂਦੇ ਹਨ ਜਿਹੜੀ ਇਥੋਂ ਦੇ ਅਵਚੇਤਨ ਵਿਚ ਰਚੀ-ਬਸੀ ਹੋਈ ਹੈ। ਕਿਸੀ ਵੱਡੇ ਸਭਿਆਚਾਰਕ ਬਦਲਾਵ ਜਾਂ ਕ੍ਰਾਂਤੀ ਲਈ ਮੂਲ ਕਥਾ ਦਾ ਰੂਪਾਂਤਰਣਇਕ ਨਵਾਂ ਤੇ ਵੱਡਾ ਪਰਿਵਰਤਨ ਲਿਆ ਸਕਦਾ ਹੈ। ਇੰਝ ਗੁਰੂ ਸਾਹਿਬ ਨੇ ਆਪਣੀ ਇਸ ਰਚਨਾ ਰਾਹੀਂ ਸਮਾਜਕ ਕ੍ਰਾਂਤੀ ਨੂੰ ਜਨਮ ਦਿੱਤਾ। ਚੰਡੀ ਦੀ ਪੌਰਾਣਿਕ ਪਛਾਣ ਨੂੰ ਨਵੀਨਤਾ ਪ੍ਰਦਾਨ ਕਰ ਸਮਾਜਕ ਪੱਧਰ ਉਪਰ ਨਾਰੀ ਅਤੇ ਮਰਦ ਦੋਹਾਂ ਦੀ ਮਾਨਸਿਕਤਾ ਨੂੰ ਨਵੀਂ ਚੇਤਨਾ ਨਾਲ ਜੋੜ ਬੀਰ ਭਾਵ ਪੈਦਾ ਕੀਤੇ ਤਾਂ ਜੋ ਉਹ ਆਪਣੇ ਵੇਲੇ ਦੀ ਮੁਗ਼ਲ ਹਕੂਮਤ ਦੇ ਜ਼ਬਰ ਜੁਲਮ ਨੂੰ ਸਹਿਣ ਦੀ ਥਾਂਵੇਂ ਇਕਜੁੱਟ ਹੋ ਜੋਸ਼ਪੂਰਨ ਢੰਗ ਨਾਲ ਯੁੱਧ ਕਰ ਜਿੱਤ ਪ੍ਰਾਪਤ ਕਰ ਸਕਣ। ਵਾਰ ਅਤੇ ਅਧਿਆਤਮ ਵਾਰ ਦਾ ਅੰਤਰ :

1. ਬੀਰ ਰਸੀ ਵਾਰ ਨਾਇਕ ਪ੍ਰਧਾਨ ਰਚਨਾ ਹੈ। ਅਧਿਆਤਮਕ ਵਾਰ ਬ੍ਰਹਮ ਕੇਂਦਰਿਤ ਹੁੰਦੀ ਹੈ। ਇਸ ਵਿਚ ਗੁਰਮੁਖ ਤੇ ਮਨਮੁਖ ਦਾ ਸੰਘਰਸ਼ ਕਾਰਜਸ਼ੀਲ ਹੁੰਦਾ ਹੈ।

2. ਬੀਰ ਰਸੀ ਵਾਰ ਵਿਚ ਬੀਰ ਰਸ ਤੇ ਅਦਭੁਤ ਰਸ ਦੀ ਪ੍ਰਧਾਨਤਾ ਹੁੰਦੀ ਹੈ ਤੇ ਅਧਿਆਤਮਕ ਵਾਰ ਵਿਚ ਸਾਂਤ ਰਸ ਦੀ ਪ੍ਰਧਾਨਤਾ ਹੁੰਦੀ ਹੈ।

3. ਬੀਰ ਰਸੀ ਵਾਰ ਦਾ ਕਾਰਜ ਖੇਤਰ ਸੰਸਾਰਕ ਹੁੰਦਾ ਹੈ ਤੇ ਅਧਿਆਤਮਕ ਵਾਰ ਦਾ ਕਾਰਜ ਖੇਤਰ ਮਨ ਹੁੰਦਾ ਹੈ।

4. ਬੀਰ ਰਸੀ ਵਾਰ ਵਿਚ ਨਾਇਕ ਦੀ ਵੀਰਤਾ ਦਾ ਗੁਣਗਾਨ ਹੁੰਦਾ ਹੈ ਤੇ ਅਧਿਆਤਮਕ ਵਾਰ ਵਿਚ ਅਕਾਲ ਪੁਰਖ ਦੀ ਉਸਤੱਤ ਕੀਤੀ ਜਾਂਦੀ ਹੈ।

5. ਬੀਰ ਰਸੀ ਵਾਰ ਇਤਿਹਾਸਕ ਤੇ ਮਿਥਿਹਾਸਕ ਘਟਨਾਵਾਂ ਉੱਤੇ ਆਧਾਰਿਤ ਹੁੰਦੀ ਹੈ ਇਸ ਦੇ ਮੁਕਾਬਲੇ ਅਧਿਆਤਮਕ ਵਾਰ ਲੌਕਿਕ ਤੋਂ ਪਰਲੌਕਿਕ ਤੱਕ ਦਾ ਸਫ਼ਰ ਤੈਅ ਕਰਦੀ ਹੈ।

ਸੱਟ ਪਈ ਜਮਧਾਣੀ ਦਲਾਂ ਮੁਕਾਬਲਾ।

ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ।

ਚੰਡੀ ਰਾਕਸ ਖਾਣੀ ਵਾਹੀ ਦੈਂਤ ਨੂੰ।

ਕੋਪਰ ਚੂਰ ਚਵਾਣੀ ਲੱਥੀ ਕਰਗ ਲੈ।

ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ।

ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲ ਦਿਆਂ।

ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰ ਕੇ।

ਵੱਢੇ ਗਨ ਤਿਖਾਣੀ ਮੂਏ ਖੇਤ ਵਿਚਿ।

ਰਣ ਵਿਚ ਘੱਤੀ ਘਾਣੀ ਲੋਹੂ ਮਿਝ ਦੀ।

ਚਾਰੇ ਜੁਗ ਕਹਾਣੀ ਚਲਗੁ ਤੇਗ ਦੀ।

ਬਿੱਧਣ ਖੇਤ ਵਿਹਾਣੀ ਮਹਖੇ ਦੈਂਤ ਨੋ।

ਇਸ ਬੰਦ ਵਿਚ ਦੇਵੀ ਦੁਰਗਾ ਦੀ ਮਹਿਖਾਸੁਰ ਨਾਲ ਲੜਾਈ ਦਾ ਵਰਨਣ ਇਸ ਤਰ੍ਹਾਂ ਕੀਤਾ ਗਿਆ ਹੈ, ਇਸ ਨੂੰ ਪੜ੍ਹਦਿਆਂ ਪਾਠਕ ਦੇ ਸਾਹਮਣੇ ਜੰਗ ਦੇ ਮੈਦਾਨ ਦਾ ਇਕ ਦ੍ਰਿਸ਼ ਉਭਰ ਆਉਂਦਾ ਹੈ ਜਿਸ ਵਿਚ ਦੇਵੀ ਦੁਰਗਾ ਦੀ ਯੁੱਧ ਵਿਚ ਬਹਾਦਰੀ ਇਕ ਮਿਸਾਲ ਬਣ ਕੇ ਉਭਰਦੀ ਹੈ। ਦੁਰਗਾ ਅਤੇ ਮਹਿਖਾਸੁਰ ਵਿਚ ਇਹ ਮੁਕਾਬਲਾ ਧੌਂਸਿਆਂ 'ਤੇ ਸੱਟ ਵੱਜਣ ਨਾਲ ਆਰੰਭ ਹੁੰਦਾ ਹੈ। ਯੁੱਧ ਵਿਚ ਦੇਵੀ ਦੁਰਗਾ ਆਪਣੀ ਮਿਆਨ ਵਿਚੋਂ ਤਲਵਾਰ ਕੱਢ ਕੇ ਮਹਿਖਾਸੁਰ ਦੇ ਸਿਰ 'ਤੇ ਮਾਰਦੀ ਹੈ। ਉਸ ਦੀ ਤਲਵਾਰ ਦਾ ਇਹ ਵਾਰ ਇੰਨਾ ਘਾਤਕ ਹੁੰਦਾ ਹੈ ਕਿ ਇਸ ਨਾਲ ਉਸ ਦੀ ਖੋਪੜੀ ਤੇ ਮੂੰਹ ਸਮੇਤ ਸਾਰਾ ਪਿੰਜਰ ਹੀ ਕੱਟ ਜਾਂਦਾ ਹੈ। ਫਿਰ ਉਸ ਦੀ ਤਲਵਾਰ ਕਾਠੀ, ਘੋੜੇ ਤੇ ਪਲਾਣ ਨੂੰ ਕਟਦੀ ਉਹ ਧਰਤੀ ਨਾਲ ਜਾ ਟਕਰਾਉਂਦੀ ਹੈ। ਦੁਰਗਾ ਦੇ ਵਾਰ ਦੀ ਗਹਿਰਾਈ ਦਾ ਬਿਆਨ ਕਰਨ ਲਈ ਗੁਰੂ ਸਾਹਿਬ ਨੇ ਉਸ ਮਿੱਥ ਦਾ ਸਹਾਰਾ ਲਿਆ ਹੈ ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਧਰਤੀ ਬਲਦ ਦੇ ਸਿੰਗਾਂ ਤੇ ਟਿਕੀ ਹੈ ਤੇ ਬਲਦ ਕਛੂਏ ਦੇ ਸਿਰ ਉਪਰ ਖੜਾ ਹੈ। ਮਿੱਥ ਕਥਾ ਮੁਤਾਬਕ ਦੁਰਗਾ ਦੀ ਇਸ ਵਾਰ ਵਿਚ ਤਲਵਾਰ ਧਰਤੀ ਹੇਠ ਬਲਦ ਦੇ ਸਿੰਗਾਂ ਤੱਕ ਪਹੁੰਚ ਕਰਦੀ, ਦੁਸ਼ਮਣ ਨੂੰ ਮਾਰਦੀ ਹੋਈ ਕਛੂਏ ਦੇ ਸਿਰ ਤੱਕ ਜਾ ਪਹੁੰਚਦੀ ਹੈ। ਇਸ ਵਾਰ ਵਿਚ ਲੜਾਈ ਦਾ ਵਰਨਣ ਵੀ ਕਾਫੀ ਖ਼ੌਫਨਾਕ ਢੰਗ ਨਾਲ ਕੀਤਾ ਗਿਆ ਹੈ। ਇੱਥੇ ਯੁੱਧ ਦੀ ਥਾਂ ਦੈਤਾਂ ਦੇ ਵਗਦੇ ਲਹੂ ਤੇ ਮਿੱਝ ਦੀ ਘਾਣ ਮਚੀ ਹੋਈ ਹੈ। ਦੇਵੀ ਦੀ ਤਲਵਾਰ ਦੇ ਇਹ ਕੌਤਕ ਯੁੱਗਾਂ ਤੱਕ ਕਾਇਮ ਰਹਿਣਗੇ। ਇਹ ਮਹਿਖਾਸੁਰ ਦੈਂਤ ਲਈ ਮੁਸੀਬਤ ਦੀ ਘੜੀ ਸੀ ਜਦੋਂ ਉਹ ਦੁਰਗਾ ਹੱਥੋਂ ਮਾਰਿਆ ਗਿਆ। ਉਪਰਲੇ ਇਸ ਬੰਦ ਦੀ ਇਕ ਖ਼ੂਬਸੂਰਤੀ ਇਹ ਵੀ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਇਕੋਂ ਪਉੜੀ ਵਿਚ ਬੀਭਤਸ, ਅਦਭੁੱਤ ਤੇ ਭਿਆਨਕ ਰਸ ਨੂੰ ਪੇਸ਼ ਕੀਤਾ ਹੈ। ਇਸ ਬੰਦ ਵਿਚ ਵਰਣਿਤ ਧੌਂਸਿਆਂ ਦੀ ਆਵਾਜ਼, ਲਹੂ ਦੇ ਪਰਨਾਲੇ, ਲੜਾਈ ਦੇ ਦ੍ਰਿਸ਼ ਆਦਿ ਇਸ ਵਾਰ ਨੂੰ ਜੀਉਂਦੀ ਜਾਗਦੀ ਰਣਭੂਮੀ ਬਣਾਉਂਦੇ ਹਨ।

ਪ੍ਰਿਥਮ ਭਗਉਤੀ ਸਿਮਰਿਕੈ ਗੁਰੁ ਨਾਨਕ ਲਈਂ ਧਿਆਇ।

ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ।

ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ।

ਸ੍ਰੀ ਹਰਿ ਕਿਸ਼ਨ ਧਿਆਈਐ ਜਿਸ ਡਿਠੇ ਸਭ ਦੁਖੁ ਜਾਇ।

ਤੇਗ਼ ਬਾਹਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ।

ਸਭ ਥਾਈਂ ਹੋਇ ਸਹਾਇ।

'ਚੰਡੀ ਦੀ ਵਾਰ' ਦਾ ਆਗ਼ਾਜ ਜਿਸ ਬੰਦ ਰਾਹੀਂ ਹੁੰਦਾ ਹੈ। ਉਸ ਨੂੰ ਚਿੰਤਕਾਂ ਨੇ ਮੰਗਲਾਚਰਣ ਵਜੋਂ ਸਵੀਕਾਰ ਕੀਤਾ ਹੈ। ਰਚਨਾਕਾਰ ਆਪ ਇਸ ਨੂੰ ਮੰਗਲਾਚਰਣ ਵਜੋਂ ਅੰਕਿਤ ਨਹੀਂ ਕਰਦੇ। ਗੁਰੂ ਗੋਬਿੰਦ ਸਿੰਘ ਜੀ ਰਚਨਾ ਦੇ ਮੁੱਢ ਵਿਚ ਸਭ ਤੋਂ ਪਹਿਲਾਂ ਸ੍ਰਿਸ਼ਟੀ ਦੇ ਕਰਤਾ ਅੱਗੇ ਨਮਸਕਾਰ ਕਰਦੇ ਹਨ ਭਾਵ ਉਹ ਆਪਣੇ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ ਪਰਮਾਤਮਾ ਦਾ ਉਟ ਆਸਰਾ ਲੈ ਕੇ ਤੁਰਦੇ ਹਨ। ਇਸ ਤੋਂ ਮਗਰੋਂ ਉਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੇ ਹਨ। ਇਸ ਤੋਂ ਬਾਅਦ ਸਿਲਸਿਲੇ ਵਾਰ ਉਹ ਗੁਰੂ ਅੰਗਦ ਦੇਵ ਜੀ, ਗੁਰੂਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ, ਗੁਰੁ ਹਰਿਕ੍ਰਿਸ਼ਨ ਜੀ, ਗੁਰੂ ਤੇਗ਼ ਬਹਾਦਰ ਜੀ ਤੱਕ ਸਭ ਦੀ ਇਬਾਦਤ ਕਰਦੇ ਸਭ ਅੱਗੇ ਬੇਨਤੀ ਕਰਦੇ ਹਨ ਕਿ ਸਾਰੇ ਇਨ੍ਹਾਂ ਦੀ ਕੰਮ ਦੀ ਸੰਪੂਰਣਤਾ ਵਿਚ ਮਦਦ ਕਰਣ। ਇੰਝ ਇਹ ਕਾਵਿ ਬੰਦ ਜਿੱਥੇ ਕਿੱਸੇ ਕਾਵਿ ਦੀ ਪਰੰਪਰਾ ਵਿਚ ਮੰਗਲਾਚਰਣ ਤੋਂ ਰਚਨਾ ਦੇ ਆਗ਼ਾਜ ਦੀ ਪਰੰਪਰਾ ਨੂੰ ਦ੍ਰਿੜ੍ਹ ਕਰਦੀ ਹੈ ਉੱਥੇ ਗੁਰੂ ਸਾਹਿਬ ਇਸ ਪੱਧਤੀ ਦਾ ਅਨੁਸਰਣ ਕਰਦਿਆਂ ਇਹ ਸੰਦੇਸ਼ ਵੀ ਦਿੰਦੇ ਹਨ ਕਿ ਕਿਸੇ ਕਾਰਜ ਦੇ ਆਗ਼ਾਜ ਤੋਂ ਪਹਿਲਾਂ ਆਪਣੇ ਇਸ਼ਟ, ਪਰਮਾਤਮਾ ਅੱਗੇ ਇਹ ਬੇਨਤੀ ਜ਼ਰੂਰ ਕਰਨੀ ਚਾਹੀਦੀ ਹੈ ਕਿ ਪਰਮਾਤਮਾ ਅਤੇ ਹੋਰ ਇਸ਼ਟ ਸਾਡੇ ਕੰਮ ਵਿਚ ਸਹਾਈ ਹੋਣ। ਪਰਮਾਤਮਾ ਦੀ ਬਖ਼ਸ਼ਿਸ ਤੋਂ ਬਿਨਾਂ ਸਾਡਾ ਕੋਈ ਵੀ ਕੰਮ ਨੇਪਰ੍ਹੇ ਨਹੀਂ ਚੜ ਸਕਦਾ, ਅਜਿਹੀ ਸੋਚ ਨੂੰ ਗੁਰੂ ਸਾਹਿਬ ਪਾਠਕਾਂ ਤਕ ਕੇਵਲ ਪਹੁੰਚਾਂਦੇ ਹੀ ਨਹੀਂ ਸਗੋਂ ਉਹ ਜਨ-ਸਾਧਾਰਨ ਨੂੰ ਇਕ ਈਸ਼ਵਰ ਦੀ ਉਸਤਤਿ ਅਤੇ ਉਸਦੀ ਕਿਰਪਾ ਦੇ ਪਾਤਰ ਬਣਨ ਦੀ ਜੁਗਤੀ ਵੀ ਦੱਸਦੇ ਹਨ।

### 1.5 'ਚੰਡੀ ਦੀ ਵਾਰ' ਦਾ ਕਲਾਤਮਕ ਪੱਖ :

ਗੁਰੂ ਸਾਹਿਬ ਦੁਆਰਾ ਰਚਿਤ 'ਚੰਡੀ ਦੀ ਵਾਰ' ਸਤਾਰ੍ਹਵੀਂ ਸਦੀ ਦੇ ਅੰਤਲੇ ਸਮੇਂ ਅਰਥਾਤ 1684 ਈ. ਵਿਚ ਰਚੀ ਗਈ। ਆਪ ਦੀਆਂ ਬਾਕੀ ਬਾਣੀਆਂ ਵਾਂਗ ਇਸ ਵਾਰ ਵਿਚ ਵੀ ਅਨੁਭੂਤੀ ਦੀ ਸੱਚਾਈ ਤੇ ਭਾਵਨਾਵਾਂ ਦੀ ਸਫ਼ਲ ਅਭਿਵਿਅਕਤੀ ਦੇਖਣ ਨੂੰ ਮਿਲਦੀ ਹੈ। ਇਸ ਵਾਰ ਦੀ ਰਚਨਾ ਤੋਂ ਪੂਰਵ ਗੁਰੂ ਸਾਹਿਬ ਨੇ 'ਚੰਡੀ ਚਰਿਤ੍ਰ' ਤੇ 'ਚੰਡੀ ਚਰਿਤ੍ਰ ਉਕਤਿ ਬਿਲਾਸ' ਸਿਰਲੇਖ ਅਧੀਨ ਪੌਰਾਣਿਕ ਕਥਾ ਦੇ ਭਾਖਾ ਵਿਚ ਅਨੁਵਾਦ ਕਰਵਾਏ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਅਧਿਐਨ ਕਾਫ਼ੀ ਵਿਸ਼ਾਲ ਸੀ। ਦਸਮ ਗੁਰੂ ਜੀ ਸੂਖਮ ਭਾਵਾਂ ਦੇ ਜਿੰਨੇ ਸੱਚੇ ਪ੍ਰੇਮੀ ਅਤੇ ਸੰਗ੍ਰਹਿਕਾਰ ਸਨ, ਉਹ ਇਨ੍ਹਾਂ ਭਾਵਾਂ ਨੂੰ ਚਿਤ੍ਰਣ ਵਿਚ ਵੀ ਉਨੇ ਹੀ ਨਿਪੁੰਨ ਸਨ। 'ਚੰਡੀ ਦੀ ਵਾਰ' ਇਕ ਉਤਕ੍ਰਿਸ਼ਟ ਬੀਰ ਰਸੀ ਵਾਰ ਹੈ। ਜਿਸ ਵਿਚ ਰੱਬੀ ਸ਼ਕਤੀ (ਭਗਉਤੀ) ਨੂੰ ਦੁਰਗਾ ਰਾਹੀਂ ਦੈਤਾਂ ਦਾ ਨਾਸ ਕਰਾਉਂਦੀ ਦਿਖਾਇਆ ਗਿਆ ਹੈ। ਇਸ ਵਾਰ ਵਿਚਲਾ ਸੰਘਰਸ਼ ਹੰਕਾਰ ਅਤੇ ਅਧਿਕਾਰ ਦੀ ਟੱਕਰ ਹੈ। ਇਸ ਵਿਚ ਢੋਲ, ਨਗਾਰਿਆਂ, ਦਮਾਮਿਆਂ ਦੀ ਗੂੰਜਾਂ, ਸੰਖਾਂ ਦੇ ਨਾਦ ਆਦਿ ਦੇ ਸ੍ਰਵਣ ਬਿੰਬ ਅਥਾਹ ਹਨ। ਇਸ ਦੇ ਨਾਲ ਹੀ ਆਪ ਦੀ ਇਹ ਰਚਨਾ ਸ਼ਬਦ ਚਿੱਤਰਾਂ, ਵਸਤੂ ਚਿੱਤਰਾਂ ਤੇ ਭਾਵ ਚਿੱਤਰਾਂ ਨਾਲ ਭਰੀ ਹੋਈ ਹੈ। ਵਾਰ ਦੀ ਰਚਨਾ ਸਮੇਂ ਗੁਰੂ ਸਾਹਿਬ ਨੇ ਵਾਰ ਦੇ ਪ੍ਰਬੰਧ ਵਿਧਾਨ ਦਾ ਪੂਰਾ ਧਿਆਨ ਰਖਿਆ ਹੈ ਜਿਸ ਵਿਚ 'ਵਸਤੂ ਪ੍ਰਬੰਧ' ਤੇ 'ਰੂਪਕ ਪ੍ਰਬੰਧ' ਦੋਵਾਂ ਦੇ ਲੱਛਣ ਸ਼ਾਮਿਲ ਹਨ। 'ਰੂਪਕ ਪ੍ਰਬੰਧ' ਵਿਚ ਆਪ ਨੇ ਸਭ ਤੋਂ ਪਹਿਲਾਂ 'ਮੰਗਲਾਚਰਣ' (ਈਸ਼ਵਰ ਉਸਤਤਿ, ਗੁਰੂ ਉਸਤਤਿ) ਦਿੰਦੇ ਹਨ, ਫਿਰ ਵਸਤੂ ਨਿਰਦੇਸ਼, ਵਸਤੂ ਵਿਸਤਾਰ ਅਤੇ ਵਸਤੂ ਸਮਾਪਤੀ ਕਰਦੇ ਹਨ। ਅੰਤ ਵਿਚ ਵਾਰ ਦਾ 'ਮਹਾਤਮ' ਜਾਂ ਸਿੱਖਿਆ ਦਿੱਤੀ ਜਾਂਦੀ ਹੈ। 'ਚੰਡੀ ਦੀ ਵਾਰ' ਦਾ ਸਭ ਤੋਂ ਸ਼੍ਰੇਸ਼ਠ ਰੂਪਕ ਗੁਣ ਇਸ ਦੀ ਬਿੰਬਾਤਮਕਤਾ ਹੈ। ਜਿਸ ਦਾ ਪਾਠ ਕਰਦਿਆਂ ਅਨੇਕ ਵਸਤੂਆਂ, ਸਥਿਤੀਆਂ ਅਤੇ

ਦ੍ਰਿਸ਼ਾਂ ਦੇ ਚਿੱਤਰ ਸਾਡੇ ਮਨ ਉਤੇ ਆਪਣੀ ਛਾਪ ਛੱਡਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਰ ਵਿਚ ਦੋ ਧਿਰਾਂ ਵਿਚ ਹੋਈ ਲੜਾਈ ਦਾ ਵਰਣਨ ਕਰਦਿਆਂ, ਦੋਵਾਂ ਧਿਰਾਂ ਦੇ ਯੋਧਿਆਂ ਦੀ ਬਹਾਦਰੀ ਨੂੰ ਨਿਰਪੱਖਤਾ ਨਾਲ ਪੇਸ਼ ਕੀਤਾ ਹੈ। ਬੀਰ ਰਸ ਨਾਲ ਭਰਪੂਰ ਇਸ ਵਾਰ ਵਿਚ ਯੁੱਧ ਦੇ ਮੈਦਾਨ ਦਾ ਇਕ ਪੂਰਾ ਦ੍ਰਿਸ਼ ਉਸਾਰਿਆ ਗਿਆ ਹੈ ਜਿਸ ਵਿਚ ਇਨਸਾਨੀ ਘਾਣ ਕਾਰਣ ਲਹੂ-ਲੁਹਾਨ ਲੋਥਾਂ ਤੇ ਥਾਂ-ਥਾਂ ਖਿਲਰੇ ਮਨੁੱਖੀ ਅੰਗਾਂ ਦੇ ਦ੍ਰਿਸ਼ਾਂ ਨੂੰ ਢੁੱਕਵੇਂ ਰਸ, ਅਲੰਕਾਰਾਂ ਦੀ ਮਦਦ ਨਾਲ

ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਇਸ ਵਾਰ ਦਾ ਮੁੱਖ ਉਦੇਸ਼ ਤਤਕਾਲੀ ਗ਼ੁਲਾਮ ਭਾਰਤੀ ਲੁਕਾਈ ਅੰਦਰ ਜੋਸ਼ ਭਰਨਾ ਸੀ। ਲੋਕਾਂ ਦੇ ਮਨਾਂ ਵਿਚ ਗ਼ੁਲਾਮੀ ਕਾਰਨ ਪੈਦਾ ਹੋਏ ਭੈਅ ਅਤੇ ਨਿਰਾਸ਼ਾ ਦੇ ਭਾਵਾਂ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਨੇ 'ਮਾਰਕੰਡੇ ਪੁਰਾਣ' ਵਿਚ ਦਰਜ 'ਦੁਰਗਾ ਸਪਤਸ਼ਤੀ' ਦੇ ਅਧਿਆਏ ਨਾਲ ਸੰਬੰਧੀ ਦੁਰਗਾ ਦੀ ਮਿਥਕ-ਕਥਾ ਨੂੰ ਇਥੇ 'ਚੰਡੀ ਦੀ ਵਾਰ' ਰਚਨਾ ਦੀ ਸਿਰਜਣਾ ਰਾਹੀਂ ਰੂਪਾਂਤਰਿਤ ਰੂਪ ਵਿਚ ਪੇਸ਼ ਕੀਤਾ ਹੈ। ਮੂਲ ਕਥਾ ਵਿਚਲੇ ਉਨ੍ਹਾਂ ਵੇਰਵਿਆਂ ਨੂੰ ਇੱਥੇ ਛਾਂਗ ਦਿੱਤਾ ਗਿਆ ਸੀ, ਜੋ ਦੇਵਵਾਦੀ ਤੇ ਸਨਾਤਨੀ ਅੰਸ਼ਾਂ ਨਾਲ ਭਰਪੂਰ ਜਾਂ ਅਣਹੋਣੀ ਕਰਾਮਾਤਾਂ, ਅੰਧ-ਵਿਸਵਾਸ਼ਾਂ ਨਾਲ ਭਰਪੂਰ ਸਨ। 'ਚੰਡੀ ਦੀ ਵਾਰ' ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ 'ਮਾਰਕੰਡੇ ਪੁਰਾਣ' ਦੀ ਦੇਵਵਾਦੀ ਵਿਚਾਰਧਾਰਾ ਨੂੰ ਉਲਟ ਕੇ ਉਸ ਉੱਤੇ 'ਇਕ ਈਸ਼ਵਰਵਾਦ' ਦੀ ਮੁਹਰ ਲਾਈ ਹੈ। ਇਸ ਪੁਰਾਣ ਵਿਚ ਦੁਰਗਾ ਨੂੰ ਪਰਮਾਤਮਾ ਦੀ ਅਸੀਮ ਸ਼ਕਤੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪਰ 'ਚੰਡੀ ਦੀ ਵਾਰ' ਵਿਚ ਗੁਰੂ ਸਾਹਿਬ ਨੇ ਇਸ ਮਿਥਕ ਵਿਚਾਰ ਨੂੰ ਰੂਪਾਂਤਰਣ ਦੇ ਕੇ ਇਹ ਮੱਤ ਪ੍ਰਗਟ ਕੀਤਾ ਹੈ ਕਿ

ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰ ਉਪਾਇਆ।

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ।

ਤੈਂਹੀ ਦੁਰਗਾ ਸਾਜਿਕੈ ਦੈਂਤਾ ਦਾ ਨਾਸੁ ਕਰਾਇਆ।1

ਭਾਵ ਸਾਰੇ ਸੰਸਾਰ ਦੀ ਜਨਨੀ ਇਕ ਅਕਾਲ ਪੁਰਖ ਦੀ ਅਸੀਮ ਤੇ ਅਨੰਤ ਸ਼ਕਤੀ ਹੈ। ਦੂਸਰੇ ਦੇਵੀ ਦੇਵਤਿਆਂ ਅਤੇ ਦੈਂਤਾਂ ਵਾਂਗ ਦੁਰਗਾ ਵੀ ਇਸੇ ਅਕਾਲ ਪੁਰਖ ਦੀ ਅਨੰਤ ਸ਼ਕਤੀ ਦੀ ਉਪਜ ਹੈ। 'ਚੰਡੀ ਦੀ ਵਾਰ' ਦੇ ਕਲਾਤਮਕ ਪੱਖ ਦੀ ਗੱਲ ਕਰੀਏ ਤਾਂ ਇਸ ਦਾ ਆਰੰਭ ਮੰਗਲਾਚਰਣ ਰਾਹੀਂ ਹੁੰਦਾ ਹੈ। ਇਸ ਤੋਂ ਅੱਗੇ ਗੁਰੂ ਸਾਹਿਬ ਦੇ ਵਾਰ ਵਿਚਲੇ ਸੰਘਰਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਨ ਲਈ ਇਸ ਦੀ ਬੋਲੀ, ਸ਼ੈਲੀ, ਅਲੰਕਾਰ, ਰਸ ਤੇ ਜੱਸ ਆਦਿ ਤੱਤ ਵੱਲ ਵੀ ਉਚੇਚਾ ਧਿਆਨ ਦਿੱਤਾ ਹੈ। ਮੰਗਲਾਚਰਣ ਦੋ ਸ਼ਬਦਾਂ 'ਮੰਗਲ' ਤੇ 'ਆਚਰਣ' ਦਾ ਸਮਾਸ ਹੈ। ਮੰਗਲ ਸ਼ਬਦ ਸੰਸਕ੍ਰਿਤ ਦੇ 'ਮੰਗ' ਧਾਤੂ ਦਾ ਵਿਉਤਪਤ ਰੂਪ ਹੈ। ਕਿਸੇ ਪੁਸਤਕ ਜਾਂ ਗ੍ਰੰਥ ਦੇ ਮੁੱਢ ਵਿਚ ਪੁਸਤਕ ਦਾ ਲੇਖਕ ਜਦੋਂ ਆਪਣੇ ਇਸ਼ਟ ਦੀ ਅਰਾਧਨਾ, ਉਪਾਸਨਾ ਕਰਦਾ ਹੈ ਤਾਂ ਉਸ ਨੂੰ ਮੰਗਲਾਚਰਣ ਆਖਦੇ ਹਨ। 'ਚੰਡੀ ਦੀ ਵਾਰ' ਦੀਆਂ ਪਹਿਲੀਆਂ ਦੋ ਪਉੜੀਆਂ ਮੰਗਲਾਚਰਣ ਦੀਆਂ ਹਨ। ਪਹਿਲੀ ਪਉੜੀ ਵਿਚ ਗੁਰੂ ਜੀ ਨੇ 'ਭਗਉਤੀ' ਭਾਵ ਪਰਮਾਤਮਾ ਨੂੰ ਧਿਆਇਆ ਹੈ ਤੇ ਫਿਰ ਨੌਂ ਗੁਰੂ ਸਾਹਿਬਾਨਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਹਰ ਕਾਰਜ ਵਿਚ ਸਹਾਈ ਹੋਣ ਲਈ ਬੇਨਤੀ ਕਰਦੇ ਹਨ ਤਾਂ ਜੋ ਸਾਰਾ ਕਾਰਜ ਨਿਰਵਿਘਨ ਸੰਪੂਰਣ ਹੋ ਸਕੇ: ਪ੍ਰਿਥਮ ਭਗਉਤੀ ਸਿਮਰਿਕੈ ਗੁਰੂ ਨਾਨਕ ਲਈਂ ਧਿਆਇ।

ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ।

ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ।

ਸ੍ਰੀ ਹਰਿ ਕਿਸ਼ਨ ਧਿਆਈਐ ਜਿਸ ਡਿਠੇ ਸਭੁ ਦੁਖੁ ਜਾਇ।

ਤੇਗ਼ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹਇ ਸਹਾਇ। 2

ਦੂਜੀ ਪਉੜੀ ਵਿਚ ਪਰਮਾਤਮਾ ਦੀ ਸ਼ਕਤੀ ਦਰਸਾਈ ਹੈ ਤੇ ਸਿੱਟਾ ਕੱਢਿਆ ਹੈ ਕਿ ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ:

ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰ ਉਪਾਇਆ।

ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤੀ ਦਾ ਖੇਲੁ ਬਣਾਇਆ।

ਬਡੇ ਬਡੇ ਮੁਨਿ ਦੇਵਤੇ ਕਈ ਜੁਗ ਜਿਨਾ ਤਨੁ ਤਾਇਆ।

ਕਿਨੈ ਤੇਰਾ ਅੰਤੁ ਨ ਪਾਇਆ। 3

ਇਸ ਤੋਂ ਅੱਗੇ ਵਾਰ ਵਿਚ ਦੋ ਸ਼ਕਤੀਆਂ ਦਾ ਸੰਘਰਸ਼ ਦਰਸਾਇਆ ਗਿਆ ਹੈ। ਅਧਿਆਤਮਕ ਵਾਰਾਂ ਵਿਚ ਇਹ ਸੰਘਰਸ਼ ਦੋ ਵਿਚਾਰਾਂ ਵਿਚਕਾਰ ਹੁੰਦਾ ਹੈ, ਜਦਕਿ ਬੀਰ ਰਸੀ ਵਾਰਾਂ ਵਿਚ ਇਹ ਸੰਘਰਸ਼ ਸਰੀਰਕ ਰੂਪ ਵਿਚ ਹੁੰਦਾ ਹੈ। ਪਹਿਲਾਂ ਇਸ ਸੰਘਰਸ਼ ਦਾ ਪਿਛੋਕੜ ਦਿੱਤਾ ਜਾਂਦਾ ਹੈ ਤੇ ਅੰਤ ਵਿਚ ਸਮਾਧਾਨ। 'ਚੰਡੀ ਦੀ ਵਾਰ' ਵਿਚ ਵਾਰ ਦਾ ਪਿਛੋਕੜ ਦਿੱਤਾ ਗਿਆ ਹੈ ਕਿ ਤ੍ਰੇਤੇ ਯੁਗ ਵਿਚ ਦੈਂਤਾਂ ਨੇ ਦੇਵਤਿਆਂ ਨੂੰ ਹਰਾ ਕੇ ਆਪਣਾ ਰਾਜ ਕਾਇਮ ਕਰ ਲਿਆ। ਇੰਦਰ ਦੁਰਗਾ ਦੀ ਸ਼ਰਨ ਵਿਚ ਆਉਂਦਾ ਹੈ ਤੇ ਸਹਾਇਤਾ ਲਈ ਬੇਨਤੀ ਕਰਦਾ ਹੈ। ਦੁਰਗਾ ਦੇਵੀ ਫੌਜਾਂ ਲੈ ਕੇ ਦੈਂਤਾਂ ਉਤੇ ਚੜ੍ਹਾਈ ਕਰਦੀ ਹੈ ਤੇ ਇਸ ਲੜਾਈ ਵਿਚ ਮਹਿਖਾਸੁਰ ਦੈਂਤ ਮਾਰਿਆ ਜਾਂਦਾ ਹੈ ਫਲਰੂਪ ਇੰਦਰ ਦਾ ਅਮਰਾਵਤੀ ਤੇ ਮੁੜ ਰਾਜ ਕਾਇਮ ਹੋ ਜਾਂਦਾ ਹੈ। ਕੁਝ ਸਮੇਂ ਪਿਛੋਂ ਸੁੰਭ ਤੇ ਨਿਸੁੰਭ ਦੈਂਤ ਅਮਰਾਵਤੀ 'ਤੇ ਹਮਲਾ ਕਰਕੇ ਇੰਦਰ ਦੇਵਤਾ ਨੂੰ ਉਥੋਂ ਭਜਾ ਦਿੰਦੇ ਹਨ। ਇੰਦਰ ਸਹਾਇਤਾ ਲਈ ਮੁੜ ਦੁਰਗਾ ਪਾਸ ਆਉਂਦਾ ਹੈ। ਦੁਰਗਾ ਦੇਵੀ ਮੁੜ ਰਾਖ਼ਸ਼ਾਂ ਨਾਲ ਟੱਕਰ ਲੈਂਦੀ ਹੈ ਤਾਂ ਉਸ ਦਾ ਪਹਿਲਾਂ ਟੱਕਰਾ ਲੋਚਨ ਧੂਮ ਨਾਲ ਹੁੰਦਾ ਹੈ। ਫਿਰ ਚੰਡ ਤੇ ਮੁੰਡ ਨਾਲ ਸੰਘਰਸ਼ ਹੁੰਦਾ ਹੈ। ਇਨ੍ਹਾਂ ਦੇ ਮਾਰੇ ਜਾਣ ਮਗਰੋਂ ਪਿਛੋਂ ਸ੍ਰਣਵਤ ਬੀਜ ਲੜਾਈ ਲਈ ਆਉਂਦਾ ਹੈ ਤੇ ਮਾਰਿਆ ਜਾਂਦਾ ਹੈ। ਅੰਤ ਵਿਚ ਸੁੰਭ ਨਿਸੁੰਭ ਨਾਲ ਸੰਘਰਸ਼ ਦਰਸਾਇਆ ਗਿਆ ਤੇ ਇਹ ਦੋਵੇਂ ਵੀ ਇਸ ਸੰਘਰਸ਼ 'ਚ ਮਾਰੇ ਜਾਂਦੇ ਹਨ। ਵਾਰ ਦੇ ਅੰਤ ਵਿਚ ਸਮਾਧਾਨ ਪੱਖ ਹੁੰਦਾ ਹੈ। ਨਾਇਕ ਦੀ ਜਿੱਤ ਤੇ ਪ੍ਰਤੀ ਨਾਇਕ ਦੀ ਹਾਰ ਹੁੰਦੀ ਹੈ।ਇਥੇ ਵੀ ਦੁਰਗਾ ਦੀ ਜਿੱਤ ਹੁੰਦੀ ਹੈ ਅਤੇ ਦੈਂਤਾਂ ਦੀ ਹਾਰ ਹੁੰਦੀ ਹੈ। ਜਿਸ ਉਪਰੰਤ ਦੇਵੀ ਇੰਦਰ ਨੂੰ ਦੁਬਾਰਾ ਰਾਜ ਭਾਗ ਸੌਂਪ ਦਿੰਦੀ ਹੈ।ਵਾਰ ਵਿਚ ਨਾਇਕ ਦਾ ਜਸ ਗਾਇਨ ਕੇਂਦਰੀ ਤੱਤ ਹੁੰਦਾ ਹੈ ਕਿਉਂਕਿ ਇਸ ਰਾਹੀਂ ਸਰੋਤਿਆਂ ਨੂੰ ਪ੍ਰੇਰਣਾ ਮਿਲਦੀ ਹੈ। ਚੰਡੀ ਦੀ ਵਾਰ ਵਿਚ ਥਾਂ ਥਾਂ ਤੇ ਦੁਰਗਾ ਦੇਵੀ ਦੀ ਬਹਾਦਰੀ ਦਾ ਜਸ ਗਾਇਨ ਹੋਇਆ ਹੈ। ਉਸ ਨੂੰ ਪਰਉਪਕਾਰੀ ਦਰਸਾਇਆ ਗਿਆ ਹੈ ਜੋ ਦੇਵਤਿਆਂ ਦੀ ਭਲਾਈ ਲਈ ਸੰਘਰਸ਼ ਕਰਦੀ ਹੈ। ਦੁਰਗਾ ਦੀ ਪ੍ਰਸੰਸਾ ਕੇਵਲ ਇਥੇ ਹੀ ਨਹੀਂ ਸਗੋਂ ਚੋਦਾਂ ਲੋਕਾਂ ਵਿਚ ਹੁੰਦੀ ਹੈ:

ਇਤਿ ਮਹਖਾਸੁਰ ਦੈਂਤ ਮਾਰੇ ਦੁਰਗਾ ਆਇਆ।

ਚਉਦਹ ਲੋਕਾਂ ਰਾਣੀ ਸਿੰਘੁ ਨਚਾਇਆ। 4 ਵਾਰ ਇਕ ਛੰਦ-ਬੱਧ ਰਚਨਾ ਹੈ। ਇਸ ਵਿਚ ਆਮ ਤੌਰ ਤੇ ਸਿਰਖੰਡੀ ਛੰਦ ਵਰਤਿਆ ਜਾਂਦਾ ਹੈ। ਇਸ ਵਾਰ ਵਿਚ ਵੀ ਸਿਰਖੰਡੀ ਤੇ ਨਿਸ਼ਾਨੀ ਛੰਦ ਦੀ ਵਰਤੋਂ ਕੀਤੀ ਗਈ ਹੈ। ਵਾਰ ਦੀ ਪਉੜੀਆਂ ਦੀ ਗੱਲ ਕਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਹਨ ਤੇ ਇਹ ਸਾਰੀਆਂ ਪਉੜੀਆਂ ਵਿਚ ਲਿਖੀਆਂ ਗਈਆਂ ਹਨ। ਗੁਰੂ ਸਾਹਿਬ ਨੇ ਯੁੱਧ ਵਰਨਣ ਲਈ ਜ਼ਿਆਦਾਤਰ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਹੈ। ਇਸ ਵਾਰ ਵਿਚ ਕੁਲ 55 ਪਉੜੀਆਂ ਵਿਚੋਂ 31 ਪਉੜੀਆਂ ਸਿਰਖੰਡੀ ਛੰਦ ਵਿਚ ਹਨ। ਇਸ ਛੰਦ ਵਿਚ ਗੁਰੂ ਸਾਹਿਬ ਦੀ ਕਾਵਿਕ ਪ੍ਰਤਿਭਾ ਉਭਰਕੇ ਸਾਹਮਣੇ ਆਉਂਦੀ ਹੈ। ਆਪ ਨੇ ਆਮ ਤੌਰ 'ਤੇ 21 ਮਾਤ੍ਰਾਂ ਵਾਲੇ ਸਿਰਖੰਡੀ ਛੰਦ ਦੀ ਵਰਤੋਂ ਵੱਧ ਕੀਤੀ ਹੈ ਪਰ ਹਰ ਪਉੜੀ ਵਿਚ ਤੁਕਾਂ ਦੀ ਗਿਣਤੀ ਇਕੋ ਜਿਹੀ ਨਹੀਂ ਰੱਖਦੇ ਸਗੋਂ ਲੋੜ ਅਨੁਸਾਰ ਤੁਕਾਂ ਵਧਾ ਘਟਾ ਲੈਂਦੇ ਹਨ। ਜਿਸ ਦਾ ਛੰਦ ਦੀ ਲੈਅ ਤੇ ਕਾਫੀ ਪ੍ਰਭਾਵ ਪੈਂਦਾ ਹੈ ਤੇ ਪਾਠਕਾਂ ਅਤੇ ਸ੍ਰੋਤੇ ਵਿਚ ਵੀ ਛੰਦ ਚਾਲ ਨਾਲ ਜੋਸ਼ ਉਤਪੰਨ ਹੁੰਦਾ ਹੈ:

ਚੋਬੀ ਧਉਂਸਾ ਪਾਈਆਂ ਦਲਾਂ ਮੁਕਾਬਲਾ।

ਦਸਤੀ ਧੂਹਿ ਨਚਾਈਆਂ ਤੇਗਾਂ ਨੰਗੀਆਂ।

ਸੂਰਿਆਂ ਦੇ ਤਨ ਲਾਈਆਂ ਗੋਸ਼ਤ ਗਿੱਧੀਆਂ।5

ਕਈ ਪਉੜੀਆਂ ਦੀ ਅੰਤਿਮ ਤੁਕ (ਜਾਂ ਕੁਝ ਤੁਕਾਂ) ਵਿਚ ਮਾਤ੍ਰਾਂ ਦੀ ਗਿਣਤੀ ਅੱਧੀ ਹੈ। ਇਸ ਅੱਧੀ ਤੁਕ ਦੀ ਵਰਤੋਂ ਨਾਲ ਬਿਆਨ ਵਿਚ ਜ਼ੋਰ ਅਤੇ ਤੇਜ਼ੀ ਦਾ ਸੰਚਾਰ ਹੁੰਦਾ ਹੈ:

ਗੁੱਸੇ ਆਈ ਸਾਮ੍ਹਣੇ ਰਣ ਅੰਦਰਿ ਘੱਤਣ ਘਾਣ ਕਉ।

ਅਗੇ ਤੇਗ ਵਗਾਈ ਦੁਰਗਸ਼ਾਹ ਬਢਿ ਸੁੰਭਨ ਵਹੀ ਪਲਾਣ ਕਉ। 6

ਵਾਰ ਜੋ ਇਕ ਬਾਹਰਮੁਖੀ ਤੇ ਬਿਆਨਿਆ ਕਵਿਤਾ ਹੈ। ਇਸ ਦੀ ਰਚਨਾ ਜਨ ਸਾਧਾਰਨ ਨੂੰ ਪ੍ਰੇਰਿਤ ਕਰਨ ਲਈ ਕੀਤੀ ਜਾਂਦੀ ਹੈ ਕਿਉਂਕਿ ਰਾਜਨੀਤਕ, ਸਮਾਜਕ ਤੇ ਧਾਰਮਕ ਜਹਾਦਾਂ ਲਈ ਸਾਧਾਰਨ ਲੋਕ ਹੀ ਮੈਦਾਨ ਵਿਚ ਆਉਂਦੇ ਹਨ। ਇਸ ਲਈ ਵਾਰ ਦੀ ਬੋਲੀ ਜਨ ਸਾਧਾਰਨ ਨੂੰ ਸਮਝ ਆਉਣ ਵਾਲੀ ਤੇ ਉਨ੍ਹਾਂ ਅੰਦਰ ਉਤਸਾਹ ਭਰਨ ਵਾਲੀ ਹੁੰਦੀ ਹੈ। ਇਸ ਵਿਚ ਵਾਯੂਮੰਡਲ ਦੇ ਅਨੁਸਾਰ ਸ਼ਬਦਾਵਲੀ ਵਰਤ ਕੇ ਵਾਰ ਦਾ ਦ੍ਰਿਸ਼ ਚਿੱਤਰਣ ਕੀਤਾ ਜਾਂਦਾ ਹੈ। 'ਚੰਡੀ ਦੀ ਵਾਰ' ਵਿਚ ਵਾਰ ਦੀ ਬੋਲੀ ਦੇ ਮੁਤਾਬਕ ਇਹ ਸਾਰੇ ਗੁਣ ਮੌਜੂਦ ਹਨ। ਇਸ ਵਿਚ ਬੀਰ ਰਸ ਪੈਦਾ ਕਰਨ ਲਈ ਤਲੱਖ ਧੁਨੀਆਂ ਦੀ ਵਰਤੋਂ ਕੀਤੀ ਗਈ ਹੈ। ਭਾਵੇਂ ਇਸ ਵਿਚ ਸੰਸਕ੍ਰਿਤ, ਬ੍ਰਜ, ਅਰਬੀ, ਫਾਰਸੀ ਆਦਿ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਮਿਲਦੀ ਹੈ ਇਸ ਦੇ ਬਾਵਜ਼ੂਦ ਵੀ ਇਸ ਦੀ ਭਾਸ਼ਾ ਜਨ ਸਾਧਾਰਨ ਦੇ ਸਮਝ ਆਉਣ ਵਾਲੀ ਹੈ। ਰਣਭੂਮੀ ਦਾ ਵਰਣਨ ਇਨਾ ਸੁੰਦਰ ਤੇ ਕਲਾਤਮਕ ਹੈ ਕਿ ਲੜਾਈ ਦਾ ਸਾਰਾ ਨਜ਼ਾਰਾ  ਦੀ ਬੀਰ ਰਸੀ ਸ਼ਬਦਾਵਲੀ ਤੇ ਸਾਧਾਰਨ ਭਾਸ਼ਾ ਕਰਕੇ ਇਸ ਨੂੰ ਪੜ੍ਹਨ ਜਾਂ ਸੁਣਨ ਵਾਲੇ ਯੁੱਧ ਕਰਨ ਲਈ ਪ੍ਰੇਰਿਤ ਹੋ ਜਾਂਦੇ ਹਨ। ਸ਼ੈਲੀ ਜੋ ਕਿਸੇ ਲੇਖਕ ਦੇ ਸਵੈ-ਪ੍ਰਗਟਾਵੇ (ਮਨੁੱਖੀ ਜਜ਼ਬੇ, ਵਲਵਲੇ, ਵਿਚਾਰ, ਮਨੋਭਾਵ) ਦਾ ਕਲਾਤਮਕ ਢੰਗ ਹੁੰਦਾ ਹੈ। ਇਸ ਦਾ ਸਿੱਧਾ ਸੰਬੰਧ ਲੇਖਕ ਦੀ ਸ਼ਖ਼ਸੀਅਤ, ਬੋਲੀ ਤੇ ਵਿਸ਼ੇ ਨਾਲ ਹੁੰਦਾ ਹੈ। ਇਹ ਰਚਨਾ ਲੇਖਕ ਦੀ ਸ਼ੈਲੀ ਦੇ ਪੱਖ ਤੋਂ ਵੀ ਅਦੁੱਤੀ ਸਿਰਜਣਾ ਹੈ। ਇਸ ਵਾਰ ਦੀ ਕਥਾ ਵਸਤੂ ਭਾਵੇਂ ਮਾਰਕੰਡੇ ਪੁਰਾਣ ਤੋਂ ਲਈ ਗਈ ਹੈ ਪਰ ਇਸ ਲੰਮੀ ਕਥਾ ਦੇ ਕੁਝ ਅੰਸ਼ਾਂ ਨੂੰ ਲੈ ਕੇ ਗੁਰੂ ਸਾਹਿਬ ਨੇ ਕਾਫ਼ੀ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਕਥਾ ਦਾ ਬਿਆਨ ਰਚਨਾ ਵਿਚ ਕਲਮਕਾਰ ਨੇ ਇੰਝ ਕੀਤਾ ਹੈ ਕਿ ਘਟਨਾਵਾਂ ਸਜੀਵ ਹੋ ਕੇ ਸਾਡੀਆਂ ਅੱਖਾਂ ਅੱਗੇ ਆ ਜਾਂਦੀਆਂ ਹਨ। ਜਿਥੇ ਯੁੱਧ ਦੇ ਮੈਦਾਨ ਦਾ ਵਰਣਨ ਕੀਤਾ ਹੈ ਉਥੇ ਸ਼ਬਦ ਚੋਣ ਇਸ ਤਰ੍ਹਾਂ ਦੀ ਕੀਤੀ ਹੈ ਕਿ ਉਨ੍ਹਾਂ ਸ਼ਬਦਾਂ ਵਿਚੋਂ ਸੰਖਾਂ, ਨਗਾਰਿਆਂ ਦੀ ਆਵਾਜ਼ ਕੰਨਾਂ ਵਿਚੋਂ ਗੂੰਜਣ ਲਗ ਪੈਂਦੀ ਹੈ ਜਿਵੇਂ :ਚੋਟ ਪਈ ਦਮਾਮੇ ਦਲਾਂ ਮੁਕਾਬਲਾ। ਵਾਰ ਵਿਚ ਵਰਤੇ ਅਲੰਕਾਰਾਂ ਦੀ ਜੇ ਗੱਲ ਕਰੀਏ ਤਾਂ ਅੰਲਕਾਰ ਸ਼ਬਦ ਅਲੰ+ਕ੍ਰਿ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਗਹਿਣਾ। ਵਿਚਾਰ ਭਾਵੇਂ ਕਿੰਨਾ ਸੋਹਣਾ ਕਿਉਂ ਨਾ ਹੋਵੇ ਜੇ ਉਹ ਸ਼ਿੰਗਾਰਿਆ ਨਹੀਂ ਗਿਆ ਤਾਂ ਰਸ ਉਤਪੰਨ ਨਹੀਂ ਹੋ ਪਾਉਂਦਾ। ਇਸ ਲਈ ਅਲੰਕਾਰ ਵਿਚਾਰਾਂ ਵਿਚ ਸੁੰਦਰਤਾ, ਸੁਆਦ ਉਪਜਾਉਣ, ਵਿਚਾਰ ਮਟਕਾਉਣ, ਸੁਲਝਾਉਣ, ਕਲਪਨਾ ਨੂੰ ਨਿਖਾਰਨ ਦੀ ਇਕ ਜੁਗਤ ਹੈ। ਅਲੰਕਾਰਾਂ ਦੀ ਵਰਤੋਂ ਕਵਿਤਾ ਦੇ ਪ੍ਰਭਾਵ ਨੂੰ ਹੋਰ ਡੂੰਘਾ ਤੇ ਤਿੱਖਾ ਬਣਾ ਦਿੰਦੀ ਹੈ। ਵਾਰਾਂ ਵਿਚ ਵਧੇਰੇ ਅਤਿਕਥਨੀ ਅਲੰਕਾਰ ਵਰਤਿਆ ਜਾਂਦਾ ਹੈ ਕਿਉਂਕਿ ਵਾਰਾਂ ਬੀਰ ਰਸੀ ਤੇ ਪ੍ਰਸੰਸਾਤਮਕ ਰਚਨਾਵਾਂ ਹੁੰਦੀਆਂ ਹਨ। ਸ਼ਬਦ ਅਲੰਕਾਰਾਂ ਵਿਚੋਂ ਅਨੁਪ੍ਰਾਸ ਆਮ ਤੋਰ ਤੇ ਵਾਰਾਂ ਵਿਚ ਵਰਤੋਂ 'ਚ ਆਉਂਦਾ ਹੈ। ਇਸ ਦੇ ਨਾਲ ਹੀ ਦ੍ਰਿਸ਼ਟਾਂਤ, ਉਪਮਾ, ਰੂਪਕ ਆਦਿ ਦੇਖਣ ਨੂੰ ਮਿਲਦੇ ਹਨ। ਉਪਮਾਨ ਅਲੰਕਾਰ ਤੇ ਆਮ ਜੀਵਨ ਵਿਚੋਂ ਲਏ ਜਾਂਦੇ ਹਨ। 'ਚੰਡੀ ਦੀ ਵਾਰ' ਵਿਚ ਇਨ੍ਹਾਂ ਸਾਰੇ ਅਲੰਕਾਰਾਂ ਦਾ ਪ੍ਰਯੋਗ ਹੋਇਆ, ਪਰ ਉਪਮਾ ਅਲੰਕਾਰ ਸਭ ਤੋਂ ਵੱਧ ਵਰਤਿਆ ਗਿਆ ਹੈ ਜਿਵੇਂ :

ਬੀਰ ਪਰੋਤੇ ਬਰਛੀਏਂ ਜਣੁ ਡਾਲਿ ਚਮੁੱਟੇ ਆਵਲੇ। 8 ਦੇਵੀ ਦੀ ਬਰਛੀ ਵਿਚ ਬਹਾਦਰ ਦੈਂਤਾਂ ਦੇ ਸਿਰ ਪਰੋਤੇ ਹੋਏ ਇੰਜ ਜਾਪਦੇ ਸਨ ਜਿਵੇਂ ਆਵਲੇ ਦੀ ਟਾਹਣੀ ਨਾਲ ਆਵਲੇ ਚਮੁਟੇ ਹੋਣ। ਇਸ ਤਰ੍ਹਾਂ ਯੁੱਧ ਵਿਚ ਡਿਗੇ ਪਏ ਦੈਂਤ ਬਾਰੇ ਲਿਖਦੇ ਹਨ ਕਿ ਇਹ ਇੰਝ ਲਗ ਰਹੇ ਹਨ ਜਿਵੇਂ ਕਿਸੇ ਉਚੇ ਮੁਨਾਰੇ ਉਤੋਂ ਬਿਜਲੀ ਇਨ੍ਹਾਂ ਤੇ ਡਿਗ ਪਈ ਹੋਵੇ। ਵਾਰ ਵਿਚ ਚੰਡੀ ਦੀ ਸ਼ਕਤੀ ਨੂੰ ਬਿਜਲੀ ਵਾਂਗ ਤੇਜ਼ ਤੇ ਤਾਕਤਵਰ ਦਸਿਆ ਹੈ ਅਤੇ ਦੈਂਤਾਂ ਨੂੰ ਪਰਬਤਾਂ ਵਰਗਾ ਉੱਚਾ ਪ੍ਰਗਟ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਕਈ ਹੋਰ ਮਿਸਾਲਾਂ ਹਨ ਜਿਨ੍ਹਾਂ ਵਿਚ ਆਪ ਨੇ ਉਪਮਾਵਾਂ ਦੀ ਚੋਣ ਕਰਨ ਲਗਿਆ ਧਰਤੀ ਦੀਆਂ ਚੀਜ਼ਾਂ ਨਾਲ ਵੀ ਤੁਲਨਾ ਦਿਤੀ ਹੈ ਪਰ ਬਹੁਤੀਆਂ ਚੀਜ਼ਾਂ ਅਸਮਾਨੀ ਵਾਯੂ ਮੰਡਲ ਦੀਆਂ ਹਨ ਜਿਵੇਂ:

ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤੁ। 9

ਗਜੇ ਦੁਰਗਾ ਘੇਰਿ ਕੈ ਜਣ ਘਣੀਅਰ ਕਾਲੇ। 10

ਰੂਪਕ ਅਲੰਕਾਰ ਦੀ ਵਾਰ ਵਿਚ ਬਹੁਤ ਥੋਹੜੀ ਵਰਤੋਂ ਕੀਤੀ ਗਈ ਹੈ ਜਿਵੇਂ:

ਦੇਵੀ ਦਸਤ ਨਚਾਈ ਦਲਾਂ ਮੁਕਾਬਲਾ।

ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰ ਖਲੋਈਆਂ।

ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ।11

ਵਾਰ ਵਿਚ ਨਾਇਕ ਨੂੰ ਵਡਿਆਉਣ ਲਈ ਅਤਿਕਥਨੀ ਅਲੰਕਾਰ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਚੰਡੀ ਦੀ ਵਾਰ ਵਿਚ ਇਸ ਅਲੰਕਾਰ ਦੀ ਵਰਤੋਂ ਦੁਰਗਾ ਦੇਵੀ ਦੀ ਬਹਾਦਰੀ ਨੂੰ ਦਰਸਾਉਣ ਲਈ ਕੀਤੀ ਗਈ ਹੈ:

ਚੰਡੀ ਰਾਕਸ ਖਾਣੀ ਵਾਹੀ ਦੈਂਤ ਨੂੰ।

ਕੋਪਰ ਚੂਰ ਚਵਾਣੀ ਲੱਥੀ ਕਰਗ ਲੈ।

ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ।

ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲ ਦਿਆਂ। 12

ਦੁਰਗਾ ਦਾ ਸਮੁੱਚਾ ਕਿਰਦਾਰ ਅਤਿਕਥਨੀ ਵਿਚ ਬਿਆਨ ਕੀਤਾ ਗਿਆ ਹੈ। ਉਹ ਇਕੱਲੀ ਹੀ ਲੱਖਾਂ ਫੌਜਾਂ ਦਾ ਟਾਕਰਾ ਕਰਕੇ ਉਨ੍ਹਾਂ ਨੂੰ ਮਾਰ ਦਿੰਦੀ ਹੈ: ਦੁਰਗਾ ਸੱਭ ਸੰਘਾਰੇ ਰਾਕਸ ਖੜਗ ਲੈ।

ਦ੍ਰਿਸ਼ਟਾਂਤ ਅਲੰਕਾਰ ਇਸ ਦੀ ਵਰਤੋਂ ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਗੁਰੂ ਸਾਹਿਬ ਨੇ ਕੀਤੀ ਹੈ। ਜਿਵੇਂ: ਬਦਲ ਜਿਉ ਮਹਿਖਾਸੁਰ ਰਣ ਵਿਚਿ ਗੱਜਿਆ। ਅਨੁਪ੍ਰਾਸ ਅਲੰਕਾਰ ਦੀ ਵਰਤੋਂ ਕਰਨ ਵਿਚ ਗੁਰੂ ਸਾਹਿਬ ਨੇ ਨਿਰਸੰਦੇਹ ਬਹੁਤ ਉਚੇਚ ਵਰਤਿਆ ਹੈ। ਉਸ ਦਾ ਕਾਰਨ ਇਹ ਹੈ ਕਿ ਅਨੁਪ੍ਰਾਸ ਦੀ ਧੁਨੀ ਵਿਚ ਇਕ ਸੁਰ ਜਾਂ ਇਕ ਵਰਣ ਦਾ ਦੁਹਰਾਓ ਹੋਣ ਨਾਲ ਜੋ ਕਲਾਤਮਕ ਰਸ ਪੈਦਾ ਹੁੰਦਾ ਹੈ ਉਸ ਨਾਲ ਕਵਿਤਾ ਵਿਚ ਰਵਾਨੀ ਆਉਂਦੀ ਹੈ ਅਤੇ ਬੀਰ ਰਸ ਨੂੰ ਉਭਾਰਨ ਵਿਚ ਵੀ ਸਹਾਇਤਾ ਮਿਲਦੀ ਹੈ। ਜਿਵੇਂ: ਚੁਣਿ ਚੁਣਿ, ਸੁੰਭ ਨਿਸੁੰਭ, ਤਣਿ ਤਣਿ, ਵਾਇ ਵਧਾਈ ਆਦਿ।

ਅਲੰਕਾਰਾਂ ਦੇ ਬਾਅਦ ਅਗਰ ਰਸ ਦੀ ਗੱਲ ਕਰੀਏ ਤਾਂ ਇਹ ਉਹ ਆਤਮਕ ਅਨੰਦ ਹੈ ਜੋ ਕਵੀ ਆਪਣੇ ਸਰੋਤਿਆ ਅਥਵਾ ਪਾਠਕਾਂ ਨਾਲ ਸਾਂਝਾ ਕਰਦਾ ਹੈ। ਇਹ ਅਨੰਦ ਕਈ ਤਰ੍ਹਾਂ ਦਾ ਹੋ ਸਕਦਾ ਹੈ ਜਿਵੇਂ ਪ੍ਰੇਮ ਮਈ, ਹਾਸੇ ਭਰਿਆ, ਕਰੁਣਾਮਈ, ਬੀਰ ਰਸੀ ਆਦਿ। ਮੂਲ ਰੂਪ ਵਿਚ ਹਰ ਰਸ ਆਪਣੇ ਅੰਦਰ ਇਕ ਬੁਨਿਆਦੀ ਵਲਵਲਾ ਰੱਖਦਾ ਹੈ। ਇਸ ਨੂੰ ਹੀ ਸਥਾਈ ਭਾਵ ਕਹਿੰਦੇ ਹਨ। ਜਿਵੇਂ ਮਨ ਵਿਚ ਪ੍ਰੇਮ ਦਾ ਜਜ਼ਬਾ ਹੋਵੇਗਾ ਤਾਂ ਫਿਰ ਕਵੀ ਮਨੁੱਖੀ ਪ੍ਰੇਮ, ਕੁਦਰਤੀ ਪ੍ਰੇਮ, ਕੁਦਰਤੀ ਸੁੰਦਰਤਾ ਆਦਿ ਸ਼ਿੰਗਾਰ ਰਸੀ ਕਵਿਤਾ ਉਤਪੰਨ ਕਰੇਗਾ। 'ਚੰਡੀ ਦੀ ਵਾਰ' ਵਿਚ ਬੀਰ ਰਸ ਦੀ ਪ੍ਰਧਾਨਤਾ ਹੈ। ਦੂਜੇ ਰਸ ਵੀ ਇਸ ਵਿਚ ਮੌਜੂਦ ਹਨ ਪਰ ਗੌਣ ਰੂਪ ਵਿਚ। ਬੀਰ ਰਸ ਦਾ ਸਥਾਈ ਭਾਵ ਪਾਠਕਾਂ ਤੇ ਸਰੋਤਿਆਂ ਵਿਚ ਜੀਵਨ ਉਤਸ਼ਾਹ ਪੈਦਾ ਕਰਦਾ ਹੈ। ਯੋਧਿਆਂ ਦਾ ਜੰਗ ਲਈ ਤਿਆਰ ਹੋਣਾ, ਯੁੱਧ ਵਿਚ ਸ਼ਾਮਲ ਹੋਣਾ, ਕਰਾਰੇ ਹੱਥ ਵਿਖਾਉਣਾ। ਇਵੇਂ ਹੀ ਕਿਸੇ ਆਗੂ ਦਾ ਸਰੋਤਿਆਂ ਵਿਚ ਬੀਰ ਭਾਵਨਾ ਉਜਾਗਰ ਕਰਨਾ ਸਭ ਬੀਰ ਰਸ ਵਿਚ ਆਉਂਦਾ ਹੈ। ਰਸ ਦਾ ਸੰਚਾਰ ਕਰਨ ਦਾ ਸਭ ਤੋਂ ਵੱਡਾ ਸਾਧਨ ਧੁਨੀ ਹੈ। ਇਸ ਵਾਰ ਵਿਚ ਗੁਰੂ ਸਾਹਿਬ ਨੇ ਚਾਰ ਪ੍ਰਕਾਰ ਦੀਆਂ ਧੁਨੀਆਂ ਦੀ ਸਹਾਇਤਾ ਨਾਲ ਬੀਰ ਰਸ ਉਤਪੰਨ ਕੀਤਾ ਹੈ। ਸਭ ਤੋਂ ਪਹਿਲੀ ਆਵਾਜ਼ ਸੂਰਬੀਰਾਂ ਦੇ ਲਲਕਾਰੀਆਂ

ਦੀ ਹੈ। ਲੜਾਈ ਵਿਚ ਸੂਰਮੇ ਸ਼ੇਰਾਂ ਵਾਂਗ ਗੱਜ ਰਹੇ ਹਨ, ਮਹਿਖਾਸੁਰ ਬੱਦਲ ਵਾਂਗ ਗੱਜਦਾ ਹੈ ਅਤੇ ਦੁਰਗਾ ਨੂੰ ਦੇਖ ਕੇ ਰਾਖ਼ਸ਼ ਕਾਲੇ ਘਣੀਘਰਾਂ ਵਾਂਗ ਗੜਗੜਾਉਂਦੇ ਹਨ। ਤਲਵਾਰਾਂ, ਖੜਗਾਂ, ਕ੍ਰਿਪਾਨਾਂ, ਧਨੁੱਖ, ਤੀਰ ਢਾਲਾਂ ਆਦਿ ਅਸਤਰ-ਸ਼ਸਤਰ ਟੁੱਟ ਭਜ ਰਹੇ ਹਨ। ਪਰ ਸਭ ਤੋਂ ਜ਼ਿਆਦਾ ਸ਼ੋਰ ਲੜਾਈ ਦੇ ਸੰਗੀਤਕ ਸਾਜਾਂ ਦੀ ਗੂੰਜ ਨੇ ਪਾਇਆਹੈ। ਢੋਲ, ਸੰਖ, ਨਗਾਰੇ, ਮੁਸਾਫੇ ਵੱਜਦੇ ਹਨ। ਦੂਹਰੇ ਚੰਮ ਦੇ ਨਗਾਰੇ ਬੜੇ ਚਾਅ ਨਾਲ ਗੂੰਜਦੇ ਹਨ ਅਤੇ ਭਾਰੇ ਧੌਂਸਿਆਂ, ਨਗਾਰਿਆਂ, ਦੁਮਾਮਿਆਂ ਤੇ ਧੜਾਧੜ ਚੋਟਾਂ ਪੈਂਦੀਆਂ ਹਨ। ਸਭ ਕੁਝ ਮਿਲਾ ਕੇ ਵਾਯੂਮੰਡਲ ਅਤਿ ਜੁਸ਼ੀਲਾ ਅਤੇ ਭਿਆਨਕ ਬਣਿਆ ਹੋਇਆ ਹੈ ਜਿਵੇਂ:

ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ।

ਰਾਕਸ ਆਏ ਰੋਹਲੇ ਤਰਵਾਰੀਂ ਬਖਤਰ ਸੱਜੇ।

ਜੁਟੇ ਸਉਹੇ ਜੁੱਧ ਨੋ ਇਕ ਜਾਤ ਨ ਜਾਣਨਿ ਭੱਜੇ।

ਖੇਤ ਅੰਦਰਿ ਜੋਧੇ ਗੱਜੇ।13

ਰੌਦਰ ਰਸ ਉੱਥੇ ਪੈਦਾ ਹੁੰਦਾ ਹੈ ਜਿਥੇ ਵਿਰੋਧੀਆਂ ਦਾ ਅਪਮਾਨ ਕਰਕੇ ਬਦਲੇ ਦੀ ਭਾਵਨਾ ਜਾਗ੍ਰਿਤ ਹੁੰਦੀ ਹੈ। ਕ੍ਰੋਧ ਇਸ ਦਾ ਸਥਾਈ ਭਾਵ ਹੈ। ਜਦੋਂ ਸ੍ਰਣਵਤ ਬੀਜ ਮਰਦਾ ਨਹੀਂ ਤੇ ਉਸ ਦੀ ਖ਼ੂਨ ਦੀ ਬੂੰਦ ਤੋਂ ਹੋਰ ਦੈਂਤ ਪੈਦਾ ਹੋ ਜਾਂਦੇ ਹਨ ਤਾਂ ਦੁਰਗਾ ਨੂੰ ਗੁੱਸਾ ਆਉਂਦਾ ਹੈ। ਇਸ ਸਮੇਂ ਉਹ ਕਾਲਕਾ ਦੀ ਅਰਾਧਨਾ ਕਰਦੀ ਹੈ ਤੇ ਕਾਲਕਾ ਉਸ ਦੇ ਮਥੇ ਵਿਚੋਂ ਪ੍ਰਗਟ ਹੋ ਜਾਂਦੀ ਹੈ ਜਿਹੜੀ ਕਿ ਆਪਣੇ ਹੱਥ ਵਿਚ ਖੱਪਰ ਨੂੰ ਫੜ ਕੇ ਸ੍ਰਣਵਤ ਬੀਜ ਦੇ ਖ਼ੂਨ ਦਾ ਹਰ ਤੁਪਕਾ ਪੀ ਜਾਂਦੀ ਹੈ:

ਚੰਡ ਚਿਤਾਰੀ ਕਾਲਿਕਾ ਮਨਿ ਬਹਿਲਾ ਰੋਸ ਬਢਾਇਕੈ।

ਨਿਕਲੀ ਮੱਥਾ ਫੋੜਿਕੈ ਜਣੁ ਫਤੇ ਨੀਸਾਣ ਬਜਾਇਕੈ।

ਦਲ ਵਿਚ ਘੇਰਾ ਘਤਿਆ ਜਣ ਸੀਂਹ ਤੁਰਿਆ ਗਣਣਾਇਕੈ।

ਪਕੜਿ ਪਛਾੜੇ ਰਾਕਸਾਂ ਦਲ ਦੈਂਤਾਂ ਅੰਦਰਿ ਜਾਇਕੈ।14

ਕਰੁਣਾ ਰਸ ਦਾ ਸਥਾਈ ਭਾਵ ਗ਼ਮ ਅਥਵਾ ਸ਼ੋਕ ਹੈ। ਵਿਯੋਗ ਤੇ ਵਿਯੋਗ ਕਾਰਨ ਵਗਦੇ ਹੰਝੂ, ਵਿਰਲਾਪ, ਦੁੱਖ ਦੇ ਕਾਰਨ ਪਿਆਰੇ ਨੂੰ ਤਾਅਨੇ ਮਿਹਣੇ ਸਭ ਕਰੁਣਾ ਰਸ ਵਿਚ ਸ਼ਾਮਲ ਹਨ। ਪਹਿਲੀ ਲੜਾਈ ਵਿਚ ਰਾਖ਼ਸ਼ ਮਰ ਰਹੇ ਹਨ ਤੇ ਉਨ੍ਹਾਂ ਦੇ ਸਰੀਰਾਂ ਵਿਚ ਖ਼ੂਨ ਦੇ ਫੁਆਰੇ ਚਲ ਰਹੇ ਹਨ। ਉਨ੍ਹਾਂ ਦੀਆਂ ਇਸਤਰੀਆਂ ਕਰੁਣਾਮਈ ਦ੍ਰਿਸ਼ ਉੱਚੀਆਂ ਅਟਾਰੀਆਂ ਵਿਚੋਂ ਵੇਖ ਰਹੀਆਂ ਹਨ:

ਵਗੇ ਰਤੁ ਝੁਲਾਰੀ ਜਿਉਂ ਗੇਰੂ ਬਸਤਰਾ।

ਦੇਖਨਿ ਬੈਠ ਅਟਾਰੀ ਨਾਰੀ ਰਾਕਸਾਂ।15

ਭਿਆਨਕ ਰਸ ਦਾ ਸਥਾਈ ਭਾਵ ਭੈਅ ਹੈ। ਡਰਾਉਣੇ ਦ੍ਰਿਸ਼ ਬਿਆਨ ਕਰਕੇ ਕਵੀ ਡਰ ਦੀ ਸਥਿਤੀ ਪੈਦਾ ਕਰਦਾ ਹੈ। ਜੰਗ ਵਿਚ ਲੜਾਈ ਦਾ ਹੂ ਬਹੂ ਚਿੱਤਰ ਵੀ ਭਿਆਨਕ ਰਸ ਪੈਦਾ ਕਰਦਾ ਹੈ। ਚੰਡੀ ਦੀ ਵਾਰ ਵਿਚ ਭਾਵੇਂ ਬੀਰ ਰਸ ਦੀਪ੍ਰਧਾਨਤਾ ਹੈ, ਪਰ ਕਈ ਥਾਵਾਂ ਤੇ ਇਹ ਰਸ ਵੀ ਮਿਲਦਾ ਹੈ ਜਿਵੇਂ:

ਗਿਰੇ ਪਰਬਤ ਭਾਰੇ ਮਾਰੇ ਬਿੱਜੁ ਦੇ।

ਦੈਤਾਂ ਦੇ ਦਲ ਹਾਰੇ ਦਹਿਸ਼ਤ ਖਾਇ ਕੈ।

ਬਚੇ ਸੁ ਮਾਰੇ ਮਾਰੇ ਰਹਦੇ ਰਾਇ ਥੈ। 16

ਵੀਭਤਸ ਰਸ ਇਸ ਦਾ ਸਥਾਈ ਭਾਵ ਘ੍ਰਿਣਾ ਹੈ। ਕਿਸੇ ਚੀਜ਼ ਨੂੰ ਵੇਖ ਕੇ ਜਾਂ ਉਸ ਬਾਰੇ ਸੁਣ ਕੇ ਜਦ ਘ੍ਰਿਣਾ ਉਤਪੰਨ ਹੋਵੇ ਤਾਂ ਉਥੇ ਵੀਭਤਸ ਰਸ ਹੁੰਦਾ ਹੈ। ਇਸ ਵਾਰ ਵਿਚ ਲੜਾਈ ਦੇ ਕਈ ਭਿਆਨਕ ਦ੍ਰਿਸ਼ ਇਸ ਰਸ ਨੂੰ ਪ੍ਰਗਟ ਕਰਦੇ ਹਨ, ਜਿਵੇਂ : ਰਣ ਵਿਚ ਘੱਤੀ ਘਾਣੀ ਲੋਹੂ ਮਿਲ ਦੀ। ਅਦਭੁਤ ਰਸ ਦਾ ਸਥਾਈ ਭਾਵ ਅਸਚਰਜ ਹੈ। ਵਾਰ ਵਿਚ ਜਦੋਂਅਨੋਖੇ ਤੇ ਅਜੀਬ ਦ੍ਰਿਸ਼ਾਂ ਦਾ ਵਰਣਨ  ਆਉਂਦਾ ਹੈ ਉਥੇ ਇਹ ਰਸ ਪੈਦਾ ਹੁੰਦਾ ਹੈ। ਇਹ ਵਾਰ ਇਕ ਮਿਥਿਹਾਸਕ ਕਥਾ ਤੇ ਆਧਾਰਿਤ ਹੈ, ਭਾਵੇਂ ਗੁਰੂ ਜੀ ਨੇ ਇਸ ਵਿਚੋਂ ਪਰਾਸ਼ਰੀਰਕ ਅੰਸ਼ ਬਹੁਤ ਘਟਾ ਦਿਤਾ ਹੈ ਤੇ ਇਸ ਨੂੰ ਯਥਾਰਥ ਦੇ ਨੇੜਲਿਆ ਕੇ ਪੇਸ਼ ਕੀਤਾ ਹੈ। ਇਸ ਦੇ ਬਾਵਜੂਦ ਕਿਤੇ-ਕਿਤੇ ਅਦਭੁਤ ਰਸ ਉਤਪੰਨ ਹੋ ਜਾਂਦਾ ਹੈ: ਦੇਖਨਿ ਜੰਗ ਫਰੇਸ਼ਤੇ ਅਸਮਾਨੋਂ ਲੱਥੇ। ਹਾਸ ਰਸ ਨੂੰ ਕਵਿਤਾ ਵਿਚ ਵਿਗੜੀ ਸੂਰਤ ਦੇ ਚਿਤ੍ਰ ਪੇਸ਼ ਕਰਕੇ ਪੈਦਾ ਕੀਤਾ ਜਾਂਦਾ ਹੈ। ਇਸ ਵਾਰ ਵਿਚ ਦੈਂਤਾਂ ਦੀਆਂ ਸੂਰਤਾਂ ਚਿਤਰ ਕੇ ਹਾਸਾ ਪੈਦਾ ਕੀਤਾ ਗਿਆ ਹੈ ਜਿਵੇਂ: ਉਖਲੀਆਂ ਨਾਸਾਂ ਜਿਨਾਂ ਮੁਹਿ ਜਾਪਨ ਆਲੇ। ਸ਼ਾਂਤ ਰਸ ਦਾ ਸੰਬੰਧ ਹਿਰਦੇ ਦੀ ਸ਼ਾਂਤੀ ਨਾਲ ਹੈ। ਵੈਰਾਗ ਇਸ ਦਾ ਸਥਾਈ ਭਾਵ ਹੈ। ਸੰਸਾਰ ਨੂੰ ਮਿਥਿਆ ਮੰਨ ਕੇ ਇਸ ਦਾ ਮੋਹ ਨਾ ਕਰਨਾ ਵੀ ਇਕ ਤਰ੍ਹਾਂ ਮਨ ਵਿਚ ਸ਼ਾਂਤੀ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ। ਚੰਡੀ ਦੀ ਵਾਰ ਦਾ ਆਰੰਭ ਤੇ ਅੰਤ ਸ਼ਾਂਤ ਰਸ ਨਾਲ ਹੋਇਆ ਹੈ। ਇਸ ਦੇ ਨਾਲ ਹੀ ਵਾਰ ਦੇ ਅੰਤ ਦੀਆਂ ਇਹ ਦੋ ਪੰਕਤੀਆਂ ਇਸ ਵਾਰ ਦੇ ਮਹਾਤਮ ਵੱਲ ਵੀ ਸੰਕੇਤ ਕਰਦੀਆਂ ਹਨ। ਜਿਵੇਂ :

'ਦੁਰਗਾ ਪਾਠ' ਬਣਾਇਆ ਸਭੇ ਪਉੜੀਆਂ।

ਫੇਰ ਨ ਜੂਨੀ ਆਇਆ ਜਿਨਿ ਇਹੁ ਗਾਇਆ। 17

ਇਨ੍ਹਾਂ ਸਾਰੇ ਪੱਖਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ 'ਚੰਡੀ ਦੀ ਵਾਰ' ਕਲਾਤਮਕ ਪੱਖ ਤੋਂ ਇਕ ਵਿੱਲਖਣ ਰਚਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੰਗੀ ਸਾਜਾਂ ਦੀ ਗੜਗੂੰਜ, ਯੋਧਿਆਂ ਦੀ ਲਲਕਾਰ, ਹਥਿਆਰਾਂ ਦੀ ਟੁਣਕਾਰ, ਸੂਰਬੀਰਾਂ ਦੀ ਮਸਤਾਨੀ ਮਹਿਖਲ ਅਤੇ ਹੋਰ ਬੀਰ ਰਸੀ ਧੁਨੀਆਂ ਨਾਲ ਬੀਰ ਰਸੀ ਵਾਯੂਮੰਡਲ ਉਸਾਰਿਆ ਹੈ ਅਤੇ ਇਸ ਵਾਯੂਮੰਡਲ ਨੂੰ ਉਪਮਾ, ਰੂਪਕ, ਅਤਿਕਥਨੀ ਅਤੇ ਅਨੁਪ੍ਰਾਸ ਅਲੰਕਾਰਾਂ ਦੀ ਸਹਾਇਤਾ ਨਾਲ ਚਮਕਾਇਆ ਹੈ। ਯੁੱਧ ਦੀਆਂ ਮੱਧਮ ਗਤੀਆਂ ਨੂੰ ਰੂਪਮਾਨ ਕਰਨ ਲਈ ਵੰਨ-ਸੁਵੰਨੇ ਛੰਦਾਂ ਦੀ ਸਹਾਇਤਾ ਲਈ ਹੈ ਤੇ ਤੇਜ਼ ਜਾਂ ਅਤਿ ਤੇਜ਼ ਗਤੀਆਂ ਨੂੰ ਪ੍ਰਗਟਾਉਣ ਲਈ ਸਿਰਖੰਡੀ ਨੂੰ ਵਾਹਣ ਬਣਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵਾਰ ਰਚ ਕੇ ਪੰਜਾਬੀ ਬੀਰ ਸਾਹਿਤ ਵਿਚ ਇਕ ਨਵੇਂ ਯੁੱਗ ਦਾ ਆਗ਼ਾਜ਼ ਕੀਤਾ ਹੈ।

**ਪ੍ਰਸ਼ਨ ਉੱਤਰ :**

1. 'ਚੰਡੀ ਦੀ ਵਾਰ' ਦੇ ਉਦੇਸ਼ ਬਾਰੇ ਚਰਚਾ ਕਰੋ।

2. ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਚੰਡੀ ਦੀ ਵਾਰ' ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ।

3. 'ਚੰਡੀ ਦੀ ਵਾਰ' ਦੇ ਆਧਾਰ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕਲਾ-ਪੱਖ ਬਾਰੇ ਜਾਣਕਾਰੀ ਦਿਓ।

4. 'ਚੰਡੀ ਦੀ ਵਾਰ' ਨੂੰ ਬੀਰ ਰਸੀ ਵਾਰ ਦੇ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਓ।

5. ਵਾਰ ਤੇ ਅਧਿਆਤਮਕ ਵਾਰ ਵਿਚਲੇ ਅੰਤਰ ਨੂੰ ਸਪਸ਼ਟ ਕਰੋ।

**ਹਵਾਲੇ**


1. ਰਵਿੰਦਰ ਸਿੰਘ (ਡਾ.) (ਸੰਪਾ.), ਮੱਧਕਾਲੀ ਬਿਰਤਾਂਤਕ ਕਾਵਿ, ਪੰ.82

2. ਉਹੀ, ਪੰ.82

3. ਉਹੀ, ਪੰ.82

4. ਉਹੀ, ਪੰ.86

5. ਉਹੀ, ਪੰ.92

6. ਉਹੀ, ਪੰ.93-94

7. ਉਹੀ, ਪੰ.84

8. ਉਹੀ, ਪੰ.84

9. ਉਹੀ, ਪੰ.84

10. ਉਹੀ, ਪੰ.85

11. ਉਹੀ, ਪੰ.91

12. ਉਹੀ, ਪੰ.86

13. ਉਹੀ, ਪੰ.83

14. ਉਹੀ, ਪੰ.91

15. ਉਹੀ, ਪੰ.84

16. ਉਹੀ, ਪੰ.88

17. ਉਹੀ, ਪੰ.95

# ਸ਼ਾਹ ਮੁਹੰਮਦ : ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ

**ਆਰੰਭਿਕਾ :**

ਪਿਆਰੇ ਵਿਦਿਆਰਥੀਓ, ਤੁਸੀਂ ਪਿਛਲੇ ਅਧਿਆਇ ਵਿਚ ਆਪਣੀ ਪਾਠ ਪੁਸਤਕ 'ਮੱਧਕਾਲੀ ਬਿਰਤਾਂਤਕ ਕਾਵਿ' ਵਿਚ ਸ਼ਾਮਿਲ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਚੰਡੀ ਦੀ ਵਾਰ' ਬਾਰੇ ਜਾਣਕਾਰੀ ਹਾਸਿਲ ਕੀਤੀ ਹੈ। ਇਸ ਆਧਿਆਇ 'ਚ ਆਪ ਨੂੰ ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਬਾਰੇ ਜਾਣਕਾਰੀ ਦਿੱਤੀ ਜਾਵੇਗੀ।

**ਸ਼ਾਹ ਮੁਹੰਮਦ** (1780–1862)

ਸ਼ਾਹ ਮੁਹੰਮਦ, ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦਾ ਪ੍ਰਸਿੱਧ ਸ਼ਾਇਰ ਹੈ। ਆਪ ਦਾ ਜਨਮ 1780 ਈ. ਨੂੰ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਵਡਾਲਾ ਵੀਰਮ ਵਿਖੇ ਹੋਇਆ। ਇਨ੍ਹਾਂ ਦੇ ਜਨਮ ਸਥਾਨ ਸੰਬੰਧੀ ਭੁਲੇਖੇ ਸਨ ਪਰ 1973 ਈ. ਵਿਚ ਪੰਜਾਬੀ ਵਿਭਾਗ, ਪਟਿਆਲਾ ਦੀ ਇਕ ਟੀਮ ਵਡਾਲਾ ਵੀਰਮ ਪਹੁੰਚੀ, ਜੋ ਮੌਲਾ ਬਖ਼ਸ਼ ਕੁਸ਼ਤਾ ਦਾ ਵੀ ਪਿੰਡ ਸੀ। ਇੱਥੇ ਦੇ ਰਿਕਾਰਡਾਂ ਅਤੇ ਸ਼ਾਹ ਮੁਹੰਮਦ ਦੇ ਘਰ ਲਗੀ ਪੱਥਰ ਦੀ ਸਲੈਬ ਤੋਂ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਇਹ ਸ਼ਾਹ ਮੁਹੰਮਦ ਇੱਥੋਂ ਦਾ ਹੀ ਜੰਮਪਲ ਸੀ। ਸ਼ਾਹ ਮੁਹੰਮਦ ਦਾ ਖ਼ਾਨਦਾਨ ਕੁਰੈਸ਼ੀ ਘਰਾਣੇ ਵਿਚੋਂ ਸੀ ਤੇ ਉਸ ਦੇ ਪੂਰਵਜ ਮੁਗਲ-ਕਾਲ ਕਾਜ਼ੀ ਸਨ। ਆਪ ਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਵਧੀਆ ਸੰਬੰਧ ਸਨ ਤੇ ਆਪ ਨੇ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਚੜ੍ਹਤ ਤੇ ਅੰਜਾਮ ਦੋਵੇਂ ਅੱਖੀ ਦੇਖੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਨੂੰ ਖੁਸ਼ਹਾਲ ਕਰ ਦਿੱਤਾ ਸੀ। ਇਸ ਸਮੇਂ ਹਿੰਦੂ-ਸਿੱਖ-ਮੁਸਲਿਮ ਸਭ ਮਿਲਜੁਲ ਕੇ ਰਹਿੰਦੇ ਸਨ। ਜੋ ਧਰਮ-ਨਿਰਪੱਖਤਾ ਦੀ ਖ਼ੂਬਸੂਰਤ ਮਿਸਾਲ ਕਹੀ ਜਾ ਸਕਦੀ ਹੈ। ਇਸ ਦੌਰ ਨੇ ਪੰਜਾਬ ਦੇ ਸਾਂਝੇ ਸਭਿਆਚਾਰ ਨੂੰ ਉਤਸਾਹਿਤ ਕੀਤਾ ਤੇ ਸ਼ਾਹ ਮੁਹੰਮਦ ਸਾਂਝੀ ਪੰਜਾਬੀਅਤ ਦਾ ਮੁੱਦਈ ਸੀ। ਸ਼ਾਹ ਮੁਹੰਮਦ ਦੇ ਪਰਿਵਾਰ ਪਾਸ ਇਨ੍ਹਾਂ ਦੀ ਇਕ ਹੋਰ ਰਚਨਾ 'ਸੱਸੀ ਪੁਨੂੰ' ਵੀ ਮਿਲਦੀ ਹੈ ਜਿਸ ਦਾ ਮੌਲਾ ਬਖਸ਼ ਕੁਸ਼ਤਾ ਨੇ 'ਪੰਜਾਬ ਦੇ ਹੀਰੇ' ਵਿਚ ਜ਼ਿਕਰ ਕੀਤਾ ਹੈ। ਪਰ ਇਹ ਰਚਨਾ ਸੰਪੂਰਣ ਰੂਪ ਵਿਚ ਪ੍ਰਕਾਸ਼ਿਤ ਨਾ ਹੋ ਸਕੀ। ਇਸ ਰਚਨਾ ਦੀ ਭਾਸ਼ਾ, ਸ਼ੈਲੀ ਬਾਰੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਇਸ ਨੇ ਸ਼ਾਹ ਮੁਹੰਮਦ ਨੂੰ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਰਚਨਾ ਤੋਂ ਪਹਿਲਾਂ ਹੀ ਕਲਾਮਈ ਗੁਣਾਂ ਵਾਲੀ ਸਾਹਿਤਕ ਸ਼ੈਲੀ ਦਾ ਸਵਾਮੀ ਬਣਾ ਦਿੱਤਾ ਸੀ। ਹਾਸ਼ਮ ਦੀ 'ਸੱਸੀ' ਨੂੰ ਤਾਂ ਭਾਵੇਂ ਪੰਜਾਬੀ ਸਾਹਿਤ ਵਿਚ ਉਤਕ੍ਰਿਸ਼ਟ ਸਥਾਨ ਪ੍ਰਾਪਤ ਹੋਇਆ। ਪਰ ਸ਼ਾਹ ਮੁਹੰਮਦ ਦੇ ਹੋਰ ਸਮਕਾਲੀ ਕਵੀਆਂ ਅਹਿਮਦਯਾਰ ਤੇ ਕਾਦਰਯਾਰ ਨੇ ਵੀ ਇਸੇ ਕਿੱਸੇ ਦੀ ਰਚਨਾ ਕੀਤੀ। ਜਿਨ੍ਹਾਂ ਦੇ ਕਿੱਸਿਆਂ ਦੀ ਕਹਾਣੀ ਤੋਂ ਪ੍ਰੇਰਣਾ ਲੈ ਕੇ ਸ਼ਾਹ ਮੁਹੰਮਦ ਨੇ ਸਮਕਾਲੀ ਸਾਹਿਤ ਸੰਸਕ੍ਰਿਤੀ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣ ਦੀ ਕੋਸ਼ਿਸ਼ ਕੀਤੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਬਾਅਦ ਹੋਈ ਕਤਲੋ-ਗ਼ਾਰਤ ਨੂੰ ਵੀ ਆਪ ਨੇ ਅੱਖੀ ਦੇਖਿਆ ਤੇ ਇਸ ਪੂਰੇ ਦੌਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਆਪਣੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿਚ ਬਹੁਤ ਵਧੀਆ ਢੰਗ ਨਾਲ ਕਲਮਬੱਧ ਕੀਤਾ ਹੈ। ਇਸ ਸਾਹਿਤਕ ਰਚਨਾ ਦਾ ਇਤਿਹਾਸਕ ਦਸਤਾਵੇਜ਼ੀ ਮਹੱਤਵ ਵੀ ਹੈ ਕਿਉਂਕਿ ਇਸ ਵਿਚ ਸ਼ਾਮਿਲ ਘਟਨਾਵਾਂ ਦੀ ਤਸਦੀਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ ਲਿਖੇ ਜਾਂਦੇ ਰੋਜ਼ਨਾਮਚਿਆਂ ਵਿਚੋਂ ਵੀ ਕੀਤੀ ਜਾ ਸਕਦੀ ਹੈ।

ਸ਼ਾਹ ਮੁਹੰਮਦ ਦੁਆਰਾ ਲਿਖਿਆ ਜੰਗਨਾਮਾ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਕਲਾ ਕ੍ਰਿਤ ਮੰਨੀ ਜਾਂਦੀ ਹੈ। ਇਸ ਜੰਗਨਾਮੇ ਵਿਚ ਸ਼ਾਹ ਮੁਹੰਮਦ ਜਿੱਥੇ ਅੰਗਰੇਜ਼ ਸਾਮਰਾਜ ਦੀ ਗੁਲਾਮੀ ਵਿਰੁੱਧ ਘਿਰਣਾ ਨੂੰ ਪ੍ਰਗਟ ਕਰਦਾ ਹੈ ਉਥੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਚੱਲੀਆਂ ਕੋਝੀਆਂ ਚਾਲਾਂ ਕਾਰਨ ਹੋਏ ਕਤਲੋਗਾਰਤ ਦਾ ਬਿਆਨ ਬੜੀ ਕਲਾਤਮਿਕਤਾ ਨਾਲ ਕਰਦਾ ਹੈ। ਕਵੀ ਸਿੱਖ ਫ਼ੌਜ ਦੀ ਸਰਾਹਨਾ ਦੇ ਨਾਲ-ਨਾਲ ਉਸ ਵਿਚ ਫੈਲੀ ਬੁਰਛਾਗਰਦੀ ਦਾ ਪ੍ਰਗਟਾਵਾ ਵੀ ਬੜੇ ਯਥਾਰਥਮਈ ਢੰਗ ਨਾਲ ਕਰਨ ਦਾ ਯਤਨ ਕਰਦਾ ਹੈ। ਲਾਹੌਰ ਦਰਬਾਰ ਵਿਚਲੇ ਡੋਗਰਿਆਂ ਅਤੇ ਸੰਧਾਵਾਲੀਏ ਸਰਦਾਰਾਂ ਦੀ ਆਪਸੀ ਖਿੱਚੋਤਾਣ ਦਾ ਚਿੱਤਰਨ ਵੀ ਕਵੀ ਸੰਕੇਤਾਤਮਿਕ ਅਤੇ ਵਿਅੰਗਮਈ ਸ਼ੈਲੀ ਵਿਚ ਕਰ

ਜਾਂਦਾ ਹੈ। ਇਕ ਇਤਿਹਾਸਕਾਰ ਤੋਂ ਇਲਾਵਾ ਕਵੀ ਹੋਣ ਕਰਕੇ ਸ਼ਾਹ ਮੁਹੰਮਦ ਦੇ ਸੰਵੇਦਨਸ਼ੀਲ ਮਨ ਨੇ ਤਤਕਾਲੀਨ ਪੰਜਾਬ ਦੀਆਂ ਭਿਆਨਕ ਪ੍ਰਸਥਿਤੀਆਂ ਦਾ ਅਨੁਭਵ ਕੀਤਾ ਅਤੇ ਉਸ ਨੇ ਆਪਣੇ ਇਸ ਜੰਗਨਾਮੇ ਵਿਚ ਮਹਾਂਕਾਵਿ ਦੇ ਪਾਸਾਰ ਵਾਲੇ ਵਿਸ਼ਾ-ਵਸਤੂ ਨੂੰ ਸਮੋਣ ਦੀ ਕਸ਼ਿਸ਼ ਕੀਤੀ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਦੀ ਇਹ ਅਦੁੱਤੀ ਰਚਨਾ ਤਤਕਾਲੀਨ ਸਮੇਂ ਦੇ ਨਿਰਨਾਯੁਕਤ ਇਤਿਹਾਸਿਕ ਸਮਾਚਾਰਾਂ ਨਾਲ ਸੰਬੰਧਿਤ ਹੋਣ ਦੇ ਨਾਲ ਸਾਹਿਤਿਕ ਪੱਖੋਂ ਵੀ ਵਿਲੱਖਣ ਆਖੀ ਜਾ ਸਕਦੀ ਹੈ। ਬੇਸ਼ੱਕ ਇਹ ਰਚਨਾ ਆਕਾਰ ਪੱਖੋਂ ਕੇਵਲ 105 ਬੰਦਾਂ ਤਕ ਸੀਮਤ ਹੈ ਪਰ ਇਸ ਦੇ ਬਾਵਜੂਦ ਇਸ ਦੇ ਅੰਤਰੀਵ ਪਾਸਾਰ ਵਿਚ ਬੜਾ ਵਿਸਤਾਰ ਹੈ। ਇਹ ਵਿਸਤਾਰ ਹੀ ਇਸ ਮਹਾਨ ਵਿਸ਼ੇ ਦੇ ਸੰਪੂਰਨ ਪੱਖਾਂ ਵੱਲ ਸੰਕੇਤ ਕਰ ਜਾਂਦਾ ਹੈ।

ਸ਼ਾਹ ਮੁਹੰਮਦ ਦੀ ਖ਼ਾਸੀਅਤ ਇਸ ਗੱਲ ਵਿਚ ਵੀ ਹੈ ਕਿ ਉਹ ਆਪਣੇ ਇਸ ਜੰਗਨਾਮੇ ਵਿਚ ਕਿਸੇ ਵਿਸ਼ੇਸ਼ ਫ਼ਿਰਕੇ, ਧਰਮ ਜਾਂ ਜ਼ਾਤ ਨੂੰ ਕਿਸੇ ਕਿਸਮ ਦੀ ਵਿਸ਼ੇਸ਼ਤਾ ਜਾਂ ਅਹਿਮੀਅਤ ਨਹੀਂ ਦਿੰਦਾ ਬਲਕਿ ਉਹ ਆਪਣੀ ਇਸ ਰਚਨਾ ਵਿਚ ਇਕ ਕੌਮੀ ਜਾਂ ਰਾਸ਼ਟਰੀ ਸ਼ਾਇਰ ਦੇ ਤੌਰ'ਤੇ ਉਭਰਦਾ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਉਹ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਉਲੰਘਦਾ ਹੋਇਆ ਰਾਸ਼ਟਰੀ ਜਜ਼ਬੇ ਅਧੀਨ ਅੰਗਰੇਜ਼ ਸਾਮਰਾਜ ਦੀ ਪੰਜਾਬ ਉੱਪਰ ਵਧ ਰਹੀ ਪਕੜ ਬਾਰੇ ਚਿੰਤਤ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਪੰਜਾਬ ਦਾ ਉਹ ਪਹਿਲਾ ਅਜਿਹਾ ਕਵੀ ਬਣ ਜਾਂਦਾ ਹੈ ਜੋ ਅੰਗਰੇਜ਼ ਸਾਮਰਾਜ ਦੀ ਪੰਜਾਬ ਉੱਪਰ ਕਬਜ਼ਾ ਕਰਨਾ ਦੀ ਕੂਟਨੀਤੀ ਨੂੰ ਸਮਝ ਕੇ ਇਸ ਦਾ ਪਰਦਾਫ਼ਾਸ਼ ਕਰਨ ਦਾ ਯਤਨ ਕਰਦਾ ਹੈ। ਆਪਣੇ ਇਸ ਦ੍ਰਿਸ਼ਟੀਕੋਣ ਸਦਕਾ ਹੀ ਉਹ ਰਣਜੀਤ ਸਿੰਘ ਦੀ ਬਹਾਦਰੀ ਅਤੇ ਉਸ ਦੀ ਸਰਬਸਾਂਝੀਵਾਲਤਾ ਪ੍ਰਤੀ ਸ਼ਰਧਾਂਜਲੀ ਪੇਸ਼ ਕਰਨ ਦੇ ਨਾਲ-ਨਾਲ ਆਮ ਲੋਕਾਈ ਦੇ ਪਿਆਰ ਨੂੰ ਬੜੇ ਭਾਵਨਾਮਈ ਤਰੀਕੇ ਨਾਲ ਚਿੱਤਰ ਜਾਂਦਾ ਹੈ। ਇਹੋ ਕਾਰਨ ਹੈ ਕਿ ਉਸ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਹਾਨ ਕਵੀ ਕਿਹਾ ਜਾਂਦਾ ਹੈ।

ਸ਼ਾਹ ਮੁਹੰਮਦ ਆਪਣੇ ਇਸ ਜੰਗਨਾਮੇ ਵਿਚ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਇਕ ਚੇਤੰਨ ਕਵੀ ਦੇ ਤੌਰ'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। "ਉਸ ਦੀ ਕਾਵਿ ਪ੍ਰਤਿਭਾ, ਪੱਕੀ ਰਸੀ ਸੂਝ-ਬੂਝ, ਸੁਘੜਤਾ ਵਾਲੀ ਸਿਆਣਪ ਤੇ ਰਸਿਕ-ਕਟਾਖਾਂ ਨਾਲ ਭਰਪੂਰ ਅੰਦਾਜ਼, ਉਸ ਦੇ ਪਕੇਰੇ ਕਲਾਤਮਕ ਵਿਅਕਤਿਤਵ ਦੀ ਸਾਖੀ ਭਰਦੇ ਹਨ।"1 ਉਹ ਆਪਣੀ ਰਚਨਾ ਵਿਚਲੀ ਸਮੱਗਰੀ ਦੀ ਕਾਂਟ-ਛਾਂਟ ਕਰਦਾ ਹੋਇਆ ਸੰਕੇਤਿਕ ਸ਼ੈਲੀ ਦੀ ਚੋਣ ਕਰਦਾ ਹੈ ਅਤੇ ਅਨੁਭਵੀ ਤੇ ਰਸਿਕ ਕਵੀ ਦੇ ਤੌਰ'ਤੇ ਸਾਹਮਣੇ ਆਉਂਦਾ ਹੈ। ਉਹ ਸੁਚੱਜਤਾ ਅਤੇ ਸਵੱਛਤਾ ਰਾਹੀਂ ਘਟਨਾਵਾਂ ਦਾ ਵਰਣਨ ਕਰਦਾ ਹੋਇਆ ਵਿਸਤਾਰ ਵਿਚ ਨਹੀਂ ਜਾਂਦਾ ਬਲਕਿ ਆਪਣੇ ਕਾਵਿ ਨੂੰ ਦਰਮਿਆਨੇ ਆਕਾਰ ਦੀ ਨਿਸ਼ਚਿਤ ਹੱਦਬੰਦੀ ਤੱਕ ਹੀ ਮਹਿਦੂਦ ਰੱਖਦਾ ਹੈ। ਇਸ ਗੁਣ ਦੇ ਸਿੱਟੇ ਵਜੋਂ ਹੀ ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਅਨੇਕ ਕਾਵਿ ਗੁਣਾਂ ਅਤੇ ਉਪਗੁਣਾਂ ਦਾ ਖ਼ਜ਼ਾਨਾ ਹੋ ਨਿਬੜਦਾ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ ਦੇ ਕਾਵਿਕ ਗੁਣਾਂ ਦਾ ਵਰਣਨ ਕਰਦੇ ਹੋਏ ਸੰਤ ਸਿੰਘ ਸੇਖੋਂ ਲਿਖਦੇ ਹਨ :

ਕਵੀ ਦੀ ਆਪਣੇ ਮਜ਼ਮੂਨ ਨਾਲ ਅਪਣਤ, ਇਸ ਵਿਚਲੀਆਂ ਘਟਨਾਵਾਂ ਨਾਲ ਨੇੜੇ ਦੀ ਦਿਲਚਸਪੀ, ਸਿੰਘਾਂ ਦੀ ਬਹਾਦਰੀ ਵੱਲ ਸ਼ਰਧਾ ਤੇ ਉਨ੍ਹਾਂ ਦੀ ਬੇਸਮਝੀ ਉੱਤੇ ਅਫ਼ਸੋਸ ਭਰਿਆ ਵਿਅੰਗ , ਕਵਿਤਾ ਬੋਲੀ, ਅਲੰਕਾਰ ਤੇ ਛੰਦ ਸੰਜਮ ਵੱਲੋਂ ਬਹੁਤ ਸਾਫ਼, ਸੁਲਝੀ ਸੰਵਰੀ ਹੋਈ ਹੈ, ਭਾਵੇਂ ਕੋਈ ਕੋਈ ਸਤਰ ਵਧੇਰੇ ਕਰਕੇ ਕਿਤਾਬਤ ਦੇ ਨੁਕਸ ਦੇ ਕਾਰਨ ਕਮਜ਼ੋਰ ਤੇ ਢਿੱਲੀ ਜ਼ਰੂਰ ਹੈ। ਪਰ ਆਮ ਕਰਕੇ ਬੈਂਤਾਂ ਦੀ ਚੁਸਤੀ ਤੇ ਰਵਾਨੀ ਸ਼ਲਾਘਾਯੋਗ ਹੈ। ਇਹ ਕਹਿ ਦੇਣਾ ਕਾਫ਼ੀ ਹੈ ਕਿ ਇਹ ਪੰਜਾਬੀ ਵਿਚ ਸਭ ਤੋਂ ਵਧੀਆ ਇਤਿਹਾਸਿਕ ਕਵਿਤਾ ਹੈ ਅਤੇ ਆਮ ਕਵਿਤਾ ਵਿਚ ਵੀ ਇਸ ਦਾ ਰੁਤਬਾ ਉੱਚਾ ਹੈ।(ਡਾ.ਭੀਮ ਇੰਦਰ ਸਿੰਘ)

## ਵਿਚਾਰਧਾਰਾਈ ਅਧਿਐਨ:

ਸ਼ਾਹ ਮੁਹੰਮਦ ਦੀ ਇਹ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' 1846 ਵਿਚ ਸਾਹਮਣੇ ਆਉਂਦੀ ਹੈ। ਇਸ ਸੰਬੰਧੀ ਇਤਿਹਾਸਕਾਰਾਂ ਦਾ ਇਹ ਅਨੁਮਾਨ ਹੈ ਕਿ ਸ਼ਾਹ ਮੁਹੰਮਦ ਦੇ ਕੁਝ ਰਿਸ਼ਤੇਦਾਰ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਕੰਮ ਕਰਦੇ ਸਨ, ਉਨ੍ਹਾਂ ਦੀ ਮਦਦ ਰਾਹੀਂ ਕਵੀ ਨੇ ਸਿੰਘਾਂ ਤੇ ਅੰਗ੍ਰੇਜ਼ਾਂ ਵਿਚ ਹੋਈ ਜੰਗ ਦਾ ਅਸਲ ਬਿਰਤਾਂਤ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪ ਦੀ ਇਹ ਰਚਨਾ 'ਜੰਗਨਾਮਾ ਸ਼ਾਹ ਮੁਹੰਮਦ', 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ', 'ਵਾਰ ਸ਼ਾਹ ਮੁਹੰਮਦ', 'ਬੈਂਤਾਂ ਸ਼ਾਹ ਮੁਹੰਮਦ' ਅਤੇ 'ਕਿੱਸਾ ਸ਼ਾਹ ਮੁਹੰਮਦ' ਆਦਿ ਨਾਵਾਂ ਨਾਲ ਵੀ ਪ੍ਰਸਿੱਧ ਹੈ। ਇਸ ਵਿਚ ਕਵੀ ਨੇ ਉਸ ਵੇਲੇ ਦੇ ਸਮਾਜ ਦੇ ਰਾਜਨੀਤਕ ਹਾਲਤ ਦੀ ਤਸਵੀਰ ਪੇਸ਼ ਕੀਤੀ ਹੈ। ਜੰਗਨਾਮੇ ਵਿਚ ਮਿਲਦੇ ਵਰਨਣ ਤੋਂ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਪੰਜਾਬੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਵੀ ਅੰਗ੍ਰੇਜ਼ਾਂ ਸਾਹਮਣੇ ਕਮਜ਼ੋਰ ਨਹੀਂ ਸਨ ਪਏ। ਪਰ ਇਹ ਵੀ ਸੱਚ ਹੈ ਕਿ ਉਨ੍ਹਾਂ ਦੀ ਮੌਤ ਦੇ ਬਾਅਦ ਰਾਜ ਵਿਚ ਅਫਰਾ-ਤਫਰੀ ਦਾ ਮਾਹੌਲ ਸੀ ਤੇ ਉਨ੍ਹਾਂ ਦੇ ਵਫਾਦਾਰ ਸਰਦਾਰਾਂ ਵਿਚਾਲੇ ਝਗੜੇ ਵੀ ਸ਼ੁਰੂ ਹੋ ਗਏ ਸਨ। ਜਿਵੇਂ ਚੇਤ ਸਿੰਘ ਨੂੰ ਕੌਰ ਸਿੰਘ ਨੇ ਮਾਰ ਦਿੱਤਾ ਤੇ ਦਰਬਾਰ ਵਿਚ ਖ਼ੂਨ-ਖਰਾਬੇ ਦੀਆਂ ਘਟਨਾਵਾਂ ਵੀ ਸਾਹਮਣੇ ਆਈਆ। ਇਸ ਦੇ ਬਾਅਦ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਨੇ ਰਾਜ ਸਾਂਭਿਆ ਤੇ ਕੌਂਸਲ ਵਿਚ ਕੌਰ ਸਾਹਿਬ ਨੂੰ ਕਈਆਂ ਨੂੰ ਮਾਰਣ ਦਾ ਹੁਕਮ ਹੋਇਆ। ਪੰਜਾਬ ਵਿਚ ਜਦੋਂ ਖੜਕ ਸਿੰਘ ਤੇ ਸ਼ੇਰ ਸਿੰਘ ਦੋਵੇਂ ਰਾਜ ਸਾਂਭਣ ਦੇ ਸਮਰਥ ਨਾ ਰਹੇ ਤਾਂ ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੀਆਂ ਫੌਜਾਂ ਆਪਣੀਆਂ ਮਨ-ਮਾਨੀਆਂ ਕਰਨ ਲਗੀਆਂ। ਕੋਈ ਵੀ ਇਕ ਸਰਦਾਰ ਹੇਠ ਨਹੀਂ ਰਹੀਆਂ, ਸਗੋਂ ਇਨ੍ਹਾਂ ਫੌਜਾਂ ਦੇ ਛੋਟੇ-ਛੋਟੇ ਕਈ ਟੁਕੜੇ ਹੋ ਗਏ। ਇਨ੍ਹਾਂ ਫੌਜਾਂ ਨੇ ਆਪਣੇ ਪੰਚ ਚੁਣੇ, ਪਰ ਇਹ ਪੰਚ ਆਪਣੀ ਮਨਮਰਜ਼ੀ ਕਰਨ ਲਗੇ। ਇਹ ਸਾਰੇ ਹੀ ਆਪਣੇ ਆਪ ਨੂੰ ਖਾਲਸਾ ਪੰਥ ਸਮਝਦੇ ਸਨ ਤੇ ਇਨ੍ਹਾਂ ਵੀਰ ਸਿੰਘ ਵਰਗੇ ਸਿੱਖ ਪੰਥ ਦੇ ਸਤਿਕਾਰਯੋਗ ਧਾਰਮਿਕ ਪੁਰਖ ਨੂੰ ਵੀ ਮਾਰ ਦਿੱਤਾ। ਇਸ ਸਭ ਵਿਚ ਹਾਲਤ ਇਨੇ ਵਿਗੜ ਗਏ ਸਨ ਕਿ ਸਾਰੇ ਫੌਜੀ ਸਰਦਾਰ ਆਪਸ ਵਿਚ ਉਲਝ ਗਏ ਸਨ ਤੇ ਇਕ ਦੂਜੇ ਨਾਲ ਸਾਜ਼ਸ਼ਾਂ ਕਰਕੇ ਇਕ ਦੂਜੇ ਦੀ ਤਾਕਤ ਨੂੰ ਘਟਾ ਰਹੇ ਸਨ। ਇਸ ਦਾ ਫਾਇਦਾ ਵੇਲੇ ਦੀ ਅੰਗ੍ਰੇਜ਼ ਸਰਕਾਰ ਨੇ ਚੁਕਿਆ। ਉਨ੍ਹਾਂ ਨੇ ਟੁਕੜੀਆਂ ਵਿਚ ਵੰਡੇ ਸਿੰਘਾਂ ਨੂੰ ਆਪਸ ਵਿਚ ਲੜਵਾ ਕੇ ਹਕੂਮਤ ਨੂੰ ਆਪਣੇ ਹੱਥ ਵਿਚ ਲੈ ਲਿਆ। ਇਨ੍ਹਾਂ ਹਾਲਤ ਵਿਚ ਫ਼ਿਰੰਗੀਆਂ ਨੇ ਜਦੋਂ ਰਾਜ 'ਤੇ ਹਮਲਾ ਕੀਤਾ ਤਾਂ ਸ਼ਾਮ ਸਿੰਘ ਅਟਾਰੀ ਵਾਲੇ ਨੇ ਵੀਰਤਾ ਨਾਲ ਉਨ੍ਹਾਂ ਨੂੰ ਮੂੰਹ-ਤੋੜ ਜਵਾਬ ਦਿੱਤਾ ਤੇ ਉਨ੍ਹਾਂ ਦੇ ਤਿੰਨੋਂ ਹਮਲੇ ਨਾਕਾਮ ਕਰ ਦਿੱਤੇ। ਇਵੇਂ ਹਿੰਦ ਤੇ ਪੰਜਾਬ ਵਿਚ ਯੁੱਧ ਹੋਣ ਲੱਗੇ, ਦੋਵਾਂ ਬੰਨੇ ਭਾਰੀ ਫੌਜਾਂ ਸਨ। ਇਹ ਸਭ ਦੇਖਣ ਲਈ ਜੇਕਰ ਮਹਾਰਾਜਾ ਰਣਜੀਤ ਸਿੰਘ ਜੀਉਂਦਾ ਹੁੰਦਾ ਤਾਂ ਸਿੰਘਾਂ ਦੀ ਬਹਾਦਰੀ ਦੇਖ ਕਾਫੀ ਖੁਸ਼ ਹੁੰਦਾ। ਪਰ ਦੁੱਖ ਦੀ ਗੱਲ ਇਹ ਸੀ ਕਿ ਬਿਨਾਂ ਸਰਕਾਰ ਤੋਂ ਫੌਜਾਂ ਜਿੱਤ ਕੇ ਵੀ ਹਾਰ ਗਈਆਂ। ਇਸ ਯੁੱਧ ਵਿਚ ਆਮ ਲੋਕਾਂ ਦਾ ਬਹੁਤ ਨੁਕਸਾਨ ਸ਼ਾਹ ਮੁਹੰਮਦ ਆਪਣੀ ਇਸ ਰਚਨਾ ਵਿਚ ਰਾਣੀ ਜਿੰਦਾ ਨੂੰ ਵੀ ਪੰਜਾਬ ਵਿਚ ਯੁੱਧ ਤੇ ਇਨ੍ਹਾਂ ਵਿਚ ਹਾਰ ਲਈ ਜ਼ਿੰਮੇਵਾਰ ਮੰਨਦਾ ਹੈ। ਜਿਸ ਸਮੇਂ ਪੰਜਾਬ ਵਿਚ ਰਾਜ ਲਈ ਸਾਜਿਸ਼ਾਂ ਤੇ ਲੜਾਈਆਂ ਦਾ ਦੌਰ ਚੱਲ ਰਿਹਾ ਸੀ ਤਾਂ ਭਰਾਵਾਂ ਹੱਥੋਂ ਭਰਾਵਾਂ ਦਾ ਕਤਲ ਹੋ ਰਿਹਾ ਸੀ ਜਿਸ ਕਾਰਨ ਬਹੁਤ ਸਾਰੇ ਸਰਦਾਰ ਮਾਰੇ ਗਏ। ਇਸੇ ਕਾਰਣ ਰਾਣੀ ਜਿੰਦਾ ਨੂੰ ਦਲੀਪ ਸਿੰਘ ਦੀ ਜਾਨ ਖਤਰੇ ਵਿਚ ਜਾਪੀ ਕਿਉਂਕਿ ਜਿੰਦਾ ਦੇ ਸਹਿਯੋਗੀਆਂ ਵਿਰੁੱਧ ਵੀ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਸਨ। ਇਨ੍ਹਾਂ ਹਾਲਾਤਾਂ ਵਿਚ ਰਾਣੀ ਜਿੰਦਾ ਨੇ ਅੰਗ੍ਰੇਜ਼ ਸਰਕਾਰ ਨੂੰ ਲਾਹੌਰ, ਫੌਜ ਭੇਜਣ ਦੀ ਇਜਾਜ਼ਤ ਦੇ ਦਿੱਤੀ। ਉਸ ਦੇ ਇਸੇ ਫੈਸਲੇ ਕਰਕੇ ਸ਼ਾਹ ਮੁਹੰਮਦ ਕਹਿੰਦਾ ਹੈ ਕਿ ਰਾਣੀ ਜਿੰਦਾ ਦੇ ਆਪ ਆਪਣੇ ਰਾਜ ਵਿਚ ਫ਼ਿਰੰਗੀਆਂ ਨੂੰ ਸੱਦਾ ਦਿੱਤਾ ਤੇ ਆਪਣਾ ਰਾਜ ਗਵਾ ਲਿਆ। ਇਵੇਂ ਹੀ ਸ਼ਾਹ ਮੁਹੰਮਦ ਨੇ ਹੋਰ ਕਈ ਉਦਾਹਰਣਾਂ ਦੇ ਕੇ ਔਰਤਾਂ ਨੂੰ ਇਤਿਹਾਸ ਵਿਚ ਹੋਈਆਂ, ਲੜਾਈਆਂ ਦਾ ਕਾਰਨ ਦੱਸਿਆ ਹੈ ਜਿਵੇਂ ਰਾਵਣ ਨੇ ਆਪਣੀ ਭੈਣ ਸਰੂਪਨਖ਼ਾ ਕਾਰਣ ਤੇ ਕੌਰਵਾਂ ਪਾਂਡਵਾਂ ਵਿਚਕਾਰ ਦਰੋਪਦੀ ਕਾਰਣ ਲੜਾਈ ਹੋਈ ਸੀ। ਸ਼ਾਹ ਮੁਹੰਮਦ ਅਨੁਸਾਰ ਤਾਂ ਰਾਣੀ ਜਿੰਦਾ ਨੇ ਆਪਣਾ ਬਦਲਾ ਲੈਣ ਲਈ ਇਹ ਸਭ ਕੀਤਾ ਪਰ ਅਸਲ ਵਿਚ ਰਾਣੀ ਜਿੰਦਾ ਆਪ ਹੀ ਸਾਜਿਸ਼ ਦਾ ਸ਼ਿਕਾਰ ਹੋ ਕੇ ਇਸ ਇਲਜ਼ਾਮ ਦਾ ਨਿਸ਼ਾਨਾ ਬਣੀ ਸੀ। ਇਸ ਦੇ ਕਾਫੀ ਸਮੇਂ ਬਾਅਦ ਸਿੰਘਾਂ ਨੂੰ ਸਮਝ ਲਗੀ ਤਾਂ ਉਹ ਸਭ ਕੁਝ ਹੱਥੋਂ ਗਵਾ ਚੁੱਕੇ ਸਨ। ਇਨ੍ਹਾਂ ਨੇ ਆਪਣੀ ਹਾਰ ਦੀ ਜ਼ਿੰਮੇਵਾਰੀ ਵੀ ਰਾਣੀ ਜਿੰਦਾ ਉੱਤੇ ਮੜ੍ਹ ਦਿੱਤੀ ਕਿ ਉਸ ਦੇ ਕਾਰਣ ਪੰਜਾਬ ਉਨ੍ਹਾਂ ਦੇ ਹੱਥੋਂ ਚਲਾ ਗਿਆ। ਇਸ ਸਭ ਦੇ

ਬਾਵਜ਼ੂਦ ਸ਼ਾਹ ਮੁਹੰਮਦ ਇਹ ਆਸ ਰੱਖਦਾ ਹੈ ਕਿ ਰੱਬ ਮਿਹਰਵਾਨ ਹੋਵੇਗਾ ਤਾਂ ਸਿੰਘਾਂ ਦਾ ਰਸਤਾ ਮੁੜ ਆਸਾਨ ਹੋ ਜਾਵੇਗਾ। ਸਿਰਫ ਇਹੀ ਨਹੀਂ ਕਵੀ ਪੰਜਾਬ ਦੇ ਸਾਂਝੇ ਸਭਿਆਚਾਰ ਦੀ ਵੀ ਖੁੱਲ ਕੇ ਤਾਰੀਫ਼ ਕਰਦਾ ਹੈ।

ਹਿੰਦ ਪੰਜਾਬ ਜੰਗ ਦੇ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੇ ਮੌਤ ਮਗਰੋਂ ਸਿਖ-ਰਾਜ ਦੇ ਦੁਖਾਂਤ ਨੂੰ ਇਤਿਹਾਸਕ ਕਾਵਿ ਦੇ ਰੂਪ ਵਿੱਚ ਉਲਲੀਕਿਆਂ ਹੈ। ਇਸਲਾਮੀ ਪਰੰਪਰਾ ਅਨੁਸਾਰ ਇਹ ਜੰਗਨਾਮਾ ਕਰੁਣਾ ਰਸ ਤੋਂ ਆਰੰਭ ਹੋ ਕੇ ਕਾਰਣ ਕਾਰਜ ਰੂਪ ਵਿੱਚ ਵੀਰ ਰਸੀ ਘਟਨਾਵਾਂ ਦਾ ਉਲੇਖ ਕਰ ਕੇ ਕਰਣਾ ਰਸ ਵਿੱਚ ਹੀ ਸਮਾਪਤ ਹੋ ਜਾਂਦਾ ਹੈ। ਜੰਗਨਾਮਾ ਸਾਹਿਤ ਵਿੱਚ ਇਸਨੂੰ ਵਿਸ਼ੇਸ਼ ਮਹੱਤਵ ਮਿਲਿਆ ਹੋਇਆ ਹੈ।

"ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ

ਸਦਾ ਨੀ ਜੇ ਬਾਲ ਵਰੇਸ ਮੀਆਂ।"

ਇਸ ਜੰਗਨਾਮੇ ਵਿੱਚ ਪੰਜਾਬੀਆਂ ਦੀ ਹਾਰ ਹੁੰਦੀ ਹੈ। ਇਹ ਵੀਰਦੁਖਾਂਤ ਹੈ, ਇੱਕ ਤਰਾਸਦੀ ਹੈ, ਇਸ ਲੀ ਕਰੁਣਾ ਰਸ ਦਾ ਮੇਲ ਸੁਭਾਵਕ ਬਣ ਗਿਆ ਹੈ। ਮਹਾਬਲੀ ਰਣਜੀਤ ਸਿੰਘ ਦੀ ਅਥਾਹ ਸ਼ਕਤੀ, ਜਿਸ ਨਾਲ ਉਸਨੇ ਮੁਲਤਾਨ, ਕਸ਼ਮੀਰ ਪਸ਼ੌਰ, ਚੰਬਾ, ਜੰਮੂ, ਕਾਂਗੜਾ ਆਦਿ ਖੇਤਰਾਂ ਨੂੰ ਜਿਤ ਕੇ ਪੰਜਾਹ ਵਰ੍ਹੇ ਰਾਜ ਕੀਤਾ ਦੀ ਪ੍ਰਸ਼ੰਸਾ ਕੀਤੀ ਹੈ।

ਅਜ ਹੋਵੇ ਸਰਕਾਰ ਤਾਂ ਮੁੱਲ ਪਾਵੇ,

ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਇਸ ਜੰਗਨਾਮੇ ਨੂੰ ਦੋ ਮੁੱਖ ਭਾਗਾਂ ਵਿੱਚ ਵੰਡ ਸਕਦੇ ਹਾਂ। ਜੁੱਧ ਦਾ ਕਾਰਣ-ਭਾਗ ਅਤੇ ਜੁੱਧ ਦਾ ਕਾਰਜ ਭਾਗ। ਇਹ ਦੂਜਾ ਭਾਗ 47 ਵੇਂ ਬੈਂਤ ਤੋਂ ਆਰੰਭ ਮੰਨਿਆ ਜਾ ਸਕਦਾ ਹੈ। ਹੁਣ ਦੁਵੱਲੀ ਜੁੱਧ ਦੀਆਂ ਤਿਆਰੀਆਂ ਆਰੰਭ ਹੋ ਗਈਆਂ। ਅੰਤ ਵਿੱਚ।

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।

ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ

ਜੈਸੇ ਬੇਲਿਉ ਨਿਕਲਦੇ ਸ਼ੇਰ ਮੀਆਂ।

ਫਰੰਗੀਆਂ ਤੇ ਸਿੰਘਾਂ ਦੀ ਇਸ ਲੜਾਈ ਵਿੱਚ ਕਵੀ ਨੇ ਦੋਹਾਂ ਧਿਰਾਂ ਦੀ ਬਹਾਦਰੀ ਦਾ ਵਰਣਨ ਕੀਤਾ ਹੈ। ਯੁੱਧ ਚਿਤਰਣ ਕਥਾ ਪ੍ਰਧਾਨ ਹੈ। ਇਹ ਇੱਕ ਇਤਿਹਾਸਕ ਪ੍ਰਬੰਧ ਕਾਵਿ ਹੈ। ਜਿਸ ਵਿੱਚ ਕਵੀ ਦਾ ਧਿਆਨ ਇਤਿਹਾਸਕ ਦੁਖਾਂਤ ਵਲ ਰਿਹਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜੰਗਨਾਮਿਆਂ ਦੀ ਪਰੰਪਰਾ ਨੇ ਪੰਜਾਬੀ ਬੀਰ-ਕਾਵਿ ਦੇ ਭੰਡਾਰ ਨੂੰ ਬਹੁਤ ਅਮੀਰ ਬਣਾ ਦਿੱਤਾ।

ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਸ਼ਾਹ ਮੁਹੰਮਦ ਦੀ ਇੱਕ ਉੱਤਮ ਸਾਹਿਤਕ ਕ੍ਰਿਤ ਹੈ। ਇਸ ਦੀ ਉੱਤਮਤਾ ਇਸ ਤੱਥ ਤੋਂ ਸਿੱਧ ਹੁੰਦੀ ਹੈ ਕਿ 105 ਬੈਂਤਾਂ ਵਿੱਚ ਰਚੀ ਇਸ ਕ੍ਰਿਤ ਨਾਲ ਹੀ ਸ਼ਾਹ ਮੁਹੰਮਦ ਦਾ ਨਾਂ ਪੰਜਾਬੀ ਸਾਹਿਤ ਅੰਦਰ ਸਥਾਪਿਤ ਹੋ ਗਿਆ। ਇਸ ਦੀ ਵਡਿਆਈ ਇਹ ਵੀ ਹੈ ਕਿ ਇਹ ਭਾਰਤ ਨੂੰ ਪੂਰਨ ਰੂਪ ਵਿੱਚ ਆਪਣੇ ਸਾਮਰਾਜ ਦਾ ਭਾਗ ਬਣਾਉਣ ਲਈ ਅੰਗਰੇਜ਼ਾਂ ਵੱਲੋਂ ਲੜੀ ਆਖ਼ਰੀ ਤੋਂ ਪਹਿਲੀ ਜੰਗ ਦੇ ਇਤਿਹਾਸ ਦਾ ਸਰੋਤ ਮੂਲਕ ਦਸਤਾਵੇਜ਼ ਵੀ ਹੈ। ਇਸ ਜੰਗ ਨਾਲ ਬਰਤਾਨਵੀ ਸਾਮਰਾਜ ਨੇ ਭਾਰਤ ਨੂੰ ਤਕਰੀਬਨ ਮੁਕੰਮਲ ਰੂਪ ਵਿੱਚ ਆਪਣੇ ਅਧਿਕਾਰ ਅਧੀਨ ਲੈ

ਲਿਆ ਸੀ। ਸਿੱਖ ਧਰਮ ਦੇ ਉਦੈ ਨਾਲ ਪੰਜਾਬ ਇੱਕ ਵਾਰ ਫਿਰ ਭਾਰਤ ਤੋਂ ਸੁਤੰਤਰ ਨਿਵੇਕਲੀ ਹਸਤੀ ਦੇ ਰੂਪ ਵਿੱਚ ਉੱਭਰਨਾ ਸ਼ੁਰੂ ਹੁੰਦਾ ਹੈ। ਸਿੱਖਾਂ ਦੇ ਰਾਜਨੀਤਕ ਧਿਰ ਵਜੋਂ ਸਥਾਪਿਤ ਹੋਣ ਨਾਲ ਪੰਜਾਬ ਸੁਤੰਤਰ ਰਾਜ ਦਾ ਰੂਪ ਧਾਰਨ ਕਰ ਜਾਂਦਾ ਹੈ। ਸਿੱਖ ਮਿਸਲਾਂ ਅਤੇ ਖ਼ਾਸ ਕਰਕੇ ਰਣਜੀਤ ਸਿੰਘ ਇਸ ਦੀ ਭੂਗੋਲਿਕ ਹੋਂਦ ਨੂੰ ਰਾਜਨੀਤਕ ਅਰਥ ਪ੍ਰਦਾਨ ਕਰਵਾਉਂਦੇ ਹਨ ਜਿਸ ਦਾ ਊਰਜਾ ਸਰੋਤ ਗੁਰੂ ਗ੍ਰੰਥ ਸਾਹਿਬ ਅੰਦਰੋਂ ਫੁੱਟਦਾ ਹੈ। ਇਸ ਦਾ ਰਾਜਨੀਤਕ ਰੂਪ ਖ਼ਾਲਸਾ ਪੰਥ ਸੀ। ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਨਾਇਕ ਵੀ ਇਹੋ ਪੰਥ ਹੈ। ਇਸ ਬਾਰੇ ਉਹ ਲਿਖਦਾ ਹੈ: ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜੇਹੜੀ ਕਰੇਗਾ ਖਾਲਸਾ ਪੰਥ ਮੀਆਂ।66। ਇਹ ਪੰਥ ਪੰਜਾਬ ਨੂੰ ਸੁਤੰਤਰ ਹਸਤੀ ਬਖ਼ਸ਼ਦਾ ਹੈ ਤਾਂ ਹੀ ਇਹ ਜੰਗ ਹਿੰਦ ਤੇ ਪੰਜਾਬ ਦਰਮਿਆਨ ਹੋਈ ਮੰਨੀ ਜਾਂਦੀ ਹੈ: ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।92। ਪੰਜਾਬ ਉੱਤੇ ਕਾਬਜ਼ ਸਿੱਖ ਸਰਦਾਰਾਂ ਨੂੰ ਆਪਣੇ ਵਰਗੀ ਹਿੱਤਾਂ ਕਾਰਨ ਪੰਜਾਬ ਦੀ ਖ਼ਾਲਸਾਈ ਪਛਾਣ ਦੀ ਚੜ੍ਹਤ ਸੂਤ ਨਹੀਂ ਸੀ ਬੈਠਦੀ। ਇਸ ਕਰਕੇ ਉਹ ਇਸ ਪਛਾਣ ਦੀ ਨੀਂਹ ਖ਼ਾਲਸਾ ਫ਼ੌਜ ਨੂੰ ਛਲ, ਕਪਟ ਤੇ ਸਾਜ਼ਿਸ਼ ਨਾਲ ਖੋਰਨ ਲਈ ਬਰਤਾਨਵੀ ਸਾਮਰਾਜ ਨਾਲ ਗੁਪਤ ਸੰਧੀ ਕਰਦੇ ਹਨ। ਰਾਣੀ ਜਿੰਦਾਂ ਜਾਂ ਹੋਰ ਸਰਦਾਰਾਂ ਦਾ ਖ਼ਾਲਸਾ ਫ਼ੌਜ ਤੋਂ ਪ੍ਰੇਸ਼ਾਨ ਰਹਿਣਾ ਵੀ ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿੱਚ -ਵਿਰੋਧ ਦਾ ਕਾਰਨ ਵੀ ਇਹੋ ਵਰਗ ਚੇਤਨਾ ਹੈ। ਉਹ ਇੱਕ ਪਾਸੇ ਤਾਂ ਖ਼ਾਲਸੇ ਦੇ ਗੌਰਵ ਨੂੰ ਚਿਤਰਦਾ ਹੈ ਤੇ ਦੂਜੇ  ਇਨ੍ਹਾਂ ਨੂੰ 'ਬੁਰਛੇ' ਜਾਂ 'ਭੂਤ ਮੰਡਲੀ' ਤਕ ਆਖ ਜਾਂਦਾ ਹੈ। ਇਸ ਸÊ-ਵਿਰੋਧ ਦੀ ਜੜ੍ਹ ਸ਼ਾਹ ਮੁਹੰਮਦ ਦੇ ਵਰਗੀ ਪਿਛੋਕੜ ਵਿੱਚ ਹੈ। ਸ਼ਾਹ ਮੁਹੰਮਦ ਦਾ ਪੁੱਤਰ ਸ਼ਾਹ ਮੁਹੰਮਦ ਬਖ਼ਸ਼ ਵੀ ਤੋਪਖਾਨੇ ਵਿੱਚ ਕਰਨੈਲ ਸੀ। ਉਸ ਦੇ ਕਈ ਸਬੰਧੀ ਵੀ ਉੱਚੇ ਅਹੁਦੇਦਾਰ ਤੇ ਜਾਗੀਰਾਂ ਦੇ ਮਾਲਕ ਸਨ। ਉਹ ਖ਼ਾਲਸਾ ਫ਼ੌਜ ਵਿੱਚ ਤੋਪਖਾਨੇ ਦੇ ਜਰਨੈਲੀ ਅਹੁਦਿਆਂ ਤਕ ਦੇ ਮਾਲਕ ਸਨ। ਭੈਰੋਵਾਲ ਪਿੰਡ ਉਨ੍ਹਾਂ ਨੂੰ ਜਾਗੀਰ ਵਿੱਚ ਮਿਲਿਆ ਹੋਇਆ ਸੀ ਪਰ ਇਸ ਦੇ ਬਾਵਜੂਦ ਸ਼ਾਹ ਮੁਹੰਮਦ ਨੇ ਪੰਜਾਬ ਦੀ ਰੂਹ ਨੂੰ ਚਿਤਰਦਿਆਂ ਇਸ ਜੰਗਨਾਮੇ ਵਿੱਚ ਖ਼ਾਲਸੇ ਦੀ ਹਾਰ ਨੂੰ ਸਿੱਖ ਸਰਦਾਰਾਂ ਦੀ ਕਪਟੀ ਰਾਜਨੀਤੀ ਦੇ ਸਿੱਟੇ ਵਜੋਂ ਪੇਸ਼ ਕਰ ਕੇ ਬਰਤਾਨਵੀ ਸਾਮਰਾਜ ਦੀ ਜਿੱਤ ਨੂੰ ਸਿਫ਼ਰ ਕਰ ਦਿੱਤਾ ਹੈ। ਇਹ ਜਿੱਤ ਇਤਿਹਾਸਕ ਤੱਥ ਹੋਣ ਦੇ ਬਾਵਜੂਦ ਸਾਹਿਤਕ ਸੱਚ ਦਾ ਰੂਪ ਨਹੀਂ ਧਾਰ ਸਕੀ। ਸੰਪੂਰਨ ਜੰਗਨਾਮਾ ਪੰਜਾਬ ਦੀ ਹਾਰ ਨੂੰ ਜਿੱਤ ਵਿੱਚ ਤਬਦੀਲ ਕਰ ਦਿੰਦਾ ਹੈ। ਸ਼ਾਹ ਮੁਹੰਮਦ ਇੱਕ ਸਾਹਿਤਕਾਰ ਸੀ। ਇਸ ਲਈ ਉਸ ਦੀ ਸਾਹਿਤਕ ਪ੍ਰਤਿਭਾ ਉਸ ਦੇ ਵਰਗੀ ਚਰਿੱਤਰ ਨੂੰ ਪਾੜ ਕੇ ਪੰਜਾਬ ਦੇ ਗੌਰਵ ਨੂੰ ਪੂਰੇ ਜਲੌਅ ਨਾਲ ਪੇਸ਼ ਕਰਨ ਵਿੱਚ ਕਾਮਯਾਬ ਹੁੰਦੀ ਹੈ। ਇਸ ਨਾਲ ਸ਼ਾਹ ਮੁਹੰਮਦ ਪੰਜਾਬ ਦੇ ਕੌਮੀ ਕਵੀ ਹੋਣ ਦਾ ਰੁਤਬਾ ਹਾਸਲ ਕਰ ਜਾਂਦਾ ਹੈ। ਇਹ ਜੰਗਨਾਮਾ ਪੰਜਾਬ ਦੇ ਗੌਰਵ ਨੂੰ ਸਥਾਪਿਤ ਕਰਦਾ ਹੈ। ਇਸ ਕਰਕੇ ਇਹ ਰਚਨਾ ਪੰਜਾਬੀ ਪਾਠਕ ਦੇ ਦਿਲ-ਦਿਮਾਗ਼ ਅੰਦਰ ਵਸ ਗਈ ਹੈ। ਉਸ ਦੀ ਜ਼ੁਬਾਨ ਸੁਤੇ-ਸਿੱਧ ਹੀ ਸ਼ਾਹ ਮੁਹੰਮਦ ਦੇ ਬੈਂਤਾਂ ਦਾ ਅਲਾਪ ਕਰਨ ਲੱਗ ਪੈਂਦੀ ਹੈ। ਇਸ ਵਾਸਤੇ ਉਸ ਨੂੰ ਸੁਚੇਤ ਤਰੱਦਦ ਦੀ ਲੋੜ ਨਹੀਂ ਪੈਂਦੀ ਅਤੇ ਕਈ ਬੈਂਤ ਤਾਂ ਉਸ ਦੇ ਅਚੇਤ ਮਨ ਦਾ ਅੰਗ ਹੀ ਬਣ ਗਏ ਹਨ। ਜਿਵੇਂ: ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਵੱਡੀ ਅਫ਼ਾਤ ਆਈ। ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ, ਕੋਈ ਨਹੀਂ ਸੀ ਦੂਸਰੀ ਜਾਤ ਆਈ।3। ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ। ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।58। ਨੰਦਨ ਟਾਪੂਆਂ ਵਿੱਚ ਕੁਰਲਾਟ ਹੋਇਆ, ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।72। ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।90। ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ। ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।2। ਇਸ ਜੰਗਨਾਮੇ ਦੀ ਇਹ ਖ਼ੂਬੀ ਪਾਠਕ ਅੰਦਰ ਇਸ ਦੇ ਅਸਲ ਪਾਠ ਨੂੰ ਪੜ੍ਹਨ-ਸੁਣਨ ਦੀ ਰੀਝ ਨੂੰ ਜਿਉਂਦਾ ਰੱਖਦੀ ਹੈ। ਉਸ ਦੀ ਇਸ ਸੱਧਰ ਨੂੰ ਪੂਰਾ ਕਰਨ ਲਈ ਪੰਜਾਬੀ ਪ੍ਰਕਾਸ਼ਕ ਇਸ ਰਚਨਾ ਦੇ ਅਨੇਕਾਂ ਸੰਸਕਰਨ ਪ੍ਰਕਾਸ਼ਿਤ ਕਰ ਚੁੱਕੇ ਹਨ। ਇਨ੍ਹਾਂ ਸੰਸਕਰਨਾਂ ਦਾ ਕੁੱਲ ਅੰਕੜਾ ਪੰਜਾਬੀ ਜਗਤ ਅੰਦਰ ਫੈਲਾਈ ਜਾ ਰਹੀ ਪਾਠਕਾਂ ਦੀ ਘਾਟ ਹੋਣ ਵਾਲੀ ਧਾਰਨਾ ਨੂੰ ਵੀ ਰੱਦ ਕਰ ਦਿੰਦਾ ਹੈ। ਸਾਹਿਤ ਦੀ ਰੂਪ ਦ੍ਰਿਸ਼ਟੀ ਤੋਂ ਇਹ ਰਚਨਾ ਵਾਰ ਨਹੀਂ ਅਤੇ ਨਾ ਹੀ ਇਹ ਕਿੱਸਾ ਹੈ। ਇਹ ਜੰਗਨਾਮਾ ਹੈ। ਇਸ ਰੂਪ ਦੀ ਟੇਕ, ਹਾਰੀ ਧਿਰ ਦੀ ਵੀਰਤਾ ਦੇ ਗੌਰਵ ਨੂੰ ਸਥਾਪਿਤ ਕਰਨਾ ਹੁੰਦੀ ਹੈ। ਇਸ ਰੂਪਗਤ ਖ਼ੂਬੀ ਸਦਕਾ ਇਸ ਦੀ ਪ੍ਰਧਾਨ ਸੁਰ ਹਾਰ ਨੂੰ ਜਿੱਤ ਦੇ ਰੂਪ ਵਿੱਚ ਹੀ ਪੇਸ਼ ਕਰਦੀ ਹੈ।

ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਜੰਗਨਾਮਾ 1848-49 ਈਸਵੀ ਵਿੱਚ ਅੰਗਰੇਜ਼ਾਂ ਨਾਲ ਹੋਈ ਦੂਜੀ ਤੇ ਆਖ਼ਰੀ ਜੰਗ ਲਈ ਸਿੱਖੀ ਸਿਦਕ ਦਾ ਪ੍ਰੇਰਨਾ ਸਰੋਤ ਵੀ ਸੀ। ਗ਼ੌਰਤਲਬ ਹੈ ਕਿ ਵਿਸ਼ਵ ਸਾਹਿਤ ਅੰਦਰ ਜੰਗਨਾਮਾ ਪਰੰਪਰਾ ਦਾ ਆਧਾਰ ਸਰੋਤ ਕਰਬਲਾ ਦੇ ਯੁੱਧ ਨੂੰ ਮੰਨਿਆ ਗਿਆ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ ਅੱਲ੍ਹਾ ਦੇ ਪ੍ਰੇਮੀ ਹੋਣ ਦਾ ਦਾਅਵਾ ਕਰਨ ਵਾਲੇ ਸੱਜਣ ਕਾਫ਼ਰਾਂ ਦੀ ਵਾਰ ਆਖਦੇ ਹਨ। ਕਈ ਇਸ ਨੂੰ ਸਿੱਖ ਸਰਕਾਰ ਦੇ ਵਾਰਸਾਂ ਦੀ ਬਦਖੋਈ ਵਾਲੀ ਕਿਤਾਬ ਮੰਨਦੇ ਹਨ। ਵਰਗ ਦ੍ਰਿਸ਼ਟੀ ਤੋਂ ਸ਼ਾਹ ਮੁਹੰਮਦ ਜੇ ਚਾਹੁੰਦਾ ਤਾਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਆਨੰਦ ਮਾਣ ਸਕਦਾ ਸੀ ਪਰ ਕਵੀ ਹੋਣ ਨਾਤੇ ਉਸ ਨੇ ਗੁਰੂ ਸੁਹਜ-ਸ਼ਾਸਤਰ ਉੱਤੇ ਪਾਬੰਦ ਰਹਿੰਦਿਆਂ ਪੰਜਾਬੀਅਤ ਨਾਲ ਮੁਹੱਬਤ ਨੂੰ ਹੀ ਤਰਜੀਹ ਦਿੱਤੀ ਸੀ। ਇਹ ਤਰਜੀਹ ਉਸ ਦੀਆਂ ਜਗੀਰਾਂ ਖੋਹ ਲੈ ਗਈ ਪਰ ਬਦਲੇ ਵਿੱਚ ਉਸ ਨੂੰ ਪੰਜਾਬੀ ਸਾਹਿਤ ਦੀ ਸਰਦਾਰੀ ਬਖ਼ਸ਼ ਗਈ। ਵੇਲੇ ਦੇ ਹਾਕਮਾਂ ਦੀ ਨਜ਼ਰ ਵਿੱਚ ਇਸ ਜੰਗਨਾਮੇ ਸਮੇਤ ਸ਼ਾਹ ਮੁਹੰਮਦ ਇੱਕ 'ਸ਼ੱਕੀ' ਬੰਦਾ ਸੀ। ਅਵੇਸ਼ 'ਚ ਆਏ ਪੰਜਾਬੀ ਵਿਦਵਾਨ ਡਾ. ਸੁਤਿੰਦਰ ਸਿੰਘ ਨੂਰ ਇਸ ਰਚਨਾ ਨਾਲ ਪੰਜਾਬੀ ਸਾਹਿਤ ਦਾ ਆਧੁਨਿਕ ਕਾਲ ਆਰੰਭ ਹੋਇਆ ਮੰਨ ਲੈਣ ਦਾ ਮੱਤ ਵੀ ਪੇਸ਼ ਕਰਦੇ ਹੁੰਦੇ ਸਨ। ਇਸ ਜੰਗਨਾਮੇ ਦੇ ਤਕਰੀਬਨ ਸੋਲ੍ਹਾਂ ਨਾਂ ਧਰੇ ਗਏ ਮਿਲਦੇ ਹਨ। ਇਹ ਨਾਂ ਸੰਪਾਦਕਾਂ, ਪ੍ਰਕਾਸ਼ਕਾਂ ਸਮੇਤ ਵੇਲੇ ਦੀ ਵਰਗ ਰਾਜਨੀਤੀ 'ਤੇ ਚਾਨਣਾ ਪਾਉਂਦੇ ਹਨ। ਮੂਲ ਰੂਪ ਵਿੱਚ ਇਹ ਰਚਨਾ ਉਰਦੂ ਵਿੱਚ ਲਿਖੀ ਗਈ ਹੋਵੇਗੀ, ਬਾਅਦ 'ਚ ਇਸ ਦਾ ਲਿਪੀਅੰਤਰ ਗੁਰਮੁਖੀ ਵਿੱਚ ਹੋਇਆ। ਇਸ ਦਾ ਰਚਨਾ ਕਾਲ ਸੰਨ 1846 ਦਾ ਮੱਧ ਮੰਨਿਆ ਗਿਆ ਹੈ। ਇਸ ਦਾ ਲਿਖਣ ਸਥਾਨ ਵਟਾਲਾ (ਬਟਾਲਾ) ਹੈ। ਇਸ ਕਾਰਨ ਸ਼ਾਹ ਮੁਹੰਮਦ ਦੇ ਪਿੰਡ ਬਾਰੇ ਭੁਲੇਖਾ ਉਤਪੰਨ ਹੋਇਆ ਸੀ। ਖੋਜ ਉਪਰੰਤ ਉਸ ਦਾ ਪਿੰਡ ਵਡਾਲਾ ਵੀਰਮ ਤਹਿਸੀਲ ਅੰਮ੍ਰਿਤਸਰ ਸਹੀ ਹੋਇਆ ਹੈ। ਪੰਜਾਬੀ ਸਾਹਿਤ ਦੇ ਖੋਜ ਵਿਦਵਾਨ ਮੌਲਾ ਬਖ਼ਸ਼ ਕੁਸ਼ਤਾ ਦਾ ਵੀ ਇਹੋ ਪਿੰਡ ਹੈ। ਸ਼ਾਹ ਮੁਹੰਮਦ ਦਾ ਖਾਨਦਾਨ ਕੁਰੈਸ਼ੀ ਸੀ। ਸੱਸੀ ਵਾਲਾ ਹਾਸ਼ਮ ਸ਼ਾਹ ਵੀ ਕੁਰੈਸ਼ੀ ਸੀ। ਇਹ ਲੋਕ ਵਿੱਦਿਅਕ ਖੇਤਰ ਅੰਦਰ ਉੱਘੇ ਹਨ। ਸ਼ਾਹ ਮੁਹੰਮਦ ਦੇ ਜੰਗਨਾਮੇ ਰਾਹੀਂ ਪੰਜਾਬੀ ਸਾਹਿਤ ਅੰਦਰ ਪਹਿਲੀ ਵਾਰ ਕਈ ਅੰਗਰੇਜ਼ੀ ਸ਼ਬਦਾਂ ਜਿਵੇਂ ਕੌਂਸਲ, ਅਫ਼ਸਰ, ਕੰਪਨੀ ਆਦਿ ਨੇ ਪ੍ਰਵੇਸ਼ ਪਾਇਆ ਸੀ। ਸ਼ਾਹ ਮੁਹੰਮਦ ਦਾ ਜਨਮ ਸੰਨ 1782 ਮੰਨ ਲਿਆ ਗਿਆ ਹੈ। ਉਹ 1862 ਈਸਵੀ ਵਿੱਚ ਪੂਰਾ ਹੋਇਆ ਸੀ। ਉਸ ਨੇ ਕੁੱਲ 80 ਸਾਲ ਉਮਰ ਭੋਗੀ। ਉਸ ਵੱਲੋਂ ਬੈਂਤਾਂ ਵਿੱਚ ਹੀ ਇੱਕ ਹੋਰ ਰਚਨਾ ਕਿੱਸਾ ਸੱਸੀ ਪੁੰਨੂੰ ਲਿਖਣ ਦਾ ਵੀ ਹਵਾਲਾ ਮਿਲਦਾ ਹੈ ਪਰ ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਨਾਲ ਉਹ ਸਦਾ ਲਈ ਅਮਰ ਹੋ ਗਿਆ ਹੈ।

### 1.5 'ਜੰਗਨਾਮਾ ਸਿੰਘਾਂ ਫ਼ਿਰੰਗੀਆਂ' ਦਾ ਕਲਾਤਮਕ ਪੱਖ :1

ਪੰਜਾਬੀ ਸਾਹਿਤ ਜਗਤ ਵਿਚ ਅੱਜ 'ਜੰਗਨਾਮਾ' ਕਾਵਿ ਦੀ ਪਛਾਣ ਸ਼ਾਹ ਮੁਹੰਮਦ ਦੇ 'ਜੰਗਨਾਮਾ ਤੇ ਫ਼ਿਰੰਗੀਆਂ' ਨਾਲ ਬਣਦੀ ਹੈ। ਉਨ੍ਹਾਂ ਦੁਆਰਾ ਰਚਿਤ ਇਸ ਜੰਗਨਾਮੇ ਦਾ ਪੰਜਾਬੀ ਬੀਰ ਕਾਵਿ ਵਿਚ ਉਹੀ ਸਥਾਨ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਦਾ ਹੈ। ਇਨ੍ਹਾਂ ਦੋਵਾਂ ਹੀ ਰਚਨਾਵਾਂ ਨੂੰ ਪੰਜਾਬੀ ਬੀਰ ਕਾਵਿ ਦੀਆਂ ਸ਼ਾਹਕਾਰ ਰਚਨਾਵਾਂ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਸ਼ਾਹ ਮੁਹੰਮਦ ਦੀ ਇਸ ਰਚਨਾ ਵਿਚੋਂ ਉਸ ਦੇ ਰਚਨਾ ਕਾਲ ਸੰਬੰਧੀ ਤਾਂ ਕੋਈ ਸਿੱਧਾ ਸੰਕੇਤ ਨਹੀਂ ਮਿਲਦਾ ਪਰ ਇਸ ਵਿਚ ਵਰਣਿਤ ਯੁੱਧ ਤੋਂ ਇਸ ਦੇ 1848 ਈ. ਤੋਂ ਪਹਿਲਾਂ ਰਚੇ ਹੋਣ ਦੇ ਅਨੁਮਾਨ ਜ਼ਰੂਰ ਲਗਾਏ ਗਏ ਹਨ। ਕਵੀ ਨੇ ਇਹ ਜੰਗਨਾਮਾ 105 ਬੰਦਾਂ ਵਿਚ ਲਿਖਿਆ ਹੈ। ਬੈਂਤ ਛੰਦ ਵਿਚ ਲਿਖੀ ਗਈ ਇਸ ਰਚਨਾ ਦਾ ਹਰੇਕ ਬੰਦ ਚਾਰ-ਚਾਰ ਤੁਕਾਂ ਦਾ ਹੈ। ਉਨ੍ਹਾਂ ਨੇ ਠੇਠ ਮੁਹਵਰੇ ਵਾਲੀ ਪ੍ਰਵਾਹਮਾਨ ਸ਼ੈਲੀ ਵਿਚ ਇਸ ਦੀ ਸਿਰਜਣਾ ਕੀਤੀ ਹੈ। ਜੰਗਨਾਮੇ ਦੇ ਆਰੰਭ ਵਿਚ ਸ਼ਾਹ ਮੁਹੰਮਦ ਨੇ ਮੱਧਕਾਲੀ ਕਾਵਿ ਰੂਪਾਂ ਦੀ ਪ੍ਰਚਲਿਤ ਵਿਧਾ ਮੁਤਾਬਿਕ ਮੰਗਲਾਚਰਣ ਲਿਖਿਆ ਹੈ। ਇਸ ਵਿਚ ਉਹ ਪਰਮਾਤਮਾ ਦੀ ਅਸੀਮ ਸ਼ਕਤੀ ਸਾਹਮਣੇ ਸਿਜਦਾ ਕਰਦਾ ਨਜ਼ਰ ਆਉਂਦਾ ਹੈ, ਜਿਸ ਦੇ ਹੁਕਮ ਵਿਚ ਸੰਸਾਰ ਦਾ ਇਹ ਸਾਰਾ ਵਰਤਾਰਾ ਚੱਲ ਰਿਹਾ ਹੈ। ਇਸ ਲਈ ਉਸ ਅਕਾਲ ਪੁਰਖ ਦਾ ਭੈਅ ਮਨੁੱਖ ਨੂੰ ਆਪਣੇ ਹਿਰਦੇ ਵਿਚ ਸਦਾ ਰੱਖਣਾ ਚਾਹੀਦਾ ਹੈ। ਸੰਸਾਰ ਦੀ ਸਾਰੀ ਸੱਤਾ ਪਰਮਾਤਮਾ ਦੇ ਹੱਥ ਹੈ ਤੇ ਉਹ ਬਾਦਸ਼ਾਹਾਂ ਤੋਂ ਵੀ ਭੀਖ ਮੰਗਵਾਉਣ ਦੇ ਸਮਰੱਥ ਹੈ:

ਅੱਵਲ ਹਮਦ ਜਨਾਬ ਅੱਲਾਹ ਦੀ ਨੂੰ, ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।

ਚੌਦਾਂ ਤਬਕਾਂ ਦਾ ਨਕਸ਼ ਨਿਗਾਰ ਕਰਕੇ, ਰੰਗਾ ਰੰਗ ਦੇ ਭੇਖ ਰਚਾਂਵਦਾ ਈ।

ਸਫਾਂ ਪਿਛਲੀਆਂ ਸਭ ਸਮੇਟ ਲੈਂਦਾ, ਅੱਗੇ ਹੋਰ ਹੀ ਹਰ ਵਿਛਾਂਵਦਾ ਈ।

ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ, ਬਾਦਸ਼ਾਹਾਂ ਥੀਂ ਭੀਖ ਮੰਗਾਂਵਦਾ ਈ।

ਇਹ ਜੰਗਨਾਮਾ ਲਿਖਣ ਸਮੇਂ ਸ਼ਾਹ ਮੁਹੰਮਦ ਦਾ ਸੂਖ਼ਮ ਮਨ, ਵੇਲੇ ਦੇ ਹਾਲਾਤ ਦੇਖਦਿਆਂ ਪੂਰੀ ਤਰ੍ਹਾਂ ਝੰਜੋੜਿਆਂ ਜਾਂਦਾ ਹੈ। ਉਸ ਨੇ ਅੰਗ੍ਰੇਜ਼ਾਂ ਨਾਲ ਹੋਏ ਖਾਲਸਾ ਫੌਜਾਂ ਦੇ ਪਹਿਲੇ ਯੁੱਧ ਦੇ ਸਮਾਚਾਰਾਂ ਦੀਆਂ ਅਦਭੁੱਤ ਬੀਰ ਝਲਕੀਆਂ ਨੇ ਉਸ ਵਿਚ ਇਨ੍ਹਾਂ ਜ਼ੋਰ ਭਰ ਦਿੱਤਾ ਕਿ ਇਸ ਦੇ ਬਿਆਨ ਸਮੇਂ ਉਹ ਕੁਰਲਾ ਉਠਿਆ ਸੀ। ਇਹ ਸਿਰਫ ਸ਼ਾਹ ਮੁਹੰਮਦ ਦੀ ਦਿਲਾਂ ਨੂੰ ਵਿੰਨਣ ਵਾਲੀ ਪੁਕਾਰ ਨਹੀਂ ਸੀ ਸਗੋਂ ਇਹ ਤਾਂ ਸਮਾਜ ਵਿਚ ਮਚੀ ਹਾਹਾਕਾਰ ਸੀ, ਜਿਸ ‘ਤੇ ਪੰਜਾਬੀ ਦੇ ਮਨ ਤੇ ਆਤਮਾ ਨੂੰ ਯਕੀਨ ਨਹੀਂ ਹੋ ਰਿਹਾ ਕਿ ਉਹ ਹੋਣੀ ਦੀ ਇਸ ਮਾਰ ਥੱਲੇ ਆ ਚੁੱਕੇ ਹਨ। ਉਸ ਦੀ ਰਚਨਾ ਵਿਚ ਜਿੱਥੇ ਗ਼ੁਲਾਮੀ ਵਿਰੁੱਧ ਘ੍ਰਿਣਾ ਦੇਖਣ ਨੂੰ ਮਿਲਦੀ ਹੈ ਉੱਥੇ ਸੁਤੰਤਰਤਾ ਲਈ ਪ੍ਰੇਮ ਦਾ ਜਜ਼ਬਾ ਵੀ ਆਪਣੇ ਜਲੌਅ ਵਿਚ ਹੈ। ਖਾਲਸਾ ਫੌਜ ਦੀ ਬੀਰਤਾ ਦੀ ਮਹਿਮਾ ਥਾਂ-ਥਾਂ ‘ਤੇ ਮੌਜੂਦ ਹੈ। ਇਸ ਦੇ ਨਾਲ ਹੀ ਲਾਹੌਰ ਦਰਬਾਰ ਵਿਚ ਚਲੀਆਂ ਗਈਆਂ ਚਾਲਾ, ਡੋਗਰਿਆਂ ਤੇ ਸੰਧਾਵਾਲੀਆਂ ਸਰਦਾਰਾਂ ਦੀ ਆਪਸ ਵਿਚ ਚਲਦੀ ਖਿਚੋਤਾਣ ਤੇ ਸੈਨਾ ਦੀ ਬੁਰਛਾਗਰਦੀ ਨੇ ਕਵੀ ਦੇ ਸੰਵੇਦਨਸ਼ੀਲ ਮਨ ਨੂੰ ਕਾਫੀ ਪ੍ਰਭਾਵਿਤ ਕੀਤਾ। ਇਸ ਸਾਰੇ ਮਾਹੌਲ ਵਿਚ ਸਭ ਤੋਂ ਵੱਧ ਦੁੱਖੀ ਗੱਦਾਰ, ਨਮਕ ਹਰਾਮ ਤੇ ਭਗੋੜੇ ਜਰਨੈਲਾਂ ਤੋਂ ਹੁੰਦਾ ਹੈ। ਉਸ ਦੀ ਰਚਨਾ ਦੀ ਖ਼ੂਬੀ ਇਹ ਵੀ ਹੈ ਕਿ ਉਸ ਨੇ ਸਿੰਘਾਂ ਤੇ ਫ਼ਿਰੰਗੀਆਂ ਵਿਚ ਹੋਏ ਇਸ ਯੁੱਧ ਵਿਚ ਦੋਵਾਂ ਸੈਨਾਵਾਂ ਵੱਲੋਂ ਦਿਖਾਈ ਬੀਰਤਾ ਦਾ ਚਿੱਤਰਣ ਸਮਾਨ ਰੂਪ ਵਿਚ ਕਰਦਿਆਂ ਆਪਣੇ ਸੱਚੇ

ਇਤਿਹਾਸਕਾਰ ਹੋਣ ਦਾ ਫਰਜ਼ ਨਿਭਾਇਆ ਹੈ। ਪਰ ਇਸ ਦੇ ਨਾਲ ਹੀ ਕਵੀ ਉਨ੍ਹਾਂ ਦੀ ਧੋਖੇਬਾਜ਼ ਕੂਟਨੀਤੀ ਤੋਂ ਵੀ ਚੰਗੀ ਤਰ੍ਹਾਂ ਨਾਲ ਵਾਕਿਫ਼ ਸੀ। ਸਿਰਫ਼ ਇਹੀ ਨਹੀਂ ਇਸ ਸਾਰੇ ਇਤਿਹਾਸਕ ਸਮਾਚਾਰ ਪਿਛੇ ਲੁਕੀ ਹਕੀਕਤ ਦਾ ਵੀਉਸ ਨੂੰ ਪੂਰਾ ਗਿਆਨ ਸੀ, ਜਿਸ ਦਾ ਪ੍ਰਮਾਣ ਇਨ੍ਹਾਂ ਪੰਗਤੀਆਂ ਵਿਚ ਮਿਲਦਾ ਹੈ:

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।

ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਇਨ੍ਹਾਂ ਪੰਗਤੀਆਂ ਅੰਦਰ ਸ਼ਾਇਰ ਵਾਪਰੇ ਦੁਖਾਂਤ ਪਿਛੇ ਕਾਰਜਸ਼ੀਲ ਰਾਜਨੀਤੀ ਵੱਲ ਸੰਕੇਤ ਕਰਦਾ ਸਮੁੱਚੀ ਘਟਨਾ ਦਾ ਕੇਂਦਰੀ ਭਾਵ ਪੇਸ਼ ਕਰਦਾ ਹੈ। ਜੋ ਦੱਸਣਾ ਉਸ ਦਾ ਅਸਲ ਮਨੋਰਥ ਸੀ। ਇਸੇ ਤਰ੍ਹਾਂ ਕੁਝ ਹੋਰ ਪੰਕਤੀਆਂ ਤੋਂ ਵੀ ਉਸ ਦਾ ਇਹ ਵਿਅੰਗ ਹੋਰ ਸਪਸ਼ਟ ਹੋ ਜਾਂਦਾ ਹੈ:

ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।

ਮੁੰਠ ਮੀਟੀ ਸੀ ਏਸ ਪੰਜਾਬ ਦੀ ਜੀ, ਇਨ੍ਹਾਂ ਖੋਲ੍ਹ ਦਿਤਾ ਸਾਰਾ ਪਾਜ ਯਾਰੋ।

ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੇ ਰਾਜ ਨਾ ਹੋਇ ਮੁਹਤਾਜ ਯਾਰੋ।

ਇਸ ਤੋਂ ਸਪਸ਼ਟ ਹੈ ਕਿ ਸ਼ਾਹ ਮੁਹੰਮਦ ਆਪਣੀ ਰਚਨਾ ਵਿਚ ਉਸ ਬੁਰਛਾਗਰਦੀ ਦਾ ਭਰਪੂਰ ਚਿਤਰਣ ਕਰਨ ਵਿਚ ਸਫ਼ਲ ਰਿਹਾ ਹੈ ਜੋ ਇਸ ਸਾਰੇ ਦੁਖਾਂਤ ਦਾ ਕਾਰਣ ਬਣੀ ਸੀ। ਇਸ ਦੇ ਨਾਲ ਹੀ ਉਸ ਨੇ ਪੰਜਾਬ ਦੇ ਕੌਮੀ ਸਮਰਾਟ ਮਹਾਰਾਜਾ ਰਣਜੀਤ ਸਿੰਘ ਜੀ ਤੇ ਉਨ੍ਹਾਂ ਦੇ ਦੇਸ਼ ਭਗਤ ਸੂਰਬੀਰਾਂ ਦੀ ਬੀਰਤਾ ਦਾ ਗੁਣ ਗਾਇਨ ਕੀਤਾ ਹੈ ਜੋ ਵੈਰੀ ਨਾਲ ਲੋਹਾ ਲੈਂਦੇ ਦੇਸ਼ ਦੀ ਸੁਤੰਤਰਤਾ ਲਈ ਆਪਣੇ ਖ਼ੂਨ ਦੀ ਆਖਰੀ ਬੂੰਦ ਤਕ ਵਹਾ ਗਏ ਸਨ। ਇਸ ਸਾਰੇ ਬਿਰਤਾਂਤ ਦਾ

ਵਰਨਣ ਕਵੀ ਨੇ ਆਪਣੀ ਪਕੇਰੀ ਸੂਝ ਨਾਲ ਕੀਤਾ ਹੈ। ਉਸ ਨੇ ਆਪਣੀ ਇਸ ਰਚਨਾ ਵਿਚ ਕੁਝ ਅਟੱਲ ਸਚਾਈਆਂ ਨੂੰ ਵੀ ਦ੍ਰਿੜ੍ਹ ਕਰਵਾਇਆ ਹੈ। ਸ਼ਾਹ ਮੁਹੰਮਦ ਜੋ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਹਿੰਦੂ-ਮੁਸਲਿਮ ਸੰਸਕ੍ਰਿਤੀ ਨੂੰ ਮੰਨਣ ਵਾਲਾ ਸੀ। ਉਸ ਨੂੰ ਅੰਗ੍ਰੇਜ਼ਾਂ ਦੇ ਪੰਜਾਬ ਵਿਚ ਆਉਣ 'ਤੇ ਕਾਫੀ ਪੀੜ ਮਹਿਸੂਸ ਹੁੰਦੀ ਹੈ। ਜਦਕਿ ਉਸ ਨੂੰ ਹਾਲੇ ਉਨ੍ਹਾਂ ਖਤਰਨਾਕ ਪ੍ਰਣਾਮਾਂ ਦਾ ਪਤਾ ਨਹੀਂ ਲਗਿਆ ਸੀ ਜੋ ਅੰਗ੍ਰੇਜ਼ਾਂ ਦੇ ਸ਼ਾਸ਼ਨ ਕਾਲ ਵਿਚ ਮਗਰੋਂ ਵਾਪਰੇ ਸਨ। ਇਸ ਦੇ ਬਾਵਜੂਦ ਉਸ ਨੇ ਆਸ ਦਾ ਪਲਾ ਨਹੀਂ ਛੱਡਿਆ ਜੋ ਪੰਜਾਬ ਦੇ ਇਤਿਹਾਸ ਵਿਚ ਨਵੀਂ ਨੁਹਾਰ ਲਿਆ ਸਕਦਾ ਸੀ। ਆਪਣੇ ਇਸੇ ਆਦਰਸ਼ੀਕਰਣ ਦੇ ਚੌਖਟੇ 'ਚੋਂ ਕਵੀ ਨੇ ਕੁਝ ਨਵੇਂ ਸਮਾਚਾਰਾਂ ਦੇ ਸੰਕੇਤ ਦਿੱਤੇ ਤੇ ਨਾਲ ਹੀ ਆਪਣੇ ਤਿੱਖੇ ਪ੍ਰਤੀਕਰਮਾਂ ਨੂੰ ਵੀ ਪੇਸ਼ ਕੀਤਾ ਜੋ ਸੱਚ ਵਿਚ ਆਉਣ ਵਾਲੇ ਸਮੇਂ ਲਈ ਸਾਮਰਾਜ ਵਿਰੋਧੀ ਸਾਹਿਤਕ ਸੂਝ ਲਈ ਪ੍ਰੇਰਣਾਸਰੋਤ ਬਣ ਸਕੇ।ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ ਅਫ਼ਾਤ ਆਹੀ।

ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕੋਈ ਨਹੀਂ ਸੀ ਤੀਸਰੀ ਜ਼ਾਤ ਆਹੀ।

ਰੱਬ ਚਾਹੇਗਾ ਤਾਂ ਕਰੇਗਾ ਮਿਹਰਬਾਨੀ, ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ

ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ, ਉਹ ਦੇ ਨਾਲ ਨਾ ਕਿਸੇ ਵਾਸਤਾ ਈ।

ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ, ਖੁਦੀ ਆਪਣੀ ਵਿਚ ਮਹਾਸਤਾ ਈ।

ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ, ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ।

ਸ਼ਾਹ ਮੁਹੰਮਦ ਦੀ ਵਿਅੰਗਮਈ ਤੇ ਕਟਾਖਸ਼ਮਈ ਬਿਰਤੀ ਉਸ ਦੀ ਰਚਨਾ ਵਿਚ ਪ੍ਰਕਰਣ ਸਿਰਜਣ ਵੇਲੇ ਥਾਂ-ਥਾਂ ਖਿਲਰੀ ਨਜ਼ਰ ਆਉਂਦੀ ਹੈ। ਜੋ ਉਸ ਨੂੰ ਉਸ ਦੇ ਸਮੇਂ ਬੁਧੀਜੀਵੀ ਵਿਦਵਾਨ ਵਿਅਕਤੀਆਂ ਦੀ ਸ੍ਰੇਣੀ ਵਿਚ ਥਾਂ ਦੁਵਾਉਂਦੀ ਹੈ। ਸ਼ਾਹ ਮੁਹੰਮਦ ਦੀ ਰਚਨਾ ਦਾ ਪ੍ਰਭਾਵ ਇਨ੍ਹਾਂ ਸਮਾਂ ਬੀਤਣ ਦੇ ਬਾਅਦ ਵੀ ਚਿੰਰਜੀਵੀ ਰਹਿੰਦਾ ਹੈ। ਸਿਰਫ ਇਹੀ ਨਹੀਂ ਪੰਜਾਬ ਦੀ ਸੰਸਕ੍ਰਿਤੀ ਦਾ ਰੰਗਨ, ਇਤਿਹਾਸਕ ਵਿਰਸੇ ਨਾਲ ਸੰਬੰਧਿਤ ਤੱਥ, ਲੋਕ-ਉਕਤੀਆਂ ਉਸ ਦੀ ਪਕੇਰੀ ਸੂਝ ਵੱਲ ਵੀ ਸੰਕੇਤ ਕਰਦੇ ਹਨ। ਸ਼ਾਹ ਮੁਹੰਮਦ ਦੀ ਕਾਵਿ-ਪ੍ਰਤਿਭਾ, ਰਸਾਂ ਦਾ ਪਕੇਰਾ ਗਿਆਨ, ਸੁਘੜ ਸਿਆਣਪ ਵਾਲਾ ਅੰਦਾਜ਼ ਉਸ ਦੇ ਕਲਾਤਮਕ ਸੁਹਜ ਨੂੰ ਪ੍ਰਗਟ ਕਰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਦੀ ਵਿਲੱਖਣਤਾ ਆਪਣੇ ਵੇਲੇ ਦੇ ਨਿਰਣਾ-ਯੁਕਤ ਇਤਿਹਾਸਕ ਘਟਨਾ ਕ੍ਰਮ ਨੂੰ ਬਿਆਨ ਕਰਨ ਵਿਚ ਹੈ। ਇਹ ਆਕਾਰ ਪੱਖੋਂ ਭਾਵੇਂ ਸੀਮਿਤ ਹੈ ਪਰ ਅੰਤਰੀਵ ਅਰਥਾਂ ਵਿਚ ਮਹਾਨ ਵਿਸ਼ੇ ਦੇ ਸੰਪੂਰਣ ਪੱਖਾਂ ਵੱਲ ਸੰਕੇਤ ਕਰਦੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬੁਹਤ ਘੱਟ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੇ ਸ਼ਾਹ ਮੁਹੰਮਦ ਵਾਂਗ ਵੇਲੇ ਦੇ ਸੱਚ ਨੂੰ ਇੰਨੀ ਸੁਹਿਰਦਤਾ ਨਾਲ ਪੇਸ਼ ਕੀਤਾ ਹੋਵੇ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਲੋਕਾਂ ਦੇ ਅਮਨ ਤੇ ਸ਼ਾਂਤੀਪੂਰਣ ਜੀਵਨ ਦੇ ਨਾਲ-ਨਾਲ ਜੋ ਰਾਸ਼ਟਰੀ ਚੇਤਨਾ ਪਨਪਦੀ ਹੈ ਉਸ ਦਾ ਜਿਕਰ ਵੀ ਸ਼ਾਹ ਮੁਹੰਮਦ ਨੇ ਇਸ ਜੰਗਨਾਮੇ ਵਿਚ ਕੀਤਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।

ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।

ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ, ਸਿੱਕਾ ਆਪਣੇ ਨਾਮ ਚਲਾਇ ਗਿਆ।

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਹੱਛਾ ਰੱਜ ਕੇ ਰਾਜ ਕਮਾਇ ਗਿਆ।

ਕਵੀ ਦੇ ਇਸ ਬਿਆਨ ਤੋਂ ਸਪਸ਼ਟ ਹੈ ਕਿ ਉਸ ਨੇ ਆਪਣੇ ਜੀਵਨ ਕਾਲ ਵਿਚ ਹੋਸ਼ ਸੰਭਾਲਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਦੇ ਉਸ ਜਲੋਅ ਨੂੰ ਦੇਖਿਆ ਸੀ ਜਿਸ ਨੇ ਵਿਸ਼ਵ ਵਿਆਪੀ ਸ਼ਕਤੀਆਂ ਨੂੰ ਹੈਰਾਨ ਕੀਤਾ ਹੋਇਆ ਸੀ।

ਇਸ ਦੇ ਨਾਲ ਹੀ ਮਹਾਰਾਜ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਤੇ ਕੰਵਰ ਪਿਸ਼ੌਰਾ ਸਿੰਘ ਦੇ ਦੁਖਾਂਤਕ ਅੰਤ ਨੇ ਵੀ ਉਸ ਦੇ ਮਨ 'ਤੇ ਕਾਫੀ ਪ੍ਰਭਾਵ ਪਾਇਆ। ਇਸ ਦੇ ਕਾਰਨਾਂ ਅਰਥਾਤ ਦਰਬਾਰ ਵਿਚ ਡੋਗਰਿਆਂ ਤੇ ਸੰਧਾਵਾਲੀਆਂ ਦੀ ਆਪਸੀ ਖਿਚੋਤਾਣ ਤੇ ਬੇਮੁਹਾਰੀ ਹੋ ਚੁੱਕੀ ਖਾਲਸਾ ਸੈਨਾ ਦੀ ਬੁਰਛਾਗਰਦੀ ਨੂੰ ਰਾਜ-ਵਿਰੋਧੀ ਘਟਨਾ ਖਿਆਲ ਕਰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਮਹਾਂ-ਕਾਵਿ ਵਾਲਾ ਵਿਸ਼ਾ-ਵਸਤੂ ਸਮੋਇਆ ਹੋਇਆ ਹੈ। ਜਿਸ ਨੂੰ ਕਵੀ ਨੇ ਕਈ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਹੈ। ਇਸ ਦੇ ਪਹਿਲੇ ਬੰਦ ਨੂੰ ਉਥਾਪਨਾ ਆਖਿਆ ਜਾ ਸਕਦਾ ਹੈ ਤੇ ਦੂਜੇ ਨੂੰ ਅੰਤਿਕਾ। ਵਿਚਲੀ ਮੂਲ ਸਾਮਗ੍ਰੀ ਨੂੰ ਵੀ ਦੋ ਭਾਗਾਂਵਿਚ ਵੰਡਿਆ ਗਿਆ ਹੈ। ਇਸ ਵਿਚ ਸਭ ਤੋਂ ਪਹਿਲਾ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਭੁਤਾ ਦਾ ਵਰਣਨ ਕਰਨ ਦੇ ਬਾਅਦ ਕਵੀ ਲਾਹੌਰ ਦਰਬਾਰ ਵਿਚ ਹੋਏ ਉਪਦਰਾਂ ਦਾ ਵਰਣਨ ਕਰਦਾ ਹੈ। ਜੋ ਰਚਨਾ ਦੇ ਲਗਭਗ ਅੱਧੇ ਭਾਗ ਵਿਚ ਫੈਲਿਆ ਹੋਇਆ ਹੈ। ਬਾਕੀ ਦਾ ਅੱਧਾ ਹਿੱਸਾ ਹਿੰਦ ਪੰਜਾਬ ਦੀ ਜੰਗ ਨੂੰ ਵਿਸ਼ਾ ਬਣਾਉਂਦਾ ਹੈ। ਇਸ ਵਿਚ ਫ਼ੌਜ ਦੀ ਚੜ੍ਹਤ, ਸਤਲੁਜ ਤੋਂ ਪਾਰ ਲੰਘਣਾ, ਮੁਕਦੀ, ਫੇਰੂ, ਬਦੋਵਾਲ, ਅਲੀਵਾਲ ਆਦਿ ਲੜਾਈ ਦਾ ਹਾਲ ਬਿਆਨ ਕੀਤਾ ਗਿਆ ਹੈ। ਇਸ ਰਚਨਾ ਵਿਚ ਹਰ ਥਾਂ ਤੇ ਇਤਿਹਾਸਕ ਤੱਥਾਂ ਦੀ ਪ੍ਰਧਾਨਤਾ ਰਹਿੰਦੀ ਹੈ। ਸਿਰਫ ਇਕ ਦੋ ਜਗ੍ਹਾ 'ਤੇ ਵਿਸ਼ੇਸ਼ ਕਰਕੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਵਾਲੇ ਪ੍ਰਸੰਗ ਵਿਚ ਕਵੀ ਦਾ ਝੁਕਾਅ ਪ੍ਰਕ੍ਰਿਤਕ ਪੱਖ ਵਲ ਵਧੇਰੇ ਜਾਪਦਾ ਹੈ। ਇਸ ਤੋਂ ਛੁਟ ਕਵੀ ਦਾ ਸਾਰਾ ਵਰਣਨ ਇਤਿਹਾਸ ਦੀ ਯਥਾਰਥਕਤਾ ਦੇ ਬਿਆਨ ਨਾਲ ਸੰਬੰਧਿਤ ਹੈ। ਸ਼ਾਹ ਮੁਹੰਮਦ ਆਪਣੀ ਰਚਨਾ ਦੇ ਵਿਸ਼ਾ-ਵਸਤੂ, ਵਿਉਂਤਬੰਦੀ ਵਰਗੇ ਸਾਰੇ ਪੱਖਾਂ ਵੱਲੋਂ ਚੇਤੰਨ ਕਵੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਉਸ ਦੀ ਇਸ ਕ੍ਰਿਤ ਵਿਚ ਹੋਰ ਵੀ ਕਈ ਕਾਵਿਕ ਗੁਣ ਵੇਖੇ ਜਾ ਸਕਦੇ ਹਨ। ਉਸ ਦੀ ਸੰਜਮੀ, ਪਰ ਨਿਖਰਵੇਂ ਬਿਆਨ ਵਾਲੇ ਅੰਦਾਜ਼ ਦਾ ਕੋਈ ਮੁਕਾਬਲਾ ਨਹੀਂ ਹੈ:

ਧੌਂਸਾ ਵਜਿਆ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।

ਚੜ੍ਹੇ ਪੁਤਰ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।

ਉਸ ਦੀ ਕਲਾਤਮਕਤਾ ਦਾ ਦੂਜਾ ਪੱਖ ਰਸ ਉਸਾਰੀ ਵਿਚ ਦੇਖ ਸਕਦੇ ਹਾਂ। ਬੀਰ ਰਸ ਨਾਲ ਸੰਬੰਧਿਤ ਇਸ ਜੰਗਨਾਮੇ ਵਿਚ ਬਹੁਤ ਸਾਰੇ ਉਦਾਹਰਣ ਮਿਲਦੇ ਹਨ ਜਿਸ ਵਿਚ ਕਵੀ ਨੇ ਦੋਵਾਂ ਧਿਰਾਂ ਦੀ ਬੀਰਤਾ ਨੂੰ ਨਿਰਪੱਖ ਹੋ ਕੇ ਬਿਆਨਕੀਤਾ ਹੈ। ਇਸ ਸਮੇਂ ਉਸ ਦੀ ਸ਼ਬਦਾਵਲੀ ਵੀ ਬੀਰ-ਰਸ ਭਰਪੂਰ ਹੋ ਨਿਬੜਦੀ ਹੈ ਜਿਸ ਵਿਚੋਂ ਯੁੱਧ ਦੇ ਦ੍ਰਿਸ਼ ਚਿੱਤਰ ਤੇ ਨਾਦ ਉਭਰ ਆਉਂਦੇ ਹਨ:

ਮੁੜ ਕੇ ਫੇਰ ਫ਼ਿਰੰਗੀਆਂ ਜ਼ੋਰ ਪਾਇਆ, ਲਾਟਾਂਦਾਰ ਗੋਲੇ ਓਥੇ ਆਣ ਛੁੱਟੇ।

ਉੱਡੀ ਰਾਲ ਤੇ ਚਾਦਰਾਂ ਕੜਕੀਆਂ ਨੀ, ਕੈਰੋਂ ਪਾਂਡਵਾਂ ਦੇ ਜੈਸੇ ਬਾਣ ਛੁੱਟੇ।

ਇਵੇਂ ਹੀ ਕਰੁਣਾ ਰਸ ਦਾ ਰੰਗ ਵੀ ਇਸ ਰਚਨਾ ਵਿਚੋਂ ਝਲਕਦਾ ਹੈ ਜਿਸ ਦੀ ਮੁੱਖ ਸੁਰ ਦੁਖਾਂਤ ਬਿਆਨ ਦਾ ਹੀ ਰਹਿੰਦਾ ਹੈ ਜੋ ਇਤਿਹਾਸਕ ਤੱਥ ਵਾਂਗ ਇਨ੍ਹਾਂ ਸਾਰੀਆਂ ਘਟਨਾਵਾਂ ਵਿਚ ਵਿਆਪਤ ਰੱਖਦਾ ਹੈ:

ਕਈ ਮਾਵਾਂ ਦੇ ਪੁੱਤਰ ਨੀ ਮੋਏ ਓਥੇ, ਸੀਨੇ ਲੱਗੀਆਂ ਤੇਜ ਕਟਾਰੀਆਂ ਨੀ।

ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ, ਪਈਆਂ ਰੋਂਦੀਆਂ ਫਿਰਨ ਵਿਚਾਰੀਆਂ

ਨੀ।

ਜੰਗੀਂ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ, ਖੁਲ੍ਹੇ ਵਾਲ ਤੇ ਕਰਨ ਬੇਜ਼ਾਰੀਆਂ ਨੀ।

ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ, ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।

ਸ਼ਾਹ ਮੁਹੰਮਦ ਜੋ ਆਪਣੀ ਵਿਅੰਗਮਈ ਸ਼ੈਲੀ ਕਰਕੇ ਜਾਣਿਆ ਜਾਂਦਾ ਹੈ। ਉਸ ਦੀ ਇਸ ਵਿਅੰਗ ਦੀ ਧੁਨੀ ਨੂੰ ਜਿੱਥੇ ਪਾਠਕ ਮਾਣਦਾ ਹੈ, ਉੱਥੇ ਇਹ ਵੀ ਸੱਚ ਹੈ ਕਿ ਜਿਨ੍ਹਾਂ ਉਤੇ ਇਹ ਵਿਅੰਗ ਸਿਰਜਿਆ ਜਾਂਦਾ ਹੈ। ਉਨ੍ਹਾਂ ਨਾਲ ਵੀ ਹਮਦਰਦੀ ਬਣੀ ਰਹਿੰਦੀ ਹੈ ਕਿਉਂਕਿ ਉਨ੍ਹਾਂ ਨਾਲ ਜੋ ਵਾਪਰਿਆ ਉਹ ਉਨ੍ਹਾਂ ਦੇ ਔਗੁਣਾਂ ਕਰਕੇ ਨਹੀਂ, ਸਗੋਂ ਇਤਿਹਾਸਕ ਨਰਦਾਂ ਦੀਆਂ ਚਾਲਾਂ ਦੇ ਪੁਠਾ ਪੈਣ ਕਰਕੇ ਹੁੰਦਾ ਹੈ:

ਜਦੋਂ ਪਿਆ ਹਰਾਸ ਤੇ ਕਰਨ ਗੱਲਾਂ, ਮੁੰਡੇ ਘੋੜਚੜ੍ਹੇ ਨਵੇਂ ਛੋਕਰੇ ਜੀ।

ਅੱਧੀ ਰਾਤ ਨੂੰ ਉੱਠ ਕੇ ਖਿਸਕ ਤੁਰੀਏ, ਕਿੱਥੋਂ ਪਏ ਗੋਰੇ ਸਾਨੂੰ ਓਪਰੇ ਜੀ।

ਕਹਿੰਦੇ, ਜੀਉਂਦਿਆਂ ਫੇਰ ਨਾ ਕਦੀ ਜਾਣਾ, ਮੂੰਹ ਲੱਗਣਾ ਨਹੀਂ ਚੰਡਾਲ ਦੇ ਜੀ।

ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ, ਢੂੰਡਣ ਆਉਣਗੇ ਸਾਡੇ ਭੀ ਨਾਲ ਦੇ ਜੀ।

ਉਂਝ ਤੇ ਸ਼ਾਹ ਮੁਹੰਮਦ ਨੇ ਆਪਣੀ ਇਸ ਕ੍ਰਿਤ ਵਿਚ ਬਿਰਤਾਂਤਕ ਸ਼ੈਲੀ ਦੀ ਵਰਤੋਂ ਕੀਤੀ ਹੈ ਪਰ ਕਿਤੇ ਨਾ ਕਿਤੇ ਇਸ ਵਿਚ ਨਾਟਕੀ ਬਿਆਨ ਵੀ ਪਾਠਕ ਨੂੰ ਆਪਣੇ ਵੱਲ ਆਕ੍ਰਸ਼ਿਤ ਕਰਦਾ ਹੈ। ਜਿਸ ਵਿਚ ਸਰਦਾਰ ਚੇਤ ਸਿੰਘ ਦੀ ਮੌਤ ਵੇਲੇ ਕ੍ਰੋਧਵਾਨ ਮਹਾਰਾਜਾ ਦੇ ਵਾਕ, ਕੰਵਰ ਪ੍ਰਤਾਪ ਸਿੰਘ ਦੇ ਕਤਲ ਵੇਲੇ ਲਹਿਣਾ ਸਿੰਘ ਨੂੰ ਕੀਤੀ ਗਈ ਬੇਨਤੀ, ਮਹਾਰਾਜਾ ਦਲੀਪ ਸਿੰਘ ਦੇ ਤਿਲਕ ਸਮੇਂ ਲਹਿਣਾ ਸਿੰਘ ਤੇ ਅਜੀਤ ਸਿੰਘ ਦੀ ਵਾਰਤਾਲਾਪ, ਜਵਾਹਰ ਸਿੰਘ ਦੀ ਮੌਤ ਵੇਲੇ ਮਹਾਰਾਣੀ ਜਿੰਦਾਂ ਨੂੰ ਮਾਰੇ ਗਏ ਮਹਿਣੇ, ਲਾਰਡ ਹਾਰਡਿੰਗ ਦਾ ਹਿੰਦੁਸਤਾਨੀ ਭਾਸ਼ਾ ਵਿਚ ਬਿਆਨ, ਸਰਦਾਰ ਸਾਮ ਸਿੰਘ ਦਾ ਪੱਗਾਂ ਤੇ ਦਾਹੜੀਆਂ ਸੀ ਲਾਜ ਤੇ ਦੇਸ਼ ਦੀ ਆਨ ਨੂੰ ਬਚਾਉਣ ਲਈ ਲਲਕਾਰ ਇਹ ਸਭ ਰਚਨਾ ਨੂੰ ਨਾਟਕੀ ਮੋੜ ਦਿੰਦੇ ਹੋਏ ਘਟਨਾ ਨੂੰ ਸਿਖਰ ਵੱਲ ਲੈ ਜਾਂਦੇ ਹਨ। ਇਸ ਦੇ ਨਾਲ ਹੀ ਇਨ੍ਹਾਂ ਬੋਲਾਂ ਵਿਚੋਂ ਪਾਤਰਾਂ ਦੀ ਮਨੋਦਸ਼ਾ ਵੀ ਉਘੜ ਕੇ ਸਾਹਮਣੇ ਆਉਂਦੀ ਹੈ:

ਟੁੰਡੇ ਲਾਟ ਨੇ ਚੁਕਿਆ ਆਣ ਬੀੜਾ, 'ਹਮੀਂ ਜਾਇ ਕੇ ਸੀਖ ਸੋਂ ਅੜੇਗਾ ਜੀ।

ਘੰਟੇ ਤੀਨ ਮੇਂ ਜਾਇ ਲਾਹੌਰ ਮਾਰਾਂ, ਏਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ।

ਸ਼ਾਹ ਮੁਹੰਮਦ ਦੀ ਇਹ ਕਾਵਿਕ ਖ਼ੂਬੀ ਹੈ ਕਿ ਉਹ ਕੁਝ ਕਲਾਤਮਕ ਛੁਹਾਂ ਨਾਲ ਪਾਤਰਾਂ ਦੀ ਮਨੋਦਸ਼ਾਂ ਨੂੰ ਸਪਸ਼ਟ ਕਰ ਦਿੰਦਾ ਹੈ ਜਿਵੇਂ ਜਦੋਂ ਖਾਲਸਾ ਸੈਨਾ ਦੇ ਸੱਦੇ 'ਤੇ ਸੁਚੇਤ ਸਿੰਘ ਵਜ਼ੀਰੀ ਦੇ ਅਹੁਦੇ ਲਈ ਲਾਹੌਰ ਆਉਂਦਾ ਹੈ ਤਾਂ ਹੀਰਾ ਸਿੰਘ ਦੀ ਸਥਿਤੀ ਕਾਬੂ ਕਰਨ ਦੇ ਬਾਅਦ ਉਹ ਆਪਣੇ ਬਿਆਨ ਵਿਚ ਉਸ ਦੀ ਅੰਦਰਲੀ ਮਨੋਦਸ਼ਾ ਨੂੰ ਵਧੀਆ ਢੰਗ ਨਾਲ ਬਿਆਨ ਕਰਦਾ ਹੈ। ਇਵੇਂ ਹੀ ਮਹਾਰਾਣੀ ਜਿੰਦਾਂ ਦਾ ਪਾਤਰ ਚਿੱਤਰਣ ਵੀ ਬਹੁਤ ਚੰਗੇ ਤਰੀਕੇ ਨਾਲ ਕੀਤਾ ਹੈ:

ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ, ਗੁੱਝਾ ਕਰਨ ਲੱਗੀ ਸਾਡਾ ਘਾਤ ਮਾਈ।

ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ, ਖ਼ਾਲੀ ਪਈ ਹੈ ਚੋਪੜੀ ਪਰਾਤ ਮਾਈ।

ਇਸ ਦੇ ਨਾਲ ਹੀ ਸ਼ਾਹ ਮੁਹੰਮਦ ਨੇ ਸਭ ਤੋਂ ਵੱਡਾ ਪਾਤਰ ਚਿਤਰਣ ਤਾਂ ਉਨ੍ਹਾਂ ਸ਼੍ਰੇਣੀ ਪਾਤਰਾਂ ਦਾ ਕੀਤਾ ਹੈ ਜੋ ਵੇਲੇ ਦੀ ਸੈਨਾ ਦੇ ਮੁਖੀ ਪੰਚ ਬਣ ਗਏ ਸਨ। ਇਨ੍ਹਾਂ ਦਾ ਉਤਾਵਲਾਪਨ, ਸੁਆਰਥ, ਬੇਸਮਝ ਅਖੜਤਾ ਤੇ ਬੇਕਾਬੂ ਹੈਂਕੜ ਨੂੰ ਗੁਝੀ ਸ਼ੈਲੀ ਵਿਚ ਬਿਆਨ ਕੀਤਾ ਹੈ। ਪਾਤਰ ਗੁਲਾਬ ਸਿੰਘ ਬਾਰੇ ਉਸ ਦਾ ਇਨਾ ਕਹਿਣਾ ਹੀ ਕਾਫੀ ਹੈ ਕਿ :

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ, ਬਾਹੋਂ ਪਕੜ ਲਾਹੌਰ ਲੈ ਜਾਂਵਦਾ ਈ।

'ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ!' ਉਹ ਤਾਂ ਆਪਣਾ ਕੰਮ ਬਣਾਂਵਦਾ ਈ।

ਸਿਰਫ ਪਾਤਰ ਚਿਤਰਣ ਹੀ ਨਹੀਂ, ਬਲਕਿ ਡੋਗਰਾ ਗਰਦੀ ਤੇ ਸਿੰਘਾਂ ਦੀ ਬੁਰਛਾਗਰਦੀ, ਸੰਧਾਵਾਲੀਆ ਦਾ ਹੋਛੇ ਹਥਿਆਰਾਂ ‘ਤੇ ਉਤਰ ਜਾਣਾ ਆਦਿ ਦਾ ਚਿੱਤਰ ਵੀ ਬਹੁਤ ਸਾਵਧਾਨੀ ਨਾਲ ਕੀਤਾ ਹੈ। ਇੱਥੇ ਇਹ ਗੱਲ ਵੀ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਕਵੀ ਦੀ ਜ਼ਿੰਮੇਵਾਰੀ ਸਿਰਫ ਇਤਿਹਾਸਕਾਰ ਵਾਂਗ ਸਾਰੇ ਘਟਨਾ ਕ੍ਰਮ ਨੂੰ ਵਿਸਤਾਰ ਨਾਲ ਪੇਸ਼ ਕਰਨ ਦੀ ਨਹੀਂ ਹੁੰਦੀ, ਸਗੋਂ ਉਸ ਦਾ ਇਕ ਸ਼ਾਹਕਾਰ ਚਿੱਤਰ ਖਿਚਣਾ ਹੁੰਦਾ ਹੈ ਜਿਸ ਵਿਚ ਛੁਹ ਮੌਜੂਦ ਹੋਵੇ ਤੇ ਦੇਖਣ ਵਾਲੇ ਦੀ ਅੱਖ ਉਸ ਵਿਚੋਂ ਹਰ ਰੰਗ ਨੂੰ ਪਛਾਣ ਕੇ ਅਰਥ ਕੱਢਣ ਦੇ ਸਮਰੱਥ ਹੋ ਸਕੇ। ਸ਼ਾਹ ਮੁਹੰਮਦ ਆਪਣੀ ਇਸ ਰਚਨਾ ਵਿਚ ਆਪਣੇ ਸਮੇਂ ਦਾ ਵਿਸ਼ਾਲ ਚਿਤਰ ਖਿੱਚਣ ਵਿਚ ਸਫ਼ਲ ਰਿਹਾ ਹੈ। ਜਿਸ ਦੀ ਰੰਗ ਬਿਰੰਗੀਆਂ ਲਕੀਰਾਂ ਆਪਣੇ ਵਿਚ ਕਈ ਅਰਥ ਸਮੇਟੀ ਬੈਠੀਆਂ ਹਨ। ਸ਼ਾਹ ਮੁਹੰਮਦ ਦੀ ਲੋਕਪ੍ਰਿਯਤਾ ਦਾ ਇਕ ਕਾਰਣ ਉਸ ਦੁਆਰਾ ਵਰਤੀ ਗਈ ਬਿੰਬਾਵਲੀ ਵੀ ਹੈ। ਜਿਸ ਵਿਚ ਉਹ ਸਪਸ਼ਟ, ਸਿਧ-ਪਧਰੇ ਢੁਕਵੇਂ ਅਲੰਕਾਰਾਂ ਰਾਹੀਂ ਕੁਝ ਰੂਪਕ ਤੇ ਉਪਮਾਵਾਂ ਵਰਤ ਕੇ ਸਾਰੀ ਤਸਵੀਰ ਨੂੰ ਖ਼ੂਬਸੂਰਤ ਢੰਗ ਨਾਲ ਬਿਆਨ ਕਰਦਾ ਹੈ। ਉਸ ਦੇ ਦ੍ਰਿਸ਼ ਚਿਤਰ, ਨਾਦ ਚਿਤਰ ਤੇ ਅਲੰਕਾਰ ਸਾਡਾ ਧਿਆਨ ਆਪਣੀ ਵੱਲ ਆਕ੍ਰਸ਼ਿਤ ਕਰਦੇ ਹਨ:

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਙ ਨਿੰਬੂਆਂ ਲਹੂ ਨਿਚੋੜ ਸੁੱਟੇ।

ਇਵੇਂ ਸਰਲਤਾ, ਸੰਜਮ ਤੇ ਸੁੰਦਰਤਾ ਦਾ ਜੋ ਸੁਮੇਲ ਸ਼ਾਹ ਮੁਹੰਮਦ ਵਿਚ ਹੈ ਉਹ ਪੰਜਾਬੀ ਹੋਰ ਬਹੁਤ ਘਟ ਕਵੀਆਂ ਵਿਚ ਪ੍ਰਾਪਤ ਹੁੰਦਾ ਹੈ। ਉਸ ਦੀ ਕੁਝ ਲੋਕ-ਉਕਤੀਆਂ, ਸਦਾਚਾਰਕ ਸੱਚਾਈਆਂ ਦਾ ਸਾਦਾ ਬਿਆਨ ਤੇ ਵਿਦੇਸ਼ੀ ਸ਼ਬਦਾਵਲੀ ਗੌਰਵ ਕਰਨ ਯੋਗ ਹੈ। ਇਸ ਤਰ੍ਹਾਂ ਉਸ ਦੀ ਇਹ ਰਚਨਾ ਉਤਕ੍ਰਿਸ਼ਟ ਆਦਰਸ਼ਾਂ ਦਾ ਪਾਲਣ ਕਰਦੀ ਨਜ਼ਰ ਆਉਂਦੀ ਹੈ ਇਸ ਵਿਚ ਜਿੱਥੇ ਉਹ ਆਪਣੇ ਸਮੇਂ ਦੇ ਇਤਿਹਾਸਕ ਵਰਤਾਰੇ ਨੂੰ ਚਿਤਰਦਾ ਹੈ ਉੱਥੇ ਰੂਪ ਪੱਖੋਂ ਇਹ ਰਚਨਾ ਆਪਣਾ ਪ੍ਰਭਾਵ ਸਿਰਜਣ ਦੇ ਸਮਰੱਥ ਰਹੀ ਹੈ।

ਜੰਗਨਾਮਾ ਸ਼ਾਹ ਮੁਹੰਮਦ ਇਤਿਹਾਸਕ ਤੌਰ ਉੱਤੇ ਇੱਕ ਮਹੱਤਵਪੂਰਨ ਰਚਨਾ ਹੈ। ਵਿਸ਼ੇ ਦੇ ਨਾਲ-ਨਾਲ ਇਸ ਰਚਨਾ ਦਾ ਕਲਾ ਪੱਖ ਵੀ ਆਪਣੇ ਆਪ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਜੰਗਨਾਮੇ ਦੇ ਕਲਾ ਪੱਖ ਨੂੰ ਹੇਠ ਲਿਖੇ ਵੱਖ-ਵੱਖ ਪਹਿਲੂਆਂ ਤੋਂ ਪਰਖਿਆ ਜਾ ਸਕਦਾ ਹੈ।ਹੁਣ ਤੱਕ ਦੇ ਪੰਜਾਬੀ ਕਾਵਿ ਵਿੱਚੋਂ ਜੇ ਕੌਮੀ ਕਵੀ ਦੀ ਚੋਣ ਕਰਨੀ ਹੋਵੇ ਤਾਂ ਸ਼ਾਹ ਮੁਹੰਮਦ ਨੂੰ ਹੀ ਇਸ ਮਾਣ ਦਾ ਅਸਲ ਹੱਕਦਾਰ ਆਖਿਆ ਜਾ ਸਕਦਾ ਹੈ। ਹਰੇਕ ਧਰਮ, ਵਰਗ ਤੇ ਉਮਰ ਦਾ ਪੰਜਾਬੀ ਉਸ ਦੇ ‘ਜੰਗਨਾਮਾ ਸਿੰਘਾਂ ਤੇ ਫਰੰਗੀਆਂ ਨੂੰ ਸੁਣ ਜਾਂ ਪੜ੍ਹ ਕੇ ਇੱਕ ਵਾਰ ਤਾਂ ਹਲੂਣਿਆ ਜਾਂਦਾ ਹੈ। ਉਸ ਦੀ ਇਸ ਲਿਖਤ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਹੈ ਜਿਸਦੇ ਅੰਤ ਨੂੰ ਉਸ ਨੇ ਬੜੇ ਹੀ ਨਿਰਪੱਖ ਪਰ ਦਰਦ ਭਰੇ ਅੰਦਾਜ਼ ਵਿੱਚ ਚਿਤਰਿਆ ਹੈ।

ਇਸ ਨੂੰ ਲਿਖਣ ਵੇਲੇ ਸ਼ਾਹ ਮੁਹੰਮਦ ਦੀ ਉਮਰ ਸੱਤਰ ਸਾਲ ਦੇ ਲਗਪਗ ਸੀ। ਉਸ ਦੇ ਜੀਵਨ ਬਾਰੇ ਬਹੁਤਾ ਵੇਰਵਾ ਪ੍ਰਾਪਤ ਨਹੀਂ। ਜੋ ਹੈ ਉਸ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਮਾਝੇ ਦੇ ਵਡਾਲਾ ਵਿਰਮ ਨਾਮੀਂ ਨਗਰ ਵਿੱਚ 1780 ਦੇ ਕਰੀਬ ਉਸ ਦਾ ਇੱਕ ਕੁਰੈਸ਼ੀ ਪਰਿਵਾਰ ਵਿੱਚ ਜਨਮ ਹੋਇਆ। ਮੁਗ਼ਲ ਬਾਦਸ਼ਾਹਾਂ ਵੇਲੇ ਉਸ ਦੇ ਵਡੇਰੇ ਉੱਚੀਆਂ ਉਪਾਧੀਆਂ ’ਤੇ ਰਹਿ ਚੁੱਕੇ ਸਨ। ਧਾਰਮਿਕ ਖੇਤਰ ਵਿੱਚ ਵੀ ਸ਼ਾਹ ਮੁਹੰਮਦ ਦਾ ਕਾਫ਼ੀ ਸਤਿਕਾਰ ਸੀ। ਕੁਰਾਨ ਸ਼ਰੀਫ ਵਿੱਚ ਸ਼ਾਹ ਮੁਹੰਮਦ ਨੂੰ ਪੂਰਾ ਵਿਸ਼ਵਾਸ ਸੀ ਅਤੇ ਉਹ ਪਾਕ ਪਵਿੱਤਰ ਮੁਸਲਮਾਨ ਵਜੋਂ ਜਾਣਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵੀ ਉਸ ਦੇ ਸੰਬੰਧੀਆਂ ਨੂੰ ਉੱਚੀਆਂ ਉਪਾਧੀਆਂ ਪ੍ਰਾਪਤ ਸਨ। ਤੋਪਖ਼ਾਨੇ ਦਾ ਉੱਚ ਅਧਿਕਾਰੀ ਸੁਲਤਾਨ ਮਹਿਮੂਦ ਉਸ ਦਾ ਨੇੜੇ ਦਾ ਸੰਬੰਧੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਤਿ ਜੋ ਉਸ ਦੀ ਸ਼ਰਧਾ ਸੀ ਇਹ ਉਸ ਦਾ ਨਿਕਟਵਰਤੀ ਕਾਰਨ ਸੀ।

ਇਸਦਾ ਦੂਰਵਰਤੀ ਕਾਰਨ ਇਹ ਸੀ ਕਿ ਪੰਜਾਹ ਸਾਲਾਂ ਦੀ ਘਾਲਣਾ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੀ ਧਰਤੀ ’ਤੇ ਅਧਿਕਾਰ ਸਥਾਪਿਤ ਕਰ ਲਿਆ ਸੀ। ਇਹ ਉਸ ਦੇ ਮਹਾਂਬਲੀ ਹੋਣ ਦਾ ਪ੍ਰਤੱਖ ਪ੍ਰਮਾਣ ਸੀ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਪੰਜਾਬ ਦੇ ਕੁੱਲ ਵਾਸੀ, ਜੋ ਵਧੇਰੇ ਕਰ ਕੇ ਹਿੰਦੂ ਤੇ ਮੁਸਲਮਾਨ ਸਨ, ਰਲ ਮਿਲ ਕੇ ਅਮਨ ਚੈਨ

ਨਾਲ ਰਹਿਣ ਲੱਗ ਪਏ ਸਨ। ਸਹਿ-ਹੋਂਦ ਵਿੱਚ ਹੀ ਸਵੈ-ਹੋਂਦ ਦਾ ਇਕਰਾਰ ਸੀ। ਇਸ ਬਾਰੇ ਸ਼ਾਹ ਮੁਹੰਮਦ ਦੀ ਮਾਣਮੱਤੀ ਧਾਰਨਾ ਇਸ ਪ੍ਰਕਾਰ ਸੀ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ

ਸਿਰ ਦੋਹਾਂ ਦੇ ਉੱਤੇ ਆਫਾਤ ਆਈ।

ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ

ਕਦੇ ਨਹੀਂ ਸੀ ਤੀਸਰੀ ਜਾਤ ਆਈ।

ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਮਗਰੋਂ ਸਭ ਕੁੱਝ ਛਾਈਂ-ਮਾਈਂ ਹੋ ਗਿਆ। ਭਾਵੇਂ ਮਹਾਰਾਜਾ ਦਾ ਸਭ ਤੋਂ ਵੱਡਾ ਲੜਕਾ, ਖੜਕ ਸਿੰਘ ਤਖ਼ਤ ’ਤੇ ਬੈਠ ਗਿਆ ਪਰ ਰਾਜ ਵਿੱਚ ਫੈਲ ਰਹੇ ਅਨਾਚਾਰ ਨੂੰ ਉਹ ਕੋਈ ਠੱਲ ਨਹੀਂ ਪਾ ਸਕਿਆ। ਉਸ ਦਾ ਕਰੀਬੀ ਸੰਬੰਧੀ ਚੇਤ ਸਿੰਘ ਕਤਲ ਹੋ ਗਿਆ ਜਿਸਦਾ ਸਦਮਾ ਉਸ ਤੋਂ ਸਹਿਆ ਨਾ ਗਿਆ। ਉਹ ਜਲਦੀ ਹੀ ਪ੍ਰਾਣ ਤਿਆਗ ਗਿਆ ਅਤੇ ਉਸ ਦਾ ਪੁੱਤਰ ਕੰਵਰ ਨੌਨਿਹਾਲ ਸਿੰਘ ਤਖ਼ਤ ਤੇ ਬੈਠ ਗਿਆ। ਉਸ ਦੀ ਵੀ ਛੱਜਾ ਡਿੱਗਣ ਨਾਲ ਮੌਤ ਹੋ ਗਈ ਅਤੇ ਸੰਧਾਵਾਲੀਏ ਸਰਦਾਰਾਂ ਦੀ ਸ਼ਹਿ ’ਤੇ ਉਸ ਦੀ ਮਾਤਾ, ਰਾਣੀ ਚੰਦ ਕੌਰ ਨੇ ਰਾਜਪਾਟ ਸੰਭਾਲ ਲਿਆ। ਡੋਗਰੇ ਸਰਦਾਰਾਂ ਨੂੰ ਇਹ ਗੱਲ ਬਿਲਕੁਲ ਨਾ ਜਚੀ। ਉਹ ਮਹਾਰਾਜਾ ਦੇ ਦੂਜੇ ਪੁੱਤਰ ਸ਼ੇਰ ਸਿੰਘ ਦੀ ਮਦਦ ਤੇ ਉੱਤਰ ਆਏ। ਰਾਜਪਾਟ ’ਤੇ ਕਬਜ਼ਾ ਕਰ ਕੇ ਉਸ ਨੇ ਰਾਣੀ ਚੰਦ ਕੌਰ ਨੂੰ ਕੈਦ ਕਰ ਲਿਆ। ਭਾਵੇਂ ਉਹ ਵਿਰੋਧੀਆਂ ਨਾਲ ਸੁਲਾਹ ਕਰਨ ਦੀ ਰੌਂ ਵਿੱਚ ਸੀ ਪਰ ਸੰਧਾਵਾਲੀਏ ਸਰਦਾਰਾਂ ਨੂੰ ਉਸ ਦੀ ਰਾਜਗੱਦੀ ਬਿਲਕੁਲ ਪ੍ਰਵਾਨ ਨਹੀਂ ਸੀ। ਉਸਨੂੰ ਕਤਲ ਕਰ ਕੇ ਉਹਨਾਂ ਨੇ ਡੋਗਰੇ ਸਰਦਾਰਾਂ ਦੇ ਮੁਖੀ ਧਿਆਨ ਸਿੰਘ ਨੂੰ ਵੀ ਮਾਰ ਮੁਕਾਇਆ। ਉਹਨਾਂ ਦੇ ਵਾਰਸਾਂ ਨੇ ਸੰਧਾਵਾਲੀਏ ਸਰਦਾਰਾਂ ਦਾ ਸਫ਼ਾਇਆ ਕਰ ਦਿੱਤਾ।

ਦਰਬਾਰ ਵਿੱਚ ਫੈਲੇ ਅਨਾਚਾਰ ਨੇ ਕੁੱਲ ਰਾਜ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਫ਼ੌਜਾਂ ਲੁੱਟਮਾਰ ’ਤੇ ਉੱਤਰ ਆਈਆਂ ਅਤੇ ਹਰ ਪਾਸੇ ਬੁਰਛਾਗਰਦੀ ਦਾ ਹੀ ਬੋਲ-ਬਾਲਾ ਹੋ ਗਿਆ। ਦਰਬਾਰ ਹੀ ਨਹੀਂ ਸਗੋਂ ਸਰਦਾਰ ਵੀ ਸਿਪਾਹੀਆਂ ਤੋਂ ਤ੍ਰੈਹਣ ਲੱਗ ਪਏ। ਘਰ ਬਾਰ ਤੇ ਬਜ਼ਾਰ ਤਾਂ ਕੀ, ਕਿਲ੍ਹੇ ਵੀ ਸੁਰੱਖਿਅਤ ਨਾ ਰਹੇ। ਥੱਲੇ ਦਿੱਤੀਆਂ ਦੋ ਸਤਰਾਂ ਤੋਂ ਇਹ ਹੌਲਨਾਕ ਤਸਵੀਰ ਪੂਰੀ ਤਰ੍ਹਾਂ ਪ੍ਰਤੱਖ ਹੋ ਜਾਂਦੀ ਹੈ:

ਸਾਨੂੰ ਘੜੀ ਦੀ ਕੁਝ ਉਮੀਦ ਨਹੀਂ

ਅੱਜ ਰਾਤ ਪ੍ਰਸਾਦ ਕਿਨ ਚੱਖਣਾ ਈ।

ਇਸ ਹਾਲਾਤ ਵਿੱਚ ਬਾਲਕ ਦਲੀਪ ਸਿੰਘ ਨੂੰ ਤਖ਼ਤ ’ਤੇ ਬਿਠਾਇਆ ਗਿਆ। ਉਸ ਦਾ ਮਾਮਾ ਜਵਾਹਰ ਸਿੰਘ ਸਰਪ੍ਰਸਤ ਬਣ ਗਿਆ ਪਰ ਭੂਤਮੰਡਲੀ ਵਿੱਚ ਵਟੇ ਸਿਪਾਹੀਆਂ ਨੇ ਉਸ ਦਾ ਦਿਨ-ਦਿਹਾੜੇ ਕਤਲ ਕਰ ਦਿੱਤਾ। ਬਾਲਕ ਦਲੀਪ ਸਿੰਘ ਦੀ ਮਾਤਾ, ਰਾਣੀ ਜਿੰਦਾ ਏਨੀ ਬੇਜ਼ਾਰ ਹੋ ਗਈ ਕਿ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਉਹ ਅੰਗਰੇਜ਼ ਸਰਕਾਰ ਨਾਲ ਸਾਜ਼ਬਾਜ਼ ਕਰਨ ਲੱਗ ਪਈ। ਦੂਜੇ ਪਾਸੇ ਖ਼ਾਲਸਾ ਫ਼ੌਜ ਨੂੰ ਵੀ ਉਹ ਅੰਗਰੇਜ਼ਾਂ ਵਿਰੁੱਧ ਭੜਕਾਉਣ ਲੱਗ ਪਈ। ਕੁਦਰਤੀ ਤੌਰ ’ਤੇ ਖ਼ਾਲਸਾ ਫ਼ੌਜ ਤੇ ਅੰਗਰੇਜ਼ ਸਰਕਾਰ ਵਿਚਕਾਰ ਯੁੱਧ ਅਟੱਲ ਹੋ ਗਿਆ। ਸ਼ਾਹ ਮੁਹੰਮਦ ਇਸਨੂੰ ‘ਜੰਗ ਹਿੰਦ ਪੰਜਾਬ ਦਾ’ ਆਖਦਾ ਹੈ। 105 ਬੰਦਾਂ ਵਾਲੇ ਜੰਗਨਾਮੇ ਦੇ ਅੱਧੇ ਹਿੱਸੇ ਵਿੱਚ ਇਸ ਭਾਵੀ ਚਿਤਰਨ ਦਾ ਹੀ ਵਰਣਨ ਹੈ। ਇਸ ਵਰਣਨ ਤੋਂ ਉਸ ਦੇ ਦਰਦਮੰਦ, ਨਿਰਪੱਖ ਤੇ ਹੁਨਰਮੰਦ ਹੋਣ ਬਾਰੇ ਕੋਈ ਸ਼ੰਕਾ ਨਹੀਂ ਰਹਿੰਦਾ।

ਅਗਲੇ ਅੱਧ ਵਿੱਚ ਉਹਨਾਂ ਲੜਾਈਆਂ ਦਾ ਬਿਰਤਾਂਤ ਹੈ ਜਿਹੜੀਆਂ ਬੱਦੋਵਾਲ ਤੋਂ ਚੱਲ ਕੇ ਮੁੱਦਕੀ ਦੀ ਢਾਬ ਨੇੜੇ ਲੜੀਆਂ ਗਈਆਂ। ਸ਼ਾਹ ਮੁਹੰਮਦ ਇਸ ਗੱਲ ਤੋਂ ਭਲੀ-ਭਾਂਤ ਸੁਚੇਤ ਹੈ ਕਿ ਦਰਬਾਰੀਆਂ ਦੀ ਭੜਕਾਹਟ ਵਿੱਚ ਆਏ ਸਿੱਖ ਸਿਪਾਹੀ ਹਉਮੈ ਦਾ ਸਕਾਰ ਰੂਪ ਸਨ। ਸਤਲੁਜ ਪਾਰ ਕਰ ਕੇ ਅੰਗਰੇਜ਼ਾਂ ਨਾਲ ਮੱਥਾ ਲਾਉਣ ਤੋਂ ਪਹਿਲਾਂ ਉਹ

ਫਰੰਗੀਆਂ ਦਾ ਮਾਲ ਅਸਬਾਬ ਹੀ ਨਹੀਂ ਸਗੋਂ ਉਹਨਾਂ ਦੀਆਂ ਤ੍ਰੀਮਤਾਂ ਨੂੰ ਕਾਬੂ ਕਰਨ ਦਾ ਵੀ ਸੁਪਨਾ ਲੈਂਦੇ ਸਨ। ਰਣਖੇਤਰ ਵਿੱਚ ਉੱਤਰ ਕੇ ਉਹ ਸਮਝਦੇ ਸਨ ਕਿ ਉਹਨਾਂ ਦੀ ਜਿੱਤ ਤਾਂ ਯਕੀਨੀ ਸੀ:

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ

ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।

ਆਪਣੇ ਸੁਪਨੇ ਤੇ ਯਕੀਨ ਨੂੰ ਸਕਾਰ ਕਰਨ ਖ਼ਾਤਰ ਉਹ ਸਿਰਲੱਥ ਸੂਰਮਿਆਂ ਵਾਂਗ ਲੜੇ ਵੀ। ਵੱਡੀ ਗਿਣਤੀ ਵਿੱਚ ਉਹਨਾਂ ਫ਼ਰੰਗੀਆਂ ਨੂੰ ਮਾਰ ਮੁਕਾਇਆ ਜਿਸ ਕਾਰਨ ਇੰਗਲੈਂਡ ਦੇ ਪੱਤਰਾਂ ਵਿੱਚ ਵੀ ਚਿੰਤਾਜਨਕ ਖ਼ਬਰਾਂ ਛੱਪਣ ਲੱਗ ਪਈਆਂ :

ਨੰਦਨ ਟਾਪੂਆਂ ਵਿੱਚ ਕੁਰਲਾਟ ਪਈ

ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

ਇਸਦੇ ਬਾਵਜੂਦ ਜਿੱਤ ਉਹਨਾਂ ਦੇ ਭਾਗਾਂ ਵਿੱਚ ਲਿਖੀ ਨਹੀਂ ਸੀ। ਸ਼ਾਹ ਮੁਹੰਮਦ ਦੀ ਰਚਨਾ ਵਿੱਚੋਂ ਇਸਦੇ ਕਾਰਨਾਂ ਦਾ ਵੀ ਪਤਾ ਲੱਗ ਜਾਂਦਾ ਹੈ। ਪਹਿਲਾਂ ਤਾਂ ਇਹ ਸੀ ਕਿ ਰਾਜ-ਅਧਿਕਾਰੀ ਹੀ ਨਹੀਂ ਸਨ ਚਾਹੁੰਦੇ ਕਿ ਸਿੱਖ ਫ਼ੌਜਾਂ ਜਿੱਤ ਜਾਣ। ਸਿੱਖ ਫ਼ੌਜਾਂ ਨੂੰ ਫ਼ੌਜੀ ਮਦਦ ਪਹੁੰਚਣ ਤੋਂ ਰੋਕਣ ਲਈ ਉਹ ਕਈ ਹਥਕੰਡੇ ਵਰਤਦੇ ਸਨ। ਉਹ ਇਹ ਵੀ ਨਹੀਂ ਸਨ ਚਾਹੁੰਦੇ ਕਿ ਸਿੱਖ ਫ਼ੌਜਾਂ ਆਰਜ਼ੀ ਤੌਰ ਤੇ ਪਿਛਾਂਹ ਹਟ ਜਾਣ। ਇਸ ਲਈ ਉਹ ਪੁਲ ਵੱਡ ਦੇਣ ਤੱਕ ਚਲੇ ਗਏ। ਤੀਜੇ ਸਤਲੁਜ ਤੋਂ ਪਾਰ ਦੀਆਂ ਰਿਆਸਤਾਂ ਦੇ ਰਾਜ-ਅਧਿਕਾਰੀ ਸਿੱਖ ਹੋਣ ਦੇ ਬਾਵਜੂਦ ਉਹਨਾਂ ਦੇ ਦੋਖੀ ਹੀ ਸਨ। ਇਸੇ ਕਾਰਨ ਮੁੱਦਕੀ ਦੀ ਲੜਾਈ ਵਿੱਚ ਜਦੋਂ ਦੋਨੋਂ ਫ਼ੌਜਾਂ ਥੱਕ ਕੇ ਮੈਦਾਨ ਛੱਡ ਗਈਆਂ ਤਾਂ ਫ਼ਰੀਦਕੋਟ ਦੇ ਰਾਜੇ ਪਹਾੜਾ ਸਿੰਘ ਨੇ ਅੰਗਰੇਜ਼ਾਂ ਨੂੰ ਸਾਰੀ ਖ਼ਬਰ ਜਾ ਦੱਸੀ ਅਤੇ ਉਹ ਜਿੱਤ ਦੇ ਦਾਅਵੇਦਾਰ ਬਣ ਗਏ। ਨੌਬਤ ਇਹ ਆ ਪਹੁੰਚੀ ਕਿ ਸਿੱਖ ਸਿਪਾਹੀ ਲੜਨ ਤੋਂ ਤੋਬਾ ਕਰਨ ਲੱਗ ਪਏ। ਉਹ ਆਪਣੀਆਂ ਪਲਟਨਾਂ ਛੱਡ ਕੇ ਜਾਣ ਲੱਗ ਪਏ। ਫ਼ੌਜੀ ਨੌਕਰੀ ਨਾਲੋਂ ਉਹਨਾਂ ਨੂੰ ਖੇਤੀ-ਬਾੜੀ ਚੰਗੀ ਲੱਗਣ ਲੱਗ ਪਈ। ਘਰਦਿਆਂ ਨੂੰ ਉਹ ਇਹ ਕਹਿ ਗਏ ਕਿ ਜੇ ਉਹਨਾਂ ਦੇ ਸਾਥੀ ਪੁੱਛ-ਗਿੱਛ ਕਰਨ ਤਾਂ ਕਹਿ ਦੇਣ ਕਿ ਉਹ ਤਾਂ ਲੜਾਈਆਂ ਵਿੱਚ ਮਾਰੇ ਜਾ ਚੁੱਕੇ ਸਨ। ਦੂਰ- ਅੰਦੇਸ਼ ਸ਼ਾਹ ਮੁਹੰਮਦ ਨੂੰ ਪੰਜਾਬ ਦਾ ਭਵਿੱਖ ਬੜਾ ਹੀ ਅਨਿਸ਼ਚਿਤ ਪ੍ਰਤੀਤ ਹੋਇਆ :

ਹੈਸੀ ਖ਼ੂਨ ਦੀ ਇਹ ਜ਼ਮੀਨ ਪਿਆਸੀ

ਹੋਈ ਸੁਰਖ ਸ਼ਰਾਬ ਦੇ ਰੰਗ ਮੀਆਂ।

ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ

ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।

ਬੀਤ ਚੁੱਕੀ ਡੇਢ ਸਦੀ ਨੇ ਇਸ ਅਨਿਸ਼ਚੇ ਨੂੰ ਹੋਰ ਵੀ ਪ੍ਰਤੱਖ ਕਰ ਦਿਖਾਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅੱਜ ਦੇ ਪੰਜਾਬ ਦਾ ਕੌਮੀ ਕਵੀ ਵੀ ਸ਼ਾਹ ਮੁਹੰਮਦ ਹੀ ਹੈ(ਲੇਖਕ : ਤੇਜਵੰਤ ਸਿੰਘ ਗਿੱਲ)

ਅਲੰਕਾਰ

ਅਲੰਕਾਰਾਂ ਨੂੰ ਸਾਹਿਤ ਦੇ ਗਹਿਣੇ ਮੰਨਿਆ ਜਾਂਦਾ ਹੈ ਅਤੇ ਇਹ ਸਾਹਿਤਕ ਰਚਨਾਵਾਂ ਨੂੰ ਨਿਖਾਰਨ ਲਈ ਵਰਤੇ ਜਾਂਦੇ ਹਨ। ਸ਼ਾਹ ਮੁਹੰਮਦ ਨੇ ਵੀ ਇਸ ਜੰਗਨਾਮੇ ਵਿੱਚ ਅਨੇਕ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਇਸ ਬਾਰੇ ਸੀਤਾ ਰਾਮ ਕੋਹਲੀ ਕਹਿੰਦਾ ਹੈ,"ਉਸ ਨੇ ਬਹੁਤ ਢੁਕਵੀਆਂ ਉਪਮਾਵਾਂ ਦੇ ਕੇ ਕਵਿਤਾ ਵਿੱਚ ਬਿਆਨੀ ਗੱਲ ਨੂੰ ਬਹੁਤ ਦਿਲ ਖਿੱਚਵੀਂ

ਬਣਾ ਦਿੱਤਾ ਹੈ। ਉਸ ਦੀਆਂ ਉਪਮਾਵਾਂ ਢੁਕਵੀਆਂ ਤੇ ਫੱਬਵੀਆਂ ਹੋਣ ਤੋਂ ਛੁਟ ਸੁਝਾਉ ਵੀ ਹਨ।"।1 ਜੰਗਨਾਮੇ ਵਿੱਚੋਂ ਉਪਮਾ ਅਲੰਕਾਰ ਦੀ ਇੱਕ ਉਦਾਹਰਨ:

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,

ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸ਼ਾਹ ਮੁਹੰਮਦ ਨੇ ਰੂਪਕ ਅਲੰਕਾਰ ਦੀ ਵੀ ਬਹੁਤ ਵਰਤੋਂ ਕੀਤੀ ਹੈ:

ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ

ਚੋਟਾਂ ਕੈਸੀਆਂ ਦੇਖੋ ਚਲਾਂਵਦੇ ਨੀ।

ਇਸ ਤੋਂ ਬਿਨਾਂ ਸ਼ਾਹ ਮੁਹੰਮਦ ਨੇ ਲੋਕੋਕਤੀ ਅਲੰਕਾਰ, ਅਤਿਕਥਨੀ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ ਆਦਿ ਅਲੰਕਾਰਾਂ ਦੀ ਵਰਤੋਂ ਕੀਤੀ ਹੈ।

ਰਸ

ਰਸ ਨੂੰ ਕਾਵਿ ਦੀ ਆਤਮਾ ਮੰਨਿਆ ਜਾਂਦਾ ਹੈ। ਜੰਗਨਾਮਿਆਂ ਵਿੱਚ ਬੀਰ ਰਸ ਪ੍ਰਧਾਨ ਹੁੰਦਾ ਹੈ ਅਤੇ ਇਸ ਜੰਗਨਾਮੇ ਵਿੱਚ ਵੀ ਇਸੇ ਤਰ੍ਹਾਂ ਹੈ। ਕਿੱਸੇ ਵਿੱਚ ਪੇਸ਼ ਬੀਰ ਰਸੀ ਸਤਰਾਂ ਦੀ ਉਦਾਹਰਨ ਹੇਠ ਪੇਸ਼ ਹੈ: ਸਿੰਘ ਸੂਰਮੇ ਆਣ ਮੈਦਾਨ ਲੱਥੇ ਗੰਜ ਲਾਹ ਸੁੱਟੇ ਉਹਨਾਂ ਗੋਰਿਆਂ ਦੇ। ਇਸ ਤੋਂ ਬਿਨਾਂ ਇਸ ਜੰਗਨਾਮੇ ਵਿੱਚ ਰੌਦਰ, ਭੀਪਤਸ, ਕਰੁਣਾ ਅਤੇ ਹਾਸ ਰਸ ਦੀਆਂ ਉਦਾਹਰਨਾਂ ਵੀ ਦੇਖੀਆਂ ਜਾ ਸਕਦੀਆਂ ਹਨ। ਰੌਦਰ ਰਸ ਦੀ ਉਦਾਹਰਨ ਪੇਸ਼ ਹੈ:

ਰੌਦਰ: ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲਗਾ

ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।

ਭਾਸ਼ਾ

ਸ਼ਾਹ ਮੁਹੰਮਦ ਦੀ ਭਾਸ਼ਾ ਠੇਠ, ਸਰਲ ਅਤੇ ਕੇਂਦਰੀ ਪੰਜਾਬੀ ਹੈ ਅਤੇ ਇਸ ਵਿੱਚ ਕਿਤੇ-ਕਿਤੇ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ।।2] ਜੋ ਸ਼ਾਇਦ ਪੰਜਾਬੀ ਸਾਹਿਤ ਵੀ ਪਹਿਲੀ ਵਾਰ ਹੋਈ ਹੈ। ਉਦਾਹਰਨ ਵਜੋਂ ਅਫਸਰ, ਕਰਨੈਲ, ਪਲਟਨ, ਰਜਮੈਂਟ ਆਦਿ ਸ਼ਬਦ ਤਦਭਵ ਰੂਪ ਵਿੱਚ ਲਏ ਗਏ ਹਨ। ਇਹਨਾਂ ਤੋਂ ਬਿਨਾਂ ਕੰਪਨੀ ਅਤੇ ਕੌਂਸਲ ਵਰਗੇ ਸ਼ਬਦ ਲਗਭਗ ਤਤਸਮ ਰੂਪ ਵਿੱਚ ਹੀ ਲਏ ਗਏ ਹਨ। ਸ਼ਾਹ ਮੁਹੰਮਦ ਵਾਰਤਾਲਾਪ ਲਿਖਦੇ ਸਮੇਂ ਅੰਗਰੇਜ਼ੀ ਅਫਸਰਾਂ ਤੋਂ ਅੰਗਰੇਜ਼ੀ ਦੀ ਜਗ੍ਹਾ ਉੱਤੇ ਹਿੰਦੀ ਬੁਲਵਾਉਂਦਾ ਹੈ। ਜੰਗਨਾਮੇ ਵਿੱਚ ਉਹ ਟੁੰਡੇ ਲਾਟ ਦੇ ਮੂੰਹ ਤੋਂ ਹੇਠ ਲਿਖੀਆਂ ਸਤਰਾਂ ਅਖਵਾਉਂਦਾ ਹੈ:

ਟੁੰਡੇ ਲਾਟ ਨੇ ਚੁਕਿਆ ਆਣ ਬੀੜਾ,

ਹਮ ਸਿੰਘ ਜਿਉਂ ਜਾਇ ਲੜੇਗਾ ਜੀ।

ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ,

ਇਸ ਬਾਤ ਮੇਂ ਫ਼ਰਕ ਨ ਪੜੇਗਾ ਜੀ।

ਛੰਦ ਵਿਧਾਨ

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਪੰਜਾਬੀਆਂ ਦੇ ਮਨਪਸੰਦ ਛੰਦ ਬੈਂਤ ਦੀ ਵਰਤੋਂ ਕੀਤੀ ਹੈ। ਇਸ ਵਿੱਚ 105 ਬੈਂਤ ਹਨ। ਡਾ. ਸ੍ਰੀਮਤੀ ਵਿਦਿਆਵਤੀ ਕਹਿੰਦੀ ਹੈ ਕਿ "ਇਸਦੀ ਹਰ ਸਤਰ ਹਿਰਦੇ ਨੂੰ ਹਲੂਣ ਦੇਣ ਵਾਲੀ ਹੈ ਅਤੇ ਇਹ ਪਾਠਕ ਅਤੇ ਸਰੋਤੇ ਦੀ ਜੀਭ ਤੇ ਆਪ-ਮੁਹਾਰੀ ਚੜ੍ਹ ਜਾਂਦੀ ਹੈ।"।3] ਬੈਂਤ ਵਿੱਚ 4 ਪੰਕਤੀਆਂ ਹੁੰਦੀਆਂ ਹਨ ਅਤੇ ਹਰ ਪੰਕਤੀ ਵਿੱਚ 40 ਮਾਤਰਾਵਾਂ ਹੁੰਦੀਆਂ ਹਨ ਪਰ ਸ਼ਾਹ ਮੁਹੰਮਦ ਕਿਤੇ-ਕਿਤੇ ਇੱਕ ਦੋ ਮਾਤਰਾਵਾਂ ਘੱਟ-ਵੱਧ ਨਾਲ ਵੀ ਪੰਕਤੀ ਪੂਰੀ ਕਰ ਦਿੰਦਾ ਹੈ। ਇਸਦੀਆਂ ਉਦਾਹਰਨਾਂ ਨੀਚੇ ਦੇਖੀਆਂ ਜਾ ਸਕਦੀਆਂ ਹਨ:

ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,

ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

(20+20 ਮਾਤਰਾਵਾਂ)

ਸਦਾ ਨਹੀਂ ਜਵਾਨੀ ਤੇ ਅੰਸ਼ ਮਾਪੇ,

ਸਦਾ ਨਹੀਂ ਜੇ ਬਾਲ ਵਰੇਸ ਮੀਆਂ।

(20+19 ਮਾਤਰਾਵਾਂ)

ਵਿਅੰਗ

ਵਿਅੰਗ ਕਰਨ ਦੇ ਵਿੱਚ ਸ਼ਾਹ ਮੁਹੰਮਦ ਇੱਕ ਨਿਪੁੰਨ ਕਲਾਕਾਰ ਹੈ। ਸੀਤਾ ਰਾਮ ਕੋਹਲੀ ਅਨੁਸਾਰ ਵੀ ਉਹ ਸਿਰ ਢੁਕਵੀਂ ਟੋਕ ਕਰਨੀ ਜਾਣਦਾ ਹੈ।।4] ਵਿਅੰਗ ਦੀ ਇੱਕ ਉਦਾਹਰਨ ਜੰਗਨਾਮੇ ਵਿੱਚ ਉਸ ਘਟਨਾ ਵਿੱਚ ਦੇਖੀ ਜਾ ਸਕਦੀ ਹੈ ਜਦੋਂ ਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦੇ ਕਤਲ ਤੋਂ ਬਾਅਦ ਉਹ ਰੋ ਰਹੀ ਹੁੰਦੀ ਤਾਂ ਉਸਨੂੰ ਮਿਹਣਾ ਮਾਰਿਆ ਜਾਂਦਾ ਹੈ:

ਕਿਹੜਾ ਪਾਤਸ਼ਾਹ ਦਾ ਪੁੱਤ ਮੋਇਆ ਸਾਬੋਣ,

ਜਿਹੜੇ ਡੂੰਘੜੇ ਵੈਣ ਤੂੰ ਪਾਵਨੀ ਹੈ।

ਇਸ ਜੰਗਨਾਮੇ ਦੇ ਕਲਾ ਪੱਖ ਵਿੱਚ ਇਹਨਾਂ ਪੱਖਾਂ ਤੋਂ ਬਿਨਾਂ ਕੁਝ ਹੋਰ ਪੱਖਾਂ ਦਾ ਅਧਿਐਨ ਵੀ ਕੀਤਾ ਜਾ ਸਕਦਾ ਹੈ ਜਿਵੇਂ ਕਿ ਸ਼ੈਲੀ, ਨਾਟਕੀਅਤਾ, ਕਲਪਨਾ ਆਦਿ।

---

**ਕਲਾਤਮਕ ਅਧਿਅਨ ਲਈ ਪ੍ਰਸੰਗ ਸਹਿਤ ਵਿਆਖਿਆ :**

ਇਹ ਤੇ ਜੀਆਂ ਨੂੰ ਪਕੜ ਕੇ ਮੋਹ ਲੈਂਦੀ, ਦੁਨੀਆਂ ਵੇਸਵਾ ਦਾ ਰੱਖੇ ਭੇਸ ਮੀਆਂ।

ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ।

ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।

ਸ਼ਾਹ ਮੁਹੰਮਦਾ ਸਦਾ ਨਹੀਂ ਰੂਪ ਦੁਨੀਆਂ, ਸਦਾ ਨਹੀਂ ਜੇ ਕਾਲੜੇ ਕੇਸ ਮੀਆਂ।

**ਪ੍ਰਸੰਗ :** ਇਹ ਕਾਵਿ-ਸਤਰਾਂ ਸਾਡੀ ਪਾਠ ਪੁਸਤਕ 'ਮੱਧਕਾਲੀ ਬਿਰਤਾਂਤਕ ਕਾਵਿ', ਰਵਿੰਦਰ ਸਿੰਘ (ਡਾ.) ਦੁਆਰਾ ਸੰਪਾਦਿਤ ਪੁਸਤਕ ਵਿਚ ਦਰਜ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਲਈਆ ਗਈਆਂ ਹਨ। ਸ਼ਾਹ ਮੁਹੰਮਦ ਆਪਣੀ ਇਸ ਸ਼ਾਹਕਾਰ ਰਚਨਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਰਾਹੀਂ ਆਜ਼ਾਦੀ ਦੇ ਸੰਘਰਸ਼ ਲਈ ਵਚਨ ਬੱਧਤਾ ਦੇ ਦ੍ਰਿਸ਼ ਨੂੰ ਪੇਸ਼ ਕਰਦੀ ਹੈ।

**ਵਿਆਖਿਆ :** ਵਾਰਕਾਰ ਸ਼ਾਹ ਮੁਹੰਮਦ ਆਪਣੀ ਇਸ ਰਚਨਾ ਰਾਹੀਂ ਛਲਾਵੇਂ ਦੀ ਰਾਜਨੀਤੀ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ। 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦੀ ਰਾਜਨੀਤੀ ਤੇ ਰਣਨੀਤੀ ਦਾ ਪਰਦਾਫਾਸ਼ ਕਰਦੀ ਇਹ ਰਚਨਾ ਭਾਰਤੀ ਮੂਲ ਦੇ ਲੋਕਾਂ ਦੇ ਸਵੈ ਹਿੱਤ ਕਾਰਣ ਵੱਧਦੀ ਲਾਲਸਾ ਅਧੀਨ ਆਪਣੇ ਹੀ ਲੋਕਾਂ ਨਾਲ ਧੱਕਾਸ਼ਾਹੀ ਦੇ ਬਿਰਤਾਂਤ ਨੂੰ ਸਿਰਜਦੀ ਰਚਨਾ ਹੈ। ਸ਼ਾਹ ਮੁਹੰਮਦ ਅਜਿਹੇ ਲੋਕਾਂ ਦੀ ਰਣਨੀਤੀ ਨੂੰ 'ਵੇਸਵਾ' ਦਾ ਨਾਂ ਦਿੰਦਾ ਹੈ ਜਿਵੇਂ ਇਕ 'ਵੇਸਵਾ' ਲੋਕਾਂ ਨੂੰ ਆਕ੍ਰਸ਼ਿਤ ਕਰ ਭ੍ਰਮਿਤ ਕਰਦੀ ਹੈ ਉਵੇਂ ਹੀ ਫਰੰਗੀਆਂ ਦੀ ਰਣਨੀਤੀ ਨੇ ਭਾਰਤਵਾਸੀਆਂ ਨੂੰ ਵੀ ਆਪਣੀ ਗਿਰਫ਼ਤ ਵਿਚ ਲੈ ਕੇ ਇਸ ਸੰਘਰਸ਼ ਨੂੰ ਕਮਜ਼ੋਰ ਕਰਨ ਦੇ ਵਿਚ ਅਹਿਮ ਰੋਲ ਅਦਾ ਕੀਤਾ। ਸ਼ਾਇਰ ਸਮੇਂ ਦੇ ਮਹੱਤਵ ਨੂੰ ਦਰਸਾਉਂਦਾ ਹੋਇਆ ਕਹਿੰਦਾ ਹੈ ਕਿ ਜਿਵੇਂ ਬਾਲ ਅਵਸਥਾ, ਜਵਾਨੀ, ਐਸ਼ ਮਾਪੇ ਹਮੇਸ਼ਾ ਨਹੀਂ ਰਹਿੰਦੇ, ਉਵੇਂ ਹੀ ਫਰੰਗੀਆਂ ਦੀ ਇਹ ਚਾਲ ਵੀ ਥਿਰ ਨਹੀਂ ਹੈ। ਅਗਲੀ ਤੁਕ ਵਿਚ ਉਹ ਕਹਿੰਦਾ ਹੈ ਕਿ ਦੌਲਤ, ਰਾਜ-ਪਾਟ, ਘੋੜੇ ਆਦਿ ਵੀ ਸਦਾ ਕਾਇਮ ਰਹਿਣ ਵਾਲੇ ਨਹੀਂ ਹਨ। ਇਸੇ ਤਰ੍ਹਾਂ ਸਰੀਰ ਦੀ ਸੁੰਦਰਤਾ ਤੇ ਜਵਾਨੀ ਵੀ ਕਾਇਮ ਨਹੀਂ ਰਹਿੰਦੇ ਇਨ੍ਹਾਂ ਨੇ ਵੀ ਇਕ ਦਿਨ ਢੱਲ ਜਾਣਾ ਹੈ ਭਾਵ ਸ਼ਾਹ ਮੁਹੰਮਦ ਆਪਣੀ ਇਸ ਰਚਨਾ ਦੇ ਰਾਹੀਂ ਉਸ ਵੇਲੇ ਦੀ ਸਮਾਜਕ, ਰਾਜਨੀਤਕ, ਆਰਥਕ ਸਥਿਤੀਆਂ ਨੂੰ ਪੇਸ਼ ਕਰਦਾ ਲੋਕਾਂ ਦੁਆਰਾ, ਲੋਕਾਂ ਨੂੰ ਕਿਵੇਂ ਦੁਫਾੜ ਕਿਤਾ ਜਾ ਸਕਦਾ ਹੈ ਜਾਂ ਇੰਝ ਕਹਿ ਲਿਆ ਜਾਵੇਂ ਕਿ ਫਰੰਗੀਆਂ ਦੀ ਪਾੜ ਪਾਵੋ ਤੇ ਰਾਜ ਕਰੋ ਦੀ ਰਣਨੀਤੀ ਨੂੰ ਹਲਾਸ਼ੇਰੀ ਦੇਣ ਦਾ ਕੰਮ ਸਾਡੇ ਆਪਣੇ ਲੋਕਾਂ ਨੇ ਹੀ ਕੀਤਾ। ਸਮੇਂ ਤੇ ਸਥਿਤੀ ਦੇ ਸੁਮੇਲ ਦੇ ਰਾਹੀਂ ਰਚਨਾਕਾਰ ਸਮੇਂ ਦੇ ਮਹੱਤਵ ਨੂੰ ਉਜਾਗਰ ਹੀ ਨਹੀਂ ਕਰਦਾ ਸਗੋਂ ਸੱਜਗ ਰਹਿਣ ਦਾ ਤੇ ਇਕਜੁੱਟ ਹੋਣ ਦਾ ਸੰਕੇਤ ਦਿੰਦਾ ਹੈ। ਸ਼ਾਇਰ ਇਸ ਕਾਵਿ-ਬੰਦ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਵਿਚਾਰ ਲਾਲਸਾ ਤੋਂ ਮੁਕਤ ਹੋਣ ਨੂੰ ਤਰਜੀਹ ਦਿੰਦਾ ਹੈ। ਕੁਝ ਲੋਕਾਂ ਦੀ ਲਾਲਸਾ ਨੇ ਹੀ ਇਸ ਜੰਗ ਦਾ ਰੁਖ ਬਦਲ ਦਿੱਤਾ ਸੀ।

ਜੰਗ ਹਿੰਦ ਪੰਜਾਬ ਦਾ ਹੋਣ ਲਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।

ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

**ਪ੍ਰਸੰਗ :** ਇਹ ਕਾਵਿ-ਸਤਰਾਂ ਸਾਡੀ ਪਾਠ ਪੁਸਤਕ 'ਮੱਧਕਾਲੀ ਬਿਰਤਾਂਤਕ ਕਾਵਿ', ਰਵਿੰਦਰ ਸਿੰਘ (ਡਾ.) ਦੁਆਰਾ ਸੰਪਾਦਿਤ ਪੁਸਤਕ ਵਿਚ ਦਰਜ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਲਈਆ ਗਈਆਂ ਹਨ। ਸ਼ਾਹ ਮੁਹੰਮਦ ਆਪਣੀ ਰਚਨਾ 'ਜੰਗਨਾਮਾ ਸਿੰਘਾਂ ਅਤੇ ਫਰੰਗੀਆਂ' ਦੇ ਇਸ ਕਾਵਿ ਬੰਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਮਗਰੋਂ ਦੇ ਸਮਾਜਕ ਹਾਲਾਤਾਂ ਨੂੰ ਬਿਆਨ ਕਰਦਾ ਹੈ।

**ਵਿਆਖਿਆ :** ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਅਤੇ ਫਰੰਗੀਆਂ' ਵਿਚ ਮਹਾਰਾਜਾ ਰਣਜੀਤ ਸਿੰਘ ਦੀ ਹੋਂਦ ਦੀ ਮਹੱਤਤਾ ਨੂੰ ਇਸ ਕਾਵਿ-ਬੰਦ ਰਾਹੀਂ ਸਿਰਜਦੀ ਹੈ। ਹਿੰਦੁਸਤਾਨ ਦੀ ਦੁਫਾੜ ਸਥਿਤੀਆਂ ਆਪਣਿਆਂ ਨੂੰ ਹੀ ਆਪਣਿਆਂ ਦੇ ਖਿਲਾਫ਼ ਕਰਨ ਦਾ ਫਰੰਗੀਆਂ ਦੇ ਸ਼ਣੇਅੰਤਰ ਨੂੰ ਕਾਮਿਆਬ ਬਣਾ ਦਿੰਦੀਆਂ ਹਨ। ਜੰਗੇ ਮੈਦਾਨ ਦੇ ਦ੍ਰਿਸ਼ ਨੂੰ ਸਿਰਜਦਿਆਂ ਸ਼ਾਹ ਮੁਹੰਮਦ ਲਿਖਦਾ ਹੈ ਕਿ ਰਣ ਖੇਤਰ ਵਿਚ ਗੋਲੀਆਂ ਦੇ ਨਾਲ ਘੋੜੇ ਤੇ ਆਦਮੀ, ਹੱਥੀ ਆਦਿ ਵੀ

ਸ਼ਿਕਾਰ ਹੋ ਰਹੇ ਹਨ। ਕਿਤੇ ਤੇਗ਼ਾ ਦੇ ਨਾਲ ਹਮਲੇ ਕੀਤੇ ਜਾ ਰਹੇ ਹਨ ਪਰ ਇਕ ਸਰਕਾਰ ਵਜੋਂ ਭਾਵ ਮਹਾਰਾਜਾ ਰਣਜੀਤ ਸਿੰਘ ਤੋਂ ਬਿਨਾ ਇਹ ਫੌਜਾਂ ਅੰਤ ਨੂੰ ਜਿੱਤ ਕੇ ਵੀ ਹਾਰ ਨੂੰ ਹੀ ਹੰਢਾਉਂਦੀਆਂ ਹਨ। ਭਾਵ ਸ਼ਾਹ ਮੁਹੰਮਦ ਇਸ ਕਾਵਿ-ਬੰਦ ਦੇ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੇ ਉਨ੍ਹਾਂ ਦੇ ਮਗਰੋਂ ਆਏ ਬਦਲਾਵ ਨੂੰ ਪੇਸ਼ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਤੱਕ ਫਰੰਗੀਆਂ ਦੀ ਜਿੱਤ ਦਾ ਨਾਮੋ-ਨਿਸ਼ਾਨ ਨਹੀਂ ਸੀ ਪਰ ਉਸ ਦੀ ਮੌਤ ਤੇ ਮੌਤ ਤੋਂ ਮਗਰੋਂ ਫਰੰਗੀਆਂ ਦੀ ਜਿੱਤ ਸੁਭਾਵਿਕ ਹੀ ਸੀ। ਇਸ ਜਿੱਤ ਦਾ ਮੂਲ ਕਾਰਣ ਭਾਰਤੀ ਮੂਲ ਦੇ ਲੋਕਾਂ ਦੀ ਦਗ਼ਾਬਾਜੀ ਆਪਣਿਆਂ ਦੇ ਨਾਲ ਹੀ ਵਿਸ਼ਵਾਸ ਘਾਤ ਕਰਨਾ ਆਦਿ ਬਣਦੇ ਹਨ।

ਹਵਾਲੇ


1. ਬਲਬੀਰ ਸਿੰਘ ਪੂਨੀ, ਸ਼ਾਹ ਮੁਹੰਮਦ ਜੰਗ ਸਿੰਘਾਂ ਤੇ ਅੰਗਰੇਜ਼ਾਂ, ਵਾਰਿਸ ਸ਼ਾਹ ਫਾਊਂਡੇਸ਼ਨ, ਪੰਨਾ ਨੰ. 80, ਸਾਲ-1997

2.ਜਗਜੀਤ ਸਿੰਘ, ਕਿੱਸਾ(ਜੰਗਨਾਮਾ) ਸ਼ਾਹ ਮੁਹੰਮਦ, ਪੰਨਾ ਨੰ. 113

3.ਡਾ. ਸ੍ਰੀਮਤੀ ਵਿਦਿਆਵਤੀ, ਸ਼ਾਹ ਮੁਹੰਮਦ ਦਾ ਜੰਗਨਾਮਾ, ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨਾ ਨੰ. 54, ਸਾਲ-2005

4.ਬਲਬੀਰ ਸਿੰਘ ਪੂਨੀ, ਸ਼ਾਹ ਮੁਹੰਮਦ ਜੰਗ ਸਿੰਘਾਂ ਤੇ ਅੰਗਰੇਜ਼ਾਂ, ਵਾਰਿਸ ਸ਼ਾਹ ਫਾਊਂਡੇਸ਼ਨ, ਪੰਨਾ ਨੰ. 88, ਸਾਲ-1997